**Book Online**
WWW.123GOAIR.COM
123GoAir
Cheap Airline tickets to India and Worldwide.
Fares to India starting at $625*
Call: 1-844-234-6247
Email: info@123goair.com
*RT Fare Incl. Taxes Conditions Apply
95-81 114 street, Richmond Hill, NY 11419

**Real Estate Services**
BUY, SELL or RENT
Queens, Long Island & Manhattan

Sunny Singh
Ph: 917-679-0029
E-mail: sunny.singhre@gmail.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 29, July 21, 2018 20451 N. Plum Grove Rd., Palatine, IL 60074 Ph:847-359-0746, Fax:847-705-9388

# ਸਿੱਖ ਕਤਲੇਆਮ: ਫਿਰ ਟੁੱਟਣ ਲੱਗੀ ਨਿਆਂ ਦੀ ਉਮੀਦ

## ਛੇ ਮਹੀਨੇ ਬਾਅਦ ਵੀ ਜਾਂਚ ਸ਼ੁਰੂ ਨਾ ਹੋਈ

**ਚੰਡੀਗੜ੍ਹ:** ਨਵੰਬਰ 1984 ਦੇ ਸਿੱਖ ਕਤਲੇਆਮ ਦੀ ਜਾਂਚ ਉਤੇ ਵੱਡੇ ਸਵਾਲ ਉਠੇ ਹਨ। ਕਤਲੇਆਮ ਦੀ ਜਾਂਚ ਨੂੰ ਜਾਣ-ਬੁਝ ਕੇ ਲਮਕਾਇਆ ਜਾ ਰਿਹਾ ਹੈ। ਕਤਲੇਆਮ ਨਾਲ ਜੁੜੇ 186 ਕੇਸਾਂ ਦੀ ਨਵੇਂ ਸਿਰਿਓਂ ਪੜਤਾਲ ਅਜੇ ਸ਼ੁਰੂ ਹੀ ਨਹੀਂ ਕੀਤੀ ਗਈ। ਇਹ ਪੜਤਾਲ ਸੁਪਰੀਮ ਕੋਰਟ ਵੱਲੋਂ ਕਾਇਮ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਕਰਨੀ ਸੀ ਅਤੇ ਇਸ ਨੂੰ ਆਪਣੀ ਪਹਿਲੀ ਰਿਪੋਰਟ ਅਗਸਤ ਤੱਕ ਦੇਣ ਲਈ ਕਿਹਾ ਗਿਆ ਸੀ, ਪਰ ਜਾਂਚ ਦਾ ਕੰਮ ਅਜੇ ਸ਼ੁਰੂ ਹੀ ਨਹੀਂ ਕੀਤਾ ਗਿਆ।

ਇਹ ਖੁਲਾਸਾ ਸੁਪਰੀਮ ਕੋਰਟ ਵਿਚ ਹੋਇਆ ਹੈ। ਅਦਾਲਤ ਨੂੰ ਦੱਸਿਆ ਗਿਆ ਕਿ ਜਨਵਰੀ ਵਿਚ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਬੰਦ ਕੀਤੇ 186 ਮਾਮਲਿਆਂ ਦੀ ਜਾਂਚ ਅਜੇ ਵੀ ਪੂਰੀ ਨਹੀਂ ਕੀਤੀ ਗਈ। ਹੋਰ ਤਾਂ ਹੋਰ ਹਾਲੇ ਟੀਮ ਦੇ ਤੀਜੇ ਮੈਂਬਰ ਦੀ ਨਿਯੁਕਤੀ ਹੋਣੀ ਵੀ ਬਾਕੀ ਹੈ। ਉਤੋਂ ਸਿੱਟ ਨੇ 8 ਅਗਸਤ ਨੂੰ ਪਹਿਲੀ ਰਿਪੋਰਟ ਦੇਣੀ ਹੈ। ਇਸ ਤੋਂ ਸਪਸ਼ਟ ਹੈ ਕਿ ਕਤਲੇਆਮ ਦੀ ਜਾਂਚ ਪ੍ਰਤੀ ਅਜੇ ਵੀ ਕੋਈ ਗੰਭੀਰਤਾ ਨਹੀਂ ਵਿਖਾਈ ਜਾ ਰਹੀ।

ਬੈਂਚ ਨੂੰ ਦੱਸਿਆ ਗਿਆ ਕਿ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਕਤਲੇਆਮ ਨਾਲ ਸਬੰਧਤ ਬੰਦ ਕੀਤੇ 186 ਮਾਮਲਿਆਂ ਦੀ ਜਾਂਚ ਪੂਰੀ ਨਹੀਂ ਕੀਤੀ। ਸਿੱਟ ਵੱਲੋਂ ਕੰਮ ਵੀ ਪੂਰੀ ਤਰ੍ਹਾਂ ਸ਼ੁਰੂ ਨਹੀਂ ਕੀਤਾ ਗਿਆ। ਇਸ ਕਤਲੇਆਮ ਨੂੰ ਵਾਪਰੇ 34 ਸਾਲ ਤੋਂ ਵੱਧ ਸਮਾਂ ਹੋ ਚੁੱਕਿਆ ਹੈ। 1984 ਨੂੰ ਸਿੱਖਾਂ ਨੂੰ ਮਿੱਥ ਕੇ ਹਿੰਸਾ ਤੇ ਸਾੜ-ਫੂਕ ਦਾ ਨਿਸ਼ਾਨਾ ਬਣਾਇਆ ਗਿਆ, ਤਿੰਨ ਹਜ਼ਾਰ ਤੋਂ ਵੱਧ ਬੇਦੋਸ਼ਿਆਂ ਦੀਆਂ ਜਾਨਾਂ ਲਈਆਂ ਗਈਆਂ। ਹੁਣ ਤੱਕ ਪੀੜਤਾਂ ਨੂੰ ਇਨਸਾਫ ਦਿਵਾਉਣ ਦੀ ਥਾਂ ਇਸ ਮਸਲੇ ਉਤੇ ਸਿਆਸਤ ਹੀ ਹੁੰਦੀ ਰਹੀ ਹੈ। ਹੁਣ ਤੱਕ ਕਾਇਮ ਕੀਤੇ ਕਮਿਸ਼ਨਾਂ ਜਾਂ ਕਮੇਟੀਆਂ ਵਿਚੋਂ ਕੋਈ ਵੀ ਅਜਿਹੀ ਨਹੀਂ ਰਹੀ ਜੋ ਇਸ ਕਾਰਜ ਵਿਚ ਸਹੀ ਮਾਅਨਿਆਂ ਤੋਂ ਖਰੀ ਉਤਰੀ ਹੋਵੇ। ਭਾਜਪਾ ਨੇ ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਕਤਲੇਆਮ ਪੀੜਤਾਂ ਨੂੰ ਨਿਆਂ ਦਿਵਾਉਣਾ ਚੋਣ ਮੁੱਦਾ ਬਣਾਇਆ ਸੀ। ਇਸ ਨੇ 2014 ਵਿਚ ਇਕ ਆਈ.ਪੀ.ਐਸ. ਅਫਸਰ ਪ੍ਰਮੋਦ ਅਸਥਾਨਾ ਦੀ ਅਗਵਾਈ ਹੇਠ 'ਸਿੱਟ' ਕਾਇਮ ਕਰ ਕੇ 1984 ਦੇ ਕੇਸਾਂ ਦੀ ਮੁੜ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਸੀ ਪਰ ਇਹ 'ਸਿੱਟ' 241 ਕੇਸਾਂ ਨੂੰ ਸਬੂਤਾਂ ਦੀ ਘਾਟ ਦੀ ਬਿਨਾਅ ਉਤੇ ਬੰਦ ਕਰਨ ਦੀ ਸਿਫ਼ਾਰਸ਼ ਕਰ ਗਈ।

ਮਾਮਲਾ ਸੁਪਰੀਮ ਕੋਰਟ ਵਿਚ ਪੁੱਜਣ ਉਤੇ ਚੀਫ ਜਸਟਿਸ ਦੀ ਅਗਵਾਈ ਵਾਲੇ ਬੈਂਚ ਨੇ ਦੋ ਜੱਜਾਂ ਦੀ ਕਮੇਟੀ ਬਣਾ ਕੇ ਉਸ ਨੂੰ 241 ਕੇਸ ਮੁੜ ਘੋਖਣ ਦੀ ਜ਼ਿੰਮੇਵਾਰੀ ਸੌਂਪੀ। ਉਸ ਕਮੇਟੀ ਨੇ ਇਨ੍ਹਾਂ ਵਿਚੋਂ 186 ਕੇਸ ਮੁੜ ਤਫਤੀਸ਼ ਦੇ ਯੋਗ ਪਾਏ ਜਿਸ ਉਤੇ ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ, ਜਸਟਿਸ ਐਸ.ਐਨ. ਢੀਂਗਰਾ ਦੀ ਅਗਵਾਈ ਹੇਠ ਤਿੰਨ ਮੈਂਬਰੀ ਨਵੀਂ 'ਸਿੱਟ' ਇਨ੍ਹਾਂ ਕੇਸਾਂ ਦੀ ਮੁੜ ਤਫਤੀਸ਼ ਲਈ ਕਾਇਮ ਕੀਤੀ। ਇਸ ਕਦਮ ਤੋਂ ਇਨਸਾਫ ਦੀ ਤੋਰ ਤੇਜ਼ ਹੋਣ ਦੀ ਉਮੀਦ ਬੱਝੀ ਸੀ, ਪਰ ਸਿੱਖ ਕਤਲੇਆਮ ਸਬੰਧੀ ਅਜਿਹੀ ਕਾਮਯਾਬੀ ਅਜੇ ਵੀ ਦੂਰ ਦੀ ਗੱਲ ਜਾਪਦੀ ਹੈ। ਜਾਂਚ ਟੀਮ ਲਈ ਚੁਣੇ ਇਕ ਸਾਬਕਾ ਪੁਲਿਸ ਅਫਸਰ ਰਾਜਦੀਪ ਸਿੰਘ ਵੱਲੋਂ ਮੈਂਬਰੀ ਤੋਂ ਜਨਵਰੀ ਵਿਚ ਇਨਕਾਰ ਕੀਤੇ ਜਾਣ ਮਗਰੋਂ ਉਨ੍ਹਾਂ ਦੇ ਬਦਲ ਦੀ ਨਿਯੁਕਤੀ ਛੇ ਮਹੀਨੇ ਤਕ ਪਛੜ ਜਾਣ ਵਰਗਾ ਅਮਲ ਜਿਥੇ ਸਰਕਾਰੀ ਨਾਅਹਿਲੀਅਤ ਦਰਸਾਉਂਦਾ ਹੈ, ਉਥੇ ਇਹ ਪ੍ਰਭਾਵ ਪਕੇਰਾ ਕਰਦਾ ਹੈ ਕਿ ਹੁਕਮਰਾਨ ਧਿਰ ਨਿਆਂ ਯਕੀਨੀ ਬਣਾਉਣ ਦੀ ਥਾਂ ਸਿੱਖਾਂ ਦੇ ਕਤਲਾਂ ਨੂੰ ਰਾਜਸੀ ਤੌਰ ਉਤੇ ਰਿੜਕਣ ਨੂੰ ਅਜੇ ਵੀ ਤਰਜੀਹ ਦੇ ਰਹੀ ਹੈ।

## ਟਾਈਟਲਰ ਨੇ ਪਟੀਸ਼ਨ ਵਾਪਸ ਲਈ

**ਨਵੀਂ ਦਿੱਲੀ:** ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਪ੍ਰਤੀਨਿਧਤਾ ਕਰ ਰਹੇ ਸੀਨੀਅਰ ਵਕੀਲ ਵੱਲੋਂ ਦਾਇਰ ਮਾਣਹਾਨੀ ਦੇ ਮਾਮਲੇ 'ਚ ਉਸ ਵਿਰੁਧ ਦੋਸ਼ ਤੈਅ ਕਰਨ ਨੂੰ ਚੁਣੌਤੀ ਦੇਣ ਵਾਲੀ ਆਪਣੀ ਪਟੀਸ਼ਨ ਦਿੱਲੀ ਹਾਈ ਕੋਰਟ 'ਚੋਂ ਵਾਪਸ ਲੈ ਲਈ, ਕਿਉਂਕਿ ਹੇਠਲੀ ਅਦਾਲਤ ਵਿਚ ਪਹਿਲਾਂ ਹੀ ਇਸ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋ ਚੁੱਕੀ ਹੈ। ਜਸਟਿਸ ਆਰ.ਕੇ. ਗਾਬਾ ਨੇ ਟਾਈਟਲਰ ਦੇ ਵਕੀਲ ਨੂੰ ਪਟੀਸ਼ਨ ਵਾਪਸ ਲੈਣ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ।

# 'ਆਪ' ਅੰਦਰ ਮੁੜ ਆਪੋਧਾਪੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਵਿਚ ਬਾਗੀ ਸੁਰਾਂ ਹੋਰ ਤਿੱਖੀਆਂ ਹੋ ਗਈਆਂ ਹਨ। ਪਾਰਟੀ ਦੇ 16 ਆਗੂਆਂ ਨੇ ਸਹਿ ਪ੍ਰਧਾਨ ਡਾ. ਬਲਬੀਰ ਸਿੰਘ ਖਿਲਾਫ ਮੋਰਚਾ ਖੋਲ੍ਹਦਿਆਂ ਆਪੋ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ। ਇਨ੍ਹਾਂ ਵਿਚ ਪੰਜ ਜ਼ਿਲ੍ਹਾ ਪ੍ਰਧਾਨ ਵੀ ਸ਼ਾਮਲ ਸਨ।



ਪਤਾ ਲੱਗਾ ਹੈ ਕਿ ਤਕਰੀਬਨ ਇਕ ਮਹੀਨਾ ਪਹਿਲਾਂ ਡਾ. ਬਲਬੀਰ ਸਿੰਘ ਵੱਲੋਂ ਦੁਆਬਾ ਜ਼ੋਨ ਦੇ ਇੰਚਾਰਜ ਪਰਮਜੀਤ ਸਿੰਘ ਸਚਦੇਵਾ ਨੂੰ ਬਿਨਾਂ ਕਿਸੇ ਨੋਟਿਸ ਅਹੁਦੇ ਤੋਂ ਹਟਾ ਕੇ ਡਾ. ਰਣਜੋਤ ਨੂੰ ਜ਼ੋਨ ਇੰਚਾਰਜ ਲਗਾ ਦਿੱਤਾ। ਸਾਰੇ ਹੀ ਜ਼ਿਲ੍ਹਾ ਪ੍ਰਧਾਨ ਅਤੇ ਸਰਗਰਮ ਆਗੂ ਸਹਿ ਪ੍ਰਧਾਨ ਦੀ ਇਸ ਕਾਰਵਾਈ ਨੂੰ ਆਪਹੁਦਰੀ ਕਾਰਵਾਈ ਕਰਾਰ ਦੇ ਰਹੇ ਹਨ। ਦੁਆਬੇ ਦੇ 'ਆਪ' ਆਗੂਆਂ ਅੰਦਰ ਪਾਰਟੀ ਦੇ ਸੀਨੀਅਰ ਆਗੂ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਪ੍ਰਤੀ ਧਾਰਨ ਕੀਤੇ ਵਤੀਰੇ ਤੋਂ ਵੀ ਔਖੇ ਹਨ। ਦਰਜਨ ਦੇ ਕਰੀਬ

(ਬਾਕੀ ਸਫਾ 6 ਉਤੇ)

# ਅਮਰੀਕੀ ਸਕੂਲ ਪਾਠਕ੍ਰਮ ਦਾ ਹਿੱਸਾ ਬਣੇਗੀ ਗਦਰ ਲਹਿਰ



**ਅਸਟੋਰੀਆ, ਓਰੇਗਾਨ:** ਓਰੇਗਾਨ ਸਟੇਟ ਦੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਛੇਤੀ ਹੀ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਯੋਗਦਾਨ ਦੇਣ ਵਾਲੀ ਗਦਰ ਪਾਰਟੀ ਬਾਰੇ ਪੜ੍ਹਨ ਨੂੰ ਮਿਲੇਗਾ। ਕ੍ਰਾਂਤੀਕਾਰੀ ਸਮੂਹ ਗਦਰ ਪਾਰਟੀ ਦੀ ਸਥਾਪਨਾ ਦੇ 105 ਵਰ੍ਹੇ ਪੂਰੇ ਹੋਣ ਦੇ ਮੌਕੇ ਉਤੇ ਓਰੇਗਾਨ ਵਿਚ ਕਰਵਾਏ ਸਮਾਗਮ ਦੌਰਾਨ ਉਚ ਅਧਿਕਾਰੀਆਂ ਨੇ ਇਹ ਐਲਾਨ ਕੀਤਾ।


ਇਤਿਹਾਸਕ ਸ਼ਹਿਰ ਅਸਟੋਰੀਆ ਵਿਚ ਕੁਝ ਭਾਰਤੀ-ਅਮਰੀਕੀ ਪਰਿਵਾਰ ਹਨ ਪਰ ਅਧਿਕਾਰਤ ਰਿਕਾਰਡ ਅਨੁਸਾਰ 1910 ਵਿਚ 70 ਹਿੰਦੂ ਇਥੇ ਆਏ ਸਨ, ਜਿਨ੍ਹਾਂ ਵਿਚੋਂ ਵਧੇਰੇ ਪੰਜਾਬ ਦੇ ਸਿੱਖ ਸਨ। ਇਹ ਭਾਰਤੀ ਲੱਕੜ ਕੱਟਣ ਵਾਲੀ ਸਥਾਨਕ ਕੰਪਨੀ ਵਿਚ ਬਤੌਰ ਮਜ਼ਦੂਰ ਕੰਮ ਕਰਦੇ ਸਨ। ਇਨ੍ਹਾਂ ਭਾਰਤੀਆਂ ਦੇ ਪਰਿਵਾਰਕ ਮੈਂਬਰ ਗਦਰ ਪਾਰਟੀ ਦੇ ਸਮਾਗਮ ਵਿਚ ਹਿੱਸਾ ਲੈਣ ਲਈ ਇਕੱਠੇ ਹੋਏ ਸੀ।

(ਬਾਕੀ ਸਫਾ 6 ਉਤੇ)

Ad Space Available
Please Call,
Ph: 847-359-0746

Special Sale 2018

Harpreet Singh
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ


WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions

Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832

# ਪਹਿਲੀ ਨਵੰਬਰ ਨੂੰ 'ਸਿੱਖ ਜੈਨੋਸਾਈਡ ਰਿਮੈਂਬਰੈਂਸ ਡੇਅ' ਵਜੋਂ ਮਨਾਉਣ ਦਾ ਬਿੱਲ ਪਾਸ

**ਸਾਊਥਿੰਗਟਨ, ਕਨੈਕਟੀਕਟ (ਬਿਊਰੋ):** ਕਨੈਕਟੀਕਟ ਸਟੇਟ ਵਿਚ ਪਹਿਲੀ ਨਵੰਬਰ ਨੂੰ 'ਸਿੱਖ ਜੈਨੋਸਾਈਡ ਰਿਮੈਂਬਰੈਂਸ ਡੇਅ' ਵਜੋਂ ਮਨਾਉਣ ਸਬੰਧੀ ਇਕ ਬਿੱਲ ਕਨੈਕਟੀਕਟ ਸਟੇਟ ਦੀ ਜਨਰਲ ਅਸੈਂਬਲੀ ਵਿਚ ਪਾਸ ਕੀਤਾ ਗਿਆ ਹੈ। ਇਹ ਕਾਰਜ ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰਾਂ-ਸਵਰਨਜੀਤ ਸਿੰਘ ਖਾਲਸਾ, ਹਿੰਮਤ ਸਿੰਘ ਤੇ ਗੁਰਨਿੰਦਰ ਸਿੰਘ ਧਾਲੀਵਾਲ ਅਤੇ ਅਵਤਾਰ ਸਿੰਘ ਪੰਨੂੰ, ਮਨਮੋਹਨ ਸਿੰਘ ਭਰਾੜਾ, ਕੁਲਜੀਤ ਸਿੰਘ ਖਾਲਸਾ ਤੇ ਹਰਪ੍ਰੀਤ ਸਿੰਘ ਰਾਣਾ ਦੀਆਂ ਕੋਸ਼ਿਸ਼ਾਂ ਅਤੇ ਸਿੱਖ ਸੰਗਤ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ। ਜ਼ਿਕਰਯੋਗ ਹੈ ਕਿ ਵਰਲਡ ਸਿੱਖ ਪਾਰਲੀਮੈਂਟ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਨਿਰਦੇਸ਼ਾਂ 'ਤੇ ਹੋਂਦ ਵਿਚ ਆਈ ਹੈ ਅਤੇ ਸਿੱਖ ਸੰਘਰਸ਼ ਲਈ ਕੰਮ ਕਰ ਰਹੀ ਹੈ।

ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦਿਆਂ ਅਨੁਸਾਰ ਇਹ ਬਿੱਲ (ਨੰਬਰ 489) ਜਨਰਲ ਅਸੈਂਬਲੀ ਮੈਂਬਰ ਕੈਥੀ ਹੋਸਟਨ ਅਤੇ ਸਟੇਟ ਰੈਪ ਕੇਬਿਨ ਰਾਇਨ ਨੇ ਪੇਸ਼ ਕੀਤਾ, ਜਿਸ 'ਤੇ ਪਬਲਿਕ ਹੀਅਰਿੰਗ ਹੋਈ। ਇਸੇ ਦੌਰਾਨ ਸ. ਸਵਰਨਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਸੈਨੇਟਰ ਨੇ ਉਨ੍ਹਾਂ ਨੂੰ ਪਿਛਲੇ ਦਿਨੀਂ ਦੱਸਿਆ ਸੀ ਕਿ ਆਉਣ ਵਾਲੇ ਸਮੇਂ 'ਚ ਨਵੰਬਰ ਦਾ ਮਹੀਨਾ ਸਿੱਖ ਜੈਨੋਸਾਈਡ ਅਵੇਅਰਨੈਸ ਡੇਅ ਵਜੋਂ ਮਨਾਇਆ ਜਾਏਗਾ ਅਤੇ ਹੁਣ ਸਰਕਾਰੀ ਹੁਕਮਾਂ ਅਨੁਸਾਰ ਸਿੱਖ ਜੈਨੋਸਾਈਡ ਬਾਰੇ ਸਕੂਲਾਂ ਵਿਚ ਵੀ ਪੜ੍ਹਾਇਆ ਜਾਵੇਗਾ। ਜ਼ਿਕਰਯੋਗ ਹੈ ਕਿ 2017 ਵਿਚ ਸਟੇਟ ਜਨਰਲ ਅਸੈਂਬਲੀ ਵਿਚ ਸਿੱਖ ਨਸਲਕੁਸ਼ੀ ਨਵੰਬਰ 84 ਬਾਰੇ ਮਤਾ ਪਾਸ ਕੀਤਾ ਗਿਆ ਸੀ।

ਭਾਈ ਖਾਲਸਾ ਨੇ ਕਿਹਾ ਕਿ ਇਹ ਦਿਵਸ ਗਵਰਨਰ ਵਲੋਂ ਮਨਾਇਆ ਜਾਵੇਗਾ ਤੇ ਅੱਗੋਂ ਇਸ ਬਾਰੇ ਮੁਹਿੰਮ ਖੜ੍ਹੀ ਕਰਕੇ ਪੂਰੇ ਅਮਰੀਕਾ ਵਿਚ ਇਸ ਨੂੰ ਮਾਨਤਾ ਦਿਵਾਉਣ ਲਈ ਯਤਨ ਕੀਤੇ ਜਾਣਗੇ। ਇਸ ਤੋਂ ਪਹਿਲਾਂ ਵਿਸਾਖੀ ਦਿਹਾੜੇ ਨੂੰ 'ਨੈਸ਼ਨਲ ਸਿੱਖ ਡੇਅ' ਵਜੋਂ ਮਾਨਤਾ ਦਿਵਾਈ ਗਈ ਸੀ। ਉਨ੍ਹਾਂ ਕਿਹਾ ਕਿ ਅਜਿਹਾ ਮਤਾ ਓਂਟਾਰੀਓ (ਕੈਨੇਡਾ) ਵਿਚ ਪੇਸ਼ ਕਰਨ ਲਈ ਹਰਿੰਦਰ ਕੌਰ ਮੱਲ੍ਹੀ ਨੇ ਵਿਸ਼ੇਸ਼ ਭੂਮਿਕਾ ਨਿਭਾਈ ਸੀ।

ਭਾਈ ਖਾਲਸਾ ਨੇ ਕਿਹਾ ਕਿ ਇਹ ਸਪੱਸ਼ਟ ਹੋਇਆ ਹੈ ਕਿ ਨਸਲਕੁਸ਼ੀ ਕਾਂਗਰਸ ਸਰਕਾਰ ਵਲੋਂ ਕੀਤੀ ਗਈ ਸੀ ਤੇ ਇਹ ਹਿੰਦੂ-ਸਿੱਖ ਦੰਗੇ




ਨਹੀਂ ਸਨ। ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਪੁਸਤਕ 'ਮਾਈ ਕੰਟਰੀ ਮਾਈ ਲਾਈਫ' ਵਿਚ ਵੀ ਮੰਨਿਆ ਹੈ ਕਿ ਉਸ (ਅਡਵਾਨੀ) ਅਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵਲੋਂ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਤਤਕਾਲੀ ਕਾਂਗਰਸ ਪ੍ਰਧਾਨ ਮੰਤਰੀ ਇੰਦਰਾ ਗਾਂਧੀ 'ਤੇ ਦਬਾਅ ਪਾਇਆ ਗਿਆ ਸੀ ਅਤੇ ਇਸ ਉਪਰੰਤ ਇੰਦਰਾ ਗਾਂਧੀ ਨੂੰ ਦੁਰਗਾ ਦਾ ਖਿਤਾਬ ਦਿੱਤਾ ਗਿਆ ਸੀ।

ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦਿਆਂ ਅਨੁਸਾਰ ਇਹ ਸਾਜ਼ਿਸ਼ੀ ਕਤਲੇਆਮ ਸਿਆਸੀ ਲੋਕਾਂ ਨੇ ਸਿਰੇ ਚਾੜ੍ਹਿਆ ਤੇ ਕਿਸੇ ਵੀ ਵੱਡੇ ਦੋਸ਼ੀ ਨੂੰ ਅੱਜ ਤੱਕ ਸਜ਼ਾ ਨਹੀਂ ਮਿਲੀ। 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 6 ਨਵੰਬਰ 1984 ਤੱਕ ਦਿੱਲੀ ਸਮੇਤ ਦੇਸ਼ ਦੇ 18 ਸੂਬਿਆਂ ਦੇ ਕਰੀਬ 110 ਸ਼ਹਿਰਾਂ ਵਿਚ ਉਪਲਬਧ ਅੰਕੜਿਆਂ ਅਨੁਸਾਰ 7000 ਤੋਂ ਵਧੇਰੇ ਨਿਹੱਥੇ ਤੇ ਬੇਕਸੂਰ ਸਿੱਖਾਂ ਨੂੰ ਮਾਰਿਆ ਗਿਆ। ਕਰੋੜਾਂ ਦੀ ਸੰਪਤੀ ਲੁੱਟੀ ਅਤੇ ਸਾੜ ਦਿੱਤੀ ਗਈ। ਇਕ ਦਰਜਨ ਦੇ ਕਰੀਬ ਜਾਂਚ ਕਮਿਸ਼ਨ, 3600 ਤੋਂ ਵਧੇਰੇ ਗਵਾਹ ਅਤੇ 33 ਸਾਲ ਦੇ ਵਕਫੇ ਪਿਛੋਂ ਵੀ ਅਦਾਲਤਾਂ ਇਨਸਾਫ ਨਾ ਕਰ ਸਕੀਆਂ।

ਸੰਨ 1990 ਵਿਚ ਬਣੀ ਜੈਨ-ਅਗਰਵਾਲ ਕਮੇਟੀ ਨੇ ਕਾਂਗਰਸੀ ਆਗੂ ਐਚ. ਕੇ. ਐਲ. ਭਗਤ, ਸੱਜਣ ਕੁਮਾਰ, ਧਰਮ ਦਾਸ ਸ਼ਾਸਤਰੀ ਅਤੇ ਟਾਈਟਲਰ ਖਿਲਾਫ ਕੇਸ ਦਰਜ ਕਰਨ ਦੀ ਸਿਫਾਰਿਸ਼ ਕੀਤੀ ਸੀ। ਨਾਨਾਵਤੀ ਕਮਿਸ਼ਨ, ਜਿਸ ਦੇ ਮੁਖੀ ਜਸਟਿਸ ਜੀ. ਟੀ. ਨਾਨਾਵਤੀ ਸਨ, ਦੀ 185 ਸਫਿਆਂ ਦੀ ਰਿਪੋਰਟ 9 ਫਰਵਰੀ 2005 ਨੂੰ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਨੂੰ ਦਿੱਤੀ ਗਈ ਅਤੇ 8 ਅਗਸਤ 2005 ਨੂੰ ਸੰਸਦ ਵਿਚ ਪੇਸ਼ ਕੀਤੀ ਗਈ। ਇਸ ਕਮਿਸ਼ਨ ਦਾ ਦੁਖਾਂਤ ਇਹ ਰਿਹਾ ਕਿ ਇਸ ਦਾ ਗਠਨ ਵਾਜਪਾਈ ਸਰਕਾਰ ਨੇ 8 ਮਈ 2000 ਨੂੰ ਰਾਜ ਸਭਾ ਦੇ ਇਕ ਸਰਬਸੰਮਤੀ ਵਾਲੇ ਫੈਸਲੇ ਨਾਲ ਕੀਤਾ ਸੀ ਪਰ ਜਦੋਂ ਇਸ ਦੀ ਰਿਪੋਰਟ ਪੇਸ਼ ਹੋਈ ਤਾਂ ਉਸ ਵੇਲੇ ਕੇਂਦਰ ਵਿਚ ਕਾਂਗਰਸ ਸਰਕਾਰ ਬਣ ਚੁਕੀ ਸੀ। ਕਮਿਸ਼ਨ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ, ਸੱਜਣ ਕੁਮਾਰ ਅਤੇ ਐਚ. ਕੇ. ਐਲ. ਭਗਤ ਖਿਲਾਫ ਸਿੱਖ ਵਿਰੋਧੀ ਕਤਲੇਆਮ ਵੇਲੇ ਹਿੰਸਾ ਭੜਕਾਉਣ ਦੇ ਪੁਖਤਾ ਸਬੂਤ ਹੋਣ ਦਾ ਦਾਅਵਾ ਕੀਤਾ ਸੀ। ਇਸ ਦੇ ਨਾਲ ਹੀ ਇਸ ਕਮਿਸ਼ਨ ਨੇ ਦਿੱਲੀ ਪੁਲਿਸ ਦੇ ਤਤਕਾਲੀ ਕਮਿਸ਼ਨਰ ਐਸ. ਸੀ. ਟੰਡਨ ਨੂੰ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਇਆ ਸੀ।

ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸਮੇਂ 12 ਫਰਵਰੀ 2015 ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਸਬੰਧੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਸੀ, ਜਿਸ ਵਿਚ ਸਾਬਕਾ ਆਈ. ਪੀ. ਐਸ. ਅਧਿਕਾਰੀ ਪ੍ਰਮੋਦ ਅਸਥਾਨਾ, ਦਿੱਲੀ ਪੁਲਿਸ ਦੇ ਏ. ਡੀ. ਸੀ. ਕੁਮਾਰ ਗਿਆਨੇਸ਼ ਤੇ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਕੇਸ਼ ਕਪੂਰ ਸ਼ਾਮਲ ਹਨ। ਇਸ ਟੀਮ ਨੂੰ ਛੇ ਮਹੀਨੇ ਦੇ ਅੰਦਰ ਆਪਣੀ ਰਿਪੋਰਟ ਸਰਕਾਰ ਨੂੰ ਸੌਂਪਣ ਲਈ ਆਖਿਆ ਗਿਆ ਸੀ, ਪਰ ਹੁਣ ਤੱਕ ਇਸ ਦੀ ਜਾਂਚ ਮੁਕੰਮਲ ਨਹੀਂ ਹੋ ਸਕੀ।

## ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸਮਾਗਮ 5 ਅਗਸਤ ਨੂੰ

**ਨਿਊ ਯਾਰਕ (ਬਿਊਰੋ):** ਸ਼ਹੀਦ ਊਧਮ ਸਿੰਘ ਸਭਾ ਆਫ ਨਿਊ ਯਾਰਕ ਵਲੋਂ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ 5 ਅਗਸਤ, ਐਤਵਾਰ ਨੂੰ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਮਨਾਇਆ




ਜਾਵੇਗਾ। ਇਸ ਸਬੰਧੀ ਫੈਸਲਾ ਸਭਾ ਦੇ ਮੈਂਬਰਾਂ ਦੀ ਲੰਘੇ ਐਤਵਾਰ ਯੂਨੀਅਨ ਟਰਨ ਪਾਇਰ, 271, 19 ਕਰੀ ਐਂਡ ਕੰਪਨੀ ਰੈਸਟੋਰੈਂਟ ਵਿਖੇ ਜਸਵੰਤ ਸਿੰਘ ਜੱਸਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਲਿਆ ਗਿਆ।

ਮੀਟਿੰਗ ਵਿਚ ਸਭਾ ਦੇ ਵਾਈਸ ਪ੍ਰਧਾਨ ਜਗੀਰ ਸਿੰਘ (ਐਨ. ਜੇ.), ਸਰਪ੍ਰਸਤ ਸਵਿੰਦਰ ਸਿੰਘ ਜੋਸਨ, ਪਰਮਜੀਤ ਸਿੰਘ ਜੋਸਨ ਅਤੇ ਸਕੱਤਰ ਮਾਸਟਰ ਫੁੰਮਣ ਸਿੰਘ ਨੇ ਵਿਚਾਰ ਰੱਖੇ। ਸਾਰਾ ਪ੍ਰੋਗਰਾਮ ਉਲੀਕਣ ਲਈ ਅਗਲੀ ਮੀਟਿੰਗ 22 ਜੁਲਾਈ, ਐਤਵਾਰ ਨੂੰ ਗੁਰਦੁਆਰਾ ਸੰਤ ਸਾਗਰ, ਬੈਲਰੋਜ਼ ਵਿਖੇ ਰੱਖੀ ਗਈ ਹੈ।

## ਹਿੰਦੂ-ਜਰਮਨ-ਸੈਨ ਫਰਾਂਸਿਸਕੋ ਸਾਜ਼ਿਸ਼ ਕੇਸ ਦੀ ਸੌਵੀਂ ਵਰ੍ਹੇ ਗੰਢ ਨੂੰ ਸਮਰਪਿਤ ਹੋਵੇਗਾ ਗਦਰੀ ਮੇਲਾ

**ਨਿਊ ਯਾਰਕ (ਬਿਊਰੋ):** ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਵਲੋਂ ਹਰ ਸਾਲ ਗਦਰੀ ਬਾਬਿਆਂ ਦੀ ਯਾਦ 'ਚ ਕਰਵਾਏ ਜਾਂਦੇ ਮੇਲੇ ਦੀ ਲੜੀ ਨੂੰ ਅਗਾਂਹ ਵਧਾਉਣ ਲਈ ਫਾਊਂਡੇਸ਼ਨ ਦੀ ਮੀਟਿੰਗ ਭਾਗ ਸਿੰਘ ਮਡਾਹੜ ਦੀ ਪ੍ਰਧਾਨਗੀ ਵਿਚ ਕੁਈਨਜ਼ ਵਿਲੇਜ, ਨਿਊ ਯਾਰਕ 'ਚ ਹੋਈ। ਫਾਊਂਡੇਸ਼ਨ ਦੇ ਮੁੱਖ ਬੁਲਾਰੇ ਮਨਮੋਹਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਹੌਸਲਾ ਵਧਾਊ ਸਰਟੀਫਿਕੇਟ ਅਤੇ ਟਰਾਫੀਆਂ ਦਿੱਤੀਆਂ ਜਾਣਗੀਆਂ।

ਮੇਲੇ ਵਿਚ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਦੀ ਅਜੋਕੇ ਸੰਦਰਭ ਵਿਚ ਮਹੱਤਤਾ ਦਰਸਾਉਣ ਲਈ ਚੋਟੀ ਦੇ ਬੁਲਾਰੇ ਵੀ ਭਾਗ ਲੈ ਰਹੇ ਹਨ। ਇਨ੍ਹਾਂ ਵਿਚ ਡਾ. ਵਰਿਆਮ ਸਿੰਘ ਸੰਧੂ



ਪੂਨੀ ਨੇ ਦੱਸਿਆ ਕਿ ਇਸ ਵਾਰ ਸਮਾਗਮ 'ਹਿੰਦੂ-ਜਰਮਨ-ਸੈਨ ਫਰਾਂਸਿਸਕੋ ਸਾਜ਼ਿਸ਼ ਕੇਸ' ਦੀ ਸੌਵੀਂ ਵਰ੍ਹੇ ਗੰਢ ਨੂੰ ਸਮਰਪਿਤ ਪਹਿਲੀ ਸਤੰਬਰ ਨੂੰ ਹੋਵੇਗਾ। ਲੋਕਾਂ ਨੂੰ ਗਦਰ ਲਹਿਰ ਦੇ ਅਣਗੌਲੇ ਵਰਕਿਆਂ ਬਾਰੇ ਜਾਣਕਾਰੀ ਦੇਣ ਹਿੱਤ ਇਹ ਫਾਊਂਡੇਸ਼ਨ ਹਰ ਵਰ੍ਹੇ ਕੁਝ ਨਾ ਕੁਝ ਨਵਾਂ ਲੈ ਕੇ ਆਉਂਦੀ ਹੈ।

ਮੇਲੇ ਦਾ ਦੂਜਾ ਮੁੱਖ ਆਕਰਸ਼ਣ ਗਦਰੀ ਬਾਬਿਆਂ ਦੀ ਸੋਚ ਨੂੰ ਦਰਸਾਉਂਦਾ ਉਂਕਾਰਪ੍ਰੀਤ ਦਾ ਲਿਖਿਆ ਨਾਟਕ 'ਰੋਟੀ ਵਾਇਆ ਲੰਡਨ' ਖੇਡਿਆ ਜਾਵੇਗਾ। ਡਾ. ਸੰਦੀਪ ਸਿੰਘ ਅਤੇ ਹੋਰ ਸਥਾਨਕ ਲੇਖਕਾਂ ਦੀਆਂ ਕਿਤਾਬਾਂ ਰਿਲੀਜ਼ ਕੀਤੀਆਂ ਜਾਣਗੀਆਂ। ਉਰਦੂ ਦੇ ਪ੍ਰਸਿੱਧ ਸ਼ਾਇਰ ਮਨਮੋਹਨ ਆਲਮ ਨੂੰ ਉਮਰ ਭਰ ਦੀਆਂ ਪ੍ਰਾਪਤੀਆਂ ਵਾਸਤੇ ਸਨਮਾਨਿਤ ਕੀਤਾ ਜਾਵੇਗਾ। ਚਾਰ ਪੁਆਇੰਟ ਅਤੇ ਬੰਗਾਲੀ ਮੂਲ ਦੀ ਸ੍ਰੀਮਤੀ ਅਨੁਰਾਧਾ ਵਿਸ਼ੇਸ਼ ਹੋਣਗੇ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਦਵਿੰਦਰ ਝਾਵਰ, ਡਾ. ਸੰਦੀਪ ਸਿੰਘ, ਬੰਟੀ ਝਾਵਰ, ਅਮਰਜੀਤ ਸਿੰਘ, ਚਰਨਜੀਤ ਸਿੰਘ ਸਮਰਾ, ਸਤਨਾਮ ਸਿੰਘ ਬਡਾਲਾ ਆਦਿ ਨੇ ਸ਼ਿਰਕਤ ਕੀਤੀ ਅਤੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਸਭ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਤਨੋ-ਮਨੋ-ਧਨੋ ਮਦਦ ਕਰਨ ਦਾ ਵਾਅਦਾ ਕੀਤਾ।

ਚਾਹ-ਪਾਣੀ ਦੀ ਜ਼ਿੰਮੇਵਾਰੀ ਚਰਨਜੀਤ ਸਿੰਘ ਸਮਰਾ ਅਤੇ ਅਮਰਜੀਤ ਸਿੰਘ ਹੋਰਾਂ ਨੇ ਚੁੱਕੀ। ਖਾਣ-ਪੀਣ ਦੀ ਸੇਵਾ ਸਤਿਗੁਰ ਸਵੀਟਸ ਸ਼ਾਪ ਵਲੋਂ ਕੀਤੀ ਜਾਵੇਗੀ। ਸਥਾਨਕ ਸੰਸਥਾਵਾਂ ਵਲੋਂ ਵੀ ਇਸ ਪ੍ਰੋਗਰਾਮ ਵਾਸਤੇ ਉਤਸ਼ਾਹਜਨਕ ਹੁੰਗਾਰਾ ਮਿਲ ਰਿਹਾ ਹੈ।

## ਸ਼ਹੀਦ ਭਾਈ ਮਨੀ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਨਿਊ ਯਾਰਕ (ਬਿਊਰੋ):** ਸ਼ਹੀਦ ਭਾਈ ਮਨੀ ਸਿੰਘ ਜੀ ਸੁਸਾਇਟੀ ਵਲੋਂ ਸ਼ਹੀਦ ਭਾਈ ਮਨੀ ਸਿੰਘ ਦਾ ਸ਼ਹੀਦੀ ਦਿਹਾੜਾ ਇਥੇ ਗੁਰਦੁਆਰਾ ਰਾਮਗੜ੍ਹੀਆ ਸਿੱਖ ਸੁਸਾਇਟੀ ਆਫ ਅਮਰੀਕਾ (ਹੋਲਿਸ) ਵਿਖੇ ਲੰਘੀ 15 ਜੁਲਾਈ ਨੂੰ ਮਨਾਇਆ ਗਿਆ। ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਗੁਲਜ਼ਾਰ ਸਿੰਘ ਦੇ ਜਥੇ ਅਤੇ ਭਾਈ ਮਹਾਂਵੀਰ ਸਿੰਘ ਦੇ ਜਥੇ ਨੇ ਰਸ-ਭਿੰਨੇ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਕਥਾਵਾਚਕ ਭਾਈ ਪੰਜਾਬ ਸਿੰਘ ਨੇ ਸ਼ਹੀਦ ਭਾਈ ਮਨੀ ਸਿੰਘ ਅਤੇ ਉਨ੍ਹਾਂ ਦੇ ਸ਼ਹੀਦ ਪਰਿਵਾਰ ਬਾਰੇ ਚਾਨਣਾ ਪਾਇਆ। ਭਾਈ ਅਵਤਾਰ ਸਿੰਘ ਦੇ ਢਾਡੀ ਜਥੇ ਨੇ ਢਾਡੀ ਬਾਰਾਂ ਰਾਹੀਂ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਵਾਇਆ।







ਭਾਈ ਅਵਤਾਰ ਸਿੰਘ ਭਮਰਾ ਤੇ ਪ੍ਰਧਾਨ ਉਂਕਾਰ ਸਿੰਘ ਨੇ ਸੁਸਾਇਟੀ ਤੇ ਸੰਗਤਾਂ ਨੂੰ ਜੀ ਆਇਆਂ ਕਿਹਾ। ਸੁਸਾਇਟੀ ਦੇ ਜਨਰਲ ਸਕੱਤਰ ਪਰਵਿੰਦਰ ਸਿੰਘ ਢਿੱਲੋਂ ਨੇ ਗੁਰਦੁਆਰਾ ਕਮੇਟੀ ਅਤੇ ਸਮੂਹ ਸੰਗਤਾਂ ਦਾ ਸਮਾਗਮ ਵਿਚ ਸ਼ਿਰਕਤ ਕਰਨ 'ਤੇ ਧੰਨਵਾਦ ਕੀਤਾ। ਕਮੇਟੀ ਪ੍ਰਬੰਧਕਾਂ ਨੇ ਸੁਸਾਇਟੀ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਢਿੱਲੋਂ, ਬਿਕਰ ਸਿੰਘ, ਪਾਲ ਸਿੰਘ ਢਿੱਲੋਂ ਅਤੇ ਲੰਗਰਾਂ ਦੀ ਸੇਵਾ ਕਰਨ ਲਈ ਚਾਨਾ ਪਰਿਵਾਰ ਤੇ ਬਲਵੀਰ ਸਿੰਘ ਦਿਹਾਣਾ ਪਰਿਵਾਰ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ। ਸਟੇਜ ਦੀ ਸੇਵਾ ਗੁਰਦੁਆਰਾ ਸਾਹਿਬ ਦੇ ਸਕੱਤਰ ਸ. ਮਠਾਰੂ ਨੇ ਨਿਭਾਈ।






**Michigan Truck Driving School**

**6405 Middlebelt Road, Romulus, MI 48174**

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai **Cell:734-644-1010** Office:734-747-4298

# ਵਿਦੇਸ਼ੀ ਨਿਵੇਸ਼ ’ਚ 23 ਫੀਸਦੀ ਗਿਰਾਵਟ

**ਨਵੀਂ ਦਿੱਲੀ:** ਦੇਸ਼ ਦੇ ਸੇਵਾ ਖੇਤਰ ‘ਚ ਸਿੱਧਾ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) 2017-18 ਵਿਚ ਲਗਭਗ 23 ਫੀਸਦੀ ਗਿਰਾਵਟ ਨਾਲ 6.7 ਅਰਬ ਡਾਲਰ ਰਹਿ ਗਿਆ। ਬੀਤੇ ਸਾਲ ‘ਚ ਇਹ ਨਿਵੇਸ਼ 8.68 ਅਰਬ ਡਾਲਰ ਸੀ। ਉਦਯੋਗਿਕ ਨੀਤੀ ਤੇ ਤਰੱਕੀ ਵਿਭਾਗ ਨੇ ਇਹ ਜਾਣਕਾਰੀ ਦਿੱਤੀ ਹੈ। ਸੇਵਾ ਖੇਤਰ ‘ਚ ਵਿੱਤ, ਬੈਂਕਿੰਗ, ਬੀਮਾ, ਆਊਟਸੋਰਸਿੰਗ, ਖੋਜ ਤੇ ਤਰੱਕੀ, ਕੋਰੀਅਰ, ਤਕਨੀਕੀ ਪਰੀਖਣ ਤੇ ਵਿਸ਼ਲੇਸ਼ਣ ਸ਼ਾਮਲ ਹਨ। ਸਾਰੇ ਖੇਤਰਾਂ ‘ਚ ਐਫ.ਡੀ.ਆਈ. ਦੀ ਵਾਧਾ ਦਰ ਪੰਜ ਸਾਲ ਦੇ ਹੇਠਲੇ ਪੱਧਰ ਉਤੇ ਆ ਗਈ ਹੈ। ਡੇਲਾਇਟ ਇੰਡੀਆ ਦੇ ਮੁੱਖ ਅਰਥਸ਼ਾਸਤਰੀ ਤੇ ਹਿੱਸੇਦਾਰ ਅਨੀਸ ਚੱਕਰਵਰਤੀ ਨੇ ਕਿਹਾ ਕਿ ਅਮਰੀਕਾ ਜਿਹੀ ਅਰਥਵਿਵਸਥਾ ‘ਚ ਪੁਨਰ ਨਿਵੇਸ਼ ਐਫ.ਡੀ.ਆਈ. ਵਿਚ ਗਿਰਾਵਟ ਦਾ ਕਾਰਨ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਫੈਡਰਲ ਰਿਜ਼ਰਵ ਵੱਲੋਂ ਨੀਤੀਗਤ ਦਰਾਂ ‘ਚ ਵਾਧਾ ਕਰਨ ਦੀ ਸ਼ੰਕਾ ਤੇ ਵਿਆਜ ਸਬੰਧੀ ਮੁੱਦਿਆਂ ਦੇ ਚੱਲਦਿਆਂ ਵੀ ਮੌਜੂਦਾ ਸਾਲ ਵਿਦੇਸ਼ੀ ਨਿਵੇਸ਼ ‘ਚ ਗਿਰਾਵਟ ਦਾ ਕਾਰਨ ਹੋ ਸਕਦਾ ਹੈ।

ਕੈਮੀਕਲ ਖੇਤਰ ‘ਚ ਵੀ ਸਿੱਧੇ ਵਿਦੇਸ਼ੀ ਨਿਵੇਸ਼ ਵਿਚ ਵੀ ਮਾਮੂਲੀ ਗਿਰਾਵਟ ਦਰਜ ਕੀਤੀ ਗਈ ਹੈ। ਦੱਸ ਦੇਈਏ ਕਿ ਸੇਵਾ ਖੇਤਰ ਦਾ ਦੇਸ਼ ਦੇ ਘਰੇਲੂ ਉਤਪਾਦ ‘ਚ 60 ਪ੍ਰਤੀਸ਼ਤ ਤੋਂ ਵੱਧ ਯੋਗਦਾਨ ਹੈ।

ਐਫ.ਡੀ.ਆਈ. ਭਾਰਤ ਲਈ ਮਹੱਤਵਪੂਰਨ ਹੈ ਕਿਉਂਕਿ ਬੁਨਿਆਦੀ ਢਾਂਚਾ ਖੇਤਰ ‘ਚ ਵੱਡੇ ਪੈਮਾਨੇ ਤੇ ਪਰਿਵਰਤਨ ਲਈ ਆਗਾਮੀ ਸਾਲਾਂ ‘ਚ ਕਾਫੀ ਜ਼ਿਆਦਾ ਨਿਵੇਸ਼ ਦੀ ਲੋੜ ਹੋਵੇਗੀ। ਵਿਦੇਸ਼ੀ ਨਿਵੇਸ਼ ‘ਚ ਕਮੀ ਦੇ ਚੱਲਦਿਆਂ ਇਸ ਦਾ ਅਸਰ ਰੁਪਏ ਦੇ ਮੁੱਲ ਉਤੇ ਵੀ ਪੈ ਸਕਦਾ ਹੈ।

## ਪਤੀਲਾ ਮਾਰ ਕੇ ਪਤਨੀ ਦਾ ਕਤਲ

**ਜ਼ੀਰਕਪੁਰ:** ਇਥੋਂ ਦੀ ਵੀ.ਆਈ.ਪੀ. ਸੜਕ ਉਤੇ ਸਥਿਤ ਮੋਨਾ ਗਰੀਨ-1 ਸੁਸਾਇਟੀ ਵਿਚ ਇਕ ਵਿਅਕਤੀ ਵੱਲੋਂ ਆਪਣੀ 29 ਸਾਲਾ ਪਤਨੀ ਦੇ ਸਿਰ ‘ਤੇ ਚਾਹ ਵਾਲੇ ਪਤੀਲੇ ਅਤੇ ਸਟੀਲ ਦੀ ਫਲਾਸਕ ਨਾਲ ਹਮਲਾ ਕਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ। ਮ੍ਰਿਤਕਾ ਦਾ ਹਾਲੇ ਸਾਲ ਪਹਿਲਾਂ ਹੀ ਵਿਆਹ ਹੋਇਆ ਸੀ।

ਘਟਨਾ ਤੋਂ ਬਾਅਦ ਪਤੀ ਮੌਕੇ ਤੋਂ ਫਰਾਰ ਹੋ ਗਿਆ, ਜਿਸ ਖਿਲਾਫ਼ ਪੁਲਿਸ ਨੇ ਧਾਰਾ 302 ਤਹਿਤ ਮਾਮਲਾ ਦਰਜ ਕਰ ਲਿਆ ਹੈ। ਮਮਨਦੀਪ ਕੌਰ ਦਾ ਵਿਆਹ 20 ਜੂਨ 2017 ਨੂੰ ਗੁਰਪ੍ਰੀਤ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਕੋਠਾ ਗੁਰੂ ਭਗਤਾ ਭਾਈਕਾ ਬਠਿੰਡਾ ਨਾਲ ਹੋਇਆ ਸੀ।

## ਕਪੂਰਥਲਾ ਸਪੋਰਟਸ ਕਲੱਬ ਦਾ ਸਾਲਾਨਾ ਖੇਡ ਮੇਲਾ 5 ਅਗਸਤ ਨੂੰ

**ਨਿਊ ਯਾਰਕ (ਇਕਬਾਲ ਜੱਬੋਵਾਲੀਆ):** ਖੇਡ ਤੇ ਸਭਿਆਚਾਰਕ ਸੰਸਥਾ ਕਪੂਰਥਲਾ ਸਪੋਰਟਸ ਅਤੇ ਕਲਚਰਲ ਕਲੱਬ ਦਾ ਸਾਲਾਨਾ ਖੇਡ ਮੇਲਾ 5 ਅਗਸਤ, ਐਤਵਾਰ ਨੂੰ ਇਥੇ ਮਾਰਟਨ ਵੈਨ ਬੂਰੈਨ ਹਾਈ ਸਕੂਲ (230-17 ਹਿੱਲ ਸਾਈਡ ਐਵਿਨਿਊ) ਦੇ ਖੇਡ ਮੈਦਾਨ ਵਿਚ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਹੋਵੇਗਾ।

ਖੇਡ ਮੇਲੇ ਦੌਰਾਨ ਫੁੱਟਬਾਲ, ਬਾਸਕਿਟਬਾਲ ਤੇ ਵਾਲੀਬਾਲ ਤੋਂ ਇਲਾਵਾ ਬੱਚਿਆਂ ਦੀਆਂ ਦੌੜਾਂ, ਔਰਤਾਂ ਦੀ ਚਾਟੀ ਦੌੜ, ਮਿਊਜ਼ੀਕਲ-ਚੇਅਰ ਰੇਸ, ਨਿੰਬੂ-ਚਮਚਾ ਦੌੜ, ਸੂਈ-ਧਾਗਾ ਅਤੇ ਰੱਸਾ ਕਸ਼ੀ ਦੇ ਮੁਕਾਬਲੇ ਹੋਣਗੇ। ਕੋਈ ਐਂਟਰੀ ਫੀਸ ਨਹੀਂ ਹੈ। ਪਾਣੀ-ਸੋਡਾ, ਚਾਹ-ਪਕੌੜੇ, ਪੀਜ਼ਾ ਅਤੇ ਹੋਰ ਖਾਣੇ ਦਾ ਪ੍ਰਬੰਧ ਹੋਵੇਗਾ। ਕਲੱਬ ਨੇ ਸਭਨਾਂ ਨੂੰ ਇਸ ਪਰਿਵਾਰਕ ਖੇਡ ਮੇਲੇ ਵਿਚ ਹਾਜ਼ਰ ਹੋਣ ਦਾ ਸੱਦਾ ਦਿੱਤਾ ਹੈ। ਔਰਤਾਂ ਦੇ ਬੈਠਣ ਦਾ ਵੱਖਰਾ ਪ੍ਰਬੰਧ ਹੋਵੇਗਾ।

ਹੋਰ ਜਾਣਕਾਰੀ ਲਈ ਜਗਤਾਰ ਕਾਰੀ ਨਾਲ ਫੋਨ: 917-681-5959, ਜਸਵੰਤ ਬੱਲ ਫੋਨ: 917-915-1900, ਰਾਜਿੰਦਰ ਕੁਮਾਰ ਬੇਵੀ ਫੋਨ: 516-263-8373 ਜਾਂ ਮੰਗਲ ਸਿੰਘ ਮੰਗਾ ਨਾਲ ਫੋਨ: 917-597-6667 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


## ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਜੁਲਾਈ ਮੀਟਿੰਗ ਆਜ਼ਾਦੀ ਨੂੰ ਸਮਰਪਿਤ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਜੁਲਾਈ ਮਹੀਨੇ ਦੀ ਮੀਟਿੰਗ ਆਜ਼ਾਦੀ ਦਿਵਸ ਨੂੰ ਸਮਰਪਿਤ ਸੀ ਜਿਸ ਵਿਚ ਨਾ ਸਿਰਫ ਅਮਰੀਕਾ ਦਾ 4 ਜੁਲਾਈ ਦਾ ਆਜ਼ਾਦੀ ਦਿਵਸ ਹੀ ਮਨਾਇਆ ਗਿਆ, ਸਗੋਂ ਲੋਕਾਂ ਦੀ ਜ਼ਿੰਦਗੀ ਵਿਚ ਰਹਿਣ, ਕੰਮ ਕਰਨ, ਬੋਲਣ ਆਦਿ ਦੀ ਆਜ਼ਾਦੀ ਬਾਰੇ ਵੀ ਗੱਲਾਂ ਕੀਤੀਆਂ ਗਈਆਂ।

ਮੀਟਿੰਗ ਦਾ ਅਰੰਭ ਸਭਾ ਦੀ ਮੈਂਬਰ ਤਰਲੋਚਨ ਕੌਰ ਸੱਚਰ ਨੇ ਸ਼ਮ੍ਹਾ ਰੌਸ਼ਨ ਕਰ ਕੇ ਕੀਤਾ। ਇਸ ਮੌਕੇ ਨਿਊ ਜਰਸੀ ਵਸਦੀ ਪੰਜਾਬੀ ਸ਼ਾਇਰਾ ਜਸਵਿੰਦਰ ਕੌਰ ਰਿਸ਼ੀ ਦਾ ਕਾਵਿ-ਸੰਗ੍ਰਿਹ ‘ਪ੍ਰੇਰਨਾ’ ਲੋਕ ਅਰਪਣ ਕੀਤਾ ਗਿਆ।

ਪ੍ਰੇਮ ਮਾਨ ਨੇ ਆਪਣਾ ਲੇਖ ‘ਸਾਨੂੰ ਬੋਲਣ ਅਤੇ ਲਿਖਣ ਵਿਚ ਕਿਹੋ ਜਿਹੀ ਭਾਸ਼ਾ ਵਰਤਣੀ ਚਾਹੀਦੀ ਹੈ’ ਪੜ੍ਹਿਆ ਜਿਸ ਵਿਚ ਉਨ੍ਹਾਂ ਸ਼ਬਦਾਂ ਦਾ ਵਰਣਨ ਕੀਤਾ, ਜੋ ਸਾਨੂੰ ਰੋਜ਼ਾਨਾ ਜ਼ਿੰਦਗੀ ਵਿਚ ਨਹੀਂ ਵਰਤਣੇ ਚਾਹੀਦੇ ਅਤੇ ਜਿਨ੍ਹਾਂ ਦੇ ਵਰਤਣ ਨਾਲ ਕਿਸੇ ਦੂਸਰੇ ਇਨਸਾਨ ਨੂੰ ਠੇਸ ਪਹੁੰਚੇ। ਇਸ ਪਿਛੋਂ ਤਰਸੇਮ ਘੁੰਮਣ ਨੇ ਆਪਣੀਆਂ ਦੋ ਕਵਿਤਾਵਾਂ ‘ਸੁਪਨਿਆਂ ਦੀ ਛਾਂ’ ਅਤੇ ‘ਗਰੀਬੀ ਦਾ ਸਿਲਾ’ ਪੜ੍ਹੀਆਂ। ਚੇਤਨ ਸੋਢੀ ਨੇ ਮੀਟਿੰਗ ਦਾ ਸੰਚਾਲਨ ਕਰਨ ਦੇ ਨਾਲ ਨਾਲ ਆਪਣੀਆਂ ਕੁਝ ਕਵਿਤਾਵਾਂ ਸੁਣਾਈਆਂ। ਭਗਵਾਨ ਸਿੰਘ ਘਨੌਰ ਨੇ ਪੰਜਾਬੀ ਦੀਆਂ ਦੋ ਗਜ਼ਲਾਂ ਪੜ੍ਹੀਆਂ। ਕੁਲਦੀਪ ਸੇਠੀ ਨੇ ਆਪਣੀ ਇਕ ਉਰਦੂ ਅਤੇ ਇਕ ਪੰਜਾਬੀ ਕਵਿਤਾ ਪੜ੍ਹੀ।

ਤਰਲੋਚਨ ਸੱਚਰ ਨੇ ਆਪਣੀ ਕਹਾਣੀ ‘ਕੰਮੀ’ ਪੜ੍ਹੀ ਜਿਸ ਨੂੰ ਸਰੋਤਿਆਂ ਨੇ ਬਹੁਤ ਸਲਾਹਿਆ। ਅਜਾਇਬ ਸਿੰਘ ਨੇ ਦੋ ਪੰਜਾਬੀ ਗੀਤ ਗਾ ਕੇ ਆਪਣੀ ਹਾਜ਼ਰੀ ਲੁਆਈ ਜਿਨ੍ਹਾਂ ਵਿਚੋਂ ਇਕ ਗੀਤ ਦੇ ਬੋਲ ਸਨ: ‘ਮੈਂ ਵਿਰਸਾ ਪੰਜਾਬੀ ਦੱਸੋ ਕਿੱਥੋਂ ਸਾਂਭ ਲਊਂ, ਸਾਡੀ ਆਪਣੀ ਜ਼ਮੀਰ ਸੌਦੇਬਾਜ਼ ਹੋ ਗਈ।’ ਸੰਗੀਤ ਸ਼ਰਮਾ ਅਤੇ ਰਾਜਿੰਦਰ ਕੌਰ ਨੇ ਰਲ ਕੇ ‘ਮਾਹੀ ਵੇ ਮੁਹੱਬਤਾਂ ਸੱਚੀਆਂ ਨੇ’ ਗੀਤ ਗਾਇਆ। ਸੰਗੀਤ ਸ਼ਰਮਾ ਨੇ ਇਕ ਹਿੰਦੀ ਗੀਤ ਅਤੇ ਰਾਜਿੰਦਰ ਕੌਰ ਨੇ ‘ਪਹਿਲਾਂ ਲੁੱਟਿਆ ਅੱਖਾਂ ’ਚ ਅੱਖਾਂ ਪਾ ਕੇ, ਜਾਂਦਾ ਹੋਇਆ ਦਿਲ ਲੈ ਗਿਆ’ ਗੀਤ ਪੇਸ਼ ਕੀਤਾ। ਸੁਨੀਤਾ ਕੌੜਾ ਨੇ ਇਕ ਹਿੰਦੀ ਗੀਤ ਗਾਇਆ। ਰੀਤਾ ਕੋਹਲੀ ਨੇ ਪਹਿਲਾਂ ‘ਅੱਖੀਆਂ ਉਡੀਕਦੀਆਂ ਦਿਲ ਵਾਜਾਂ ਮਾਰਦਾ’ ਅਤੇ ਫਿਰ ਨੰਦ ਲਾਲ ਨੂਰਪੁਰੀ ਦਾ ਲਿਖਿਆ ਗੀਤ ‘ਚੰਨ ਵੇ ਕਿ ਸ਼ੌਕਣ ਮੇਲੇ ਦੀ’ ਗਾਏ।



ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਡਾ. ਅਮਰਜੀਤ ਸ਼ਾਸਤਰੀ, ਰਾਜਵੰਤ ਮੋਖਾ, ਲਵਲੀਨ ਕੌੜਾ, ਸੁਰੇਸ਼ ਚੰਦਰ, ਸਰਬਜੀਤ ਮਾਨ, ਵਿਮਲਾ ਕੁਮਾਰ, ਇੰਦਰਾ ਮਲਹੋਤਰਾ, ਹਨੀ ਸਿੰਘ, ਐਂਜਲਾ ਸਿੰਘ, ਰੋਹਨ ਸਿੰਘ ਅਤੇ ਜਸਕੀਰਤ ਸਿੰਘ ਵੀ ਹਾਜ਼ਰ ਸਨ।


## Matrimonials

### ਵਰ ਦੀ ਲੋੜ ਹੈ

Jatt Sikh family looking match for daughter 26, 5'-4", US citizen, completing healthcare administration. Wanted suitable well educated, good looking citizen or green card holder. Contact, Ph: 734-548-2767 29-32

Saraswat Brahmin well settled family from Ludhiana district seeks a suitable match in USA/Canada for their beautiful slim daughter 25/5’5", studying Masters in English at Punjab University, Chandigarh. Contact: advashwaniatre@gmail.com or India phone 91-98141-37081 29

Parents seek suitable medico match for their dentist doctor daughter, US citizen, 34 yrs, 5'-4", attractive, never married, family oriented. Cast no bar. Pl. call or text, Ph: 916-254-6378 or E-mail: psmiles1212@gmail.com 27-34

### ਲੜਕੀ ਦੀ ਲੋੜ ਹੈ

Well Settled “Pathak” Hindu family from Panchkula North India seek a suitable match in USA/Canada for their very handsome son 27/5’8", practicing Advocate in Chandigarh High court. Caste no Bar. Pl. contact advashwaniatre@gmail.com or India phone 91-95305-21411 29

ਸੈਣੀ ਸਿੱਖ, ਉਮਰ 31 ਸਾਲ, 5'-8", ਗੈਸ ਸਟੇਸ਼ਨ ‘ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ‘ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 25-28

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 26-29

*To Advertise with Punjab Times Call: 847-359-0746*


## ਕੰਮ ਵਾਲੀਆਂ ਥਾਂ ‘ਤੇ ਔਰਤਾਂ ਨਾਲ ਜਿਨਸੀ ਛੇੜਛਾੜ ਵਧੀ

**ਨਵੀਂ ਦਿੱਲੀ:** ਔਰਤਾਂ ਬਾਰੇ ਕੌਮੀ ਕਮਿਸ਼ਨ ਦਾ ਕਹਿਣਾ ਹੈ ਕੰਮ ਕਰਨ ਦੇ ਸਥਾਨ ਉਤੇ ਔਰਤਾਂ ਨਾਲ ਜਿਨਸੀ ਛੇੜਛਾੜ ਆਮ ਵਰਤਾਰਾ ਹੈ। ਵਿਸ਼ੇਸ਼ ਤੌਰ ਉਤੇ ਮਨੋਰੰਜਨ ਸਨਅਤ ਵਿਚ ਇਹ ਵਧੇਰੇ ਹੁੰਦਾ ਹੈ ਜਿਥੇ ਜ਼ਿਆਦਾਤਰ ਔਰਤਾਂ ਇਸ ਦੀ ਸ਼ਿਕਾਇਤ ਵੀ ਨਹੀਂ ਕਰਦੀਆਂ।

ਨੈਸ਼ਨਲ ਕਮਿਸ਼ਨ ਫਾਰ ਵਿਮੈਨ ਦੀ ਚੇਅਰਪਰਸਨ ਰੇਖਾ ਸ਼ਰਮਾ ਨੇ ਕਿਹਾ ਮਨੋਰੰਜਨ ਸਨਅਤ ਵਿਚ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਦੀ ਗਿਣਤੀ ਵਧ ਹੈ। ਸ਼ਾਇਦ ਹੀ ਇਸ ਸਨਅਤ ਵਿਚ ਕੋਈ ਬਚਿਆ ਹੋਵੇ। ਇਹ ਮਰਦ ਪ੍ਰਧਾਨ ਸਨਅਤ ਹੈ ਜਿਥੇ ਜਿਨਸੀ ਸ਼ੋਸ਼ਣ ਦਾ ਖਤਰਾ ਵੱਧ ਹੈ। ਇਹ ਸੱਚਾਈ ਹੈ ਕਿ ਇਸ ਸਨਅਤ ਵਿਚ ਬਹੁਤ ਸਾਰੀਆਂ ਅਜਿਹੀਆਂ ਔਰਤਾਂ ਹਨ ਜੋ ਇਸ ਤਰ੍ਹਾਂ ਦੀਆਂ ਕਾਰਵਾਈਆਂ ਦੀਆਂ ਆਦੀ ਹੋ ਜਾਂਦੀਆਂ ਹਨ ਅਤੇ ਕਦੇ ਇਸ ਦੀ ਸ਼ਿਕਾਇਤ ਵੀ ਨਹੀਂ ਕਰਦੀਆਂ।


**ਤੰਦੂਰੀਏ, ਕੁੱਕ ਤੇ ਵੇਟਰ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ‘ਢਾਬਾ’ ਲਈ ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

27-

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

Email: Homeomedicine@yahoo.com

**7021 Village Park Way, Dublin, CA 94568**

**Pantry For Sale**

*Kenosha, WI*

**Sales Are Great!**

*Only Interested buyers.*




**Contact, Ph: 262-488-0330 or 262-902-2072**

27-

# ਨਸ਼ਿਆਂ ਦੇ ਵੱਡੇ ਕਾਰੋਬਾਰੀਆਂ ਤੱਕ ਨਾ ਪੁੱਜੇ ਪੁਲਿਸ ਦੇ ਹੱਥ

**ਫਿਰੋਜ਼ਪੁਰ:** ਸੂਬੇ ਅੰਦਰ ਸਿੰਥੈਟਿਕ ਅਤੇ ਕੈਮੀਕਲ ਨਸ਼ਿਆਂ ਦੀ ਓਵਰਡੋਜ਼ ਨਾਲ ਹਰ ਰੋਜ਼ ਹੋ ਰਹੀਆਂ ਮੌਤਾਂ ਨੇ ਪੁਲਿਸ ਦੀ ਨਸ਼ਾ ਤਸਕਰਾਂ ਵਿਰੁੱਧ ਢਿੱਲੀ ਕਾਰਗੁਜ਼ਾਰੀ ਉਤੇ ਸਵਾਲ ਚੁੱਕੇ ਹਨ। ਪੁਲਿਸ ਵੱਲੋਂ ਨਸ਼ਿਆਂ ਦੇ ਵੱਡੇ ਸੌਦਾਗਰਾਂ



ਨੂੰ ਫੜਨ ਦੀ ਬਜਾਏ ਮਾਮੂਲੀ ਨਸ਼ਾ ਵੇਚਣ ਅਤੇ ਨਸ਼ਾ ਖਾਣ ਵਾਲਿਆਂ ਨੂੰ ਕਾਬੂ ਕਰਦਿਆਂ ਪਰਚੇ ਕੱਟ ਕੇ ਖਾਨਾਪੂਰਤੀ ਕੀਤੀ ਜਾ ਰਹੀ ਹੈ। ਜਦਕਿ ਸਚਾਈ ਇਹ ਹੈ ਕਿ ਸੂਬੇ ਅੰਦਰ ਅੱਜ ਵੀ ਨਸ਼ਿਆਂ ਦਾ ਕਾਰੋਬਾਰ ਜਿਉਂ ਦਾ ਤਿਉਂ ਚੱਲ ਰਿਹਾ ਹੈ।

ਨਸ਼ੇ ਕਾਰਨ ਮਰਨ ਵਾਲੇ ਨੌਜਵਾਨਾਂ ਦੇ ਪਰਿਵਾਰ ਹੁਣ ਇਸ ਮੁੱਦੇ ਉਤੇ ਖੁੱਲ ਕੇ ਸਾਹਮਣੇ ਆਏ ਹਨ। ਉਨ੍ਹਾਂ ਦੋਸ਼ ਲਾਇਆ ਹੈ ਕਿ ਪੁਲਿਸ ਮਾਮੂਲੀ ਨਸ਼ਾ ਵੇਚਣ ਵਾਲਿਆਂ ਦੀਆਂ ਪੈੜਾਂ ਨੱਪਣ ਉਤੇ ਲੱਗੀ ਹੋਈ ਹੈ, ਜਦਕਿ ਨਸ਼ੇ ਦੇ ਵੱਡੇ ਕਾਰੋਬਾਰੀਆਂ ਦੀਆਂ ਸੂਚੀਆਂ ਕੋਲ ਹੋਣ ਦੇ ਬਾਵਜੂਦ ਪੁਲਿਸ ਇਨ੍ਹਾਂ ਵੱਲ ਮੂੰਹ ਨਹੀਂ ਕਰ ਰਹੀ।

ਨਸ਼ਿਆਂ ਵਿਰੁੱਧ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਪਿੰਡਾਂ ਕਸਬਿਆਂ 'ਚ ਨਸ਼ਾ ਵਿਰੋਧੀ ਕਮੇਟੀਆਂ ਬਣ ਕੇ ਨਸ਼ਿਆਂ ਦੇ ਕਾਰੋਬਾਰੀਆਂ ਵਿਰੁੱਧ ਕਮਰ ਕੱਸਦਿਆਂ ਠੀਕਰੀ ਪਹਿਰੇ ਲੱਗਣੇ ਸ਼ੁਰੂ ਹੋ ਗਏ ਹਨ। ਪਿਛਲੇ ਦਿਨਾਂ 'ਚ ਨਸ਼ਿਆਂ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਕਾਰਨ ਪੰਜਾਬ 'ਚ ਮਚੀ ਹਾਹਾਕਾਰ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਬੀਤੀ 2 ਜੁਲਾਈ ਨੂੰ ਕੈਬਨਿਟ ਦੀ ਸੱਦੀ ਮੀਟਿੰਗ ਜਿਸ 'ਚ ਪੁਲਿਸ ਦੇ ਆਹਲਾ ਅਧਿਕਾਰੀ ਵੀ ਮੌਜੂਦ ਸਨ, ਪੁਲਿਸ ਦੀ ਨਸ਼ਿਆਂ ਵਿਰੁੱਧ ਕਾਰਗੁਜ਼ਾਰੀ ਤੋਂ ਨਾ ਖੁਸ਼ ਹੁੰਦਿਆਂ ਨਸ਼ਾ ਵਪਾਰੀਆਂ ਨੂੰ ਕਾਬੂ ਕਰਨ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਕਿਹਾ ਸੀ। ਇਸ ਉਪਰੰਤ ਪੁਲਿਸ ਨੇ ਇਕਦਮ ਹਰਕਤ 'ਚ ਆਉਂਦਿਆਂ ਚਾਰੇ ਪਾਸੇ ਲਗਾਮਾਂ ਕੱਸ ਦਿੱਤੀਆਂ ਹਨ।

ਪੁਲਿਸ ਉਤੇ ਵੀ ਸ਼ਿਕੰਜਾ ਕੱਸਿਆ ਗਿਆ ਅਤੇ ਨਸ਼ਾ ਤਸਕਰਾਂ ਦਾ ਸਾਥ ਦੇਣ ਵਾਲੇ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਮੁਅੱਤਲ ਵੀ ਕੀਤਾ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਪਿਛਲੇ 15 ਦਿਨਾਂ 'ਚ ਪੁਲਿਸ ਵੱਲੋਂ ਕੱਟੇ ਪਰਚਿਆਂ 'ਚ ਕਿਸੇ ਵੀ ਨਸ਼ੇ ਦੇ ਵੱਡੇ ਸੌਦਾਗਰ ਦਾ ਨਾਂ ਨਹੀਂ ਬੋਲਦਾ। ਬੇਸ਼ੱਕ ਪੁਲਿਸ ਨੇ ਚਿੱਟਾ, ਹੈਰੋਇਨ ਆਦਿ ਨਸ਼ਿਆਂ ਦੇ ਸੌਦਾਗਰ, ਕੈਮੀਕਲ ਨਸ਼ਿਆਂ ਦਾ ਵੱਡਾ ਕਾਰੋਬਾਰ ਕਰਨ ਵਾਲਿਆਂ ਦੀਆਂ ਸੂਚੀਆਂ ਤਿਆਰ ਕਰ ਕੇ ਇਸ ਦੀਆਂ ਰਿਪੋਰਟਾਂ ਪੰਜਾਬ ਸਰਕਾਰ ਅਤੇ ਡੀ.ਜੀ.ਪੀ. ਪੰਜਾਬ ਨੂੰ ਭੇਜੀਆਂ ਸਨ, ਪਰ ਇਹ ਸੂਚੀਆਂ ਫਾਈਲਾਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ। ਇਹ ਵੀ ਪਤਾ ਲੱਗਾ ਹੈ ਕਿ ਪੰਜਾਬ ਪੁਲਿਸ ਆਪਣੀ ਛਵੀ ਸੁਧਾਰਨ 'ਤੇ ਲੱਗੀ ਹੋਈ ਹੈ ਅਤੇ ਕਿਸੇ ਵੀ ਵੱਡੇ ਨਸ਼ੇ ਦੇ ਸੌਦਾਗਰ ਨੂੰ ਕਾਬੂ ਨਾ ਕਰਕੇ ਇਹ ਸਾਬਤ ਕਰਨਾ ਚਾਹੁੰਦੀ ਹੈ ਕਿ ਸੂਬੇ ਅੰਦਰ ਚਿੱਟੇ, ਸਮੈਕ ਆਦਿ ਨਸ਼ਿਆਂ ਦਾ ਕਾਰੋਬਾਰ ਨਹੀਂ ਹੋ ਰਿਹਾ।

ਪਿੰਡਾਂ, ਕਸਬਿਆਂ 'ਚ ਬਣੀਆਂ ਨਸ਼ਾ ਵਿਰੋਧੀ ਕਮੇਟੀਆਂ ਹੁਣ ਚਿੱਟੇ, ਹੈਰੋਇਨ ਆਦਿ ਦੀਆਂ ਪੁੜੀਆਂ ਵੇਚਣ ਵਾਲਿਆਂ ਨੂੰ ਖੁਦ ਫੜ ਕੇ ਪੁਲਿਸ ਹਵਾਲੇ ਕਰਨ ਲੱਗੀਆਂ ਹਨ। ਇਥੋਂ ਤੱਕ ਕਿ ਨਸ਼ਿਆਂ ਨਾਲ ਝੰਬੇ ਪਿੰਡਾਂ ਦੇ ਲੋਕਾਂ ਨੂੰ ਨਸ਼ੇੜੀਆਂ ਅਤੇ ਨਸ਼ਾ ਵੇਚਣ ਵਾਲਿਆਂ ਦੀ ਛਿੱਤਰ ਪਰੇਡ ਵੀ ਕਰਨੀ ਸ਼ੁਰੂ ਕਰ ਦਿੱਤੀ ਹੈ। ਕਈ ਪਿੰਡਾਂ ਦੀਆਂ ਨਸ਼ਾ ਵਿਰੋਧੀ ਕਮੇਟੀਆਂ ਨੇ ਆਪਣੇ ਬਲਬੂਤੇ ਉਤੇ ਪੈਸੇ ਇਕੱਠੇ ਕਰਦਿਆਂ ਨਸ਼ੇੜੀਆਂ ਦਾ ਇਲਾਜ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ। ਇਥੋਂ ਤੱਕ ਕਿ ਜਿਹੜੇ ਨੌਜਵਾਨਾਂ ਦੀ ਹਾਲਤ ਬਹੁਤ ਜ਼ਿਆਦਾ ਵਿਗੜ ਚੁੱਕੀ ਹੈ, ਉਨ੍ਹਾਂ ਦਾ ਨਸ਼ਾ ਛਡਾਉ ਕੇਂਦਰਾਂ ਵਿਚ ਇਲਾਜ ਕਰਾਉਣ ਲਈ ਤਾਲਮੇਲ ਕੀਤਾ ਜਾ ਰਿਹਾ ਹੈ।

## ਮਹਿਲਾ ਮੁਲਾਜ਼ਮਾਂ ਵੀ ਡੋਪ ਟੈਸਟ ਦੇ ਘੇਰੇ 'ਚ ਆਈਆਂ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਖ਼ਿਲਾਫ ਵਿੱਢੀ ਜੰਗ 'ਚ ਔਰਤਾਂ ਦਾ ਯੋਗਦਾਨ ਵੀ ਮੰਗਿਆ ਹੈ। ਕੈਪਟਨ ਨੇ ਕਿਹਾ ਕਿ ਸਰਕਾਰੀ ਮਹਿਲਾ ਮੁਲਾਜ਼ਮਾਂ ਨੂੰ ਵੀ ਡੋਪ ਟੈਸਟ ਦੀ ਪ੍ਰਕਿਰਿਆ 'ਚੋਂ ਲੰਘਣਾ ਪਵੇਗਾ। ਇਕ ਸਵਾਲ ਦੇ ਜਵਾਬ 'ਚ ਕੈਪਟਨ ਨੇ ਕਿਹਾ ਕਿ ਜਦੋਂ ਮਹਿਲਾਵਾਂ ਫਾਈਟਰ ਪਾਇਲਟ ਬਣ ਸਕਦੀਆਂ ਹਨ ਤੇ ਹਰ ਕੰਮ ਮਰਦਾਂ ਦੇ ਬਰਾਬਰ ਕਰ ਸਕਦੀਆਂ ਹਨ ਤਾਂ ਉਨ੍ਹਾਂ ਦਾ ਟੈਸਟ ਕਿਉਂ ਨਾ ਕਰਾਇਆ ਜਾਵੇ? ਕੈਪਟਨ ਦੇ ਇਸ ਬਿਆਨ ਨਾਲ ਉਨ੍ਹਾਂ ਸਾਰੀਆਂ ਅਟਕਲਾਂ ਉਤੇ ਵਿਰਾਮ ਲੱਗ ਗਿਆ ਹੈ ਜਿਸ 'ਚ ਕਿਹਾ ਜਾ ਰਿਹਾ ਸੀ ਕਿ ਪੰਜਾਬ ਸਰਕਾਰ ਮਹਿਲਾ ਮੁਲਾਜ਼ਮਾਂ ਦਾ ਡੋਪ ਟੈਸਟ ਨਹੀਂ ਲਏਗੀ। ਹਾਲ ਹੀ 'ਚ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਇਕ ਮਤਾ ਪਾਸ ਕਰਕੇ ਕੈਪਟਨ ਸਰਕਾਰ ਨੂੰ ਮਹਿਲਾ ਮੁਲਾਜ਼ਮਾਂ ਦਾ ਡੋਪ ਟੈਸਟ ਕਰਾਏ ਜਾਣ ਦੀ ਚੁਣੌਤੀ ਦਿੱਤੀ ਸੀ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਪੰਜਾਬ ਵਿਚ ਨਸ਼ਿਆਂ ਨਾਲ ਹੋਈਆਂ ਮੌਤਾਂ ਤੋਂ ਬਾਅਦ ਚਾਰੇ ਪਾਸਿਉਂ ਘਿਰੀ ਕੈਪਟਨ ਸਰਕਾਰ ਨੇ ਕਈ ਐਲਾਨ ਕੀਤੇ ਸਨ। ਇਨ੍ਹਾਂ ਵਿਚੋਂ ਇਕ ਸੀ ਕਿ ਸਰਕਾਰੀ ਮੁਲਾਜ਼ਮਾਂ ਦੀ ਭਰਤੀ ਵੇਲੇ ਤੇ ਕਿਸੇ ਤਰ੍ਹਾਂ ਦੀ ਤਰੱਕੀ ਵੇਲੇ ਡੋਪ ਟੈਸਟ ਕਰਵਾਇਆ ਜਾਵੇਗਾ।

# ਲੱਚਰ ਗਾਇਕੀ ਨੂੰ ਨੱਥ ਪਾਉਣ ਦੀ ਤਿਆਰੀ

**ਚੰਡੀਗੜ੍ਹ:** ਉਕਸਾਊ ਬੋਲ, ਭੜਕਾਊ ਵੀਡੀਓਜ਼, ਸ਼ਰਾਬ ਤੇ ਨਸ਼ੇ ਦਾ ਬੋਲਬਾਲਾ ਤੇ ਔਰਤਾਂ ਨੂੰ ਕਾਮ ਦੀ ਮੂਰਤ ਵਜੋਂ ਪੇਸ਼ ਕਰਨ ਵਾਲੇ ਗੀਤਾਂ ਉਤੇ ਲਗਾਮ ਕੱਸਣ ਲਈ ਹੁਣ ਕਾਨੂੰਨੀ ਸ਼ਿਕੰਜਾ ਤਿਆਰ ਹੋ ਰਿਹਾ ਹੈ। ਪੰਜਾਬ ਵਿਚ ਕੇਂਦਰੀ ਫਿਲਮ ਪ੍ਰਮਾਣਨ ਬੋਰਡ ਦੀ ਤਰਜ਼ ਉਤੇ ਸੈਂਸਰਸ਼ਿਪ ਅਦਾਰਾ ਸਥਾਪਤ ਕਰਨ ਦੀ ਤਿਆਰੀ ਹੈ।




ਇਸ ਟੀਚੇ ਦੀ ਪ੍ਰਾਪਤੀ ਲਈ ਪੰਜਾਬ ਵਿਚ ਕਾਨੂੰਨੀ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ ਤਾਂ ਜੋ ਅਜਿਹੀ ਸਰਕਾਰੀ ਵਿਭਾਗ ਨੂੰ ਹੋਂਦ ਵਿਚ ਲਿਆਂਦਾ ਜਾ ਸਕੇ, ਜੋ 'ਵਿਗੜੀ' ਪੰਜਾਬੀ ਸੰਗੀਤ ਸਨਅਤ ਨੂੰ ਟਿਕਾਣੇ ਉਤੇ ਲੈ ਆਵੇ। ਉਂਜ ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਪਹਿਲਾਂ ਹੀ ਪੰਜਾਬ ਸਭਿਆਚਾਰ ਕਮਿਸ਼ਨ ਦੀ ਸਥਾਪਨਾ ਕਰਨ ਦਾ ਐਲਾਨ ਕਰ ਚੁੱਕੇ ਹਨ, ਜਿਸ ਦਾ ਮਕਸਦ ਲੱਚਰਤਾ, ਨਸ਼ੇ ਤੇ ਹਥਿਆਰਾਂ ਨੂੰ ਉਤਸ਼ਾਹਤ ਕਰਨ ਵਾਲੇ ਗੀਤਾਂ ਉਤੇ ਰੋਕ ਲਾਉਣਾ ਦੱਸਿਆ ਗਿਆ ਸੀ।

ਸਿੱਧੂ ਦਾ ਸਭਿਆਚਾਰ ਕਮਿਸ਼ਨ ਸਥਾਪਨਾ ਤੋਂ ਪਹਿਲਾਂ ਹੀ ਵਿਵਾਦਾਂ ਵਿਚ ਘਿਰ ਗਿਆ ਸੀ। ਕਮਿਸ਼ਨ ਦੇ ਮੁੱਖ ਮੈਂਬਰ ਪੰਜਾਬੀ ਗਾਇਕ ਪੰਮੀ ਬਾਈ ਨੂੰ ਬਣਾਇਆ ਗਿਆ, ਜਿਸ ਨੇ ਸ਼ਰਾਬ ਤੇ ਹਥਿਆਰਾਂ ਨੂੰ ਉਤਸ਼ਾਹਤ ਕਰਨ ਵਾਲੇ ਗੀਤਾਂ ਨਾਲ ਹੀ ਆਪਣੀ ਪ੍ਰਸਿੱਧੀ ਕਾਇਮ ਕੀਤੀ ਸੀ। ਇਸ ਤੋਂ ਇਲਾਵਾ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਤੇ ਉਘੇ ਕਵੀ ਡਾ. ਸੁਰਜੀਤ ਪਾਤਰ ਨੇ ਕਮਿਸ਼ਨ ਦੀ ਸਥਾਪਨਾ ਤੇ ਕਾਰਜਸ਼ੀਲਤਾ ਬਾਰੇ ਟਿੱਪਣੀ ਸੀ ਕਿ ਕਹਿਣਾ ਸੌਖਾ ਪਰ ਕਰਨਾ ਔਖਾ ਹੈ, ਪਰ ਅਸੀਂ ਇਸ ਸਬੰਧੀ ਕੰਮ ਕਰ ਰਹੇ ਹਾਂ। ਹਾਲਾਂਕਿ, ਸਿੱਧੂ ਹੁਣ ਇਸ ਦਾ ਪੱਕਾ ਹੱਲ ਲੱਭਣ ਵਿਚ ਜੁਟੇ ਹੋਏ ਹਨ ਤੇ ਸੰਗੀਤ ਸਨਅਤ ਨੂੰ ਸੈਂਸਰਸ਼ਿਪ ਦੇ ਦਾਇਰੇ ਅਧੀਨ ਲਿਆਉਣ ਲਈ ਤਿਆਰ ਹਨ। ਸਿੱਧੂ ਵੱਲੋਂ ਇਸ ਸਬੰਧੀ ਕਾਨੂੰਨ ਦਾ ਖਰੜਾ ਤਿਆਰ ਕਰ ਕੇ ਕਾਨੂੰਨੀ ਸਲਾਹਕਾਰ (ਐਲ.ਆਰ.) ਤੇ ਸੂਬੇ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੂੰ ਵੀ ਭੇਜਿਆ ਗਿਆ ਹੈ।

ਸਿੱਧੂ ਦੇ ਭੇਜੇ ਪੱਤਰ ਵਿਚ ਦਰਸਾਇਆ ਗਿਆ ਹੈ ਕਿ ਕੇਂਦਰ ਦੇ ਸੈਂਸਰਸ਼ਿਪ ਸਬੰਧੀ ਦਿ ਸਿਨੇਮੈਟੋਗ੍ਰਾਫ ਐਕਟ, 1952 ਦੇ ਨਾਲ-ਨਾਲ ਲੱਚਰਤਾ ਨੂੰ ਕਾਬੂ ਕਰਨ ਲਈ ਪੰਜਾਬ ਆਪਣਾ ਵੱਖਰਾ ਕਾਨੂੰਨ ਨਹੀਂ ਖੜ੍ਹਾ ਕਰ ਸਕਦਾ। ਪਰ ਨੰਦਾ ਮੁਤਾਬਕ ਅਜਿਹਾ ਕਰਨ ਵਿਚ ਕੋਈ ਕਾਨੂੰਨੀ ਅੜਿੱਚਣ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਕੇਂਦਰੀ ਕਾਨੂੰਨ ਦੇ ਸੈਕਸ਼ਨ 13 ਅਧੀਨ ਆਪਣਾ ਹੱਲ ਤਲਾਸ਼ ਸਕਦੀ ਹੈ।

# ਕਾਂਗਰਸੀ ਅਹੁਦੇਦਾਰਾਂ ਤੇ ਸਰਕਾਰ ਵਿਚ ਫਿੱਕ ਹੋਰ ਵਧੀ

**ਚੰਡੀਗੜ੍ਹ:** ਪੰਜਾਬ ਵਿਚ 10 ਸਾਲ ਦੇ ਲੰਮੇ ਇੰਤਜ਼ਾਰ ਮਗਰੋਂ ਕਾਂਗਰਸ ਪਾਰਟੀ ਸੱਤਾ 'ਚ ਆਈ ਪਰ ਸਰਕਾਰ ਬਣਨ ਦੇ ਡੇਢ ਸਾਲ ਮਗਰੋਂ ਵੀ ਪਾਰਟੀ ਅਤੇ ਸਰਕਾਰ ਵਿਚਾਲੇ ਤਾਲਮੇਲ ਨਹੀਂ ਬਣ ਰਿਹਾ ਹੈ, ਜਿਥੇ ਇਕ ਪਾਸੇ ਕਾਂਗਰਸੀ ਆਗੂ ਅਤੇ ਵਰਕਰ ਆਪਣੀ ਹੀ ਸਰਕਾਰ ' ਚ ਕੰਮ ਨਾ ਹੋਣ ਦੇ ਚਲਦਿਆਂ ਨਿਰਾਸ਼ਾ ਦੇ ਆਲਮ ਵਿਚ ਹਨ, ਉਥੇ ਕਈ ਵਿਧਾਇਕ ਮੁੱਖ ਮੰਤਰੀ ਤੋਂ ਅਜੇ ਵੀ ਔਖੇ ਨਜ਼ਰ ਆ ਰਹੇ ਹਨ। ਪਿਛਲੇ ਦਿਨੀਂ ਮੁੱਖ ਮੰਤਰੀ ਨੂੰ ਮਿਲਣ ਪੁੱਜੇ ਦੋ ਕਾਂਗਰਸੀ ਵਿਧਾਇਕਾਂ ਨੂੰ ਮੁੱਖ ਮੰਤਰੀ ਦੇ ਸੁਰੱਖਿਆ ਦਸਤੇ ਨੇ ਮਿਲਣ ਨਾ ਦਿੱਤਾ ਅਤੇ ਉਨ੍ਹਾਂ ਨੂੰ ਬੇਰੰਗ ਵਾਪਸ ਭੇਜ ਦਿੱਤਾ ਜਿਸ ਦੇ ਚਲਦੇ ਦੋਵੇਂ ਵਿਧਾਇਕ ਭਰੇ ਪੀਤੇ ਆਪਣੀ ਹੀ ਪਾਰਟੀ ਨੂੰ ਕੋਸਦੇ ਵਾਪਸ ਪਰਤ ਗਏ।

ਪੰਜਾਬ ਸਿਵਲ ਸਕੱਤਰੇਤ ਵਿਚ ਪੁੱਜੇ ਇਕ ਪਾਰਟੀ ਆਗੂ ਨੇ ਕਿਹਾ ਕਿ ਜੇਕਰ ਪਾਰਟੀ ਦੇ ਵਿਧਾਇਕਾਂ ਲਈ ਹੀ ਮੁੱਖ ਮੰਤਰੀ ਕੋਲ ਸਮਾਂ ਨਹੀਂ ਤਾਂ ਆਮ ਲੀਡਰਾਂ ਤੇ ਵਰਕਰਾਂ ਨੂੰ ਕੀ ਆਸ ਰੱਖਣੀ ਚਾਹੀਦੀ ਹੈ। ਇਕ ਹੋਰ ਪਾਰਟੀ ਆਗੂ ਨੇ ਕਿਹਾ ਕਿ ਸਰਕਾਰ ਬਣਨ ਮਗਰੋਂ ਪਾਰਟੀ ਦੀ ਇਕ ਵੀ ਮੀਟਿੰਗ ਨਹੀਂ ਹੋ ਪਾਈ ਅਤੇ ਪੰਜਾਬ ਕਾਂਗਰਸ ਭਵਨ 'ਚ ਵੀ ਸਰਕਾਰ ਹੁੰਦਿਆਂ ਹੋਇਆਂ ਵੀ ਰੌਣਕ ਨਹੀਂ ਨਜ਼ਰ ਆਉਂਦੀ। ਇਸ ਪਾਰਟੀ ਆਗੂ ਅਨੁਸਾਰ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਕਾਂਗਰਸ ਭਵਨ 'ਚ ਨਿੱਤ ਮੇਲਾ ਲੱਗਿਆ ਰਹਿੰਦਾ ਸੀ ਪਰ ਹੁਣ ਪਾਰਟੀ ਵਰਕਰ ਕਦੇ ਸਿਵਲ ਸਕੱਤਰੇਤ, ਕਦੇ ਮੰਤਰੀਆਂ ਦੇ ਦਫਤਰਾਂ ਅਤੇ ਕਦੇ ਮੁੱਖ ਮੰਤਰੀ ਨਿਵਾਸ 'ਤੇ ਗੇੜੇ ਮਾਰ ਕੇ ਵਾਪਸ ਪਰਤ ਜਾਂਦੇ ਹਨ।

# ਬਾਦਲ ਪਰਿਵਾਰ ਨੇ ਕੱਢਿਆ ਸਰਕਾਰੀ ਖਜਾਨੇ ਦਾ ਧੂੰਆਂ

**ਚੰਡੀਗੜ੍ਹ:** ਬਾਦਲ ਪਰਿਵਾਰ ਨੇ ਸਰਕਾਰੀ ਖਜਾਨੇ ਦੀ ਖੁੱਲ੍ਹਦਿਲੀ ਨਾ ਵਰਤੋਂ ਕੀਤੀ। ਬਾਦਲਾਂ ਨੇ ਆਪਣੀਆਂ ਯਾਤਰਾਵਾਂ ਲਈ ਨਿੱਜੀ ਹੈਲੀਕਾਪਟਰਾਂ ਉਤੇ ਹੀ 121 ਕਰੋੜ ਰੁਪਏ ਖਰਚ ਦਿੱਤੇ। ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇਸ ਬਾਰੇ ਅਹਿਮ ਖੁਲਾਸੇ ਕੀਤੇ ਹਨ। ਸਿੱਧੂ ਨੇ ਆਰ.ਟੀ.ਆਈ. ਰਾਹੀਂ ਪ੍ਰਾਪਤ ਜਾਣਕਾਰੀ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਆਪਣੀ ਸਰਕਾਰ ਦੇ ਸਮੇਂ ਦੌਰਾਨ ਬਾਦਲ ਪਰਿਵਾਰ ਨੇ ਆਪਣੀਆਂ ਯਾਤਰਾਵਾਂ 'ਚ ਨਿੱਜੀ ਹੈਲੀਕਾਪਟਰਾਂ ਤੇ ਚਾਰਟਡ ਜਹਾਜ਼ਾਂ ਉਤੇ 121 ਕਰੋੜ ਰੁਪਏ ਖਰਚੇ।

ਬਾਦਲ ਪਰਿਵਾਰ ਨੇ 10 ਸਾਲਾਂ ਦੇ ਸਮੇਂ ਦੌਰਾਨ ਅਰਬ ਤੋਂ ਉਪਰ ਰੁਪਏ ਖਰਚ ਕਰ ਕੇ ਲੋਕਾਂ ਦੇ ਪੈਸੇ ਦੀ ਬਰਬਾਦੀ ਕਰਦੇ ਹੋਏ ਹਵਾਈ ਝੂਟੇ ਲਏ। ਜਦ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣੇ 9 ਮਹੀਨਿਆਂ ਦੌਰਾਨ ਯਾਤਰਾਵਾਂ ਉਤੇ ਸਿਰਫ 22 ਲੱਖ ਰੁਪਏ ਹੀ ਖਰਚੇ ਹਨ। ਉਨ੍ਹਾਂ ਕਿਹਾ ਕਿ ਮੈਂ ਇਹ ਵੇਖ ਰਿਹਾ ਹਾਂ ਕਿ ਸਭ ਤੋਂ ਅਮੀਰ ਰਾਜਨੀਤਕ ਜੋ ਕੋਈ ਪਰਿਵਾਰ ਹੈ ਤਾਂ ਉਹ ਬਾਦਲ ਪਰਿਵਾਰ ਹੈ। ਉਨ੍ਹਾਂ ਦੀ ਸਰਕਾਰ ਦੇ ਮੰਤਰੀ ਆਪਣਾ ਆਮਦਨ ਕਰ ਖੁਦ ਭਰ ਰਹੇ ਹਨ ਤੇ ਸਾਡੀ ਸਰਕਾਰ 'ਚ ਕੋਈ ਵੀ. ਵੀ.ਆਈ.ਪੀ. ਕਲਚਰ ਨਹੀਂ ਹੈ, ਜਦਕਿ ਬਾਦਲ ਹੁਰਾਂ ਨੇ ਆਪਣੇ ਛੋਟੇ ਛੋਟੇ ਟੀ.ਏ. ਬਿੱਲਾਂ ਦੀ ਵੀ ਅਦਾਇਗੀ ਲਈ ਹੈ। ਸ. ਸਿੱਧੂ ਨਾਲ ਹਾਜ਼ਰ ਰਹੇ ਪੰਜਾਬ ਕਾਂਗਰਸ ਦੇ ਵਿਧਾਇਕ ਸੰਗਤ ਸਿੰਘ ਗਿਲਜ਼ੀਆ ਦੇ ਪੁੱਤਰ ਦਿਲਜੀਤ ਸਿੰਘ ਗਿਲਜ਼ੀਆ ਨੇ 2012 ਦਾ ਇਕ ਟੀ.ਏ. ਦਾ ਬਿਲ ਜੋ



7,97,354 ਰੁਪਏ ਦੇ ਟਿਕਟਾਂ ਦਾ ਹੈ, ਵੀ ਦਿਖਾਇਆ।

ਸਿੱਧੂ ਨੇ ਕਿਹਾ ਕਿ ਅਜੇ ਤਾਂ ਬਾਦਲ ਪਰਿਵਾਰ ਦੇ ਹਵਾਈ ਝੂਟਿਆਂ ਦਾ ਹੀ ਖੁਲਾਸਾ ਕੀਤਾ ਹੈ ਅਤੇ ਅਜੇ ਹੋਰ 5 ਹਿੱਸਿਆਂ 'ਚ ਵਾਰੀ ਵਾਰੀ ਅਗਾਮੀ ਦਿਨਾਂ 'ਚ ਹੋਰ ਖੁਲਾਸੇ ਕੀਤੇ ਜਾਣਗੇ, ਜਿਸ ਤੋਂ ਇਹ ਗੱਲ ਲੋਕਾਂ ਸਾਹਮਣੇ ਲਿਆਂਦੀ ਜਾਵੇਗੀ ਕਿ ਜਨਤਾ ਦੇ ਪੈਸਿਆਂ ਨੂੰ ਕਿਸ ਤਰ੍ਹਾਂ ਬਰਬਾਦ ਕੀਤਾ ਗਿਆ। ਸਿੱਧੂ ਨੇ ਕਿਹਾ ਕਿ ਕੈਗ ਨੇ ਵੀ ਆਪਣੀ ਰਿਪੋਰਟ 'ਚ ਸਰਕਾਰੀ ਜਹਾਜ਼ ਖਰੀਦੇ ਜਾਣ ਉਤੇ ਕਈ ਤਰ੍ਹਾਂ ਦੇ ਸਵਾਲ ਉਠਾਏ ਹਨ। ਇਸ ਮੌਕੇ ਸਿੱਧੂ ਨੇ ਕੈਪਟਨ ਅਮਰਿੰਦਰ ਸਿੰਘ ਤੇ ਮਨਪ੍ਰੀਤ ਸਿੰਘ ਬਾਦਲ ਤੋਂ ਯਾਤਰਾਵਾਂ ਬਾਰੇ ਜਾਂਚ ਦੀ ਮੰਗ ਕੀਤੀ।

ਸਿੱਧੂ ਇਥੇ ਹੀ ਨਹੀਂ ਰੁਕੇ, ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਉਤੇ ਹਮਲਾ ਕਰਦਿਆਂ ਕਿਹਾ ਕਿ ਬਾਦਲ ਸਾਹਿਬ ਨੇ ਤਾਂ ਆਪਣੀ ਜੇਬ ਵਿਚੋਂ ਖਰਚੇ 500 ਰੁਪਏ ਤੱਕ ਸਰਕਾਰੀ ਖਜ਼ਾਨੇ ਵਿਚੋਂ ਵਸੂਲੇ ਹਨ। ਸਿੱਧੂ ਨੇ ਦਸਤਾਵੇਜ਼ਾਂ ਦੇ ਆਧਾਰ ਉਤੇ ਇਹ ਵੀ ਇਲਜ਼ਾਮ ਲਾਏ ਹਨ ਕਿ ਸਾਬਕਾ ਮੁੱਖ ਮੰਤਰੀ ਦੀ ਪਤਨੀ ਦੇ ਅਮਰੀਕਾ ਇਲਾਜ ਦੌਰਾਨ ਉਨ੍ਹਾਂ ਦੇ ਨਾਂ 7 ਲੱਖ 94 ਹਜ਼ਾਰ 354 ਰੁਪਏ ਦਾ ਬਿਲ ਬਣਾਇਆ ਗਿਆ।

ਇਸ ਬਿੱਲ ਵਿਚ ਨਾ ਤਾਂ ਟਿਕਟ ਅਤੇ ਨਾ ਹੀ ਬੋਰਡਿੰਗ ਪਾਸ ਲਾਇਆ ਗਿਆ। ਬਾਵਜੂਦ ਇਸ ਦੇ ਇਹ ਪਾਸ ਹੋ ਗਿਆ ਅਤੇ ਪੈਸੇ ਬਾਦਲ ਸਾਹਿਬ ਦੇ ਖਾਤੇ ਵਿਚ ਆ ਗਏ। ਬਾਦਲ ਸਰਕਾਰ ਦੇ ਕਾਰਜਕਾਲ ਦੌਰਾਨ ਹੋਈ ਪੈਸੇ ਦੀ ਪੋਲ ਖੋਲ੍ਹਣ ਤੋਂ ਬਾਅਦ ਸਿੱਧੂ ਨੇ ਦਾਅਵਾ ਕੀਤਾ ਹੈ ਕਿ ਉਹ ਸਿਰਫ 5 ਪ੍ਰੈਸ ਕਾਨਫਰੰਸਾਂ ਹੀ ਕਰਨਗੇ ਜਿਸ ਉਹ ਵੱਡੇ-ਵੱਡੇ ਖੁਲਾਸੇ ਸੂਬੇ ਦੀ ਜਨਤਾ ਅੱਗੇ ਰੱਖਣਗੇ।

## ਮਾਸਟਰਾਂ ਦੇ ਕੁੜਤੇ ਪਜਾਮੇ ਪਾਉਣ ਉਤੇ ਸਰਕਾਰ ਨੂੰ ਇਤਰਾਜ਼

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਤੇ ਹੋਰ ਅਮਲੇ ਨੂੰ ਸਿੱਖਿਆ ਵਿਭਾਗ ਵੱਲੋਂ ਚੰਗੇ ਕੱਪੜੇ ਪਾਉਣ ਦੀ ਤਾਕੀਦ ਕੀਤੀ ਹੈ। ਅਧਿਆਪਕਾਂ ਤੇ ਹੋਰਨਾਂ ਸਿੱਖਿਆ ਕਰਮਚਾਰੀਆਂ ਲਈ ਵਸਤਰ ਪਾਉਣ ਉਤੇ ਸ਼ਬਦੀ ਪਾਬੰਦੀ ਲਾਈ ਗਈ ਹੈ। ਹੁਣ ਪੰਜਾਬ ਸਿੱਖਿਆ ਵਿਭਾਗ ਦਾ ਕੋਈ ਵੀ ਮੁਲਾਜ਼ਮ ਕੁੜਤੇ ਪਜਾਮੇ ਵਿਚ ਨਹੀਂ ਨਜ਼ਰ ਆਵੇਗਾ।

ਸਿੱਖਿਆ ਮੰਤਰੀ ਓਮ ਪ੍ਰਕਾਸ਼ ਸੋਨੀ ਨੇ ਆਪਣੇ ਮਹਿਕਮੇ ਦੇ ਮੁਲਾਜ਼ਮਾਂ ਨੂੰ ਸੁਝਾਅ ਦਿੰਦਿਆਂ ਕਿਹਾ ਕਿ ਮਰਦ ਸਿੱਖਿਆਦਾਨ ਕੁੜਤੇ ਪਜਾਮੇ ਨਾ ਪਾਉਣ। ਸਿੱਖਿਆ ਮੰਤਰੀ ਓਪੀ ਸੋਨੀ ਨੇ ਕਿਹਾ ਕਿ ਡਰੈੱਸ ਕੋਡ ਇਕ ਅਨੁਸ਼ਾਸਨ ਦੀ ਨਿਸ਼ਾਨੀ ਹੈ। ਜ਼ਿਕਰਯੋਗ ਹੈ ਕਿ ਡ੍ਰੈੱਸ ਕੋਡ ਮਹਿਕਮੇ ਦੇ ਸਿਰਫ ਪੁਰਸ਼ਾਂ ਮੁਲਾਜ਼ਮਾਂ ਉਤੇ ਲਾਗੂ ਹੁੰਦਾ ਹੈ, ਔਰਤਾਂ ਉਤੇ ਨਹੀਂ। ਮੰਤਰੀ ਦੀ ਸਲਾਹ ਵਿਚ ਔਰਤਾਂ ਨੂੰ ਕੁਝ ਵੀ ਪਾਉਣ ਦੀ ਖੁੱਲ੍ਹ ਹੈ।

## ਸਿੱਧੂ ਨੇ ਕੋਰਾ ਝੂਠ ਬੋਲਿਆ: ਅਕਾਲੀ ਦਲ

ਅਕਾਲੀ ਦਲ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਅਕਾਲੀ-ਭਾਜਪਾ ਸਰਕਾਰ ਤੇ ਕਾਂਗਰਸ ਸਰਕਾਰ ਦੋਵਾਂ ਦੇ ਹਵਾਈ ਯਾਤਰਾ ਖਰਚਿਆਂ ਦੀ ਤੁਲਨਾ ਕਰਦੇ ਸਮੇਂ ਸ਼ਰੇਆਮ ਝੂਠ ਬੋਲ ਰਿਹਾ ਹੈ।

ਅਕਾਲੀ ਦਲ ਦੇ ਬੁਲਾਰੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਧੂ ਕਾਂਗਰਸੀ ਹਕੂਮਤ ਦੇ ਪਿਛਲੇ 9 ਮਹੀਨਿਆਂ ਦੌਰਾਨ ਹਵਾਈ ਯਾਤਰਾ ਉਤੇ ਹੋਏ ਘੱਟ ਖਰਚੇ ਦਰਸਾਉਣ ਲਈ ਝੂਠੇ ਹੀ ਹਾਸੋਹੀਣੇ ਅੰਕੜੇ ਸਾਹਮਣੇ ਲੈ ਕੇ ਆਇਆ ਹੈ ਜਦਕਿ ਸੱਚਾਈ ਇਹ ਹੈ ਕਿ ਚਾਹੇ ਹੈਲੀਕਾਪਟਰ ਉਡਾਣ ਭਰੇ ਜਾਂ ਨਾ, ਪਾਇਲਟ ਤੇ ਇੰਜੀਨੀਅਰਾਂ ਦੀਆਂ ਤਨਖਾਹਾਂ ਦਾ ਖਰਚਾ ਹੀ ਸਾਲਾਨਾ 3 ਕਰੋੜ ਰੁਪਏ ਹੁੰਦਾ ਹੈ। ਜਦ 20 ਤੋਂ 25 ਲੱਖ ਰੁਪਏ ਪਾਇਲਟ ਤੇ ਇੰਜੀਨੀਅਰਾਂ ਦੀਆਂ ਤਨਖਾਹਾਂ ਉਤੇ ਖਰਚ ਹੁੰਦੇ ਹਨ ਤਾਂ ਉਹ ਆਪਣੇ ਵੱਲੋਂ ਪੇਸ਼ ਕੀਤੇ ਅੰਕੜਿਆਂ ਨੂੰ ਕਿਵੇਂ ਸਹੀ ਠਹਿਰਾ ਸਕਦਾ ਹੈ?

ਉਨ੍ਹਾਂ ਕਿਹਾ ਕਿ ਇਹ ਸਿਆਸੀ ਬੇਈਮਾਨੀ ਦੀ ਹੀ ਇਕ ਮਿਸਾਲ ਹੈ, ਜਿਸ ਵਾਸਤੇ ਨਵਜੋਤ ਸਿੰਘ ਸਿੱਧੂ ਮਸ਼ਹੂਰ ਹੈ।

# ਮਲੋਟ ਰੈਲੀ: ਗੱਲੀਂ ਬਾਤੀਂ ਹੀ ਸਾਰ ਗਏ ਮੋਦੀ



**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਲੋਟ ਵਿਚ 'ਕਿਸਾਨ ਕਲਿਆਣ ਰੈਲੀ' ਤੋਂ ਪੰਜਾਬ ਸਰਕਾਰ ਤੇ ਕਿਸਾਨਾਂ ਨੂੰ ਵੱਡੀਆਂ ਉਮੀਦਾਂ ਸਨ, ਪਰ ਕਿਸਾਨਾਂ ਲਈ ਕੋਈ ਵੱਡਾ ਐਲਾਨ ਕਰਨ ਦੀ ਥਾਂ ਮੋਦੀ ਗੱਲੀਂ ਬਾਤੀਂ ਹੀ ਸਾਰ ਗਏ। ਦੱਸ ਦਈਏ ਕਿ ਇਸ ਰੈਲੀ ਤੋਂ ਕੁਝ ਘੰਟੇ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰਕੇ ਮੋਦੀ ਨੂੰ ਜੀ ਆਇਆਂ ਆਖਦਿਆਂ ਮੰਗ ਰੱਖੀ ਸੀ ਕਿ ਪੰਜਾਬ ਵਿਚ ਆਏ ਹੋ ਤਾਂ ਕਿਸਾਨਾਂ ਦੀ ਕਰਜ਼ ਮੁਆਫੀ ਤੇ ਸਵਾਮੀਨਾਥਨ ਰਿਪੋਰਟ ਦੀ ਸਿਫਾਰਸ਼ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਬਾਰੇ ਐਲਾਨ ਕਰ ਕੇ ਜਾਵੋ। ਪਰ ਇਸ ਬਾਰੇ ਕੋਈ ਐਲਾਨ ਦੀ ਥਾਂ ਮੋਦੀ ਪੰਜਾਬ ਦੇ ਕਿਸਾਨਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਕੇ ਤੁਰਦੇ ਬਣੇ।

ਰੈਲੀ ਵਿੱਚ ਪੰਜਾਬ ਤੋਂ ਇਲਾਵਾ ਤੇ ਰਾਜਸਥਾਨ ਦੇ ਕਿਸਾਨ ਇਕੱਠੇ ਕੀਤੇ ਗਏ। ਪੰਜਾਬ ਜਾਂ ਹਰਿਆਣਾ ਲਈ ਕਿਸੇ ਤੋਹਫੇ ਦਾ ਐਲਾਨ ਨਹੀਂ ਹੋਇਆ ਅਤੇ ਪ੍ਰਧਾਨ ਮੰਤਰੀ ਦਾ ਭਾਸ਼ਨ ਝੋਨੇ ਤੇ ਨਰਮੇ ਲਈ ਐਲਾਨੀ ਐਮ.ਐਸ.ਪੀ. ਨੂੰ ਸਲਾਹੁਣ ਅਤੇ ਕਾਂਗਰਸ ਨੂੰ ਰਗੜੇ ਲਾਉਣ ਉਤੇ ਕੇਂਦ੍ਰਿਤ ਰਿਹਾ। ਉਨ੍ਹਾਂ ਨੇ ਨਾ ਤਾਂ ਸਵਾਮੀਨਾਥਨ ਰਿਪੋਰਟ ਮੁਕੰਮਲ ਰੂਪ ਵਿਚ ਲਾਗੂ ਕਰਨ ਬਾਰੇ ਕੋਈ ਭਰੋਸਾ ਦਿੱਤਾ ਅਤੇ ਨਾ ਹੀ ਕਿਸਾਨੀ ਖ਼ੁਦਕੁਸ਼ੀਆਂ ਦਾ ਦੁਖਾਂਤ ਛੂਹਣਾ ਵਾਜਬ ਸਮਝਿਆ। ਦੱਸ ਦਈਏ ਕਿ ਪੰਜਾਬ ਵਿਚ ਕਿਸਾਨੀ ਸੰਕਟ ਤੇ ਨਸ਼ਿਆਂ ਦੇ ਰਾਹ ਪਈ ਜਵਾਨੀ ਵੱਡੇ ਮਸਲੇ ਹਨ ਪਰ ਇਸ ਬਾਰੇ ਕੋਈ ਗੱਲ ਹੀ ਨਾ ਤੋਰੀ ਗਈ। ਰੈਲੀ ਵਿਚ ਮੋਦੀ ਨੇ ਕਿਸਾਨਾਂ ਲਈ ਕੀਤੇ ਕੰਮ ਗਿਣਾਏ ਤੇ ਇਕ ਹੋਰ ਮੌਕਾ ਮੰਗਿਆ। ਮੋਦੀ ਨੇ ਪੰਜਾਬੀਆਂ ਦੀ ਤਾਰੀਫ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ਨੇ ਸਰਹੱਦ ਦੀ ਸੁਰੱਖਿਆ ਵੀ ਕੀਤੀ ਤੇ ਦੇਸ਼ ਲਈ ਅੰਨ ਵੀ ਪੈਦਾ ਕੀਤਾ। ਦੁਨੀਆਂ ਦੇ ਹਰ ਖਿੱਤੇ ਵਿੱਚ ਪੰਜਾਬੀਆਂ ਨੇ ਆਪਣਾ ਲੋਹਾ ਮਨਵਾਇਆ ਹੈ। ਉਹ ਪੰਜਾਬ ਦੇ ਕਿਸਾਨ ਅੱਗੇ ਵੱਡੀ ਪੈਦਾਵਾਰ ਲਈ ਸਿਰ ਝੁਕਾਉਂਦੇ ਹਨ। ਪਰ ਕਿਸਾਨਾਂ ਦਾ ਰੋਸ ਹੈ ਕਿ ਕਿਸਾਨ ਮਸਲੇ, ਗੱਲਾਂ ਨਾਲ ਹੱਲ ਨਹੀਂ ਹੋਣੇ।

ਦੱਸ ਦਈਏ ਕਿ ਇਸ ਰੈਲੀ ਨੂੰ ਧੰਨਵਾਦ ਰੈਲੀ ਵਜੋਂ ਪ੍ਰਚਾਰਿਆ ਗਿਆ ਸੀ। ਝੋਨੇ ਸਮੇਤ ਹੋਰ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਵਿਚ ਕੀਤੇ ਗਏ ਵਾਧੇ ਤੋਂ ਬਾਅਦ ਐਨ.ਡੀ.ਏ. ਸਰਕਾਰ ਦੀ ਪੰਜਾਬ ਵਿਚ ਇਹ ਸਭ ਤੋਂ ਵੱਡੀ ਰੈਲੀ ਸੀ। ਦਾਅਵਾ ਕੀਤਾ ਜਾ ਰਿਹਾ ਸੀ ਕਿ ਮੋਦੀ ਕਿਸਾਨਾਂ ਲਈ ਕੋਈ ਵੱਡਾ ਐਲਾਨ ਵੀ ਕਰ ਸਕਦੇ ਹਨ। ਮੋਦੀ ਨੇ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਇਕ ਰੈਲੀ ਦੌਰਾਨ ਕੇਂਦਰ ਵਿਚ ਭਾਜਪਾ ਸਰਕਾਰ ਬਣਨ ਉਤੇ ਪੂਰੇ ਦੇਸ਼ ਵਿਚ ਸਵਾਮੀਨਾਥਨ ਰਿਪੋਰਟ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਸੀ, ਪਰ ਸਾਢੇ ਚਾਰ ਸਾਲ ਬਾਅਦ ਵੀ ਇਹ ਸਿਰਫ ਐਲਾਨ ਹੀ ਰਿਹਾ। ਹੁਣ ਪਿਛਲੇ ਦਿਨੀਂ ਕੇਂਦਰ ਸਰਕਾਰ ਵੱਲੋਂ ਝੋਨੇ ਦੇ ਭਾਅ ਵਿਚ ਵਾਧਾ ਕਰ ਕੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਆਪਣਾ ਵਾਅਦਾ ਪੁਗਾ ਦਿੱਤਾ ਹੈ ਪਰ ਪੰਜਾਬ ਦੀਆਂ ਜ਼ਿਆਦਾਤਰ ਕਿਸਾਨ ਜਥੇਬੰਦੀਆਂ ਇਸ ਵਾਧੇ ਤੋਂ ਖ਼ੁਸ਼ ਨਹੀਂ ਹਨ।

ਕਿਸਾਨਾਂ ਦਾ ਕਹਿਣਾ ਹੈ ਕਿ ਇਕ ਪਾਸੇ ਡੀਜ਼ਲ ਦੀਆਂ ਕੀਮਤਾਂ ਵਿਚ 17-18 ਰੁਪਏ ਪ੍ਰਤੀ ਲੀਟਰ ਵਾਧਾ ਕੀਤਾ ਜਾ ਰਿਹਾ ਹੈ ਤੇ ਦੂਜੇ ਪਾਸੇ 2 ਰੁਪਏ ਐਮ.ਐਸ.ਪੀ. ਦਾ ਵਾਧਾ ਕਰ ਕੇ ਕੇਂਦਰ ਸਰਕਾਰ ਕਹਿ ਰਹੀ ਕਿ ਉਨ੍ਹਾਂ ਨੇ ਕਿਸਾਨਾਂ ਦਾ ਭਲਾ ਕੀਤਾ ਹੈ। ਉਧਰ, ਰੈਲੀ ਵਿਚ ਅਕਾਲੀ ਆਗੂ ਵੀ ਪੰਜਾਬ ਦੇ ਮਸਲਿਆਂ ਦੀ ਗੱਲ ਕਰਨ ਦੀ ਥਾਂ ਆਪਣੇ ਸਿਆਸੀ ਵਿਰੋਧੀਆਂ ਨੂੰ ਘੇਰਦੇ ਰਹੇ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਆਖਿਆ ਕਿ ਗਾਂਧੀ ਪਰਿਵਾਰ ਨੇ ਸਿਰਫ ਰਾਜ ਕੀਤਾ ਪਰ ਪ੍ਰਧਾਨ ਮੰਤਰੀ ਮੋਦੀ ਨੇ ਕਿਸਾਨਾਂ ਲਈ ਵੱਡਾ ਫੈਸਲਾ ਲਿਆ। ਕਿਸਾਨਾਂ ਦੀ ਆਵਾਜ਼ ਸਿਰਫ ਪ੍ਰਕਾਸ਼ ਸਿੰਘ ਬਾਦਲ, ਚੌਧਰੀ ਚਰਨ ਸਿੰਘ ਤੇ ਦੇਵੀ ਲਾਲ ਉਠਾਉਂਦੇ ਰਹੇ।

ਆਮ ਆਦਮੀ ਪਾਰਟੀ ਪੰਜਾਬ ਦੇ ਸਹਿ ਪ੍ਰਧਾਨ ਡਾ. ਬਲਬੀਰ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਉਤੇ ਵਰ੍ਹਦਿਆਂ ਸਵਾਲ ਪੁੱਛਿਆ ਕਿ ਹਰਸਿਮਰਤ ਬਾਦਲ ਦੀ ਵਜ਼ੀਰੀ ਲਈ ਉਹ ਹੋਰ ਕਿੰਨਾ ਚਿਰ ਪੰਜਾਬ ਦੇ ਲੋਕਾਂ ਦਾ ਸੌਦਾ ਕਰਨਗੇ। ਡਾ. ਬਲਬੀਰ ਨੇ ਪੁੱਛਿਆ ਕਿ ਬਾਦਲ ਪਰਿਵਾਰ ਸਪੱਸ਼ਟ ਕਰੇ ਕਿ ਮੋਦੀ ਸਰਕਾਰ ਨੇ ਸਵਾਮੀਨਾਥਨ ਰਿਪੋਰਟ ਹੂ-ਬ-ਹੂ ਲਾਗੂ ਕੀਤੀ ਹੈ ਜਾਂ ਨਹੀਂ? ਜਦ ਲਾਗੂ ਹੀ ਨਹੀਂ ਕੀਤੀ ਤਾਂ ਬਾਦਲ ਪਰਿਵਾਰ ਨੇ ਮਲੋਟ 'ਚ ਇਸ ਦੀ ਮੰਗ ਕਿਉਂ ਨਹੀਂ ਕੀਤੀ? ਜਦਕਿ ਬਾਦਲ ਖ਼ੁਦ ਮੰਨਦੇ ਆਏ ਹਨ ਕਿ ਖੇਤੀ ਘਾਟੇ ਦਾ ਸੌਦਾ ਹੈ ਜਦ ਤੱਕ ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਮੁਤਾਬਕ ਕਿਸਾਨਾਂ ਨੂੰ ਫਸਲਾਂ ਦੇ ਮੁੱਲ ਨਹੀਂ ਮਿਲਦੇ ਉਦੋਂ ਤੱਕ ਖੇਤੀ ਸੰਕਟ ਹੱਲ ਨਹੀਂ ਹੋਵੇਗਾ।

## ਸਿਆਸੀ ਰੈਲੀ 'ਚ ਸ਼੍ਰੋਮਣੀ ਕਮੇਟੀ ਨੇ ਵਰਤਾਇਆ ਲੰਗਰ

**ਮਲੋਟ:** ਸ਼੍ਰੋਮਣੀ ਅਕਾਲੀ ਦਲ ਦੀ 'ਕਿਸਾਨ ਕਲਿਆਣ ਰੈਲੀ' ਵਿਚ ਦਸਤਾਰ ਅਤੇ ਲੰਗਰ ਦੀ ਬੇਅਦਬੀ ਹੋਈ। ਪੰਥਕ ਧਿਰਾਂ ਨੇ ਇਸ ਦਾ ਸਖਤ ਨੋਟਿਸ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਸਟੇਜ ਉਤੇ ਪ੍ਰਧਾਨ ਮੰਤਰੀ ਮੋਦੀ ਨੂੰ ਦਸਤਾਰ ਸਜਾਈ ਗਈ, ਜੋ ਉਨ੍ਹਾਂ ਨੇ ਇਕ ਪਲ 'ਚ ਉਤਾਰ ਕੇ ਵਾਪਸ ਫੜਾ ਦਿੱਤੀ। ਪੰਥਕ ਆਗੂ ਇਸ ਨੂੰ ਦਸਤਾਰ ਦੀ ਬੇਅਦਬੀ ਮੰਨ ਰਹੇ ਹਨ। ਇਸੇ ਤਰ੍ਹਾਂ ਅਕਾਲੀ ਦਲ ਵੱਲੋਂ ਲੋਕਾਂ ਲਈ ਕੁਝ ਥਾਵਾਂ 'ਤੇ ਲੰਗਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ। ਰੈਲੀ ਦੀ ਸਮਾਪਤੀ ਤੋਂ ਕੁਝ ਸਮਾਂ ਬਾਅਦ ਲੰਗਰ ਪੈਰਾਂ ਵਿੱਚ ਰੁਲ ਰਿਹਾ ਸੀ ਅਤੇ ਉਥੇ ਕੋਈ ਵੀ ਅਕਾਲੀ ਆਗੂ ਮੌਜੂਦ ਨਹੀਂ ਸੀ। ਪਤਾ ਲੱਗਾ ਹੈ ਕਿ ਸ਼੍ਰੋਮਣੀ ਕਮੇਟੀ ਤਰਫੋਂ ਰਾਜਸੀ ਰੈਲੀ ਵਾਸਤੇ ਲੰਗਰ ਭੇਜਿਆ ਗਿਆ ਅਤੇ ਮੁਫਤ ਵਿਚ ਲੰਗਰ ਮਿਲੇ ਹੋਣ ਕਰਕੇ ਇਸ ਦੀ ਰੈਲੀ ਮਗਰੋਂ ਬੇਅਦਬੀ ਹੋਈ ਹੈ।

## ਅਕਾਲੀਆਂ ਦੀ ਚੁੱਪ ਤੋਂ ਕੈਪਟਨ ਨਿਰਾਸ਼

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਭ ਨੂੰ ਇਹੋ ਆਸ ਸੀ ਕਿ ਪ੍ਰਧਾਨ ਮੰਤਰੀ ਪੰਜਾਬ ਵਿਚ ਆ ਕੇ ਜ਼ਰੂਰ ਹੀ ਕਿਸਾਨਾਂ ਬਾਰੇ ਕੋਈ ਠੋਸ ਐਲਾਨ ਕਰਨਗੇ ਪਰ ਉਨ੍ਹਾਂ ਨੇ ਖੇਤੀ ਕਰਜ਼ਿਆਂ, ਕਿਸਾਨ ਖ਼ੁਦਕੁਸ਼ੀਆਂ ਤੇ ਸਵਾਮੀਨਾਥਨ ਰਿਪੋਰਟ ਦਾ ਜ਼ਿਕਰ ਤੱਕ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਬਾਦਲ ਨੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਦੀ ਇਸ ਕਿਸਾਨ ਰੈਲੀ ਵਿਚ ਸ਼ਾਮਲ ਹੋਣ ਦੀ ਪ੍ਰਵਾਨਗੀ ਦੇ ਕੇ ਪੰਜਾਬ ਨਾਲ ਧ੍ਰੋਹ ਕਮਾਇਆ ਹੈ।

# ਪੰਜਾਬ ਸਰਕਾਰ ਦੀ ਆਮਦਨ ਨੂੰ ਵੱਡਾ ਧੱਕਾ

**ਚੰਡੀਗੜ੍ਹ:** ਪੰਜਾਬ ਦੇ ਵਿੱਤੀ ਪ੍ਰਬੰਧ ਸਬੰਧੀ ਚਾਲੂ ਵਿੱਤੀ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਦੀ ਜੋ ਰਿਪੋਰਟ ਆਈ ਹੈ, ਉਸ ਮੁਤਾਬਕ ਸੂਬੇ ਦੀ ਵਿੱਤੀ ਸਥਿਤੀ ਚੰਗੀ ਨਹੀਂ ਕਹੀ ਜਾ ਸਕਦੀ ਕਿਉਂਕਿ ਰਾਜ 'ਚ ਸਿੱਧੇ ਟੈਕਸਾਂ ਤੋਂ ਮਾਲੀਆ ਘਟ ਰਿਹਾ ਹੈ ਜਦੋਂ ਕਿ ਅਸਿੱਧੇ ਟੈਕਸਾਂ 'ਚ ਵੱਡਾ ਵਾਧਾ ਸਾਹਮਣੇ ਆਇਆ ਹੈ। ਕੇਂਦਰ ਦੀਆਂ ਗਰਾਂਟਾਂ 'ਚ ਹੋਏ ਵਾਧੇ ਅਤੇ ਖਰਚਿਆਂ 'ਚ ਕਮੀ ਕਾਰਨ ਰਾਜ ਦੀ ਵਿੱਤੀ ਸਥਿਤੀ 'ਚ ਮਾਮੂਲੀ ਸੁਧਾਰ ਜ਼ਰੂਰ ਦਿਖਾਇਆ ਗਿਆ ਹੈ।

ਦੱਸਣਯੋਗ ਹੈ ਕਿ ਰਾਜ 'ਚ ਅਸ਼ਟਾਮ ਡਿਊਟੀ 'ਚ ਮਗਰਲੇ ਸਾਲ ਨਾਲੋਂ ਵੀ ਕਮੀ ਸਾਹਮਣੇ ਆਈ ਹੈ, ਜਦੋਂ ਕਿ ਮੌਜੂਦਾ ਸਰਕਾਰ ਵੱਲੋਂ ਮਗਰਲੇ ਦਿਨਾਂ ਦੌਰਾਨ ਮਕਾਨ ਉਸਾਰੀ ਸੈਕਟਰ ਨੂੰ ਉਤਸ਼ਾਹਿਤ ਕਰਨ ਲਈ ਕਈ ਕਦਮ ਚੁੱਕੇ ਹਨ। ਆਨ ਲਾਈਨ ਟੈਕਸ ਜੋ ਕਿ ਮਈ 2018 ਦੌਰਾਨ 668 ਕਰੋੜ ਰੁਪਏ ਸੀ, ਮਗਰਲੇ ਸਾਲ ਨਾਲੋਂ ਤਿੰਨ ਫੀਸਦੀ ਘੱਟ ਰਿਹਾ ਜਦੋਂ ਕਿ ਆਬਕਾਰੀ ਤੋਂ ਵੀ ਇਸ ਸਮੇਂ ਦੌਰਾਨ 899 ਕਰੋੜ ਦੀ ਆਮਦਨ ਰਹੀ ਜੋ ਕਿ ਮਗਰਲੇ ਸਾਲ ਨਾਲੋਂ 4 ਫੀਸਦੀ ਘੱਟ ਸੀ। ਰਾਜ ਸਰਕਾਰ ਨੂੰ ਕਰਜ਼ਿਆਂ ਤੋਂ ਅਦਾਇਗੀਆਂ ਦੀਆਂ ਪ੍ਰਾਪਤੀਆਂ ਉਤੇ 10 ਫੀਸਦੀ ਦਾ ਵਾਧਾ ਮਿਲਿਆ ਅਤੇ ਦੂਜੀਆਂ ਦੇਣਦਾਰੀਆਂ ਤੋਂ ਵੀ 4% ਵਾਧੂ ਪ੍ਰਾਪਤੀ ਹੋਈ।

ਰਾਜ ਦੇ ਵਿੱਤ ਵਿਭਾਗ ਦੇ ਅੰਕੜਿਆਂ ਅਨੁਸਾਰ ਮਗਰਲੇ ਸਾਲ ਜੋ ਮਈ ਤੱਕ ਸਿੱਧੇ ਟੈਕਸਾਂ ਤੋਂ ਆਮਦਨ 102 ਕਰੋੜ ਰੁਪਏ ਸੀ, ਉਹ ਇਸ ਸਾਲ ਵਧ ਕੇ 518 ਕਰੋੜ ਹੋ ਗਈ ਹੈ ਜੋ ਆਪਣੇ ਆਪ 'ਚ ਵੱਡਾ ਵਾਧਾ ਹੈ। ਇਸੇ ਤਰ੍ਹਾਂ ਮਗਰਲੇ ਸਾਲ ਮਈ ਮਹੀਨੇ ਦੀ ਕੇਂਦਰੀ ਗਰਾਂਟ ਜੋ 798 ਕਰੋੜ ਸੀ, ਇਸ ਸਾਲ ਵਧ ਕੇ 989 ਕਰੋੜ ਹੋ ਗਈ। ਪਰ ਮਗਰਲੇ ਸਾਲ ਰਾਜ ਦੀ ਆਮਦਨ 'ਚ ਜੋ ਵਾਧਾ 10.41 ਫੀਸਦੀ ਸੀ, ਇਸ ਸਾਲ ਇਹ ਵਾਧਾ 10.58 ਫੀਸਦੀ ਸਾਹਮਣੇ ਆਇਆ ਹੈ ਜੋ ਕਿ ਮਾਮੂਲੀ ਵਾਧਾ ਹੈ। ਪਰ ਮਈ ਮਹੀਨੇ ਤੱਕ ਦੀ ਰਾਜ ਸਰਕਾਰ ਦੀ ਮਗਰਲੇ ਸਾਲ ਆਮਦਨ ਜੋ 5185 ਕਰੋੜ ਸੀ, ਇਸ ਸਾਲ ਵਧ ਕੇ 5697 ਕਰੋੜ ਹੋ ਗਈ ਜਿਸ 'ਚ ਮੁੱਖ ਤੌਰ ਉਤੇ ਹਿੱਸਾ ਸਿੱਧੇ ਟੈਕਸਾਂ, ਵਧੀਆਂ ਕੇਂਦਰੀ ਗਰਾਂਟਾਂ ਦਾ ਸੀ। ਪਰ 512 ਕਰੋੜ ਦੇ ਇਸ ਵਾਧੇ ਨਾਲ ਵਿੱਤ ਵਿਭਾਗ ਵੱਲੋਂ ਕੁਝ ਰਾਹਤ ਜ਼ਰੂਰ ਮਹਿਸੂਸ ਕੀਤੀ ਜਾ ਰਹੀ ਹੈ। ਰਾਜ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਚੌਥੇ ਸਾਲ 'ਚ ਵਾਧੂ ਮਾਲੀਏ ਵਾਲੀ ਸਰਕਾਰ ਬਣ ਜਾਵੇਗੀ।

# ਪੰਜਾਬ ਦੇ ਡੈਮਾਂ ਵਿਚ ਪਿਆ ਸੋਕਾ

**ਅਬੋਹਰ:** ਪੰਜ ਦਰਿਆਵਾਂ ਦੀ ਧਰਤੀ ਕਹਾਉਣ ਵਾਲਾ ਪੰਜਾਬ ਪਾਣੀ ਦੀ ਥੁੜ ਦਾ ਸਾਹਮਣਾ ਕਰ ਰਿਹਾ ਹੈ। ਪਹਾੜਾਂ ਤੋਂ ਪਾਣੀ ਘੱਟ ਆਉਣ ਕਾਰਨ ਡੈਮਾਂ 'ਤੇ ਪਾਣੀ ਬਹੁਤ ਹੇਠਲੇ ਪੱਧਰ ਉਤੇ ਆ ਰਿਹਾ ਹੈ, ਜਿਸ ਕਾਰਨ ਪੰਜਾਬ ਸਮੇਤ ਰਾਜਸਥਾਨ ਤੇ ਹਰਿਆਣਾ ਦੀ ਖੇਤੀ ਸੰਕਟ 'ਚ ਆ ਗਈ ਹੈ। ਪਾਣੀ ਦੀ ਘਾਟ ਕਾਰਨ ਸੂਬੇ ਦੀਆਂ ਨਹਿਰਾਂ 'ਚ ਵਿਭਾਗ ਨੇ ਪਾਣੀ ਦੀ ਮਾਤਰਾ ਅੱਧੀ ਘਟਾ ਦਿੱਤੀ ਹੈ। ਭਾਖੜਾ ਤੇ ਪੌਂਗ ਡੈਮ ਤੋਂ ਹੀ ਪੰਜਾਬ ਤੇ ਰਾਜਸਥਾਨ ਨੂੰ ਪਾਣੀ ਜਾਂਦਾ ਹੈ। ਹਰਿਆਣਾ ਨੂੰ ਵੀ ਭਾਖੜਾ ਡੈਮ ਤੋਂ ਹੀ ਪਾਣੀ ਜਾਂਦਾ ਹੈ। ਡੈਮਾਂ ਉਤੇ ਪਾਣੀ ਘਟਣ ਕਾਰਨ ਪੰਜਾਬ ਤੇ ਰਾਜਸਥਾਨ ਦੀ ਖੇਤੀ 'ਤੇ ਸੰਕਟ ਦੇ ਬੱਦਲ ਆ ਗਏ ਹਨ।

ਨਹਿਰਾਂ ਵਿਚ ਪਾਣੀ ਸੁੱਕਿਆ ਪਿਆ ਹੈ। ਰਾਜਸਥਾਨ ਦੇ ਤਕਰੀਬਨ 12 ਜ਼ਿਲ੍ਹਿਆਂ 'ਚ ਇਸੇ ਪਾਣੀ ਨਾਲ ਹੀ ਖੇਤੀ ਹੁੰਦੀ ਹੈ। ਡੈਮਾਂ ਉਤੇ ਪਾਣੀ ਦੀ ਘਾਟ ਦੇ ਚੱਲਦਿਆਂ ਵਿਭਾਗ ਨੇ ਸੂਬੇ ਭਰ 'ਚ ਨਹਿਰਾਂ ਵਿਚ ਪਾਣੀ ਦੀ ਮਾਤਰਾ ਘਟਾ ਕੇ ਅੱਧੀ ਕਰ ਦਿੱਤੀ ਹੈ। ਉਦਾਹਰਨ ਵਜੋਂ ਅਬੋਹਰ ਦੀਆਂ ਨਹਿਰ 'ਚ ਮਿਲਦੇ 3800 ਕਿਊਸਿਕ ਪਾਣੀ ਦੇ ਮੁਕਾਬਲੇ ਹੁਣ 1900 ਕਿਊਸਿਕ ਪਾਣੀ ਹੀ ਦਿੱਤਾ ਗਿਆ ਹੈ। ਇੰਨੇ ਘੱਟ ਪਾਣੀ ਨਾਲ ਰਜਵਾਹਿਆਂ 'ਚ ਪਾਣੀ ਪੂਰਾ ਕਿਵੇਂ ਆ ਸਕੇਗਾ। ਟੇਲਾਂ ਉਤੇ ਵੀ ਪਾਣੀ ਹੁਣ ਪੁੱਜਣਾ ਨਹੀਂ। ਪਿੱਛੋਂ ਪਾਣੀ ਦੀ ਘਾਟ ਕਾਰਨ ਪੰਜਾਬ ਤੇ ਰਾਜਸਥਾਨ ਦੀ ਖੇਤੀ ਸੰਕਟ 'ਚ ਆ ਜਾਵੇਗੀ। ਬਾਗਬਾਨੀ ਦਾ ਵੀ ਭਾਰੀ ਨੁਕਸਾਨ ਹੋਵੇਗਾ। ਪਿਛਲੇ ਕਾਫੀ ਦਿਨਾਂ ਤੋਂ ਟੇਲਾਂ 'ਤੇ ਪਾਣੀ ਦੀ ਕਿੱਲਤ ਆਈ ਪਈ ਹੈ। ਕਿਸਾਨਾਂ 'ਚ ਪਾਣੀ ਦੀ ਕਮੀ ਨੂੰ ਲੈ ਕੇ ਰੋਸ ਹੈ।

# ਨਸ਼ਿਆਂ ਪਿਛੋਂ ਹੁਣ ਲੁੱਟ ਖੋਹ ਕਾਰਨ ਬਦਨਾਮ ਹੋਇਆ ਪੰਜਾਬ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਦੇ ਨਾਲ-ਨਾਲ ਅਪਰਾਧਿਕ ਵਾਰਦਾਤਾਂ ਵਿਚ ਵੱਡੇ ਪੱਧਰ ਉਤੇ ਵਾਧਾ ਹੋਇਆ ਹੈ। ਸੰਗਰੂਰ-ਪਟਿਆਲਾ ਮੁੱਖ ਮਾਰਗ ਉਤੇ ਭਾਈ ਗੁਰਦਾਸ ਇੰਸਟੀਚਿਊਟ ਲਾਗੇ ਬੈਂਕ ਦੀ ਕੈਸ਼ ਵੈਨ 'ਤੇ ਗੋਲੀਬਾਰੀ ਕਰ ਕੇ 2 ਮੋਟਰਸਾਈਕਲ ਸਵਾਰ ਨਕਾਬਪੋਸ਼ ਲੁਟੇਰਿਆਂ ਨੇ 5 ਲੱਖ ਰੁਪਏ ਦੀ ਨਗਦੀ ਲੁੱਟ ਲਈ ਅਤੇ ਵੈਨ ਦੇ ਗੰਨਮੈਨ ਨੂੰ ਗੋਲੀਆਂ ਮਾਰ ਕੇ ਜਖ਼ਮੀ ਕਰ ਦਿੱਤਾ। ਪਿਛਲੇ ਦੋ ਮਹੀਨਿਆਂ ਵਿਚ ਇਸ ਤਰ੍ਹਾਂ ਦੀਆਂ 8 ਘਟਨਾਵਾਂ ਵਾਪਰਿਆਂ ਹਨ, ਪਰ ਪੁਲਿਸ ਇਕ ਨੂੰ ਵੀ ਹੱਲ ਨਹੀਂ ਕਰ ਸਕੀ। ਪਿਛਲੇ 5 ਸਾਲਾਂ ਵਿਚ ਪੰਜਾਬ ਵਿਚ ਡਕੈਤੀ ਦੇ 2700 ਤੋਂ ਜ਼ਿਆਦਾ ਮਾਮਲੇ ਦਰਜ ਹੋਏ ਹਨ। ਜਦਕਿ ਅਜਿਹੀਆਂ ਘਟਨਾਵਾਂ ਦੀ ਗਿਣਤੀ ਇਸ ਤੋਂ ਵੀ ਜ਼ਿਆਦਾ ਹੋ ਸਕਦੀ ਹੈ।




ਪੰਜਾਬ ਵਿਚ ਅਪਰਾਧਾਂ ਦੇ ਵਧਦੇ ਹੋਏ ਗਰਾਫ ਨੇ ਸੂਬੇ ਵਿਚ ਚਿੰਤਾ ਅਤੇ ਪਰੇਸ਼ਾਨੀ ਦੀ ਲਹਿਰ ਪੈਦਾ ਕਰ ਦਿੱਤੀ ਹੈ। ਪੰਜਾਬ ਪਹਿਲਾਂ ਹੀ ਨਸ਼ਿਆਂ ਦੀ ਤਸਕਰੀ ਅਤੇ ਇਨ੍ਹਾਂ ਦੇ ਪ੍ਰਸਾਰ ਦੇ ਸਮੱਸਿਆ ਨਾਲ ਜੂਝ ਰਿਹਾ ਹੈ। ਸੂਬੇ ਵਿਚ ਹੋਣ ਵਾਲੇ ਜ਼ਿਆਦਾਤਰ ਅਪਰਾਧ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਵਾਲੇ ਲੋਕਾਂ ਨਾਲ ਹੀ ਜੁੜੇ ਹਨ। ਪਿਛਲੇ ਕੁਝ ਸਾਲਾਂ ਤੋਂ ਨਸ਼ੇੜੀਆਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਵਾਧਾ ਹੋਣ ਨਾਲ ਅਪਰਾਧਾਂ ਵਿਚ ਵੀ ਵਾਧਾ ਹੋਇਆ ਹੈ। ਇਕ ਅੰਦਾਜ਼ੇ ਅਨੁਸਾਰ ਔਰਤਾਂ ਵਿਰੁੱਧ ਹੋਣ ਵਾਲੇ ਅਪਰਾਧਾਂ ਦੀ ਗਿਣਤੀ ਵੀ ਇਸੇ ਅਨੁਪਾਤ ਨਾਲ ਵਧੀ ਹੈ, ਹਰ ਤਿੰਨ ਮਿੰਟ ਬਾਅਦ ਕਿਸੇ ਔਰਤ ਦੇ ਵਿਰੁੱਧ ਅਪਰਾਧ ਦੀ ਕੋਈ ਰਿਪੋਰਟ ਦਰਜ ਹੁੰਦੀ ਹੈ। ਹਰ 29 ਮਿੰਟ ਬਾਅਦ ਕੋਈ ਨਾ ਕੋਈ ਔਰਤ ਜਬਰ ਜਨਾਹ ਦਾ ਸ਼ਿਕਾਰ ਹੋ ਜਾਂਦੀ ਹੈ।

ਪੰਜਾਬ ਵਿਚ ਹੱਤਿਆਵਾਂ ਦੀਆਂ ਘਟਨਾਵਾਂ ਵਿਚ ਵਾਧਾ ਅਤੇ ਹੱਤਿਆਵਾਂ ਕਰਦੇ ਸਮੇਂ ਹੈਵਾਨੀਅਤ ਦਾ ਪ੍ਰਦਰਸ਼ਨ ਇਹ ਵੀ ਦਰਸਾਉਂਦਾ ਹੈ ਕਿ ਅਪਰਾਧ ਕਰਨ ਵਾਲਿਆਂ ਦੀ ਮਾਨਸਿਕਤਾ ਕਿਸ ਹੱਦ ਤੱਕ ਸੁੰਗੜ ਚੁੱਕੀ ਹੈ। ਪਿਛਲੇ ਮਹੀਨੇ ਜਲਾਲਾਬਾਦ ਵਿਚ ਇਕ ਨਸ਼ੇੜੀ ਨੇ ਨਸ਼ੇ ਲਈ ਪੈਸੇ ਨਾ ਦੇਣ ਉਤੇ ਆਪਣੀ ਮਾਂ ਅਤੇ ਭੈਣ ਦੀ ਹੱਤਿਆ ਕਰ ਦਿੱਤੀ ਸੀ ਅਤੇ ਮਾਨਸਾ ਵਿਚ ਇਕ ਬਾਪ ਨੇ ਆਪਣੀ 17 ਸਾਲਾ ਬੇਟੀ ਨੂੰ ਗਲਾ ਘੁੱਟ ਕੇ ਮਾਰ ਦਿੱਤਾ ਸੀ। ਬਠਿੰਡਾ ਵਿਚ ਇਕ ਔਰਤ ਵੱਲੋਂ ਆਪਣੇ 7 ਸਾਲਾ ਬੇਟੇ ਨੂੰ ਬਾਥਰੂਮ ਵਿਚ ਚਾਕੂ ਮਾਰ ਕੇ ਹੱਤਿਆ ਕਰਨ ਦੀ ਘਟਨਾ ਤਾਂ ਬਹੁਤ ਹੀ ਦੁਖਦਾਈ ਹੈ। ਸੰਗਰੂਰ ਅਤੇ ਬਰਨਾਲਾ ਵਿਚ ਲੁੱਟ-ਖੋਹ ਦੌਰਾਨ 2 ਲੋਕਾਂ ਦੀ ਹੱਤਿਆ ਕੀਤੇ ਜਾਣ ਦੀ ਘਟਨਾ ਅਪਰਾਧ ਦਾ ਦੂਸਰਾ ਚਿਹਰਾ ਹੈ। ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਜ਼ਮੀਨੀ ਝਗੜਿਆਂ ਕਾਰਨ ਪਹਿਲਾਂ ਵੀ ਹੱਤਿਆਵਾਂ ਹੁੰਦੀਆਂ ਰਹੀਆਂ ਹਨ ਅਤੇ ਅਜਨਾਲਾ ਵਿਚ ਇਕ ਪਰਿਵਾਰ ਦੀਆਂ 3 ਔਰਤਾਂ ਦੀ ਹੱਤਿਆ ਪਿਛੇ ਵੀ ਜ਼ਮੀਨੀ ਵਿਵਾਦ ਹੀ ਦੱਸਿਆ ਜਾ ਰਿਹਾ ਹੈ। ਪਟਿਆਲਾ ਵਿਚ ਇਕ ਪੈਟਰੋਲ ਪੰਪ 'ਤੇ ਲੁੱਟ-ਖੋਹ ਸਮੇਂ ਹੱਤਿਆ ਕਰ ਦਿੱਤੀ ਗਈ। ਇਕ ਸਰਵੇਖਣ ਅਨੁਸਾਰ ਪੰਜਾਬ ਲੁੱਟ-ਖੋਹ ਅਤੇ ਚੋਰੀਆਂ ਦੇ ਮਾਮਲੇ ਵਿਚ ਦੇਸ਼ ਵਿਚੋਂ ਚੌਥੇ ਸਥਾਨ ਉਤੇ ਹੈ।

## ਪੁਲਿਸ ਮੁਕਾਬਲੇ 'ਚ ਗੈਂਗਸਟਰ ਹਲਾਕ

**ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਅਨੰਦਪੁਰ ਸਾਹਿਬ ਨੇੜੇ ਹਿਮਾਚਲ ਪ੍ਰਦੇਸ਼ ਦੇ ਪ੍ਰਸਿੱਧ ਤੀਰਥ ਸਥਾਨ ਮਾਤਾ ਨੈਣਾ ਦੇਵੀ ਬੱਸ ਅੱਡੇ ਨੇੜੇ ਮੁਹਾਲੀ ਪੁਲਿਸ ਨਾਲ ਹੋਏ ਮੁਕਾਬਲੇ 'ਚ ਇਕ ਗੈਂਗਸਟਰ ਮਾਰਿਆ ਗਿਆ ਜਦ ਕਿ ਦੋ ਨੂੰ ਕਾਬੂ ਕਰ ਲਿਆ ਗਿਆ। ਮੁਹਾਲੀ ਦੇ ਸੋਹਾਣਾ ਨੇੜਿਉਂ ਇਕ ਵਰਨਾ ਕਾਰ ਨੂੰ ਖੋਹ ਕੇ ਪੰਜ ਗੈਂਗਸਟਰ ਤੜਕਸਾਰ ਫਰਾਰ ਹੋ ਗਏ ਅਤੇ ਉਨ੍ਹਾਂ 'ਚੋਂ ਤਿੰਨ ਗੈਂਗਸਟਰ ਇਸ ਕਾਰ ਨੂੰ ਲੈ ਕੇ ਮਾਤਾ ਨੈਣਾ ਦੇਵੀ ਦੇ ਪੁਰਾਣੇ ਬੱਸ ਅੱਡੇ ਨੇੜੇ ਪੁੱਜ ਕੇ ਉਥੇ ਇਕ ਨਿੱਜੀ ਹੋਟਲ ਵਿਚ ਪਹੁੰਚ ਗਏ। ਉਨ੍ਹਾਂ ਦਾ ਪਿੱਛਾ ਮੁਹਾਲੀ ਪੁਲਿਸ ਦੇ ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਚਾਹਲ ਅਤੇ ਉਪ-ਪੁਲਿਸ ਕਪਤਾਨ ਰਮਨਦੀਪ ਸਿੰਘ ਨਾਲ ਪੁਲਿਸ ਪਾਰਟੀ ਵੱਲੋਂ ਕੀਤਾ ਜਾ ਰਿਹਾ ਸੀ, ਜਦੋਂ ਪੁਲਿਸ ਪਾਰਟੀ ਉਕਤ ਨਿੱਜੀ ਹੋਟਲ ਵਿਚ ਗੈਂਗਸਟਰਾਂ ਕੋਲ ਪਹੁੰਚੀ ਤਾਂ ਗੈਂਗਸਟਰਾਂ ਵੱਲੋਂ ਡੀ.ਐਸ.ਪੀ. ਰਮਨਦੀਪ ਸਿੰਘ ਵੱਲ ਨੂੰ ਗੋਲੀ ਚਲਾ ਦਿੱਤੀ। ਤੁਰਤ ਬਾਅਦ ਮੁਹਾਲੀ ਪੁਲਿਸ ਵੱਲੋਂ ਜਵਾਬੀ ਫਾਈਰਿੰਗ ਕੀਤੀ ਗਈ। ਗੈਂਗਸਟਰ ਸੰਨੀ ਵਾਸੀ ਗੁਰਦਾਸਪੁਰ ਦੇ ਪੇਟ 'ਤੇ ਦੋ ਗੋਲੀਆਂ ਵੱਜੀਆਂ ਜਿਸ ਕਾਰਨ ਉਸ ਦੀ ਮੌਤ ਹੋ ਗਈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹਜੂਮੀ ਕਤਲਾਂ ਖਿਲਾਫ ਸੁਪਰੀਮ ਕੋਰਟ ਹੋਈ ਸਖਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਖਤ ਟਿੱਪਣੀ ਕਰਦਿਆਂ ਕਿਹਾ ਹੈ ਕਿ 'ਭੀੜ ਤੰਤਰ ਦੇ ਖੌਫਨਾਕ ਕਾਰਿਆਂ' ਨੂੰ ਦੇਸ਼ ਦੇ ਕਾਨੂੰਨ ਉਤੇ ਹਾਵੀ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਪਾਰਲੀਮੈਂਟ ਨੂੰ ਲੋਕਾਂ ਨੂੰ ਹਜੂਮ ਵੱਲੋਂ ਕੁੱਟ ਕੁੱਟ ਕੇ ਮਾਰਨ ਅਤੇ ਗਊ ਰੱਖਿਆ ਦੇ ਨਾਂ ਉਤੇ ਹੁੰਦੀ ਧੱਕੇਸ਼ਾਹੀ ਨਾਲ ਸਿੱਝਣ ਲਈ ਨਵਾਂ ਕਾਨੂੰਨ ਬਣਾਉਣ ਉਤੇ ਗੌਰ ਕਰਨੀ ਚਾਹੀਦੀ ਹੈ। ਅਦਾਲਤ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਵਾਰਦਾਤਾਂ ਸਮੁੱਚੇ ਦੇਸ਼ ਅੰਦਰ ਤੂਫਾਨੀ ਦੈਂਤ ਵਾਂਗ ਸਿਰ ਚੁੱਕ ਰਹੀਆਂ ਹਨ।

ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਨੇ ਇਸ ਤਰ੍ਹਾਂ ਦੇ ਰੁਝਾਨਾਂ ਨੂੰ ਨੱਥ ਪਾਉਣ ਲਈ ਸਰਕਾਰ ਨੂੰ ਇਹਤਿਆਤੀ ਤੇ ਦੰਡਕਾਰੀ ਕਦਮ ਚੁੱਕਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਬੈਂਚ ਨੇ ਕਿਹਾ ਕਿ ਅਫਰਾ ਦਫਰੀ ਤੇ ਆਪੋ ਧਾਪੀ ਦੇ ਮਾਹੌਲ ਵਿਚ ਰਾਜ ਨੂੰ ਆਪਣੇ ਨਾਗਰਿਕਾਂ ਨਾਲ ਕੀਤੇ ਸੰਵਿਧਾਨਕ ਕਰਾਰਾਂ ਦੀ ਹਿਫਾਜ਼ਤ ਲਈ ਹਾਂਦਰੂ ਕਾਰਵਾਈ ਕਰਨੀ ਪੈਂਦੀ ਹੈ। ਭੀੜ ਤੰਤਰ ਦੇ ਖੌਫਨਾਕ ਕਾਰਿਆਂ ਨੂੰ ਦੇਸ਼ ਦੇ ਕਾਨੂੰਨ ਉਤੇ ਹਾਵੀ ਨਹੀਂ ਹੋਣ ਦਿੱਤਾ ਜਾ ਸਕਦਾ।

ਸਰਬ ਉਚ ਅਦਾਲਤ ਨੇ ਕਿਹਾ ਕਿ ਇਕ ਨਵਾਂ ਵਿਸ਼ੇਸ਼ ਕਾਨੂੰਨ ਘੜਨ ਦੀ ਲੋੜ ਹੈ ਤਾਂ ਕਿ ਹਜੂਮੀ ਹੱਤਿਆਵਾਂ ਵਿਚ ਸ਼ਾਮਲ ਹੋ ਰਹੇ ਲੋਕਾਂ ਦੇ ਮਨ ਅੰਦਰ ਕਾਨੂੰਨ ਦਾ ਡਰ ਪੈਦਾ ਕੀਤਾ ਜਾ ਸਕੇ। ਸਮਾਜ ਅੰਦਰ ਕਾਨੂੰਨ ਵਿਵਸਥਾ ਯਕੀਨੀ ਬਣਾਉਣ ਅਤੇ ਕਾਨੂੰਨ ਦਾ ਰਾਜ ਕਾਇਮ ਕਰਨਾ ਰਾਜ ਸਰਕਾਰਾਂ ਦਾ ਜ਼ਿੰਮਾ ਹੈ।

ਬੈਂਚ ਨੇ ਕਿਹਾ ਕਿ ਸਰਕਾਰਾਂ ਨੂੰ ਸਖਤ ਕਦਮ ਉਠਾ ਕੇ ਭੀੜ ਤੰਤਰ ਤੇ ਭੀੜ ਹਿੰਸਾ ਦੀ ਰੋਕਥਾਮ ਕਰਨ ਦੀ ਲੋੜ ਹੈ। ਸੁਸ਼ਾਸਨ ਤੇ ਕੌਮੀ ਉਸਾਰੀ ਲਈ ਰਾਜ ਦਾ ਪਵਿੱਤਰ ਫਰਜ਼ ਹੈ ਜ਼ਰੂਰੀ ਹੈ ਕਿ ਰਾਜ ਆਪੋ-ਧਾਪੀ ਦਾ ਮਾਹੌਲ ਪੈਦਾ ਨਾ ਹੋਣ ਦੇਵੇ।

# ਮੋਦੀ ਸਰਕਾਰ ਵੱਲੋਂ ਪੰਜਾਬ ਦੇ ਫੰਡਾਂ 'ਤੇ ਕੱਟ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੇਂਦਰ ਵੱਲੋਂ ਸਰਹੱਦੀ ਖੇਤਰ ਦਾ ਵਿਕਾਸ ਫੰਡ ਘਟਾਉਣ ਉਤੇ ਸਖਤ ਇਤਰਾਜ਼ ਜਤਾਇਆ ਹੈ। ਕੈਬਨਿਟ ਮੰਤਰੀ ਸੁਖਜਿੰਦਰ ਰੰਧਾਵਾ ਨੇ ਆਖਿਆ ਹੈ ਕਿ ਕਾਂਗਰਸ ਦੇ ਐਮ.ਪੀ., ਵਿਧਾਇਕ ਤੇ ਮੰਤਰੀ ਬਾਰਡਰ ਵਿਕਾਸ ਫੰਡ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੋਠੀ ਅੱਗੇ ਧਰਨਾ ਦੇਣਗੇ।

ਕੇਂਦਰ ਨੇ ਸਰਹੱਦੀ ਖੇਤਰ ਵਿਕਾਸ ਪ੍ਰੋਜੈਕਟ ਤਹਿਤ ਪੰਜਾਬ ਦਾ ਫੰਡ ਤੇ ਖੇਤਰ ਘਟਾਇਆ ਹੈ। ਪਹਿਲਾਂ 100 ਫੀਸਦੀ ਬਾਰਡਰ ਵਿਕਾਸ ਫੰਡ ਕੇਂਦਰ ਦਿੰਦਾ ਸੀ ਜੋ ਹੁਣ ਸਿਰਫ 60 ਫੀਸਦੀ ਕੀਤਾ ਹੈ ਤੇ ਬਾਕੀ 40 ਪੰਜਾਬ ਨੂੰ ਦੇਣਾ ਪੈ ਰਿਹਾ ਹੈ। ਸਰਹੱਦੀ ਵਿਕਾਸ ਦਾ ਖੇਤਰ ਵੀ 25 ਕਿਲੋਮੀਟਰ ਤੋਂ ਘਟਾ ਕੇ 10 ਕਿਲੋਮੀਟਰ ਕਰ ਦਿੱਤਾ ਗਿਆ ਹੈ।

ਰੰਧਾਵਾ ਨੇ ਕਿਹਾ ਕਿ ਲੋਕ ਸਭਾ ਵਿਚ ਕਾਂਗਰਸ ਦੇ ਐਮ.ਪੀ. ਵੀ ਮੁੱਦਾ ਉਠਾਉਣਗੇ। ਜੇ ਫਿਰ ਵੀ ਕੁਝ ਨਾ ਕੀਤਾ ਤਾਂ ਮੋਦੀ ਦੀ ਕੋਠੀ ਘੇਰੀ ਜਾਏਗੀ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਸਕੱਤਰ ਨੂੰ ਵੀ ਮਿਲ ਕੇ ਸਾਰੀਆਂ ਮੰਗਾਂ ਪੇਸ਼ ਕੀਤੀਆਂ ਹਨ ਪਰ ਉਨ੍ਹਾਂ ਨੇ ਅਜੇ ਕੁਝ ਨਹੀਂ ਕੀਤਾ। ਪੰਜਾਬ ਦੇ ਸਰਹੱਦੀ ਖੇਤਰਾਂ ਨੂੰ ਬਹੁਤ ਵੱਡੀ ਮਾਰ ਪੈਂਦੀ ਹੈ। ਸਪੈਸ਼ਲ ਪ੍ਰੋਜੈਕਟ ਤਾਂ ਕੀ ਦੇਣਾ ਸੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਇੰਦਰਾ ਗਾਂਧੀ ਵੇਲੇ ਦੀਆਂ ਸਹੂਲਤਾਂ ਵੀ ਕੱਟੀਆਂ ਜਾ ਰਹੀਆਂ ਹਨ।

# ਸ਼੍ਰੋਮਣੀ ਕਮੇਟੀ ਸਾਬਤ ਸੂਰਤ ਖਿਡਾਰੀਆਂ ਨੂੰ ਦੇਵੇਗੀ ਵੱਡੇ ਇਨਾਮ

**ਤਲਵੰਡੀ ਸਾਬੋ:** ਸ਼੍ਰੋਮਣੀ ਕਮੇਟੀ ਸਾਬਤ ਸੂਰਤ ਗੁਰਸਿੱਖ ਖਿਡਾਰੀਆਂ ਦਾ ਵੱਡੇ ਇਨਾਮਾਂ ਨਾਲ ਸਨਮਾਨ ਕਰੇਗੀ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਇਹ ਫੈਸਲਾ ਲਿਆ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਖੇਡਾਂ ਦੇ ਖੇਤਰ ਵਿਚ ਵਿਸ਼ੇਸ਼ ਨਾਮਣਾ ਖੱਟਣ ਵਾਲੇ ਸਾਬਤ ਸੂਰਤ ਗੁਰਸਿੱਖ ਖਿਡਾਰੀਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਉਲੰਪਿਕ ਖੇਡਾਂ ਦੌਰਾਨ ਸੋਨੇ ਦਾ ਮੈਡਲ ਪ੍ਰਾਪਤ ਕਰਨ ਉਤੇ 5 ਲੱਖ ਰੁਪਏ, ਚਾਂਦੀ ਦਾ ਮੈਡਲ ਪ੍ਰਾਪਤ ਕਰਨ 'ਤੇ 4 ਲੱਖ ਰੁਪਏ ਅਤੇ ਕਾਂਸੀ ਦਾ ਮੈਡਲ ਪ੍ਰਾਪਤ ਕਰਨ ਵਾਲੇ ਨੂੰ 3 ਲੱਖ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਇਆ ਕਰੇਗੀ।

ਇਸੇ ਤਰ੍ਹਾਂ ਏਸ਼ੀਅਨ ਖੇਡਾਂ ਵਿਚ ਸੋਨੇ, ਚਾਂਦੀ ਤੇ ਕਾਂਸੀ ਦਾ ਮੈਡਲ ਜਿੱਤਣ ਵਾਲਿਆਂ ਨੂੰ ਕ੍ਰਮਵਾਰ 4 ਲੱਖ, 3 ਲੱਖ ਅਤੇ 2 ਲੱਖ ਰੁਪਏ ਦੀ ਰਾਸ਼ੀ ਨਾਮ ਸਨਮਾਨਤ ਕੀਤਾ ਜਾਵੇਗਾ। ਕਾਮਨਵੈਲਥ ਖੇਡਾਂ ਵਿਚ ਸੋਨੇ ਦਾ ਮੈਡਲ ਜੇਤੂ ਗੁਰਸਿੱਖ ਖਿਡਾਰੀਆਂ ਨੂੰ 3 ਲੱਖ ਰੁਪਏ, ਚਾਂਦੀ ਲਈ 2 ਲੱਖ ਅਤੇ ਕਾਂਸੀ ਦਾ ਮੈਡਲ ਜੇਤੂਆਂ ਨੂੰ ਇਕ ਲੱਖ ਰੁਪਏ ਨਾਲ ਨਿਵਾਜਿਆ ਜਾਵੇਗਾ। ਉਨ੍ਹਾਂ ਬਾਰੇ ਦੱਸਿਆ ਕਿ ਪਟਿਆਲਾ ਨਿਵਾਸੀ ਸਾਬਤ ਸੂਰਤ ਗੁਰਸਿੱਖ ਅਮਨਦੀਪ ਸਿੰਘ ਜਿਸ ਨੇ ਆਈ.ਏ.ਐਸ. ਦੀ ਪ੍ਰੀਖਿਆ 'ਚੋਂ ਵਧੀਆ ਰੈਂਕ ਹਾਸਲ ਕੀਤਾ ਹੈ, ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਇਕ ਲੱਖ ਰੁਪਏ ਨਾਲ ਸਨਮਾਨਤ ਕਰੇਗੀ।

ਬੀਤੇ ਸਮੇਂ ਬਲਦੇਵ ਸਿੰਘ ਸੜਕਨਾਮਾ ਵੱਲੋਂ ਲਿਖੇ ਗਏ ਨਾਵਲ 'ਸੂਰਜ ਦੀ ਅੱਖ' ਵਿਚ ਸਿੱਖ ਇਤਿਹਾਸ ਨੂੰ ਵਿਗਾੜਨ ਉਤੇ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਲੋਹ ਪੁਰਸ਼ ਵਜੋਂ ਜਾਣੇ ਜਾਂਦੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ 55 ਸਾਲ ਗੁਰਮਤਿ ਪ੍ਰਚਾਰ ਲਈ ਸੇਵਾ ਨਿਭਾਉਣ ਵਾਲੇ ਗੁਰਮਤਿ ਕੀਰਤਨ ਵਿਦਿਆਲਾ ਧੂਰਕੋਟ ਦੇ ਮੁਖੀ ਗਿਆਨੀ ਵਰਿਆਮ ਸਿੰਘ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਲੌਂਗੋਵਾਲ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਨਸ਼ੇ ਛੱਡਣ ਦੇ ਚਾਹਵਾਨ ਵਿਅਕਤੀਆਂ ਦਾ ਇਲਾਜ ਸ਼੍ਰੋਮਣੀ ਕਮੇਟੀ ਵੱਲੋਂ ਬਿਲਕੁਲ ਮੁਫਤ ਕੀਤਾ ਜਾਵੇਗਾ ਅਤੇ ਇਸ ਕਾਰਜ ਲਈ ਖਰਚ ਧਰਮ ਪ੍ਰਚਾਰ ਕਮੇਟੀ ਕਰੇਗੀ।

# ਜਸਟਿਸ ਮਹਿਤਾਬ ਕਮਿਸ਼ਨ ਨੇ 8ਵੀਂ ਅੰਤਰਿਮ ਰਿਪੋਰਟ ਸੌਂਪੀ

**ਚੰਡੀਗੜ੍ਹ:** ਜਸਟਿਸ ਗਿੱਲ ਕਮਿਸ਼ਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੀ 8ਵੀਂ ਅੰਤਰਿਮ ਰਿਪੋਰਟ ਸੌਂਪ ਦਿੱਤੀ ਹੈ। ਇਹ ਕਮਿਸ਼ਨ ਅਕਾਲੀ-ਭਾਜਪਾ ਸਰਕਾਰ ਦੌਰਾਨ ਦਰਜ ਹੋਏ ਝੂਠੇ ਕੇਸਾਂ ਦੀ ਪੜਤਾਲ ਲਈ ਬਣਾਇਆ ਗਿਆ ਹੈ। ਕਮਿਸ਼ਨ ਵੱਲੋਂ ਕੀਤੀ ਹਰ ਸਿਫਾਰਸ਼ ਦਾ ਤੇਜ਼ੀ ਨਾਲ ਨਿਪਟਾਰਾ ਕਰਨ ਸਬੰਧੀ ਮੁੱਖ ਮੰਤਰੀ ਦੀਆਂ ਸਖਤ ਹਦਾਇਤ ਤਹਿਤ ਪੰਜਾਬ ਪੁਲਿਸ ਨੇ ਹੁਣ ਤੱਕ 126 ਮਾਮਲਿਆਂ 'ਚ ਐਫ.ਆਈ.ਆਰ. ਰੱਦ ਕਰਨ ਦੀਆਂ ਰਿਪੋਰਟ ਦਾਇਰ ਕਰ ਦਿੱਤੀਆਂ ਹਨ।

ਨੋਡਲ ਅਫਸਰਾਂ ਪਾਸੋਂ ਕਮਿਸ਼ਨ ਨੂੰ ਹਾਸਲ ਹੋਈ ਜਾਣਕਾਰੀ ਮੁਤਾਬਕ 7 ਕੇਸਾਂ 'ਚ ਕਸੂਰਵਾਰ ਪੁਲਿਸ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾ ਚੁੱਕੀ ਹੈ, ਜਦਕਿ 17 ਕੇਸਾਂ 'ਚ ਮੁਆਵਜ਼ੇ ਲਈ ਕਾਰਵਾਈ ਕੀਤੀ ਗਈ ਹੈ। ਇਸੇ ਤਰ੍ਹਾਂ 21 ਕੇਸਾਂ 'ਚ ਹੁਕਮਾਂ ਦੀ ਤਾਮੀਲ ਕੀਤੀ ਗਈ ਹੈ, ਜਦਕਿ 19 ਕੇਸਾਂ 'ਚ ਆਈ.ਪੀ.ਸੀ. ਦੀ ਧਾਰਾ 182 ਅਧੀਨ ਕਾਰਵਾਈ ਆਰੰਭੀ ਗਈ ਹੈ। ਐਫ.ਆਈ.ਆਰ. ਰੱਦ ਕਰਨ ਦੇ ਸਭ ਤੋਂ ਵੱਧ ਮਾਮਲੇ (13) ਲੁਧਿਆਣਾ ਜ਼ਿਲ੍ਹੇ ਵਿਚ ਹਨ, ਤਰਨ ਤਾਰਨ ਦੇ 12, ਫਿਰੋਜ਼ਪੁਰ ਅਤੇ ਅੰਮ੍ਰਿਤਸਰ ਦੇ 11-11 ਮਾਮਲੇ ਹਨ। ਆਈ.ਪੀ.ਸੀ. ਦੀ ਧਾਰਾ 182 ਅਧੀਨ ਜਿਨ੍ਹਾਂ ਕੇਸਾਂ ਵਿਚ ਕਾਰਵਾਈ ਕੀਤੀ ਹੈ, ਉਨ੍ਹਾਂ ਵਿਚ ਸਭ ਤੋਂ ਵੱਧ ਕੇਸ (6) ਅੰਮ੍ਰਿਤਸਰ ਜ਼ਿਲ੍ਹੇ ਦੇ ਹਨ। ਜਿਥੋਂ ਤੱਕ ਹੁਕਮਾਂ ਦੀ ਤਾਮੀਲ ਦਾ ਮਾਮਲਾ ਹੈ, ਕਪੂਰਥਲਾ ਵਿਚ ਸਭ ਤੋਂ ਵੱਧ 8 ਅਤੇ ਕਸੂਰਵਾਰ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਦੇ ਸਭ ਤੋਂ ਵੱਧ ਮਾਮਲੇ (4) ਲੁਧਿਆਣਾ ਜ਼ਿਲ੍ਹੇ ਦੇ ਹਨ।

# ਮੁਕੇਸ਼ ਅੰਬਾਨੀ ਬਣਿਆ ਏਸ਼ੀਆ ਦੇ ਸਭ ਤੋਂ ਧਨਾਢ ਸ਼ਖਸ

**ਨਵੀਂ ਦਿੱਲੀ:** ਰਿਲਾਇੰਸ ਇੰਡਸਟਰੀ ਦੇ ਚੇਅਰਮੈਨ ਤੇ ਭਾਰਤ ਦੇ ਸਭ ਤੋਂ ਅਮੀਰ ਸ਼ਖਸ ਮੁਕੇਸ਼ ਅੰਬਾਨੀ ਹੁਣ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। ਇਸ ਤੋਂ ਪਹਿਲਾਂ ਚੀਨ ਦੇ ਜੈਕ ਮਾ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਸਨ।

ਰਿਲਾਇੰਸ ਜੀਓ ਨਾਲ ਟੈਲੀਕਾਮ ਜਗਤ ਵਿਚ ਤਰਥੱਲੀ ਮਚਾਉਣ ਵਾਲੇ ਅੰਬਾਨੀ ਨੇ ਚੀਨ ਦੀ ਸਭ ਤੋਂ ਵੱਡੀ ਈ-ਕਾਮਰਸ ਕੰਪਨੀ ਅਲੀਬਾਬਾ ਦੇ ਸੰਸਥਾਪਕ ਜੈਕ ਮਾ ਦੀ 'ਉਪਾਧੀ' ਖੋਹ ਲਈ। ਜੀਓ ਦੇ ਆਉਣ ਤੋਂ ਬਾਅਦ ਅੰਬਾਨੀ ਦੀ ਜਾਇਦਾਦ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ।

ਅੰਬਾਨੀ ਦੀ ਕੁੱਲ ਜਾਇਦਾਦ 44.3 ਬਿਲੀਅਨ ਡਾਲਰ ਦਰਜ ਕੀਤੀ ਹੋਈ ਹੈ ਜਦਕਿ ਜੈਕ ਮਾ ਦੀ ਜਾਇਦਾਦ 44 ਬਿਲੀਅਨ ਡਾਲਰ ਦਰਜ ਕੀਤੀ ਗਈ ਹੈ। ਅੰਬਾਨੀ ਨੇ ਇਸੇ ਸਾਲ ਆਪਣੀ ਸੰਪਤੀ ਵਿਚ ਕੁੱਲ ਚਾਰ ਬਿਲੀਅਨ ਡਾਲਰ ਦਾ ਵਾਧਾ ਕੀਤਾ ਹੈ।

# 'ਆਪ' ਅੰਦਰ ਮੁੜ ਆਪੋਧਾਪੀ

*(ਸਫਾ ਇਕ ਦੀ ਬਾਕੀ)*

ਮਾਲਵਾ ਖੇਤਰ ਦੇ ਬਾਗੀ ਹੋਏ ਆਗੂਆਂ ਵਿਚੋਂ ਬਹੁਤੇ 'ਆਪ' ਦੇ ਪੰਜਾਬ ਇੰਚਾਰਜ ਰਹੇ ਸੰਜੇ ਸਿੰਘ ਦੇ ਕਰੀਬੀ ਦੱਸੇ ਜਾਂਦੇ ਹਨ। ਡਾ. ਬਲਬੀਰ ਸਿੰਘ ਵਿਰੁਧ ਉਠ ਰਹੀ ਇਸ ਸਿਆਸੀ ਮੁਹਿੰਮ 'ਚ ਦਿੱਲੀ ਵਿਚਲੇ 'ਆਪ' ਦੇ ਕੇਂਦਰੀ ਆਗੂਆਂ ਦੀ ਕਸ਼ਮਕਸ਼ ਦਾ ਵੀ ਪ੍ਰਭਾਵ ਹੋ ਸਕਦਾ ਹੈ।

ਉਧਰ, ਆਮ ਆਦਮੀ ਪਾਰਟੀ ਦੀ ਪੰਜਾਬ ਅਤੇ ਦਿੱਲੀ ਦੀ ਲੀਡਰਸ਼ਿਪ ਨੇ ਬਾਗੀ ਸੁਰਾਂ ਚੁੱਕਣ ਵਾਲੇ ਆਗੂਆਂ ਨਾਲ ਸਖਤੀ ਨਾਲ ਨਿਪਟਣ ਦਾ ਫੈਸਲਾ ਲੈਂਦਿਆਂ ਅਸਤੀਫਾ ਦੇਣ ਵਾਲੇ ਦੋ ਆਗੂਆਂ ਦੀ ਛੁੱਟੀ ਕਰ ਕੇ ਉਨ੍ਹਾਂ ਦੀ ਥਾਂ ਨਵੀਆਂ ਨਿਯੁਕਤੀਆਂ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਇਲਾਵਾ ਕਾਨੂੰਨ ਸੈੱਲ ਦੇ ਪ੍ਰਧਾਨ ਤੇ ਵਿਧਾਇਕ ਹਰਪਾਲ ਸਿੰਘ ਚੀਮਾ ਅਤੇ ਉਪ ਪ੍ਰਧਾਨ ਤੇ ਬੁਲਾਰੇ ਜਸਤੇਜ ਉਤੇ ਆਧਾਰਤ ਦੋ ਮੈਂਬਰੀ ਕਮੇਟੀ ਬਣਾਈ ਹੈ, ਜੋ ਅਸਤੀਫੇ ਦੇਣ ਵਾਲੇ ਆਗੂਆਂ ਦਾ ਪੱਖ ਸੁਣ ਕੇ ਇਕ ਹਫਤੇ ਵਿਚ ਆਪਣੀ ਰਿਪੋਰਟ ਪਾਰਟੀ ਨੂੰ ਦੇਵੇਗੀ।

# ਅਮਰੀਕੀ ਸਕੂਲ ਪਾਠਕ੍ਰਮ ਦਾ ਹਿੱਸਾ ਬਣੇਗੀ ਗਦਰ ਲਹਿਰ

*(ਸਫਾ ਇਕ ਦੀ ਬਾਕੀ)*

ਓਰੇਗਾਨ ਦੇ ਅਟਾਰਨੀ ਜਨਰਲ ਐਲਨ ਐਫ ਰੋਜ਼ਨਬਲਮ ਨੇ ਕਿਹਾ ਕਿ 105 ਵਰ੍ਹੇ ਪਹਿਲਾਂ ਹੋਂਦ ਵਿਚ ਆਈ ਗਦਰ ਲਹਿਰ ਸਕੂਲ ਦੇ ਪਾਠਕ੍ਰਮ ਦਾ ਹਿੱਸਾ ਬਣੇਗੀ। ਔਰੇਗਨ ਦੇ ਗਵਰਨਰ ਕੇਟ ਬ੍ਰਾਊਨ ਨੇ ਕਿਹਾ ਕਿ ਇਕ ਸਦੀ ਪਹਿਲਾਂ, ਭਾਰਤ ਅਤੇ ਪੱਛਮ ਵਿਚ ਗਦਰ ਪਾਰਟੀ ਨੇ ਵੱਡੀ ਪਲਾਂਘ ਪੁੱਟਦਿਆਂ ਭਾਰਤ ਵਿਚ ਬਸਤਾਨਵੀ ਸ਼ਾਸਨ ਤੋਂ ਆਜ਼ਾਦੀ ਲਈ ਰਾਹ ਪੱਧਰਾ ਕੀਤਾ ਸੀ। ਇਹ ਸਮਾਗਮ ਉਸ ਇਮਾਰਤ ਨੇੜਲੇ ਪਾਰਕ ਵਿਚ ਹੋਇਆ ਜਿਸ ਵਿਚ 1913 ਵਿਚ ਭਾਰਤੀਆਂ ਨੇ ਪਹਿਲੀ ਮੀਟਿੰਗ ਕੀਤੀ ਸੀ ਤੇ ਇਸ ਪਾਰਟੀ ਦਾ ਗਠਨ ਕੀਤਾ ਸੀ।

ਸਥਾਨਕ ਇਤਿਹਾਸਕਾਰ ਜੋਹਾਨਾ ਓਗਨ ਨੇ ਕਿਹਾ ਕਿ ਐਸਟੋਰੀਆ ਵਿਚ ਹੋਈ ਪਹਿਲੀ ਮੀਟਿੰਗ ਬਾਰੇ ਕੁਝ ਵਰ੍ਹੇ ਪਹਿਲਾਂ ਤੱਕ ਇਤਿਹਾਸ ਵਿਚ ਕੋਈ ਜ਼ਿਕਰ ਨਹੀਂ ਸੀ। ਇਸ ਤੋਂ ਬਾਅਦ ਉਨ੍ਹਾਂ ਅਸਟੋਰੀਆ ਸਿਟੀ ਕੌਂਸਲ ਨੂੰ ਲਿਖਿਆ, ਜਿਸ ਤੋਂ ਬਾਅਦ ਉਦੋਂ ਦੇ ਮੇਅਰ ਨੇ ਪਹਿਲੀ ਮੀਟਿੰਗ ਦੀ 100ਵੀਂ ਵਰ੍ਹੇਗੰਢ ਦੀ ਯਾਦ ਵਿਚ ਪਾਰਕ ਵਿਚ ਤਖਤੀ ਲਵਾਈ ਸੀ।

# ਕਰਜ਼ ਨੇ ਲਈ ਪਰਿਵਾਰ ਦੇ 6 ਜੀਆਂ ਦੀਆਂ ਜਾਨਾਂ

**ਹਜ਼ਾਰੀਬਾਗ:** ਝਾਰਖੰਡ ਦੇ ਹਜ਼ਾਰੀਬਾਗ 'ਚ ਇਕੋ ਪਰਿਵਾਰ ਦੇ 6 ਜੀਆਂ ਦੀ ਮੌਤ ਨਾਲ ਇਲਾਕੇ ਦੇ ਲੋਕਾਂ 'ਚ ਸਹਿਮ ਹੈ। ਜ਼ਿਕਰਯੋਗ ਹੈ ਕਿ ਨਰੇਸ਼ ਮਹੇਸ਼ਵਰੀ ਨਾਂ ਦੇ ਵਿਅਕਤੀ ਨੇ ਆਪਣੇ ਮਾਂ-ਪਿਉ, ਪਤਨੀ ਤੇ ਦੋ ਬੱਚਿਆਂ ਦੀ ਹੱਤਿਆ ਕਰ ਕੇ ਖੁਦ ਛੱਤ ਤੋਂ ਛਾਲ ਮਾਰ ਕੇ ਜਾਨ ਦੇ ਦਿੱਤੀ। ਇਹ ਪਰਿਵਾਰ ਪਿਛਲੇ ਤਿੰਨ ਸਾਲ ਤੋਂ ਸੀ.ਬੀ.ਐਮ. ਅਪਾਰਟਮੈਂਟ 'ਚ ਰਹਿ ਰਿਹਾ ਸੀ।

ਨਰੇਸ਼ ਮਹੇਸ਼ਵਰੀ ਦੇ ਘਰੋਂ ਤਿੰਨ ਸੁਸਾਇਡ ਨੋਟ ਤੇ ਇਕ ਪਾਵਰ ਆਫ ਅਟਾਰਨੀ ਮਿਲਿਆ ਹੈ। ਸੁਸਾਇਡ ਨੋਟ 'ਚ ਖੌਫਨਾਕ ਕਦਮ ਚੁੱਕੇ ਜਾਣ ਪਿੱਛੇ ਕਈ ਕਾਰਨ ਦੱਸੇ ਹਨ ਜਿਨ੍ਹਾਂ ਵਿਚੋਂ ਕਰਜ਼ਾ ਇਕ ਸੀ। ਦਰਅਸਲ ਨਰੇਸ਼ ਮਹੇਸ਼ਵਰੀ ਦਾ ਕਾਰੋਬਾਰ ਨਹੀਂ ਚੱਲ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਨਰੇਸ਼ ਦੇ ਸਿਰ 50 ਲੱਖ ਰੁਪਏ ਦਾ ਕਰਜ਼ਾ ਸੀ ਜਿਸ ਕਾਰਨ ਉਹ ਤਣਾਅ 'ਚ ਰਹਿੰਦਾ ਸੀ। ਨਰੇਸ਼ ਮਹੇਸ਼ਵਰੀ ਨੇ ਆਪਣੇ 70 ਸਾਲਾ ਪਿਤਾ, 65 ਸਾਲਾ ਮਾਂ, 35 ਸਾਲਾ ਪਤਨੀ ਨੂੰ ਫਾਹਾ ਦੇ ਕੇ ਮਾਰ ਮੁਕਾਇਆ ਜਦਕਿ 9 ਸਾਲ ਦੇ ਬੇਟੇ ਅਮਨ ਅਗਰਵਾਲ ਦੀ ਗਲਾ ਵੱਢ ਕੇ ਹੱਤਿਆ ਕਰ ਦਿੱਤੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਫੀਫਾ ਵਿਸ਼ਵ ਕੱਪ: ਫਰਾਂਸ ਦੂਜੀ ਵਾਰ ਬਣਿਆ ਚੈਂਪੀਅਨ

**ਮਾਸਕੋ:** ਫਰਾਂਸ ਨੇ ਫੀਫਾ ਵਿਸ਼ਵ ਕੱਪ ਦੇ ਰੋਮਾਂਚਕ ਫਾਈਨਲ ਮੁਕਾਬਲੇ ਵਿਚ ਦਮਦਾਰ ਕ੍ਰੋਏਸ਼ੀਆ ਨੂੰ 4-2 ਨਾਲ ਹਾਰ ਕੇ ਦੂਜੀ ਵਾਰ ਵਿਸ਼ਵ ਚੈਂਪੀਅਨ ਬਨਣ ਦਾ ਮਾਣ ਹਾਸਲ ਕੀਤਾ। ਫਰਾਂਸ ਨੇ 18ਵੇਂ ਮਿੰਟ ਵਿਚ ਮਾਰੀਓ ਮੈਂਡਜ਼ੁਕਿਚ ਦੇ ਗੋਲ ਨਾਲ ਬੜ੍ਹਤ ਹਾਸਲ ਕੀਤੀ ਪਰ ਇਵਾਨ ਪੇਰਿਸਿਚ ਨੇ 28ਵੇਂ ਮਿੰਟ ਵਿਚ ਬਰਾਬਰੀ ਦਾ ਗੋਲ ਕਰ ਦਿੱਤਾ।

ਫਰਾਂਸ ਨੂੰ ਹਾਲਾਂਕਿ ਜਲਦੀ ਹੀ ਪੈਨਲਟੀ ਕਿੱਕ ਮਿਲ ਗਈ ਜਿਸ ਨੂੰ ਐਂਟੋਨੀ ਗ੍ਰੀਜ਼ਮੈਨ ਨੇ 38ਵੇਂ ਮਿੰਟ ਇਸ ਨੂੰ ਗੋਲ ਵਿਚ ਬਦਲ ਦਿੱਤਾ ਜਿਸ ਨਾਲ ਫਰਾਂਸ ਪਹਿਲੇ ਅੱਧ ਵਿਚ 2-1 ਨਾਲ ਅੱਗੇ ਰਿਹਾ। ਪਾਲ ਪੋਗਬਾ ਨੇ 59ਵੇਂ ਮਿੰਟ ਵਿਚ ਤੀਸਰਾ ਗੋਲ ਕੀਤਾ ਜਦੋਂ ਕਿ ਅਮਬਾਪੇ ਨੇ 65ਵੇਂ ਮਿੰਟ ਵਿਚ ਫਰਾਂਸ ਦੀ ਬੜ੍ਹਤ ਨੂੰ 4-1 ਕਰ ਦਿੱਤਾ। ਜਦੋਂ ਲੱਗ ਰਿਹਾ ਸੀ ਕਿ ਕ੍ਰੋਏਸ਼ੀਆ ਦੇ ਹੱਥੋਂ ਮੈਚ ਨਿਕਲ ਚੁੱਕਾ ਹੈ ਤਾਂ ਮੈਂਡਜ਼ੁਕਿਚ ਨੇ 69ਵੇਂ ਮਿੰਟ ਵਿਚ ਗੋਲ ਕਰ ਕੇ ਉਸ ਦੀ ਉਮੀਦ ਨੂੰ ਫਿਰ ਤੋਂ ਜਗਾਇਆ। ਫਰਾਂਸ ਨੇ ਇਸ ਤੋਂ ਪਹਿਲਾਂ 1998 ਵਿਚ ਵਿਸ਼ਵ ਕੱਪ ਜਿੱਤਿਆ ਸੀ। ਉਦੋਂ ਉਸ ਦੇ ਕਪਤਾਨ ਡਿਡਿਅਰ ਡੇਸਚੈਮਪਸ ਸਨ ਜੋ ਇਸ ਵਾਰ ਟੀਮ ਦੇ ਕੋਚ ਹਨ। ਇਸ ਤਰ੍ਹਾਂ ਡੇਸਚੈਮਪਸ ਖਿਡਾਰੀ ਅਤੇ ਕੋਚ ਦੇ ਰੂਪ ਵਿਚ ਵਿਸ਼ਵ ਕੱਪ ਜਿੱਤਣ ਵਾਲੇ ਤੀਸਰੇ ਖਿਡਾਰੀ ਬਣ ਗਏ ਹਨ।

ਉਸ ਤੋਂ ਪਹਿਲਾਂ ਬ੍ਰਾਜ਼ੀਲ ਦੇ ਮਾਰੀਓ ਜਗਾਲੋ ਅਤੇ ਜਰਮਨੀ ਦੇ ਫ੍ਰੈਂਕ ਬੇਕਨਬਊਰ ਨੇ ਇਹ ਮੁਕਾਮ ਹਾਸਲ ਕੀਤਾ ਹੈ। ਕ੍ਰੋਏਸ਼ੀਆ ਪਹਿਲੀ ਵਾਰ ਫਾਈਨਲ ਵਿਚ ਪਹੁੰਚਿਆ ਸੀ। ਉਸ ਨੇ ਆਪਣੇ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਅਤੇ ਆਪਣੀ ਸ਼ਾਨਦਾਰ ਖੇਡ ਨਾਲ ਦਰਸ਼ਕਾਂ ਦਾ ਦਿਲ ਜਿੱਤਿਆ। ਬੇਸ਼ੱਕ ਕ੍ਰੋਏਸ਼ੀਆ ਨੇ ਬਿਹਤਰ ਫੁੱਟਬਾਲ ਖੇਡਿਆ ਪਰ ਫਰਾਂਸ ਵਧੇਰੇ ਪ੍ਰਭਾਵਸ਼ਾਲੀ ਤੇ ਚਲਾਕੀ ਵਾਲੀ ਖੇਡ ਦਾ ਪ੍ਰਦਰਸ਼ਨ ਕਰਨ ਵਿਚ ਕਾਮਯਾਬ ਰਿਹਾ। ਜਿਸ ਦੇ ਦਮ ਉਤੇ ਉਹ 20 ਸਾਲ ਵਿਚ ਦੂਸਰੀ ਵਾਰ ਵਿਸ਼ਵ ਚੈਂਪੀਅਨ ਬਨਣ ਵਿਚ ਸਫਲ ਰਿਹਾ। ਕ੍ਰੋਏਸ਼ੀਆ ਨੇ ਵਧੀਆ ਸ਼ੁਰੂਆਤ ਕੀਤੀ ਅਤੇ ਪਹਿਲੇ ਅੱਧ ਵਿਚ ਨਾ ਸਿਰਫ ਬਾਲ 'ਤੇ ਜ਼ਿਆਦਾ ਕਬਜ਼ਾ ਕੀਤਾ ਸਗੋਂ ਇਸ ਦੌਰਾਨ ਹਮਲੇ ਵਾਲੀ ਰਣਨੀਤੀ ਨਾਲ ਖੇਡ ਵੀ ਦਿਖਾਇਆ।



ਫਰਾਂਸ ਨੂੰ ਪਹਿਲਾ ਮੌਕਾ 18ਵੇਂ ਮਿੰਟ ਵਿਚ ਮਿਲਿਆ ਜਦੋਂ ਬਾਕਸ ਵਿਚ ਕਿੱਕ ਦਾ ਮੌਕਾ ਮਿਲਿਆ। ਇਸ ਦੌਰਾਨ ਮੈਂਡਜ਼ੁਕਿਚ ਨੇ ਉਸ ਉਤੇ ਹੈਡਰ ਲਗਾ ਦਿੱਤਾ ਅਤੇ ਗੇਂਦ ਗੋਲ ਵਿਚ ਚਲੀ ਗਈ ਇਸ ਤਰ੍ਹਾਂ ਮੈਂਡਜ਼ੁਕਿਚ ਫਾਈਨਲ ਵਿਚ ਆਤਮਘਾਤੀ ਗੋਲ ਕਰਨ ਵਾਲੇ ਪਹਿਲੇ ਖਿਡਾਰੀ ਬਣ ਗਏ। ਇਸ ਤੋਂ ਇਲਾਵਾ ਵਰਤਮਾਨ ਵਿਸ਼ਵ ਕੱਪ ਵਿਚ ਇਹ 12ਵਾਂ ਆਤਮਘਾਤੀ ਗੋਲ ਸੀ। ਫਿਰ ਪੇਰਿਸਿਚ ਨੇ ਗੋਲ ਕਰ ਕੇ ਸਕੋਰ 1-1 ਕਰ ਦਿੱਤਾ। ਪਰ ਇਸ ਤੋਂ ਬਾਅਦ ਪੇਰੀਸਿਚ ਨੇ ਇਕ ਗਲਤੀ ਕਰਦੇ ਹੋਏ ਬਾਲ ਨੂੰ ਹੱਥ ਲਗਾ ਦਿੱਤਾ ਜਿਸ ਨਾਲ ਫਰਾਂਸ ਨੂੰ ਪੈਨਲਟੀ ਕਿੱਕ ਮਿਲ ਗਈ ਜਿਸ ਨੂੰ ਗ੍ਰੀਜ਼ਮੈਨ ਨੇ ਬਿਨਾਂ ਗਲਤੀ ਕੀਤੇ ਗੋਲ ਵਿਚ ਬਦਲ ਦਿੱਤਾ ਅਤੇ ਸਕੋਰ 2-1 ਕਰ ਦਿੱਤਾ। ਇਹ 1974 ਤੋਂ ਬਾਅਦ ਪਹਿਲਾ ਮੌਕਾ ਸੀ ਜਦੋਂ ਪਹਿਲੇ ਅੱਧ ਵਿਚ ਤਿੰਨ ਗੋਲ ਹੋਏ ਹੋਣ।

ਕ੍ਰੋਏਸ਼ੀਆ ਨੇ ਦੂਸਰੇ ਅੱਧ ਵਿਚ ਵੀ ਹਮਲਾਵਰ ਰੁੱਖ ਜਾਰੀ ਰੱਖਿਆ। ਦੂਸਰੇ ਅੱਧ ਵਿਚ ਫਰਾਂਸ ਦੀ ਟੀਮ ਬਦਲੀ ਜਿਹੀ ਲੱਗੀ ਅਤੇ 59ਵੇਂ ਮਿੰਟ ਵਿਚ ਪੋਗਬਾ ਨੇ ਇਕ ਸ਼ਾਨਦਾਰ ਗੋਲ ਕਰਦੇ ਹੋਏ ਟੀਮ ਨੂੰ 3-1 ਨਾਲ ਅੱਗੇ ਕਰ ਦਿੱਤਾ। ਇਸ ਤੋਂ 6 ਮਿੰਟ ਬਾਅਦ ਹੀ ਅਮਬਾਪੇ ਨੇ ਸਕੋਰ ਨੂੰ ਇਕ ਹੋਰ ਸ਼ਾਨਦਾਰ ਨਾਲ 4-1 ਕਰ ਦਿੱਤਾ। ਉਸ ਨੇ 25 ਗਜ਼ ਤੋਂ ਇਕ ਸ਼ਾਨਦਾਰ ਕਿੱਕ ਮਾਰੀ ਜਿਸ ਦਾ ਵਿਰੋਧੀ ਟੀਮ ਦੇ ਗੋਲਕੀਪਰ ਕੋਲ ਕੋਈ ਜਵਾਬ ਨਹੀਂ ਸੀ।

ਅਮਬਾਪੇ ਨੇ 19 ਸਾਲ ਅਤੇ 207 ਦਿਨ ਦੀ ਉਮਰ ਵਿਚ ਗੋਲ ਕੀਤਾ ਅਤੇ ਉਹ ਵਿਸ਼ਵ ਕੱਪ ਫਾਈਨਲ ਵਿਚ ਗੋਲ ਕਰਨ ਵਾਲੇ ਸਭ ਤੋਂ ਘੱਟ ਉਮਰ ਦੇ ਖਿਡਾਰੀ ਬਣ ਗਏ। ਪੇਲੇ ਨੇ 1958 ਵਿਚ 17 ਸਾਲ ਦੀ ਉਮਰ ਵਿਚ ਗੋਲ ਕੀਤਾ ਸੀ। ਕ੍ਰੋਏਸ਼ੀਆ ਵੀ ਹਾਰ ਮੰਨਣ ਨੂੰ ਤਿਆਰ ਨਹੀਂ ਸੀ ਅਤੇ ਤਿੰਨ ਗੋਲਾਂ ਤੋਂ ਪਿੱਛੇ ਹੋਣ ਦਾ ਬਾਵਜੂਦ ਉਸ ਦਾ ਜਜ਼ਬਾ ਦੇਖਣ ਵਾਲਾ ਸੀ।

ਇਸ ਦੌਰਾਨ ਫਰਾਂਸ ਦੇ ਗੋਲਕੀਪਰ ਨੇ ਗਲਤੀ ਕੀਤੀ ਅਤੇ ਮੈਂਡਜ਼ੁਕਿਚ ਨੇ ਇਸ ਗਲਤੀ ਦਾ ਪੂਰਾ ਫਾਇਦਾ ਚੁੱਕਿਆ ਅਤੇ ਗੋਲ ਕਰ ਦਿੱਤਾ। ਕ੍ਰੋਏਸ਼ੀਆ ਫਾਰਵਡ ਨੇ ਉਸ ਤੋਂ ਬਾਲ ਖੋਹ ਕੇ ਆਸਾਨੀ ਨਾਲ ਗੋਲ ਵਿਚ ਮਾਰ ਦਿੱਤੀ। ਇਸ ਤੋਂ ਬਾਅਦ ਵੀ ਕ੍ਰੋਏਸ਼ੀਆ ਨੇ ਹਾਰ ਨਹੀਂ ਮੰਨੀ ਤੇ ਲਗਾਤਾਰ ਯਤਨ ਕੀਤੇ ਪਰ ਸਫਲ ਨਹੀਂ ਹੋ ਸਕੀ। ਰੈਫਰੀ ਦੀ ਆਖਰੀ ਸੀਟੀ ਵੱਜਣ ਦੇ ਨਾਲ ਹੀ ਫਰਾਂਸ ਜਸ਼ਨ ਵਿਚ ਡੁੱਬ ਗਿਆ।

## ਮੋਦੀ ਦੇ ਵਿਦੇਸ਼ੀ ਦੌਰਿਆਂ ਦਾ ਗਿੰਨੀਜ਼ ਵਰਲਡ ਬੁੱਕ ਰਿਕਾਰਡ!

**ਪਣਜੀ:** ਕਾਂਗਰਸ ਦੀ ਗੋਆ ਇਕਾਈ ਨੇ ਗਿੰਨੀਜ਼ ਵਰਲਡ ਰਿਕਾਰਡਜ਼ (ਜੀ. ਡਬਲਿਊ. ਆਰ.) ਨੂੰ ਪੱਤਰ ਲਿਖ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਉਤੇ ਸਭ ਤੋਂ ਵੱਧ ਵਿਦੇਸ਼ੀ ਦੌਰੇ ਕਰਨ ਦਾ ਰਿਕਾਰਡ ਦਰਜ ਕਰਨ ਦੀ ਮੰਗ ਕੀਤੀ ਹੈ। ਪੱਤਰ 'ਚ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚਾਰ ਸਾਲ ਦੇ ਕਾਰਜਕਾਲ ਦੌਰਾਨ 41 ਵਿਦੇਸ਼ੀ ਯਾਤਰਾਵਾਂ ਕਰ ਕੇ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ।

ਗੋਆ ਕਾਂਗਰਸ ਦੇ ਮੁੱਖ ਸਕੱਤਰ ਅਮੋਨਕਰ ਵੱਲੋਂ ਬ੍ਰਿਟੇਨ ਸਥਿਤ ਜੀ. ਡਬਲਿਊ. ਆਰ. ਦੇ ਅਧਿਕਾਰੀਆਂ ਨੂੰ ਰਜਿਸਟਰਡ ਪੋਸਟ ਜ਼ਰੀਏ ਭੇਜੇ ਗਏ ਪੱਤਰ 'ਚ ਕਿਹਾ ਗਿਆ ਹੈ ਕਿ ਮੋਦੀ ਨੇ ਦੇਸ਼ ਦੇ ਸਾਧਨਾਂ ਦਾ ਸਹੀ ਉਪਯੋਗ ਕਰਦਿਆਂ ਚਾਰ ਸਾਲਾਂ 'ਚ 52 ਦੇਸ਼ਾਂ ਦਾ ਯਾਤਰਾ ਕਰ ਕੇ ਰਿਕਾਰਡ ਕਾਇਮ ਕੀਤਾ ਹੈ। ਇਸ ਲਈ ਮੋਦੀ ਹੁਣ ਤੱਕ 355 ਕਰੋੜ ਰੁਪਏ ਖਰਚ ਕਰ ਚੁੱਕੇ ਹਨ। ਇਸ ਦੇ ਨਾਲ ਹੀ ਉਨ੍ਹਾਂ ਮੋਦੀ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮੋਦੀ ਦੇ ਕਾਰਜਕਾਲ 'ਚ ਭਾਰਤੀ ਰੁਪਇਆ ਅਮਰੀਕੀ ਡਾਲਰ ਦੇ ਮੁਕਾਬਲੇ 69.03 ਰੁਪਏ ਦੇ ਪੱਧਰ ਉਤੇ ਪਹੁੰਚ ਗਿਆ ਹੈ।

## ਵਟਸਐਪ ਸੰਦੇਸ਼ਾਂ ਦੀ ਟੈਪਿੰਗ 'ਤੇ ਕਸੂਤੀ ਘਿਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਦੇਸ਼ ਦੇ ਨਾਗਰਿਕਾਂ ਦੇ ਵਟਸਐਪ ਸੰਦੇਸ਼ਾਂ ਦੀ ਟੈਪਿੰਗ ਦੀਆਂ ਤਿਆਰੀਆਂ 'ਤੇ ਮੋਦੀ ਸਰਕਾਰ ਘਿਰ ਗਈ ਹੈ। ਸੁਪਰੀਮ ਕੋਰਟ ਦੀ ਟਿੱਪਣੀ ਮਗਰੋਂ ਕਾਂਗਰਸ ਨੇ ਸਰਕਾਰ ਉਪਰ ਵੱਡਾ ਹਮਲਾ ਬੋਲਿਆ ਹੈ। ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਸੁਪਰੀਮ ਕੋਰਟ ਨੇ ਸੋਸ਼ਲ ਮੀਡੀਆ ਹੱਬ ਕਾਇਮ ਕਰਨ ਬਾਰੇ ਉਸ ਦੇ ਖ਼ਦਸ਼ਿਆਂ ਉਤੇ ਮੋਹਰ ਲਾਈ ਹੈ।

ਅਦਾਲਤ ਨੇ ਕੇਂਦਰ ਸਰਕਾਰ ਨੂੰ ਆਖਿਆ ਸੀ ਕਿ ਕੀ ਉਹ ਨਾਗਰਿਕਾਂ ਦੇ ਵਟਸਐਪ ਸੰਦੇਸ਼ਾਂ ਦੀ ਟੈਪਿੰਗ ਕਰ ਕੇ 'ਸਰਵੇਲੈਂਸ ਰਾਜ' ਕਾਇਮ ਕਰਨਾ ਚਾਹੁੰਦੀ ਹੈ।

ਕਾਂਗਰਸ ਦੇ ਸੰਚਾਰ ਮਾਮਲਿਆਂ ਦੇ ਇੰਚਾਰਜ ਰਣਦੀਪ ਸੁਰਜੇਵਾਲਾ ਨੇ ਟਵੀਟ ਰਾਹੀਂ ਕਿਹਾ ਕਿ ਕਾਂਗਰਸ ਨੇ ਪਹਿਲੀ ਜੂਨ ਨੂੰ ਇਹ ਗੰਭੀਰ ਮੁੱਦਾ ਉਠਾਇਆ ਸੀ ਕਿ ਮੋਦੀ ਸਰਕਾਰ 'ਸੋਸ਼ਲ ਮੀਡੀਆ ਕਮਿਊਨੀਕੇਸ਼ਨ ਹੱਬ' ਕਾਇਮ ਕਰ ਕੇ ਸੂਹੀਆ ਰਾਜ ਕਾਇਮ ਕਰਨ ਦੇ ਰਾਹ ਪੈ ਗਈ ਹੈ।

# ਸਿੱਖਾਂ ਖਿਲਾਫ ਸਖਤੀ ਦੇ ਹੱਕ ਵਿਚ ਸੀ ਥੈਚਰ ਸਰਕਾਰ

**ਲੰਡਨ:** ਹਾਲ ਹੀ ਵਿਚ ਨਸ਼ਰ ਕੀਤੇ ਗਏ ਕੁਝ ਗੁਪਤ ਦਸਤਾਵੇਜ਼ਾਂ ਤੋਂ ਪਤਾ ਚੱਲਿਆ ਹੈ ਕਿ ਉਸ ਵੇਲੇ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਬਰਤਾਨਵੀ ਸਰਕਾਰ ਨੇ 1984 ਵਿਚ ਸਾਕਾ ਨੀਲਾ ਤਾਰਾ ਤੋਂ ਬਾਅਦ ਦੇਸ਼ ਵਿਚ ਸਿੱਖਾਂ ਵੱਲੋਂ ਕੀਤੇ ਰੋਸ ਮੁਜ਼ਾਹਰਿਆਂ ਉਤੇ ਪਾਬੰਦੀ ਲਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਸਨ।

ਪਿਛਲੇ ਮਹੀਨੇ ਬਰਤਾਨੀਆ ਦੇ ਇਕ ਜੱਜ ਵੱਲੋਂ ਇਹ ਫੈਸਲਾ ਦੇਣ ਤੋਂ ਬਾਅਦ ਦਸਤਾਵੇਜ਼ ਜਾਰੀ ਕੀਤੇ ਗਏ ਸਨ ਕਿ ਡਾਊਨਿੰਗ ਸਟਰੀਟ ਦੇ ਕਾਗਜ਼ਾਤ ਨਸ਼ਰ ਹੋਣ ਨਾਲ ਭਾਰਤ ਨਾਲ ਕੂਟਨੀਤਕ ਸਬੰਧਾਂ ਉਤੇ ਕੋਈ ਅਸਰ ਨਹੀਂ ਪਵੇਗਾ। ਉਂਜ ਇਨ੍ਹਾਂ ਦਸਤਾਵੇਜ਼ਾਂ ਤੋਂ ਸਾਕਾ ਨੀਲਾ ਤਾਰਾ ਉਪਰੇਸ਼ਨ ਵਿਚ ਬਰਤਾਨੀਆ ਦੀ ਸ਼ਮੂਲੀਅਤ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਪਰ ਇਨ੍ਹਾਂ ਤੋਂ ਇਹ ਸੰਕੇਤ ਜ਼ਰੂਰ ਮਿਲਦਾ ਹੈ ਕਿ ਬਰਤਾਨਵੀ ਸਰਕਾਰ ਆਪਣੇ ਲਾਹੇਵੰਦ ਵਪਾਰਕ ਸੌਦਿਆਂ ਦੀ ਖਾਤਰ ਰਾਜੀਵ ਗਾਂਧੀ ਸਰਕਾਰ ਨੂੰ ਅਸਥਿਰ ਹੋਣ ਦੇਣ ਦੇ ਪੱਖ ਵਿਚ ਨਹੀਂ ਸੀ।



ਮਾਰਗਰੇਟ ਥੈਚਰ

ਥੈਚਰ ਦੇ ਵਿਦੇਸ਼ ਮੰਤਰੀ ਸਰ ਜੈਫਰੀ ਹਾਓ ਬਰਤਾਨਵੀ ਸਿੱਖਾਂ ਦੇ ਗਰੁੱਪਾਂ ਜਿਨ੍ਹਾਂ ਵਿਚ ਕਥਿਤ ਰਿਪਬਲਿਕ ਆਫ ਖਾਲਿਸਤਾਨ ਵੀ ਸ਼ਾਮਲ ਸੀ, ਦੇ ਪ੍ਰਦਰਸ਼ਨਾਂ ਉਤੇ ਪਾਬੰਦੀ ਲਾਉਣਾ ਚਾਹੁੰਦੇ ਸੀ ਕਿਉਂਕਿ ਮੌਜੂਦਾ ਹਾਲਾਤ ਵਿਚ ਸਿੱਖ ਰੋਸ ਮਾਰਚ ਕਾਰਨ ਨਾ ਕੇਵਲ ਇੰਡੋ-ਬ੍ਰਿਟਿਸ਼ ਸਬੰਧਾਂ ਉਤੇ ਗੰਭੀਰ ਅਸਰ ਪੈ ਸਕਦਾ ਸੀ ਸਗੋਂ ਉਸ ਦੇਸ਼ ਦੀ ਕਾਨੂੰਨ ਵਿਵਸਥਾ ਉਤੇ ਸਵਾਲੀਆ ਨਿਸ਼ਾਨ ਲੱਗ ਸਕਦਾ ਸੀ। ਜੈਫਰੀ ਹਾਓ ਦੇ ਪ੍ਰਾਈਵੇਟ ਸਕੱਤਰ ਲਿਓਨਾਰਡ ਐਪਲਯਾਰਡ ਦੇ ਹੋਮ ਆਫਿਸ ਵੱਲੋਂ ਭੇਜੇ ਇਕ ਨੋਟ ਵਿਚ ਕਿਹਾ ਗਿਆ ਕਿ ਇਸ ਨਾਲ ਭਾਰਤ ਸਰਕਾਰ ਦੀ ਯੂਕੇ ਨਾਲ ਤਣਾਤਣੀ ਜ਼ਿਆਦਾ ਤੇਜ਼ ਹੋ ਸਕਦੀ ਸੀ ਤੇ ਉਥੋਂ ਦੀ ਸਰਕਾਰ ਉਸ ਮੁਲਕ ਵਿਚ ਸਿੱਖ ਕੱਟੜਪੰਥੀਆਂ ਦੀਆਂ ਸਰਗਰਮੀਆਂ ਨੂੰ ਦਬਾਉਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਸੀ। ਵਪਾਰਕ ਬਾਈਕਾਟ ਕਾਰਨ ਕਰੀਬ 5 ਅਰਬ ਪਾਊਂਡ ਦੇ ਸੌਦੇ ਰੱਦ ਹੋਣ ਦਾ ਖਤਰਾ ਸੀ। 1984 ਵਿਚ ਯੂਕੇ ਭਾਰਤ ਨੂੰ ਵੈਸਟਲੈਂਡ ਹੈਲੀਕਾਪਟਰ ਵੇਚਣ ਦੀ ਕੋਸ਼ਿਸ਼ ਕਰ ਰਿਹਾ ਸੀ।

ਨਵੇਂ ਦਸਤਾਵੇਜ਼ਾਂ ਵਿਚ ਕੁਝ ਪ੍ਰੇਸ਼ਾਨਕੁਨ ਵੇਰਵੇ ਸਨ ਕਿ ਕਿਵੇਂ ਕੁਝ ਬਰਤਾਨਵੀ ਸਿਆਸਤਦਾਨਾਂ ਨੇ ਭਾਰਤ ਨਾਲ ਆਪਣੇ ਵਪਾਰਕ ਰਿਸ਼ਤਿਆਂ ਦੀ ਖਾਤਰ ਆਪਣੇ ਸਿੱਖ ਸ਼ਹਿਰੀਆਂ ਦੇ ਨਾਗਰਿਕ ਹੱਕਾਂ ਦੀ ਅਵਹੇਲਨਾ ਕੀਤੀ ਸੀ ਪਰ ਕੁੱਲ ਮਿਲਾ ਕੇ ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਕੈਬਨਿਟ ਦਫਤਰ ਸਾਕਾ ਨੀਲਾ ਤਾਰਾ ਬਾਰੇ ਕਿਸੇ ਵੀ ਤਰ੍ਹਾਂ ਦੀ ਸਮੱਗਰੀ ਨਸ਼ਰ ਹੋਣ ਤੋਂ ਰੋਕਦਾ ਆ ਰਿਹਾ ਸੀ। ਇਕ ਖੋਜੀ ਪੱਤਰਕਾਰ ਫਿਲ ਮਿਲਰ ਸੂਚਨਾ ਦੇ ਅਧਿਕਾਰ ਤਹਿਤ ਇਹ ਦਸਤਾਵੇਜ਼ ਨਸ਼ਰ ਕਰਾਉਣ ਦੀ ਕੋਸ਼ਿਸ਼ ਕਰਦਾ ਆ ਰਿਹਾ ਸੀ। ਲੰਮੀ ਕਾਨੂੰਨੀ ਲੜਾਈ ਪਿਛੋਂ ਜੂਨ ਮਹੀਨੇ ਸੂਚਨਾ ਦੇ ਟ੍ਰਿਬਿਊਨਲ ਨੇ ਯੂਕੇ ਸਰਕਾਰ ਨੂੰ ਖੁਫ਼ੀਆ ਤੇ ਸੁਰੱਖਿਆ ਏਜੰਸੀਆਂ ਨਾਲ ਸਬੰਧਤ ਸਮੱਗਰੀ ਰੋਕ ਕੇ ਰੱਖਣ ਦੀ ਆਗਿਆ ਦੇ ਦਿੱਤੀ ਸੀ।

ਪਿਛਲੇ ਸਾਲ ਨਵੰਬਰ ਮਹੀਨੇ ਜਾਰੀ ਕੀਤੀ ਗਈ ਰਿਪੋਰਟ 'ਸੈਕਰੀਫਾਇਸਿੰਗ ਸਿੱਖਜ਼: ਦਿ ਨੀਡ ਫਾਰ ਐਨ ਇਨਵੈਸਟੀਗੇਸ਼ਨ' ਦੇ ਲੇਖਕ ਮਿਲਰ ਨੇ ਕਿਹਾ ''ਮੇਰਾ ਖਿਆਲ ਹੈ ਕਿ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਇਸ ਕੇਸ ਵਿਚ ਥੋੜ੍ਹੀ ਜਿਹੀ ਸਮੱਗਰੀ ਨਸ਼ਰ ਕੀਤੇ ਜਾਣ ਤੋਂ ਲੋਕ ਨਿਰਾਸ਼ ਹੋਣਗੇ। ਇਸ ਤੋਂ ਯੂਕੇ ਦੇ ਸੂਚਨਾ ਦੀ ਆਜ਼ਾਦੀ ਦੇ ਕਾਨੂੰਨ ਵਿਚਲੀਆਂ ਕਮੀਆਂ ਉਜਾਗਰ ਹੋਈਆਂ ਹਨ ਜਿਸ ਨੂੰ ਅਮਰੀਕਾ ਵਾਂਗ ਇਸ ਖੁਫ਼ੀਆ ਤੇ ਸੁਰੱਖਿਆ ਏਜੰਸੀਆਂ ਬਾਰੇ ਪੱਤਰਕਾਰਾਂ ਨੂੰ ਪੜਤਾਲ ਕਰਨ ਦੇਣ ਲਈ ਹੋਰ ਅਧਿਕਾਰ ਦੇਣ ਦੀ ਲੋੜ ਮਹਿਸੂਸ ਹੁੰਦੀ ਹੈ।

# ਐਂਗਲੋ ਸਿੱਖ ਨਿਸ਼ਾਨੀਆਂ ਨੂੰ ਜਿਉਂਦਾ ਕਰੇਗਾ ਵਰਚੂਅਲ ਮਿਊਜ਼ੀਅਮ


**ਲੰਡਨ:** ਹਜ਼ਾਰਾਂ ਮੀਲ ਦੂਰ ਲੰਡਨ ਦੇ ਟਾਵਰ ਵਿਚਲੇ ਜਿਊਲ ਹਾਊਸ ਵਿਚ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਰੱਖੇ 'ਕੋਹਿਨੂਰ' ਹੀਰੇ ਦਾ ਆਪਣੇ ਸਮਾਰਟ ਫੋਨ ਜਾਂ ਲੈਪਟੌਪ ਉਤੇ 'ਅਹਿਸਾਸ' ਕਰਨਾ ਜਲਦੀ ਹੀ ਹਕੀਕੀ ਰੂਪ ਲਏਗਾ। ਯੂਕੇ ਅਧਾਰਤ ਸਿੱਖ ਮਿਊਜ਼ੀਅਮ ਇਨੀਸ਼ੀਏਟਿਵ (ਐਸ.ਐਮ.ਆਈ.) ਇਕ ਪ੍ਰੋਜੈਕਟ ਉਤੇ ਕੰਮ ਕਰ ਰਿਹਾ ਹੈ, ਜੋ ਕਿੱਸੇ ਕਹਾਣੀਆਂ ਦਾ ਹਿੱਸਾ ਰਹੇ ਇਸ ਹੀਰੇ ਤੇ ਹੋਰਨਾਂ ਐਂਗਲੋ-ਸਿੱਖ ਨਿਸ਼ਾਨੀਆਂ ਤੱਕ ਅਸਲ (ਯਥਾਰਥਕ) ਰਸਾਈ ਮੁਹੱਈਆ ਕਰਵਾਏਗਾ। ਆਲਮੀ ਪੱਧਰ ਉਤੇ ਲੋਕਾਂ ਨੂੰ ਇਨ੍ਹਾਂ ਨਿਸ਼ਾਨੀਆਂ ਦੇ ਮੋਬਾਈਲ ਤੇ ਹੋਰਨਾਂ ਮੰਚਾਂ ਰਾਹੀਂ ਦਰਸ਼ਨ ਕਰਾਉਣ ਲਈ ਇਨ੍ਹਾਂ ਨੂੰ ਡਿਜੀਟਾਈਜ਼ ਕਰਨ ਲਈ 3ਡੀ ਮਾਡਲਿੰਗ ਤੇ ਔਗਮੈਂਟਿਡ ਰਿਐਲਿਟੀ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਐਸ.ਐਮ.ਆਈ. ਟੀਮ ਵੱਲੋਂ ਆਪਣੀ ਤਰ੍ਹਾਂ ਦੇ ਇਸ ਪਹਿਲੇ ਐਂਗਲੋ-ਸਿੱਖ ਵਰਚੂਅਲ ਮਿਊਜ਼ੀਅਮ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਦੋ ਸਾਲ 'ਚ ਮੁਕੰਮਲ ਹੋਣ ਵਾਲੇ ਇਸ ਪ੍ਰੋਜੈਕਟ ਲਈ ਪੈਸਾ ਹੈਰੀਟੇਜ ਲਾਟਰੀ ਫੰਡ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ। ਪ੍ਰੋਜੈਕਟ ਲਈ 65 ਹਜ਼ਾਰ ਪਾਊਂਡ ਲਗਭਗ 60 ਲੱਖ ਰੁਪਏ ਦੀ ਗਰਾਂਟ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ। ਐਸ.ਐਮ.ਆਈ. ਦੇ ਡਾਇਰੈਕਟਰ ਗੁਰਿੰਦਰ ਸਿੰਘ ਮਾਨ ਨੇ ਕਿਹਾ ਕਿ ਸਿੱਖ ਇਤਿਹਾਸ ਤੇ ਸਭਿਆਚਾਰ ਨੂੰ ਸਮਰਪਤ ਕਈ ਵੈੱਬਸਾਈਟਾਂ ਮੌਜੂਦ ਹਨ, ਪਰ ਕਿਸੇ ਵੀ ਸਾਈਬਰ ਗੈਲਰੀ ਵਿਚ ਪਰਸਪਰ ਪ੍ਰਭਾਵ ਵਾਲੇ ਫੀਚਰ ਮੌਜੂਦ ਨਹੀਂ ਹਨ। ਅਸੀਂ ਚਾਹੁੰਦੇ ਹਾਂ ਕਿ ਲੋਕ ਵਰਚੂਅਲ ਹੈੱਡਸੈੱਟਜ਼ ਨਾਲ ਲੈਸ ਹੋ ਕੇ ਸਾਡੇ ਮਿਊਜ਼ੀਅਮ ਦੀ ਫੇਰੀ ਪਾਉਂਦਿਆਂ ਇਨ੍ਹਾਂ ਨਿਸ਼ਾਨੀਆਂ ਨੂੰ ਵੱਖ ਵੱਖ ਕੋਣਾਂ ਤੋਂ ਵੇਖਣ ਅਤੇ ਆਇਕਨਜ਼ ਉਤੇ ਕਲਿੱਕ ਕਰ ਕੇ ਇਨ੍ਹਾਂ ਦੀ ਅਹਿਮੀਅਤ ਬਾਰੇ ਜਾਣਨ। ਸ੍ਰੀ ਮਾਨ ਅਤੇ 3ਡੀ ਕਲਾਕਾਰ ਤਾਰਨ ਸਿੰਘ ਨੇ ਕਿਹਾ ਕਿ ਇਥੋਂ ਤੱਕ ਕਿ ਉਹ ਨਿਸ਼ਾਨੀਆਂ, ਜਿਨ੍ਹਾਂ ਦਾ ਕੋਈ ਥਹੁ ਪਤਾ ਨਹੀਂ ਜਾਂ ਜਿਨ੍ਹਾਂ ਤੱਕ ਪਹੁੰਚ ਸੰਭਵ ਨਹੀਂ, ਨੂੰ ਡਿਜੀਟਲੀ ਜਿਉਂਦਿਆਂ ਕੀਤਾ ਜਾ ਸਕਦਾ ਹੈ। ਤਾਰਨ ਸਿੰਘ ਮੁਤਾਬਕ ਇਨ੍ਹਾਂ ਕਲਾਕਿਰਤਾਂ ਨੂੰ ਡਿਜੀਟਲ ਸ਼ਕਲ ਵਿਚ ਮੁੜ ਸਿਰਜਣ ਤੇ ਆਧੁਨਿਕ ਤਕਨੀਕ ਦੀ ਮਦਦ ਨਾਲ ਮੁੜ ਪੇਸ਼ ਕਰਨ ਸਦਕਾ ਇਤਿਹਾਸ ਦਾ ਹਿੱਸਾ ਬਣੀਆਂ ਇਨ੍ਹਾਂ ਵਸਤਾਂ ਤੱਕ ਆਉਣ ਵਾਲੀਆਂ ਪੀੜ੍ਹੀਆਂ ਦੀ ਰਸਾਈ ਸੰਭਵ ਹੋ ਜਾਵੇਗੀ।

# ਇਜ਼ਰਾਇਲ 'ਚ ਹੁਣ ਕੰਧਾਂ 'ਤੇ ਉਗਣਗੀਆਂ ਸਬਜ਼ੀਆਂ

**ਨਵੀਂ ਦਿੱਲੀ:** ਤਕਨੀਕੀ ਪੱਖੋਂ ਇਜ਼ਰਾਇਲ ਨੂੰ ਸਿਰਤਾਜ ਮੰਨ ਲਿਆ ਜਾਵੇ ਤਾਂ ਇਸ 'ਚ ਕੋਈ ਅਤਿਕਥਨੀ ਨਹੀਂ। ਫਿਰ ਇਹ ਤਕਨੀਕ ਚਾਹੇ ਖੇਤੀ ਦੀ ਹੋਵੇ, ਹਥਿਆਰਾਂ ਦੀ ਜਾਂ ਕੰਪਿਊਟਰ ਇੰਟਰਨੈੱਟ ਨਾਲ ਜੁੜੀ ਹੋਈ। ਇਥੋਂ ਤੱਕ ਕਿ ਇਜ਼ਰਾਇਲ ਨੇ ਕੰਧਾਂ ਉਤੇ ਸਬਜ਼ੀਆਂ ਉਗਾਉਣ ਦਾ ਕੰਮ ਵੀ ਸੰਭਵ ਕਰ ਦਿਖਾਇਆ ਹੈ। ਖੇਤੀ ਦੇ ਮਾਮਲੇ 'ਚ ਇਜ਼ਰਾਇਲ ਦੀਆਂ ਤਕਨੀਕਾਂ ਦੀ ਮਿਸਾਲ ਪਹਿਲਾਂ ਹੀ ਦੁਨੀਆਂ ਭਰ 'ਚ ਦਿੱਤੀ ਜਾਂਦੀ ਹੈ। ਹੁਣ ਇਜ਼ਰਾਇਲ ਨੇ ਜ਼ਮੀਨ ਦੀ ਕਮੀ ਦੇਖਦਿਆਂ ਦੀਵਾਰਾਂ ਉਤੇ ਵੀ ਸਬਜ਼ੀਆਂ ਉਗਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਜ਼ਰਾਇਲੀ ਕੰਪਨੀ ਗ੍ਰੀਨਵਾਲ ਨੇ ਖੇਤੀ ਦੀ ਖਾਸ ਵਿਧੀ ਵਰਟੀਕਲ ਗਾਰਡਨ ਬਾਜ਼ਾਰ 'ਚ ਵੀ ਉਪਲਬਧ ਕਰਵਾ ਦਿੱਤੀ ਹੈ। ਇਸ ਤਕਨੀਕ ਦੇ ਸਹਾਰੇ ਕਿਸੇ ਵੀ ਜਗ੍ਹਾ ਖੇਤੀ ਕੀਤੀ ਜਾ ਸਕਦੀ ਹੈ।

ਇਸ ਤਕਨੀਕ ਸਹਾਰੇ ਲੋਕ ਘਰ ਦੀਆਂ ਛੱਤਾਂ ਅਤੇ ਕੰਧਾਂ ਉਤੇ ਝੋਨਾ, ਮੱਕੀ ਤੇ ਕਣਕ ਸਣੇ ਕੋਈ ਵੀ ਫਸਲ ਬੀਜ ਸਕਦੇ ਹਨ। ਗ੍ਰੀਨਵਾਲ ਇਸ ਵਿਧੀ ਨਾਲ ਖੇਤੀ ਕਰਨ ਲਈ ਉਪਜਾਊ ਮਿੱਟੀ ਉਪਲਬਧ ਕਰਵਾਉਂਦੀ ਹੈ ਜੋ ਕਿਸੇ ਵੀ ਫਸਲ ਲਈ ਸਮਰੱਥ ਹੈ। ਵਰਟੀਕਲ ਪਲਾਂਟਿੰਗ ਸਿਸਟਮ ਦੇ ਤਹਿਤ ਪੌਦਿਆਂ ਨੂੰ ਸਮਾਲ ਮੌਡਿਊਲਰ ਯੂਨਿਟ 'ਚ ਲਾਇਆ ਜਾਂਦਾ ਹੈ। ਪੌਦੇ ਬਾਹਰ ਨਾ ਡਿੱਗਣ, ਇਸ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ। ਹਰ ਪੌਦੇ ਨੂੰ ਕੰਪਿਊਟਰ ਦੀ ਮਦਦ ਨਾਲ ਵਿਸ਼ੇਸ਼ ਵਿਧੀ ਰਾਹੀਂ ਪਾਣੀ ਪਹੁੰਚਾਇਆ ਜਾਂਦਾ ਹੈ। ਜਦੋਂ ਇਨ੍ਹਾਂ ਤੋਂ ਅਨਾਜ ਜਾਂ ਫਲ, ਸਬਜ਼ੀਆਂ ਉਗਣ ਦਾ ਸਮਾਂ ਹੁੰਦਾ ਹੈ ਤਾਂ ਇਨ੍ਹਾਂ ਨੂੰ ਕੰਧ ਤੋਂ ਕੁਝ ਸਮੇਂ ਲਈ ਹੇਠਾਂ ਲਾਹ ਲਿਆ ਜਾਂਦਾ ਹੈ। ਦੀਵਾਰਾਂ 'ਤੇ ਲਾਈਆਂ ਗਈਆਂ ਫਸਲਾਂ ਦੀ ਸਿੰਜਾਈ ਲਈ ਗ੍ਰੀਨਵਾਲ ਇਜ਼ਰਾਇਲੀ ਕੰਪਨੀ ਨੇਤਾਫਿਮ ਵੱਲੋਂ ਵਿਕਸਿਤ ਬੂੰਦ-ਬੂੰਦ ਸਿੰਜਾਈ ਵਿਧੀ ਦੀ ਵਰਤੋਂ ਕਰਦੀ ਹੈ। ਗ੍ਰੀਨਵਾਲ ਨੇ ਕੰਧਾਂ ਉਤੇ ਖੇਤੀ ਲਈ ਮਾਨਿਟਰ, ਸੈਂਸਰ ਤੇ ਕੰਟਰੋਲ ਸਿਸਟਮ ਨੂੰ ਇਜ਼ਰਾਇਲੀ ਵਾਟਰ ਮੈਨੇਜਮੈਂਟ ਕੰਪਨੀ ਗੈਲਕਾਨ ਦੀ ਮਦਦ ਨਾਲ ਵਿਕਸਤ ਕੀਤਾ ਹੈ।



# ਕੈਪਟਨ ਦੀ ਪੰਥਕ ਮੁੱਦਿਆਂ 'ਤੇ ਸਰਗਰਮੀ ਨੇ ਅਕਾਲੀ ਡਰਾਏ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਗਾਤਾਰ ਪੰਥਕ ਮੁੱਦਿਆਂ ਨੂੰ ਚੁੱਕਣ ਕਾਰਨ ਅਕਾਲੀ ਕਾਫੀ ਫਿਕਰਮੰਦ ਹਨ। ਸਰਕਾਰ ਦੀ ਸਵਾ ਸਾਲ ਦੀ ਮੱਠੀ ਕਾਰਗੁਜ਼ਾਰੀ ਤੇ ਨਸ਼ਿਆਂ 'ਚ ਇਕਦਮ ਆਏ ਉਛਾਲ ਕਾਰਨ ਤਿੱਖੀ ਨੁਕਤਾਚੀਨੀ ਦਾ ਸਾਹਮਣਾ ਕਰ ਰਹੇ ਮੁੱਖ ਮੰਤਰੀ ਵੱਲੋਂ ਸਿੱਖ ਮਸਲਿਆਂ ਨੂੰ ਜ਼ੋਰ ਸ਼ੋਰ ਨਾਲ ਚੁੱਕਿਆ ਜਾ ਰਿਹਾ ਹੈ। ਪਿਛਲੇ 34 ਸਾਲ ਤੋਂ ਇਨਸਾਫ ਤੇ ਮੁਆਵਜ਼ੇ ਦੀ ਮੰਗ ਕਰਦੇ ਆ ਰਹੇ ਜੋਧਪੁਰ ਦੇ ਨਜ਼ਰਬੰਦਾਂ ਨੂੰ ਪੰਜਾਬ ਸਰਕਾਰ ਵੱਲੋਂ ਇਕਤਰਫਾ ਮੁਆਵਜ਼ਾ ਦਿੱਤਾ ਗਿਆ ਤੇ ਹੁਣ ਫਿਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਗਲੇ ਵਰ੍ਹੇ ਮਨਾਏ ਜਾਣ ਵਾਲੇ ਸ਼ਤਾਬਦੀ ਸਮਾਗਮਾਂ ਦੀ ਤਿਆਰੀ ਲਈ 100 ਕਰੋੜ ਰੁਪਏ ਡੇਢ ਸਾਲ ਪਹਿਲਾਂ ਜਾਰੀ ਕਰ ਦਿੱਤੇ ਗਏ ਹਨ।

550 ਸਾਲਾ ਗੁਰਪੁਰਬ ਮੌਕੇ ਸਰਕਾਰ ਵੱਲੋਂ ਕਰਵਾਏ ਜਾਣ ਵਾਲੇ ਸਮਾਗਮਾਂ ਦੀ ਜਾਰੀ ਵਿਆਪਕ ਲੜੀ ਤੋਂ ਲੱਗਦਾ ਹੈ ਕਿ ਕੈਪਟਨ ਇਨ੍ਹਾਂ ਸਮਾਗਮਾਂ ਵਿਚ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਤੋਂ ਹੱਥ ਉਪਰ ਰੱਖਣ ਲਈ ਹੁਣ ਤੋਂ ਹੀ ਯਤਨਸ਼ੀਲ ਹੋ ਗਏ ਹਨ। 2004 ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਗੁਰਪੁਰਬ ਮੌਕੇ ਖਡੂਰ ਸਾਹਿਬ ਵਿਖੇ ਕਰਵਾਏ ਸਮਾਗਮਾਂ ਦੀ ਵਾਗਡੋਰ ਕੈਪਟਨ ਹੀ ਸਾਂਭ ਗਏ ਸਨ। ਉਸ ਸਮੇਂ ਵੀ ਪੰਜਾਬ ਦੇ ਮੁੱਖ ਮੰਤਰੀ ਸਨ ਤੇ ਇਨ੍ਹਾਂ



ਸਮਾਗਮਾਂ ਲਈ ਸਰਕਾਰ ਨੇ ਮੂਹਰੇ ਹੋ ਕੇ ਕੰਮ ਕੀਤੇ ਸਨ। ਬਰਗਾੜੀ ਵਿਖੇ ਚੱਲ ਰਹੇ ਇਨਸਾਫ ਮੋਰਚੇ ਦੀਆਂ ਮੰਗਾਂ ਮੰਨੇ ਜਾਣ ਦੀ ਚਰਚਾ ਵੀ ਉਨ੍ਹਾਂ ਵੱਲੋਂ ਪੰਥਕ ਮਸਲਿਆਂ 'ਚ ਹੱਥ ਉਚਾ ਰੱਖਣ ਵੱਲ ਹੀ ਸੇਧਿਤ ਸਮਝੀ ਜਾ ਰਹੀ ਹੈ। ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਸਾਰੇ ਦੋਸ਼ੀ ਫੜਨ ਦਾ ਦਾਅਵਾ ਕੀਤਾ ਜਾ ਰਿਹਾ ਹੈ ਤੇ ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਸਰਕਾਰ ਕੋਲ ਆ ਚੁੱਕੀ ਹੈ। ਇਸ ਰਿਪੋਰਟ ਬਾਰੇ ਫੈਸਲਾ ਸਰਕਾਰ ਕਿਸੇ ਸਮੇਂ ਵੀ ਲੈ ਸਕਦੀ ਹੈ।

ਇਹ ਗੱਲ ਤਾਂ ਸਭ ਮੰਨਦੇ ਕਰਦੇ ਹਨ ਕਿ ਕਾਂਗਰਸ ਆਗੂ ਹੁੰਦਿਆਂ ਹੋਇਆਂ ਵੀ ਕੈਪਟਨ ਸਿੱਖ ਪੰਥ ਤੇ ਪੰਜਾਬ ਦੇ ਮੁੱਦਿਆਂ ਉਤੇ ਮਨਮਰਜ਼ੀ ਦੇ ਸਟੈਂਡ ਤੇ ਫੈਸਲੇ ਲੈ ਜਾਂਦੇ ਹਨ। ਪਿਛਲੇ ਵਰ੍ਹੇ ਸਰਕਾਰ ਬਣਨ ਤੋਂ ਕੁਝ ਮਹੀਨੇ ਬਾਅਦ ਹੀ ਕੈਨੇਡਾ ਦੇ ਪਹਿਲੇ ਦਸਤਾਰਧਾਰੀ ਸਿੱਖ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੀ ਪਹਿਲੀ ਪੰਜਾਬ ਫੇਰੀ ਪ੍ਰਤੀ ਰੁੱਖਾ ਵਤੀਰਾ ਅਪਣਾਏ ਜਾਣ ਤੇ ਫਿਰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਸਮੇਂ ਭਾਰਤ ਸਰਕਾਰ ਦੇ 'ਠੰਢੇ' ਸਵਾਗਤ ਤੇ ਕੈਪਟਨ ਵੱਲੋਂ ਟਰੂਡੋ ਨਾਲ ਮੁਲਾਕਾਤ ਸਮੇਂ ਗਰਮਜੋਸ਼ੀ ਨਾਲ ਸਵਾਗਤ ਦੀ ਥਾਂ ਕੁਝ ਗਰਮ ਖਿਆਲੀਆਂ ਦੀ ਸੂਚੀ ਹੱਥ ਫੜਾ ਕੇ ਵਿਵਾਦ ਖੜ੍ਹਾ ਕਰਨ ਦੀ ਘਟਨਾ ਨੇ ਬਹੁਤੇ ਸਿੱਖ ਹਲਕਿਆਂ ਖਾਸ ਕਰ ਪਰਵਾਸੀ ਸਿੱਖਾਂ ਦੇ ਮਨਾਂ '' ਉਨ੍ਹਾਂ ਬਾਰੇ ਤੌਖਲੇ ਤੇ ਸ਼ੰਕੇ ਖੜ੍ਹੇ ਕਰ ਦਿੱਤੇ ਸਨ। ਪਤਾ ਲੱਗਾ ਹੈ ਕਿ ਕੈਪਟਨ ਦੀ ਸਿੱਖ ਮੁੱਦਿਆਂ ਉਤੇ ਤਾਜ਼ਾ ਪਹਿਲਕਦਮੀ ਤੋਂ ਅਕਾਲੀ ਦਲ ਕਾਫੀ ਚਿੰਤਤ ਹੈ, ਪਰ ਉਹ ਹਾਲ ਦੀ ਘੜੀ ਇਸ ਬਾਰੇ ਕੋਈ ਤਿੱਖਾ ਪ੍ਰਤੀਕਰਮ ਜ਼ਾਹਰ ਕਰ ਕੇ ਨਵਾਂ ਬਖੇੜਾ ਖੜ੍ਹਾ ਕਰਨ ਤੋਂ ਪਾਸਾ ਹੀ ਵੱਟ ਰਿਹਾ ਹੈ। ਉਂਜ ਦਲ ਦੇ ਨੀਤੀ ਘਾੜੇ ਸਾਰੇ ਹਾਲਾਤ 'ਤੇ ਤਿੱਖੀ ਨਜ਼ਰ ਰੱਖ ਰਹੇ ਦੱਸੇ ਜਾਂਦੇ ਹਨ।

ਪਤਾ ਲੱਗਾ ਹੈ ਕਿ ਪਾਰਟੀ ਨੇ ਸਾਰੇ ਅਹਿਮ ਆਗੂਆਂ ਨੂੰ ਬਰਗਾੜੀ ਮੋਰਚੇ ਤੇ ਇਸ ਸਬੰਧੀ ਕੈਪਟਨ ਸਰਕਾਰ ਦੇ ਵਤੀਰੇ ਬਾਰੇ ਕਿਸੇ ਵੀ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਰੋਕ ਰੱਖਿਆ ਹੈ। ਇਥੋਂ ਤੱਕ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਇਕ ਅਹਿਮ ਇੰਟਰਵਿਊ ਵਿਚ ਪੁੱਛੇ ਸਵਾਲ ਦਾ ਇਹ ਕਹਿ ਕੇ ਜਵਾਬ ਟਾਲ ਗਏ ਕਿ ਸਾਰੀ ਸਥਿਤੀ ਸਾਹਮਣੇ ਆਉਣ ਦਿਓ, ਫਿਰ ਦੱਸਾਂਗੇ। ਉਂਜ ਬਰਗਾੜੀ ਕਾਂਡ, ਬਹਿਬਲ ਕਲਾਂ ਗੋਲੀ ਕਾਂਡ ਤੇ ਸਿੱਖ ਬੰਦੀਆਂ ਦੀ ਰਿਹਾਈ ਵਰਗੇ ਮਸਲਿਆਂ ਉਤੇ ਅਕਾਲੀ ਲੀਡਰਸ਼ਿਪ ਵਾਹ ਲੱਗਦੀ ਸਰਕਾਰ ਤੇ ਸਰਬੱਤ ਖਾਲਸਾ ਧਿਰ ਨਾਲ ਸਿੱਧੇ ਟਕਰਾਅ 'ਚ ਆਉਣ ਦੀ ਥਾਂ ਕਿਸੇ ਵਿਚਕਾਰਲੇ ਤਰੀਕੇ ਲੜਾਈ ਲੜਨ ਦੀ ਰਣਨੀਤੀ ਅਪਨਾਉਣ ਨੂੰ ਪਹਿਲ ਦਿੰਦੀ ਦਿਖਾਈ ਦੇ ਰਹੀ ਹੈ, ਪਰ ਹੈ ਇਹ ਬੜਾ ਗੁੰਝਲਦਾਰ ਤੇ ਪੇਚੀਦਾ ਮਾਮਲਾ। ਇਹ ਸੰਕਟ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਲਈ ਵੀ ਪ੍ਰੀਖਿਆ ਬਣ ਸਕਦਾ ਹੈ।

# ਪੰਜਾਬ 'ਚ ਏਡਜ਼ ਪੀੜਤਾਂ ਦੀ ਗਿਣਤੀ ਵਧੀ

**ਲੁਧਿਆਣਾ:** ਨਸ਼ਿਆਂ ਦੀ ਆਦਤ ਨੇ ਪੰਜਾਬ ਵਿਚ ਹੋਰ ਵੀ ਮਾਰੂ ਨਤੀਜੇ ਸਾਹਮਣੇ ਆਏ ਹਨ। ਨਸ਼ਿਆਂ ਦੇ ਰੁਝਾਨ ਕਾਰਨ ਪੰਜਾਬ ਵਿਚ ਏਡਜ਼ ਪੀੜਤਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਐਚ.ਆਈ.ਵੀ. ਪੀੜਤਾਂ ਲਈ ਕੌਂਸਲਿੰਗ ਦਾ ਕੰਮ ਕਰ ਰਹੇ ਵੱਖ-ਵੱਖ ਮਨੋਵਿਗਿਆਨੀਆਂ ਨੇ ਇਸ ਬਾਰੇ ਦਿਲ ਕੰਬਾਊ ਖੁਲਾਸੇ ਕੀਤੇ ਹਨ। ਅੰਕੜੇ ਦੱਸਦੇ ਹਨ ਕਿ ਜਿਉਂ-ਜਿਉਂ ਪੰਜਾਬ 'ਚ ਨਸ਼ਿਆਂ ਦਾ ਰੁਝਾਨ ਵਧਦਾ ਜਾ ਰਿਹਾ ਹੈ, ਏਡਜ਼ ਪੀੜਤਾਂ ਦੀ ਗਿਣਤੀ ਵਿਚ ਵੀ ਵਾਧਾ ਹੋ ਰਿਹਾ ਹੈ।

ਲੁਧਿਆਣਾ ਵਿਚ ਔਸਤਨ 8400, ਅੰਮ੍ਰਿਤਸਰ ਵਿਚ 20,000, ਚੰਡੀਗੜ੍ਹ 'ਚ 20,000, ਪਟਿਆਲਾ 'ਚ 10,000, ਬਠਿੰਡਾ ਵਿਚ 6000, ਫਰੀਦਕੋਟ ਵਿਚ 10,000, ਹੁਸ਼ਿਆਰਪੁਰ ਵਿਚ 10,000, ਜਲੰਧਰ 'ਚ 12000 ਜਦਕਿ ਮੋਗਾ ਵਿਚ 1500 ਦੇ ਕਰੀਬ ਮਰੀਜ਼ ਸਾਹਮਣੇ ਆਏ ਹਨ। ਇਹ ਉਹ ਮਰੀਜ਼ ਹਨ ਜੋ ਕਿਸੇ ਬਿਮਾਰੀ ਕਾਰਨ ਹਸਪਤਾਲਾਂ ਤੇ ਏਡਜ਼ ਕੰਟਰੋਲ ਸੰਸਥਾਵਾਂ 'ਚ ਖੂਨ ਟੈਸਟ ਕਰਾਉਣ ਲਈ ਪਹੁੰਚੇ ਤਾਂ ਬਿਮਾਰੀ ਦੀ ਪਛਾਣ ਹੋਈ। ਜਾਣਕਾਰੀ ਮੁਤਾਬਕ ਸੰਗਰੂਰ, ਫਾਜ਼ਿਲਕਾ, ਪਠਾਨਕੋਟ, ਤਰਨ ਤਾਰਨ, ਨਵਾਂ ਸ਼ਹਿਰ, ਮਾਨਸਾ,




ਗੁਰਦਾਸਪੁਰ, ਮੁਹਾਲੀ ਆਦਿ ਜ਼ਿਲ੍ਹਿਆਂ 'ਚ ਵੀ ਏਡਜ਼ ਪੀੜਤਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਹੈ। ਇਹ ਵੀ ਜਾਣਕਾਰੀ ਹੈ ਕਿ ਸਰਕਾਰ ਵੱਲੋਂ ਸੂਈ/ਸਰਿੰਜ ਉਤੇ ਰੋਕ ਲਗਾਏ ਜਾਣ ਕਾਰਨ ਪੰਜਾਬ 'ਚ ਐਚ.ਆਈ.ਵੀ. ਪੀੜਤਾਂ ਦੀ ਗਿਣਤੀ 'ਚ ਹੋਰ ਵੱਡਾ ਵਾਧਾ ਹੋ ਜਾਣ ਦੀ ਸੰਭਾਵਨਾ ਹੈ, ਜਦੋਂਕਿ ਲੁਧਿਆਣਾ 'ਚ ਨਸ਼ਾ ਪੀੜਤਾਂ ਦਾ ਇਲਾਜ ਕਰ ਰਹੇ ਡਾ. ਇੰਦਰਜੀਤ ਸਿੰਘ ਢੀਂਗਰਾ ਦਾ ਕਹਿਣਾ ਹੈ ਕਿ ਨਸ਼ਿਆਂ ਨੂੰ ਜ਼ਬਰਦਸਤੀ ਬੰਦ ਨਹੀਂ ਕੀਤਾ ਜਾ ਸਕਦਾ, ਜੇ ਸਚਮੁੱਚ ਹੀ ਸਰਕਾਰ ਨਸ਼ਾ ਬੰਦ ਕਰਨਾ ਚਾਹੁੰਦੀ ਹੈ ਤਾਂ ਨਸ਼ਾ ਪੀੜਤਾਂ ਦੀ ਕੌਂਸਲਿੰਗ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ।

### ਨਿਊਜ਼ੀਲੈਂਡ ਤੋਂ ਜਹਾਜ਼ ਚੜ੍ਹੇ ਪੁੱਤ ਦੀ ਲਾਸ਼ ਪੁੱਜੀ ਦਿੱਲੀ

**ਕੋਟਕਪੂਰਾ:** ਪਿੰਡ ਕੋਠੇ ਬੇਹ ਵਾਲੇ ਦੇ ਨੌਜਵਾਨ ਬੇਅੰਤ ਸਿੰਘ ਦੀ ਨਿਊਜ਼ੀਲੈਂਡ ਤੋਂ ਜਹਾਜ਼ ਰਾਹੀਂ ਦੇਸ਼ ਪਰਤਦਿਆਂ ਰਸਤੇ ਵਿਚ ਹੀ ਮੌਤ ਹੋ ਗਈ। ਉਸ ਨੂੰ ਆਸਟਰੇਲੀਆ ਏਅਰਲਾਈਨਜ਼ ਦੇ ਜਹਾਜ਼ ਵਿਚ ਦਿਲ ਦਾ ਦੌਰਾ ਪੈ ਗਿਆ ਤੇ ਉਸ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੋ ਭੈਣਾਂ ਦਾ ਇਕੱਲਾ ਭਰਾ ਸੀ ਅਤੇ ਕਰੀਬ 3 ਸਾਲ ਪਹਿਲਾਂ ਸਪਾਊਸ ਵੀਜ਼ੇ ਉਤੇ ਨਿਊਜ਼ੀਲੈਂਡ ਗਿਆ ਸੀ। ਉਸ ਦੀ ਮੌਤ ਦੀ ਸੂਚਨਾ ਜਹਾਜ਼ ਵਿਚ ਸਫਰ ਕਰ ਰਹੇ ਵਿਅਕਤੀਆਂ ਅਤੇ ਸਰਕਾਰੀ ਅਮਲੇ ਵੱਲੋਂ ਵਾਰਸਾਂ ਤੱਕ ਪਹੁੰਚਾਈ ਗਈ। ਮ੍ਰਿਤਕ ਨੌਜਵਾਨ ਦੀ ਵੱਡੀ ਭੈਣ ਵੀ ਨਿਊਜ਼ੀਲੈਂਡ ਵਿਚ ਹੀ ਪੜ੍ਹਨ ਗਈ ਹੋਈ ਹੈ। ਇਸ ਬਾਰੇ ਪਤਾ ਲੱਗਦਿਆਂ ਹੀ ਪਰਿਵਾਰ ਅਤੇ ਪਿੰਡ ਵਿਚ ਸੋਗ ਪੈ ਗਿਆ। ਪਰਿਵਾਰਕ ਮੈਂਬਰਾਂ ਅਨੁਸਾਰ ਮ੍ਰਿਤਕ ਨੌਜਵਾਨ ਬੇਅੰਤ ਸਿੰਘ ਨੇ ਜਹਾਜ਼ ਰਾਹੀਂ ਸਵੇਰੇ 3 ਵਜੇ ਦਿੱਲੀ ਪੁੱਜਣਾ ਸੀ।

# ਪੰਜਾਬ ਦੀਆਂ ਜੇਲ੍ਹਾਂ 'ਚ ਸਮਰੱਥਾ ਨਾਲੋਂ ਕਈ ਗੁਣਾ ਵੱਧ ਕੈਦੀ ਤੂੜੇ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦੀਆਂ ਦੀ ਗਿਣਤੀ ਸਮਰੱਥਾ ਨਾਲੋਂ ਕਿਤੇ ਵੱਧ ਹੈ ਅਤੇ ਜੇਲ੍ਹਾਂ ਵਿਚ ਗੈਰ ਮਨੁੱਖੀ ਹਾਲਾਤ 'ਚ ਰੱਖੇ ਬੰਦੀਆਂ ਦੀ ਹਾਲਤ ਸੁਧਾਰਨ ਲਈ ਸਰਕਾਰ ਵੱਲੋਂ ਯਤਨ ਨਹੀਂ ਕੀਤੇ ਜਾ ਰਹੇ। ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਵਕੀਲ ਦਿਨੇਸ਼ ਚੱਢਾ ਨੇ ਵਧੀਕ ਡਾਇਰੈਕਟਰ ਜਨਰਲ ਪੁਲਿਸ (ਜੇਲ੍ਹਾਂ) ਪੰਜਾਬ ਤੋਂ ਆਰ.ਟੀ.ਆਈ. ਐਕਟ ਤਹਿਤ ਹਾਸਲ ਕੀਤੀ ਜਾਣਕਾਰੀ ਦੇ ਅਧਾਰ ਉਤੇ ਇਹ ਖੁਲਾਸਾ ਕੀਤਾ ਹੈ।

ਸੈਂਟਰਲ ਜੇਲ੍ਹ ਫਿਰੋਜ਼ਪੁਰ ਵਿਚ 1100 ਪੁਰਸ਼ ਕੈਦੀ ਰੱਖਣ ਦੀ ਸਮਰੱਥਾ ਹੈ ਪਰ ਇਸ ਜੇਲ੍ਹ ਵਿਚ 1214 ਪੁਰਸ਼ ਬੰਦ ਹਨ ਜੋ ਸਮਰੱਥਾ ਤੋਂ 10 ਫੀਸਦੀ ਵੱਧ ਹਨ। ਇਸੇ ਤਰ੍ਹਾਂ ਸੈਂਟਰਲ ਜੇਲ੍ਹ ਪਟਿਆਲਾ ਵਿਚ ਕੁੱਲ 1688 ਪੁਰਸ਼ ਕੈਦੀ ਰੱਖਣ ਦੀ ਸਮਰੱਥਾ ਹੈ ਪਰ ਇਥੇ 1790 ਕੈਦੀ ਮੌਜੂਦ ਹਨ। ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿਚ 1982 ਕੈਦੀਆਂ ਦੀ ਸਮਰੱਥਾ ਹੈ ਪਰ ਇਥੇ 3127 ਕੈਦੀ ਹਨ ਜੋ ਸਮਰੱਥਾ ਤੋਂ 57 ਫੀਸਦ ਵੱਧ ਹਨ।

ਸੈਂਟਰਲ ਜੇਲ੍ਹ ਹੁਸ਼ਿਆਰਪੁਰ ਵਿਚ 478 ਦੀ ਸਮਰੱਥਾ ਤੋਂ ਵੱਧ 819, ਜ਼ਿਲ੍ਹਾ ਜੇਲ੍ਹ ਸੰਗਰੂਰ ਵਿਚ 584 ਕੈਦੀਆਂ ਦੀ ਥਾਂ 843, ਜ਼ਿਲ੍ਹਾ ਜੇਲ੍ਹ ਰੂਪਨਗਰ ਵਿਚ 338 ਦੀ ਥਾਂ 660, ਜ਼ਿਲ੍ਹਾ ਜੇਲ੍ਹ ਮਾਨਸਾ ਵਿਚ 401 ਦੀ ਥਾਂ 691, ਸਬ ਜੇਲ੍ਹ ਪੱਟੀ ਵਿਚ 204 ਦੀ ਥਾਂ 262, ਸਬ ਜੇਲ੍ਹ ਫਾਜ਼ਿਲਕਾ ਵਿਚ 48 ਦੀ ਥਾਂ 64 ਕੈਦੀ ਹਨ। ਸ੍ਰੀ ਚੱਢਾ ਨੇ ਦੱਸਿਆ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਮਹਿਲਾ ਬੰਦੀਆਂ ਦੀ ਗਿਣਤੀ ਵੀ ਸਮਰੱਥਾ ਨਾਲੋਂ 84 ਫੀਸਦ ਵੱਧ ਹੈ। ਉਨ੍ਹਾਂ ਦੱਸਿਆ ਕਿ ਸੈਂਟਰਲ ਜੇਲ੍ਹ ਜਲੰਧਰ (ਕਪੂਰਥਲਾ) ਵਿਚ 120 ਦੀ ਥਾਂ 161, ਸੈਂਟਰਲ ਜੇਲ੍ਹ ਹੁਸ਼ਿਆਰਪੁਰ ਵਿਚ 45 ਦੀ ਥਾਂ 51, ਸੈਂਟਰਲ ਜੇਲ੍ਹ ਸੰਗਰੂਰ ਵਿਚ 66 ਦੀ ਥਾਂ 98, ਸੈਂਟਰਲ ਜੇਲ੍ਹ ਰੂਪਨਗਰ ਵਿਚ 25 ਦੀ ਥਾਂ 46 ਮਹਿਲਾ ਕੈਦੀ ਰੱਖੇ ਹੋਏ ਹਨ। ਜੇਲ੍ਹਾਂ ਵਿਚ ਸਮਰੱਥਾ ਤੋਂ ਵੱਧ ਕੈਦੀ ਰੱਖਣ ਨਾਲ ਕੈਦੀ ਬਦਤਰ ਜ਼ਿੰਦਗੀ ਬਤੀਤ ਕਰਦੇ ਹਨ। ਇਹ ਵੀ ਖੁਲਾਸਾ ਹੋਇਆ ਹੈ ਕਿ ਜੇਲ੍ਹਾਂ ਵਿਚ ਬੰਦ ਅਪਰਾਧੀਆਂ ਨੂੰ ਸੁਧਾਰਨ ਲਈ ਸਰਕਾਰ ਦੀ ਕੋਈ ਠੋਸ ਨੀਤੀ ਨਹੀਂ ਹੈ। ਸੈਂਟਰ ਜੇਲ੍ਹ ਲੁਧਿਆਣਾ ਨੇ ਜਾਣਕਾਰੀ ਦਿੱਤੀ ਹੈ ਕਿ ਇਸ ਜੇਲ੍ਹ ਵਿਚ ਅਪਰਾਧੀਆਂ ਨੂੰ ਸੁਧਾਰਨ ਸਬੰਧੀ ਕੋਈ ਪ੍ਰੋਗਰਾਮ ਨਹੀਂ ਹੈ। ਇਸੇ ਤਰ੍ਹਾਂ ਹੀ ਬਾਕੀ ਜੇਲ੍ਹਾਂ ਦੇ ਅਧਿਕਾਰੀਆਂ ਨੇ ਵੀ ਅਪਰਾਧੀਆਂ ਨੂੰ ਸੁਧਾਰਨ ਸਬੰਧੀ ਕੋਈ ਠੋਸ ਪ੍ਰੋਗਰਾਮ ਹੋਣ ਦੀ ਪੁਸ਼ਟੀ ਨਹੀਂ ਕੀਤੀ।

# ਸੈਲਾਨੀਆਂ ਨੂੰ ਖਿੱਚ ਨਾ ਸਕੀ ਵਿਰਾਸਤੀ ਯਾਤਰਾ

**ਅੰਮ੍ਰਿਤਸਰ:** ਅੰਮ੍ਰਿਤਸਰ ਦੀ ਅਮੀਰ ਵਿਰਾਸਤ ਅਤੇ ਸ਼ਾਨਾਮੱਤੇ ਇਤਿਹਾਸ ਨੂੰ ਪ੍ਰਫੁਲਿਤ ਕਰਨ ਲਈ ਵੱਡਾ ਖਰਚ ਕਰ ਕੇ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਹੈਰੀਟੇਜ ਵਾਕ' ਅਤੇ 'ਪੰਜ ਸਰੋਵਰ ਯਾਤਰਾ' ਯਾਤਰਾ ਦੀ ਵਿਉਂਤਬੰਦੀ 'ਚ ਖਾਮੀਆਂ ਤੇ ਪ੍ਰਚਾਰ ਦੀ ਕਮੀ ਕਾਰਨ ਸੈਲਾਨੀਆਂ ਦੀ ਖਿਚ ਦਾ ਕੇਂਦਰ ਬਣਨ 'ਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਪੰਜਾਬ ਸਰਕਾਰ ਦੇ ਵਿਰਾਸਤ ਅਤੇ ਸੈਰ-ਸਪਾਟਾ ਵਿਭਾਗ ਨਾਲ ਸਬੰਧਤ ਪੰਜਾਬ ਹੈਰੀਟੇਜ ਐਂਡ ਟੂਰਿਜ਼ਮ ਪ੍ਰਮੋਸ਼ਨ ਬੋਰਡ ਵੱਲੋਂ ਲਗਭਗ 8 ਵਰ੍ਹੇ ਪਹਿਲਾਂ ਭਾਰੀ ਉਤਸ਼ਾਹ ਨਾਲ ਸ਼ੁਰੂ ਕੀਤੀ ਗਈ ਅੰਮ੍ਰਿਤਸਰ ਦੇ ਅੰਦਰੂਨੀ ਸ਼ਹਿਰ ਦੇ ਵਿਰਾਸਤੀ ਇਮਾਰਤਾਂ ਦੀ ਇਹ ਸੈਰ ਆਰੰਭ ਤੋਂ ਹੀ ਆਪਣੀਆਂ ਖਾਮੀਆਂ ਦੇ ਚੱਲਦਿਆਂ ਚਰਚਾ 'ਚ ਰਹੀ ਹੈ।

ਇਸ 'ਚ ਸੈਲਾਨੀਆਂ ਦੀ ਰੁਚੀ ਨਾ ਬਣਦੀ ਵੇਖ ਵਿਭਾਗ ਵੱਲੋਂ ਆਪਣੀ ਸਾਖ ਬਚਾਉਣ ਲਈ ਸਥਾਨਕ ਸਕੂਲੀ ਵਿਦਿਆਰਥੀਆਂ ਨੂੰ ਵੀ ਸਮੇਂ-ਸਮੇਂ ਉਤੇ ਇਸ ਸੈਰ 'ਚ ਸ਼ਾਮਲ ਕਰ ਕੇ ਯਾਤਰੂਆਂ ਦੀ ਗਿਣਤੀ 'ਚ ਵਾਧਾ ਕਰਨ ਦਾ ਉਪਰਾਲਾ ਕੀਤਾ ਜਾਂਦਾ ਰਿਹਾ ਹੈ, ਪਰ ਇਸ ਦੇ ਬਾਵਜੂਦ ਵਿਭਾਗ ਨੂੰ ਕੋਈ ਵੱਡੀ ਕਾਮਯਾਬੀ ਨਾ ਮਿਲ ਸਕੀ। ਘਾਟੇ ਦਾ ਸੌਦਾ ਸਾਬਤ ਹੁੰਦੀ ਵੇਖ ਇਸ ਵਿਰਾਸਤੀ ਯਾਤਰਾ ਦੇ ਫੰਡਾਂ ਦਾ ਬੋਝ ਪ੍ਰਾਈਵੇਟ ਹੱਥਾਂ 'ਚ ਦੇਣ ਉਤੇ ਵੀ ਇਹ ਪ੍ਰੋਜੈਕਟ ਕੋਈ ਚੰਗਾ ਅਸਰ ਨਹੀਂ ਵਿਖਾ ਸਕਿਆ।

ਸਥਾਨਕ ਟਾਊਨ ਹਾਲ ਤੋਂ ਸ਼ੁਰੂ ਹੋ ਕੇ ਇਹ ਵਿਰਾਸਤੀ ਸੈਰ ਗੁਰਦੁਆਰਾ ਸੰਤੋਖਸਰ, ਸਾਰਾਗੜ੍ਹੀ ਮੈਮੋਰੀਅਲ, ਫਵਾਰਾ ਚਾਕ, ਕਿਲ੍ਹਾ



ਆਹਲੂਵਾਲੀਆ, ਜਲੇਬੀ ਵਾਲਾ ਚਾਕ, ਉਦਾਸੀਨ ਅਖਾੜਾ ਸੰਗਲਵਾਲਾ, ਚਿੱਟਾ ਅਖਾੜਾ, ਦਰਸ਼ਨੀ ਡਿਊਢੀ, ਬਾਬਾ ਬੋਹੜ, ਠਾਕਰਦੁਆਰਾ ਦਰਿਆਨਾ ਮੱਲ, ਚੁਰਸਤੀ ਅਟਾਰੀ, ਭੰਗੀ ਮਿਸਲ ਦੀ ਟਕਸਾਲ, ਠਾਕਰਦੁਆਰਾ ਰਾਏ ਕਿਸ਼ਨ ਚੰਦ/ਸ਼ਾਹਨੀ ਮੰਦਰ, ਠਾਕਰਦੁਆਰਾ ਰਾਜਾ ਤੇਜਾ ਸਿੰਘ, ਚੂੜੇ ਵਾਲਾ ਬਾਜ਼ਾਰ, ਬਾਗ ਅਕਾਲੀਆਂ ਤੋਂ ਬਾਅਦ ਗਲਿਆਰਾ 'ਚੋਂ ਹੁੰਦੀ ਹੋਈ ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਖਤਮ ਹੁੰਦੀ ਹੈ।

ਲਗਭਗ 2.5 ਕਿਲੋਮੀਟਰ ਲੰਮੀ ਉਕਤ ਸੈਰ ਦੀ ਮਾਰਫਤ ਅੰਮ੍ਰਿਤਸਰ ਦੇ 450 ਸਾਲ ਪੁਰਾਣੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਇਸ ਦੀ ਟਿਕਟ ਭਾਰਤੀਆਂ ਲਈ 25 ਰੁਪਏ ਅਤੇ ਵਿਦੇਸ਼ੀ ਸੈਲਾਨੀਆਂ ਲਈ 75 ਰੁਪਏ ਰੱਖੀ ਗਈ ਹੈ। ਇਸ ਸਬੰਧੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਗਰਮੀਆਂ 'ਚ ਯਾਤਰੂਆਂ ਲਈ ਢਾਈ ਕਿਲੋਮੀਟਰ ਲੰਮੀ ਸੈਰ ਕਰਨਾ ਮੁਸ਼ਕਲ ਹੋਣ ਕਰ ਕੇ ਬਹੁਤ ਘੱਟ ਟੂਰਿਸਟ ਪਹੁੰਚ ਰਹੇ ਹਨ। 'ਹੈਰੀਟੇਜ ਵਾਕ' ਦੀ ਅਸਫਲਤਾ ਦੇ ਕਾਰਨਾਂ ਦੇ ਸਬੰਧੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਾਵੇਂ ਵਿਰਾਸਤੀ ਸੈਰ ਲਈ ਚੁਣੇ ਹੋਏ ਉਪਰੋਕਤ ਸਮਾਰਕਾਂ ਨੂੰ ਜਾਂਦੇ ਰਸਤਿਆਂ ਉਤੇ ਨਗਰ ਨਿਗਮ ਵੱਲੋਂ ਸਫਾਈ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾ ਰਿਹਾ ਹੈ, ਪਰ ਫਿਰ ਵੀ ਅਕਸਰ ਸੈਲਾਨੀਆਂ ਨੂੰ ਗਲੀਆਂ ਬਾਜ਼ਾਰਾਂ 'ਚ ਲਗੇ ਕੂੜੇ ਤੇ ਗੰਦਗੀ ਦੇ ਢੇਰਾਂ ਦੇ ਉਪਰੋਂ ਦੀ ਹੋ ਕੇ ਸਬੰਧਤ ਸਮਾਰਕ ਤੱਕ ਪਹੁੰਚਣਾ ਪੈਂਦਾ ਹੈ। ਕੁਝ ਇਲਾਕਿਆਂ ਵੱਲੋਂ ਸਫਾਈ ਦੇ ਮਾਮਲੇ 'ਚ ਪ੍ਰਸ਼ਾਸਨ ਤੇ ਬੋਰਡ ਦਾ ਸਾਥ ਨਾ ਦੇਣਾ ਇਸ ਵਿਰਾਸਤੀ ਯਾਤਰਾ ਦੀ ਅਸਫਲਤਾ ਦਾ ਇਕ ਕਾਰਨ ਮੰਨਿਆ ਜਾ ਸਕਦਾ ਹੈ।

ਹੈਰੀਟੇਜ ਵਾਕ ਦੇ ਪੂਰੀ ਤਰ੍ਹਾਂ ਨਾਲ ਅਸਫਲ ਰਹਿਣ ਦੇ ਬਾਵਜੂਦ ਵਿਭਾਗ ਵੱਲੋਂ ਆਪਣਾ ਹੌਸਲਾ ਬਣਾਏ ਰੱਖਣ ਲਈ 7 ਵਰ੍ਹੇ ਪਹਿਲਾਂ 14 ਦਸੰਬਰ 2011 ਨੂੰ ਸ਼ੁਰੂ ਕੀਤੀ ਗਈ ਪੰਜ ਸਰੋਵਰ ਯਾਤਰਾ ਵੀ ਵਿਭਾਗ ਦੀ ਡਿਗਦੀ ਸਾਖ ਲਈ 'ਸੰਜੀਵਨੀ ਬੂਟੀ' ਸਾਬਤ ਨਹੀਂ ਹੋ ਸਕੀ। ਉਪਰੋਕਤ ਯਾਤਰਾ 'ਚ ਸ਼ਹਿਰ ਦੇ ਪੰਜਾਂ ਪਵਿੱਤਰ ਸਰੋਵਰਾਂ, ਸੰਤੋਖਸਰ, ਬਿਬੇਕਸਰ, ਰਾਮਸਰ, ਕੌਲਸਰ ਅਤੇ ਅੰਮ੍ਰਿਤ ਸਰੋਵਰ ਦੀ ਪਰਿਕਰਮਾ ਨੂੰ ਸ਼ਾਮਲ ਕੀਤਾ ਗਿਆ ਸੀ। ਇਹ ਯਾਤਰਾ ਬਿਲਕੁਲ ਮੁਫਤ ਹੋਣ ਦੇ ਬਾਵਜੂਦ ਮਹੀਨੇ 'ਚ ਮੁਸ਼ਕਿਲ ਨਾਲ 2 ਜਾਂ 3 ਐਨ.ਆਰ.ਆਈ. ਸ਼ਰਧਾਲੂ ਹੀ ਇਸ ਯਾਤਰਾ ਦਾ ਲਾਭ ਲੈਣ ਲਈ ਪਹੁੰਚ ਰਹੇ ਹਨ।

### ਵਿਰਾਸਤੀ ਯਾਦਗਾਰਾਂ ਨੂੰ ਨਿੱਜੀ ਹੱਥਾਂ 'ਚ ਦੇਣ ਦਾ ਵਿਰੋਧ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਵੱਲੋਂ ਵਿਰਾਸਤੀ ਯਾਦਗਾਰਾਂ ਨੂੰ ਨਿੱਜੀ ਹੱਥਾਂ 'ਚ ਦੇਣ ਦੇ ਫੈਸਲੇ ਦੀ ਨਿਖੇਧੀ ਕੀਤੀ ਹੈ। ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਫੈਸਲਾ ਬੇਹੱਦ ਮੰਦਭਾਗਾ ਅਤੇ ਗੈਰ-ਜ਼ਿੰਮੇਵਾਰਾਨਾ ਹੈ, ਜਿਸ ਦਾ ਅਕਾਲੀ ਦਲ ਸਖਤ ਵਿਰੋਧ ਕਰਦਾ ਹੈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਨੇ ਅਰਬਾਂ ਰੁਪਏ ਖਰਚ ਕੇ ਪੰਜਾਬ ਅਤੇ ਸਿੱਖ ਕੌਮ ਦੇ ਸ਼ਾਨਾਮੱਤੇ ਇਤਿਹਾਸ ਨੂੰ ਸੰਭਾਲਣ ਦੇ ਵੱਡੇ ਉਪਰਾਲੇ ਕੀਤੇ ਸਨ ਪਰ ਮੌਜੂਦਾ ਸਰਕਾਰ ਵੱਲੋਂ ਇਨ੍ਹਾਂ ਉਪਰਾਲਿਆਂ ਨੂੰ ਅੱਗੇ ਵਧਾਉਣਾ ਤਾਂ ਕੀ ਉਲਟਾ ਇਸ ਦੇ ਰੱਖ-ਰਖਾਅ ਤੋਂ ਵੀ ਹੱਥ ਖੜ੍ਹੇ ਕਰ ਦਿੱਤੇ ਹਨ।

# ਦੁਨੀਆਂ ਦੀ 9ਵੀਂ ਸਭ ਤੋਂ ਮਹਿੰਗੀ ਥਾਂ ਬਣੀ ਕਨਾਟ ਪਲੇਸ

**ਨਵੀਂ ਦਿੱਲੀ:** ਦੇਸ਼ ਦੀ ਰਾਜਧਾਨੀ ਦਾ ਦਿਲ ਕਹਿ ਜਾਣ ਵਾਲੇ ਕਨਾਟ ਪਲੇਸ ਦੁਨੀਆਂ ਵਿਚ ਨੌਵੀਂ ਸਭ ਤੋਂ ਮਹਿੰਗੀ ਥਾਂ ਬਣ ਗਈ ਹੈ। ਇਹ ਉਥੇ ਦਫਤਰ ਖਰੀਦਣ ਜਾਂ ਕਿਰਾਏ ਉਤੇ ਲੈਣ ਦੇ ਲਿਹਾਜ਼ ਨਾਲ ਹੈ। ਇਕ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਇਥੇ ਇਕ ਵਰਗ ਫੁੱਟ ਖੇਤਰਫਲ ਦਾ ਔਸਤਨ ਕਿਰਾਇਆ 153 ਡਾਲਰ ਯਾਨੀ ਕਿ ਤਕਰੀਬਨ 10,527 ਰੁਪਏ ਤੱਕ ਪਹੁੰਚ ਗਿਆ ਹੈ। ਇਸ ਤੋਂ ਪਹਿਲਾਂ ਕਨਾਟ ਪਲੇਸ 10ਵੇਂ ਥਾਂ ਉਤੇ ਸੀ।

ਸੀ.ਬੀ.ਆਰ.ਈ. ਦੀ ਲਿਸਟ ਦੇ ਹਿਸਾਬ ਨਾਲ ਪਿਛਲੇ ਸਾਲ ਇਸ ਸੂਚੀ ਵਿਚ 16ਵੇਂ ਸਥਾਨ ਉਤੇ ਰਹਿਣ ਵਾਲਾ ਮੁੰਬਈ ਦਾ ਬਾਂਦਰਾ ਕੁਰਲਾ ਕੰਪਲੈਕਸ ਹੁਣ 26ਵੇਂ ਸਥਾਨ ਉਤੇ ਹੈ। ਇਥੇ ਔਸਤ ਕਿਰਾਇਆ 96.51 ਡਾਲਰ ਯਾਨੀ ਕਿ 6,644.23 ਰੁਪਏ ਪ੍ਰਤੀ ਵਰਗ ਫੁੱਟ ਹੈ। ਹਾਲਾਂਕਿ, ਮੁੰਬਈ ਦੇ ਹੀ ਨਰੀਮਨ ਪੌਇੰਟ ਸਥਿਤ ਸੀ.ਬੀ.ਡੀ. ਦਾ ਸਥਾਨ ਘਟ ਕੇ 37ਵਾਂ ਰਹਿ ਗਿਆ ਹੈ। ਪਹਿਲਾਂ ਇਹ 30ਵੇਂ ਸਥਾਨ ਉਤੇ ਸੀ। ਇਥੇ ਦਾ ਸਾਲਾਨਾ ਕਿਰਾਇਆ 72.80 ਡਾਲਰ ਯਾਨੀ 5,011.92 ਰੁਪਏ ਪ੍ਰਤੀ ਵਰਗ ਫੁੱਟ ਹੈ।

ਰਿਪੋਰਟ ਮੁਤਾਬਕ ਦਿੱਲੀ ਨੇ ਇਸ ਲਿਸਟ ਵਿਚ ਇਕ ਦਰਜਾ ਵਧਾ ਲਿਆ ਹੈ। ਸੀ.ਬੀ.ਆਰ.ਈ. ਨੇ ਗਲੋਬਲ ਪ੍ਰਾਈਮ ਆਫਿਸ ਔਕਿਊਪੇਂਸੀ ਕੌਸਟ ਸਰਵੇ ਜਾਰੀ ਕਰ ਕੇ ਇਹ ਜਾਣਕਾਰੀ ਦਿੱਤੀ ਹੈ। ਇਸ ਵਿਚ ਜਗ੍ਹਾ ਦਾ ਕਿਰਾਇਆ, ਲੋਕਲ ਟੈਕਸ ਤੇ ਸਰਵਿਸ ਟੈਕਸ ਆਦਿ ਸ਼ਾਮਲ ਹਨ।

# ਸੈਣੀ ਭਾਈਚਾਰੇ ਨੂੰ ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰਨ ਦਾ ਫੈਸਲਾ ਰੱਦ ਕਰਨ ਦੀ ਮੰਗ

**ਸ਼ਿਕਾਗੋ (ਬਿਊਰੋ):** ਕੌਮਾਂਤਰੀ ਸੈਣੀ ਸੁਸਾਇਟੀ ਨੇ ਪੰਜਾਬ ਸਰਕਾਰ ਤੋਂ ਸੈਣੀ ਭਾਈਚਾਰੇ ਨੂੰ ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰਨ ਦਾ ਫੈਸਲਾ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ। ਇਹ ਮੰਗ ਇਥੇ ਚੌਧਰੀ ਚਾਨਣ ਸਿੰਘ ਦੇ ਗ੍ਰਹਿ ਵਿਖੇ ਹੋਈ ਇਕ ਮੀਟਿੰਗ ਵਿਚ ਕੀਤੀ ਗਈ ਜਿਸ ਵਿਚ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਸੈਣੀ ਬਰਾਦਰੀ ਦੀਆਂ ਮੋਹਤਬਰ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿਚ ਸੈਣੀ ਬਰਾਦਰੀ ਨੂੰ ਪੱਛੜੇ ਵਰਗਾਂ ਵਿਚ ਸ਼ਾਮਿਲ ਕਰਨ ਦੇ 12 ਸਤੰਬਰ 2016 ਦੇ ਫੈਸਲੇ ਦੀ ਨਿਖੇਧੀ ਕਰਦਿਆਂ ਇਹ ਨੋਟੀਫਿਕੇਸ਼ਨ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਗਈ।

ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਮੈਂਬਰ ਅਤੇ ਗਰੈਂਡ ਰੈਪਿਡਜ਼, ਮਿਸ਼ੀਗਨ ਤੋਂ ਸਰਕਾਰੀ ਤੇ ਭਾਈਚਾਰਕ ਹਲਕਿਆਂ ਦੀ ਅਹਿਮ ਸ਼ਖਸੀਅਤ ਸੰਨੀ ਧੂੜ ਨੇ ਦੱਸਿਆ ਕਿ ਮੀਟਿੰਗ ਵਿਚ ਸੈਣੀ ਬਰਾਦਰੀ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਸਥਾਰ ਵਿਚ ਚਰਚਾ ਕੀਤੀ ਗਈ। ਮੀਟਿੰਗ ਦਾ ਵਿਸ਼ੇਸ਼ ਪਹਿਲੂ ਇਹ ਰਿਹਾ ਕਿ ਇਸ ਵਿਚ ਪੰਜਾਬ ਦੇ ਲਗਭਗ ਸਾਰੇ ਜ਼ਿਲ੍ਹਿਆਂ ਜਿਵੇਂ ਹੁਸ਼ਿਆਰਪੁਰ, ਨਵਾਂ ਸ਼ਹਿਰ, ਰੋਪੜ, ਫਿਰੋਜ਼ਪੁਰ, ਪਟਿਆਲਾ, ਗੁਰਦਾਸਪੁਰ, ਸੰਗਰੂਰ, ਮੁਹਾਲੀ ਆਦਿ ਤੋਂ ਡੈਲੀਗੇਟਾਂ ਨੇ ਟੈਲੀ-ਕਾਨਫਰੰਸ ਰਾਹੀਂ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਐਨ. ਆਰ. ਆਈ. ਸੈਣੀ ਬਰਾਦਰੀ ਨੇ ਸਹਿਮਤੀ ਪ੍ਰਗਟ ਕਰਦਿਆਂ ਭਵਿੱਖ ਵਿਚ ਹਰ ਸੰਭਵ ਸਹਾਇਤਾ ਅਤੇ ਹਮਾਇਤ ਦੇਣ ਦਾ ਐਲਾਨ ਕੀਤਾ।

ਮੀਟਿੰਗ ਵਿਚ ਪਿਛਲੀ ਸਰਕਾਰ ਦੇ ਫੈਸਲੇ ਨੂੰ ਵੋਟ ਬਟੋਰੂ, ਸਮਾਜ ਨੂੰ ਜਾਤਾਂ-ਪਾਤਾਂ ਵਿਚ ਵੰਡਣ ਵਾਲਾ ਫੈਸਲਾ ਅਤੇ ਸਮਾਜ ਵਿਚ ਇਸ ਪੁਰਾਣੇ ਵਰਗੀਕਰਨ ਸਿਸਟਮ ਨੂੰ ਸਿੱਖੀ ਸਿਧਾਂਤਾਂ ਦੇ ਬਿਲਕੁਲ ਉਲਟ ਕਰਾਰ ਦਿੱਤਾ ਗਿਆ। ਇਸ ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਹਾਜ਼ਰ ਨਵਦੀਪ ਸਿੰਘ ਸੈਣੀ, ਮਨਦੀਪ ਸਿੰਘ ਸੈਣੀ, ਮਨਦੀਪ ਸਿੰਘ ਧਿੰਡ, ਨਿਸ਼ਚਨ ਸਿੰਘ ਧਮੜੈਤ, ਚੌਧਰੀ ਚਾਨਣ ਸਿੰਘ, ਹਰਜਿੰਦਰ ਸਿੰਘ ਆਦਿ ਨੇ ਆਖਿਆ ਕਿ ਸੈਣੀ ਬਰਾਦਰੀ ਨੇ ਵਿਦੇਸ਼ਾਂ ਵਿਚ ਵੀ ਆਪਣੀ ਮਿਹਨਤ ਅਤੇ ਹਿੰਮਤ ਨਾਲ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਿਆ ਹੈ, ਜਿਸ ਉਤੇ ਪੂਰੀ ਸੈਣੀ ਬਰਾਦਰੀ ਨੂੰ ਹੀ ਨਹੀਂ ਸਗੋਂ ਪੂਰੇ ਪੰਜਾਬੀਆਂ ਨੂੰ ਮਾਣ ਹੈ। ਇਨ੍ਹਾਂ ਸ਼ਖਸੀਅਤਾਂ ਵਿਚ ਅਵਤਾਰ ਸਿੰਘ ਸੈਣੀ ਜੋ ਇੰਨਟੈਲ ਦੇ ਸਾਬਕਾ ਰਿਸਰਚਰ ਹਨ ਤੇ ਪੈਨਟੀਅਮ ਚਿੱਪ ਦੇ ਨਿਰਮਾਤਾ ਵੀ ਹਨ, ਹਰਜੀਤ ਸਿੰਘ ਸੱਜਣ ਜੋ ਕੈਨੇਡਾ ਦੇ ਰੱਖਿਆ ਮੰਤਰੀ ਹਨ, ਦੁਨੀਆਂ ਦੀ ਸਭ ਤੋਂ ਵੱਡੀ ਕ੍ਰੈਡਿਟ ਕਾਰਡ ਕੰਪਨੀ ਮਾਸਟਰ ਕਾਰਡ ਦੇ ਸੀ. ਈ. ਓ. ਅਜੈਪਾਲ ਸਿੰਘ ਬੰਗਾ ਆਦਿ ਸ਼ਖਸੀਅਤਾਂ ਸ਼ਾਮਲ ਹਨ। ਇਸ ਤੋਂ ਜਾਹਰ ਹੈ ਕਿ ਸੈਣੀ ਬਰਾਦਰੀ ਕਿਸੇ ਵੀ ਤਰ੍ਹਾਂ ਸਮਾਜਕ ਤੌਰ 'ਤੇ ਪਛੜੀ ਹੋਈ ਨਹੀਂ ਹੈ। ਸਰਕਾਰ ਨੇ ਜੇ ਸਹੂਲਤਾਂ ਦੇਣੀਆਂ ਹਨ ਤਾਂ ਉਹ ਜਾਤ ਦੇ ਆਧਾਰ 'ਤੇ ਨਹੀਂ, ਆਰਥਕ ਆਧਾਰ 'ਤੇ ਦਿੱਤੀਆਂ ਜਾਣ।

# ਭਾਰਤ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਫੌਜੀ ਤਾਕਤ

**ਨਵੀਂ ਦਿੱਲੀ:** ਹਰ ਸਾਲ ਵੱਖ-ਵੱਖ ਦੇਸ਼ਾਂ ਦੀ ਫੌਜੀ ਤਾਕਤ ਦਾ ਮੁਆਇਨਾ ਕਰਨ ਵਾਲੀ ਸੰਸਥਾ 'ਗਲੋਬਲ ਫਾਇਰ ਪਾਵਰ' ਵੱਲੋਂ ਜਾਰੀ ਕੀਤੀ ਰਿਪੋਰਟ ਮੁਤਾਬਕ ਫੌਜੀ ਤਾਕਤ ਦੇ ਮਾਮਲੇ 'ਚ ਭਾਰਤ ਦੁਨੀਆਂ 'ਚੋਂ ਚੌਥੇ ਨੰਬਰ ਉਤੇ ਹੈ। ਸੰਸਥਾ ਵੱਲੋਂ ਜਾਰੀ ਸੂਚੀ 'ਚ ਹਥਿਆਰਾਂ ਅਤੇ ਬੁਨਿਆਦੀ ਫੌਜੀ ਸਹੂਲਤਾਂ ਦੇ ਲਿਹਾਜ਼ ਨਾਲ ਭਾਰਤ ਸਿਰਫ ਅਮਰੀਕਾ, ਰੂਸ ਅਤੇ ਚੀਨ ਤੋਂ ਹੀ ਪਿੱਛੇ ਹੈ। ਰਿਪੋਰਟ ਮੁਤਾਬਕ ਗੁਆਂਢੀ ਦੇਸ਼ ਚੀਨ ਭਾਵੇਂ ਭਾਰਤ ਤੋਂ ਅੱਗੇ ਹੈ ਪਰ ਦੂਜੇ ਗੁਆਂਢੀ ਮੁਲਕ ਪਾਕਿਸਤਾਨ ਦੀ ਫੌਜੀ ਤਾਕਤ 'ਚ ਕਾਫੀ ਗਿਰਾਵਟ ਆਈ ਹੈ। ਪਾਕਿਸਤਾਨ ਦਾ ਨਾਂ ਪਹਿਲੇ ਦਸ ਦੇਸ਼ਾਂ 'ਚ ਸ਼ਾਮਲ ਨਹੀਂ ਹੈ।

ਪਿਛਲੇ ਸਾਲ ਇਸ ਸੂਚੀ 'ਚ ਪਾਕਿਸਤਾਨ 13ਵੇਂ ਸਥਾਨ ਉਤੇ ਸੀ ਜਦਕਿ ਇਸ ਸਾਲ ਉਹ 17ਵੇਂ ਸਥਾਨ ਉਤੇ ਹੈ। ਉਸ ਦਾ ਰੱਖਿਆ ਬਜਟ 7 ਲੱਖ ਅਰਬ ਡਾਲਰ ਹੈ ਅਤੇ ਸਰਗਰਮ ਫੌਜੀਆਂ ਦੀ ਗਿਣਤੀ 6 ਲੱਖ 37 ਹਜ਼ਾਰ ਅਤੇ ਰਿਜ਼ਰਵ ਫੌਜੀਆਂ ਦੀ ਗਿਣਤੀ 3 ਲੱਖ ਹੈ। ਦੂਜੇ ਪਾਸੇ ਸੂਚੀ 'ਚ ਭਾਰਤ ਫਰਾਂਸ ਅਤੇ ਬਰਤਾਨੀਆ ਤੋਂ ਵੀ ਅੱਗੇ ਹੈ। ਰਿਪੋਰਟ ਮੁਤਾਬਕ ਭਾਰਤ ਕੋਲ ਲੜਾਕੂ ਜਹਾਜ਼ਾਂ ਦੀ ਤਦਾਦ 2 ਹਜ਼ਾਰ ਤੋਂ ਵੀ ਵੱਧ ਹੈ। ਸਰਗਰਮ ਫੌਜੀਆਂ ਦੀ ਗਿਣਤੀ 13 ਲੱਖ ਹੈ ਜਦਕਿ 28 ਲੱਖ ਰਿਜ਼ਰਵ ਜਵਾਨ ਵੀ ਹਨ (ਜੋ ਲੋੜ ਪੈਣ 'ਤੇ ਫੌਜ ਦੀ ਮਦਦ ਕਰਨ ਲਈ ਤਿਆਰ ਹਨ) ਭਾਰਤ 'ਚ ਟੈਂਕਾਂ ਦੀ ਗਿਣਤੀ ਤਕਰੀਬਨ 4400 ਹੈ। ਗਲੋਬਲ ਫਾਇਰ ਵੱਲੋਂ ਇਸ ਰਿਪੋਰਟ ਲਈ 136 ਦੇਸ਼ਾਂ ਦੀ ਫੌਜੀ ਤਾਕਤ ਦਾ ਮੁਆਇਨਾ ਕੀਤਾ ਗਿਆ, ਜਿਸ 'ਚ ਦੇਸ਼ਾਂ ਦੀ ਭੂਗੋਲਿਕ ਸਥਿਤੀ, ਕੁਦਰਤੀ ਵਸੀਲੇ, ਆਰਥਿਕ ਸਥਿਰਤਾ, ਰੱਖਿਆ ਬਜਟ ਆਦਿ ਨੂੰ ਧਿਆਨ 'ਚ ਰੱਖਿਆ ਗਿਆ, ਹਾਲਾਂਕਿ ਇਸ ਵਿਚ ਦੇਸ਼ਾਂ ਦੀ ਪਰਮਾਣੂ ਸਮਰੱਥਾ ਅਤੇ ਸਿਆਸੀ ਅਗਵਾਈ ਨੂੰ ਸ਼ਾਮਲ ਨਹੀਂ ਕੀਤਾ ਗਿਆ।

# ਆਸਟਰੇਲੀਆ ਤੋਂ ਅੰਮ੍ਰਿਤਸਰ ਲਈ ਸ਼ੁਰੂ ਹੋਣਗੀਆਂ ਤਿੰਨ ਉਡਾਣਾਂ

**ਮੈਲਬੋਰਨ:** ਆਸਟਰੇਲੀਆ ਦੇ ਪ੍ਰਮੁੱਖ ਸ਼ਹਿਰਾਂ ਮੈਲਬੋਰਨ, ਸਿਡਨੀ ਪਰਥ ਅਤੇ ਗੋਲਡ ਕੋਸਟ ਸਮੇਤ ਕਈ ਥਾਵਾਂ ਤੋਂ ਅੰਮ੍ਰਿਤਸਰ ਨੂੰ ਸਿੱਧੀਆਂ ਉਡਾਣਾਂ ਜਲਦੀ ਹੀ ਸ਼ੁਰੂ ਹੋ ਰਹੀਆਂ ਹਨ। ਹੁਣ ਤਿੰਨ ਹਵਾਈ ਕੰਪਨੀਆਂ ਇਸ ਰੂਟ ਨਾਲ ਸਿੱਧੇ ਤੌਰ ਉਤੇ ਜੁੜਨ ਲਈ ਉਪਰਾਲੇ ਕਰ ਰਹੀਆਂ ਹਨ ਅਤੇ ਇਹ ਜਲਦੀ ਹੀ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਸ ਰੂਟ ਉਤੇ ਸਭ ਤੋਂ ਪਹਿਲਾਂ ਏਅਰ ਏਸ਼ੀਆ 16 ਅਗਸਤ, 2018 ਤੋਂ ਉਡਾਣ ਸ਼ੁਰੂ ਕਰ ਰਹੀ ਹੈ। ਇਸ ਵੇਲੇ ਅੰਮ੍ਰਿਤਸਰ ਪਹਿਲਾਂ ਹੀ ਮਲਿੰਡੋ ਏਅਰ ਰਾਹੀਂ ਕੁਆਲਾਲੰਪੁਰ ਤੇ ਸਕੂਟ ਏਅਰਲਾਈਨ ਰਾਹੀਂ ਜੁੜਿਆ ਹੋਇਆ ਹੈ।

ਇਸ ਰੂਟ ਉਤੇ ਸਭ ਤੋਂ ਵਧੇਰੇ ਲੋਕ ਸਫਰ ਕਰਦੇ ਹਨ ਅਤੇ ਇਨ੍ਹਾਂ ਕੰਪਨੀਆਂ ਕੋਲੋਂ ਸਦਾ ਹੀ ਅੰਮ੍ਰਿਤਸਰ ਜਾਣ ਦੀ ਮੰਗ ਕੀਤੀ ਜਾਂਦੀ ਹੈ। ਇਸ ਹਵਾਈ ਅੱਡੇ ਨੂੰ ਯਾਤਰੀਆਂ ਦੀ ਗਿਣਤੀ ਅਤੇ ਏਅਰਲਾਈਨਾਂ ਦੇ ਸੰਪਰਕ ਲਈ ਸਭ ਤੋਂ ਮਹੱਤਵਪੂਰਨ ਹਵਾਈ ਅੱਡੇ ਵਜੋਂ ਮੰਨਿਆ ਜਾਂਦਾ ਹੈ। ਇਥੇ ਪਹਿਲਾਂ ਬਹੁਤ ਸਾਰੀਆਂ ਕੌਮਾਂਤਰੀ ਹਵਾਈ ਕੰਪਨੀਆਂ ਆਉਂਦੀਆਂ ਹਨ, ਪਰ ਹੁਣ ਏਅਰ ਏਸ਼ੀਆ ਵੀ ਸ਼ਾਮਲ ਹੋ ਜਾਵੇਗੀ। ਏਅਰ ਇੰਡੀਆ ਵੱਲੋਂ ਪਹਿਲਾਂ ਅੰਮ੍ਰਿਤਸਰ ਨੂੰ ਸਿੱਧੀ ਉਡਾਣ ਸ਼ੁਰੂ ਕੀਤੀ ਗਈ ਸੀ, ਪਰ ਬਾਅਦ 'ਚ ਮੁਸਾਫਰਾਂ ਨੂੰ ਕਾਫੀ ਖੱਜਲ ਖੁਆਰ ਕੀਤਾ ਗਿਆ ਅਤੇ ਹੁਣ ਬੰਦ ਹੀ ਕਰ ਦਿੱਤੀ ਗਈ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਦੋ ਭਾਰਤੀ ਘਰੇਲੂ ਹਵਾਈ ਕੰਪਨੀਆਂ ਵੀ ਆਸਟਰੇਲੀਆ ਤੋਂ ਅੰਮ੍ਰਿਤਸਰ ਵਿਚਕਾਰ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਇੰਡੀਗੋ ਅਤੇ ਏਅਰ ਵਿਸਤਾਰਾ ਨੇ ਦੋਵਾਂ ਦੇਸ਼ਾਂ ਦੀ ਓਪਨ ਸਕਾਈ ਸਮਝੌਤੇ ਉਤੇ ਦਸਤਖਤ ਕੀਤੇ ਸਨ ਤੇ ਹੁਣ ਇਹ ਜਲਦੀ ਹੀ ਸ਼ੁਰੂ ਹੋ ਜਾਣ ਦੀ ਆਸ ਹੈ।

# ਭਾਰਤ 'ਚ ਹਰ 15 ਮਿੰਟ 'ਚ ਇਕ ਬਲਾਤਕਾਰ

**ਚੰਡੀਗੜ੍ਹ:** ਅਮਰੀਕਾ, ਸਾਊਥ ਅਫਰੀਕਾ ਤੇ ਸਵੀਡਨ ਤੋਂ ਬਾਅਦ ਭਾਰਤ ਦੁਨੀਆਂ ਦਾ ਚੌਥਾ ਦੇਸ਼ ਹੈ ਜਿਥੇ ਬਲਾਤਕਾਰ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। ਇਸ ਤੋਂ ਬਾਅਦ ਗਰੇਟ ਬ੍ਰਿਟੇਨ, ਜਰਮਨੀ, ਫਰਾਂਸ, ਕੈਨੇਡਾ, ਸ੍ਰੀਲੰਕਾ ਤੇ ਇਥੋਪੀਆ ਆਉਂਦੇ ਹਨ। ਪੂਰੇ ਵਿਸ਼ਵ ਵਿਚ ਬਲਾਤਕਾਰ ਟਾਪ 10 ਦੀ ਲਿਸਟ ਵਿਚ ਨਾ ਕੋਈ ਮੁਸਲਿਮ ਬਹੁਗਿਣਤੀ ਦੇਸ਼ ਹੈ ਤੇ ਨਾ ਇਸਲਾਮਿਕ ਦੇਸ਼। ਇਨ੍ਹਾਂ ਵਿਚੋਂ ਜ਼ਿਆਦਾਤਰ ਪੱਛਮੀ ਦੇਸ਼ ਹਨ ਜੋ ਨਾਰੀਵਾਦੀਆਂ ਨੂੰ ਸਭ ਤੋਂ ਜ਼ਿਆਦਾ ਮਹਿਲਾ ਅਧਿਕਾਰ ਦੇਣ ਵਾਲੇ ਲੱਗਦੇ ਹਨ। ਅਧਿਕਾਰਤ ਰਿਪੋਰਟ ਮੁਤਾਬਕ ਭਾਰਤ ਵਿਚ ਹਰ 15 ਮਿੰਟ ਉਤੇ ਇਕ ਮਹਿਲਾ ਦਾ ਬਲਾਤਕਾਰ ਹੁੰਦਾ ਹੈ। ਮਤਲਬ, ਹਰ ਦਿਨ 96, ਹਰ ਮਹੀਨੇ ਲਗਭਗ 3 ਹਜ਼ਾਰ ਤੇ ਹਰ ਸਾਲ 36 ਹਜ਼ਾਰ ਮਹਿਲਾਵਾਂ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ।

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਭਾਰਤ ਵਿਚ 2012 ਵਿਚ 24,923 ਬਲਾਤਕਾਰ ਕੇਸ ਦਰਜ ਕੀਤੇ ਗਏ ਜੋ 2013 ਵਿਚ ਵਧ ਕੇ 33,707 ਹੋ ਗਏ। 2013 ਵਿਚ 15,556 ਕੇਸਾਂ ਵਿਚ ਪੀੜਤਾਂ ਦੀ ਉਮਰ 18 ਤੋਂ 30 ਸਾਲਾਂ ਵਿਚਾਲੇ ਦੱਸੀ ਗਈ ਹੈ। ਅੰਕੜਿਆਂ ਮੁਤਾਬਕ 2013 ਵਿਚ ਸਾਰੇ ਸੂਬਿਆਂ ਦੇ ਮੁਕਾਬਲੇ ਮੱਧ ਪ੍ਰਦੇਸ਼ ਵਿਚ ਸਭ ਤੋਂ ਵੱਧ ਬਲਾਤਕਾਰ ਕੇਸ ਦਰਜ ਹੋਏ। ਇਥੇ ਹਰ ਦਿਨ ਔਸਤਨ 11 ਰੇਪ ਕੇਸ ਦਰਜ ਹੋਏ ਹਨ। ਇਸ ਦੇ ਨਾਲ ਹੀ ਰਾਜਸਥਾਨ ਵਿਚ 3,285, ਮਹਾਰਾਸ਼ਟਰ ਵਿਚ 3,063 ਤੇ ਉਤਰ ਪ੍ਰਦੇਸ਼ ਵਿਚ 3,050 ਬਲਾਤਕਾਰ ਕੇਸ ਦਰਜ ਦੋਏ। ਗੌਰ ਕਰਨ ਵਾਲੀ ਗੱਲ ਇਹ ਹੈ ਕਿ ਜ਼ਿਆਦਾਤਰ ਬਲਾਤਕਾਰ ਪੀੜਤ ਮਹਿਲਾਵਾਂ ਹਿੰਦੂ ਧਰਮ ਨਾਲ ਸਬੰਧਤ ਹਨ।

## ਨਹਿਰ ਵਿਚ ਡੁੱਬਣ ਕਾਰਨ 3 ਨੌਜਵਾਨਾਂ ਦੀ ਮੌਤ

**ਬਠਿੰਡਾ ਛਾਉਣੀ:** ਬਠਿੰਡਾ ਦੇ ਪਿੰਡ ਬੀਬੀਵਾਲਾ ਵਿਚ ਨਹਿਰ ਦੀ ਝਾਲ ਵਿਚ ਡੁੱਬਣ ਨਾਲ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ। ਇਹ ਤਿੰਨੋਂ ਦੋਸਤ ਗਰਮੀ ਦੇ ਕਹਿਰ ਤੋਂ ਬਚਣ ਲਈ ਨਹਿਰ ਦੀ ਝਾਲ ਵਿਚ ਨਹਾਉਣ ਗਏ ਸਨ। ਇਹ ਤਿੰਨੇ ਨੌਜਵਾਨ ਨਹਿਰ ਦੇ ਪਾਸੇ 'ਤੇ ਬਣੀ ਝਾਲ ਵਿਚ ਨਹਾਉਣ ਲੱਗ ਪਏ। ਝਾਲ ਦਾ ਪਾਣੀ ਉਨ੍ਹਾਂ ਦੀ ਉਮੀਦ ਤੋਂ ਵੱਧ ਡੂੰਘਾ ਸੀ।

ਪ੍ਰਤੱਖ ਦਰਸ਼ੀਆਂ ਅਨੁਸਾਰ ਨੌਜਵਾਨ ਪਾਣੀ ਵਿਚ ਤੈਰਨਾ ਨਹੀਂ ਸਨ ਜਾਣਦੇ। ਡੂੰਘੇ ਪਾਣੀ ਵਿਚ ਉਤਰਨ ਤੋਂ ਬਾਅਦ ਉਹ ਵਾਪਸ ਬਾਹਰ ਨਹੀਂ ਨਿਕਲ ਸਕੇ ਅਤੇ ਮੌਤ ਦੇ ਮੂੰਹ ਵਿਚ ਜਾ ਪਏ। ਭਾਰੀ ਮੁਸ਼ੱਕਤ ਤੋਂ ਬਾਅਦ ਤਿੰਨਾਂ ਨੌਜਵਾਨਾਂ ਦੀਆਂ ਲਾਸ਼ਾਂ ਪਾਣੀ ਵਿਚੋਂ ਬਰਾਮਦ ਕੀਤੀਆਂ। ਮ੍ਰਿਤਕਾਂ ਦੀ ਪਛਾਣ ਸੁਖਦੇਵ ਸਿੰਘ, ਬੁੱਧ ਅਤੇ ਹਰਪ੍ਰੀਤ ਹੈਪੀ ਵਜੋਂ ਹੋਈ ਹੈ।

# ਲੇਖਕ ਜਗਤਾਰ ਗਿੱਲ ਨੂੰ ਸਦਮਾ ਮਾਤਾ ਸੁਰਗਵਾਸ

**ਫਰੀਮਾਂਟ (ਬਿਊਰੋ):** ਲੇਖਕ ਤੇ ਰੇਡੀਓ ਹੋਸਟ ਜਗਤਾਰ ਸਿੰਘ ਗਿੱਲ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ



ਕਰਤਾਰ ਕੌਰ (ਸੁਪਤਨੀ ਹਰਬੰਤ ਸਿੰਘ ਗਿੱਲ) 15 ਜੁਲਾਈ ਨੂੰ ਸੈਨ ਹੋਜੇ ਵਿਚ ਸਦੀਵੀ ਵਿਛੋੜਾ ਦੇ ਗਏ। ਉਹ 91 ਸਾਲਾਂ ਦੇ ਸਨ। ਉਹ ਆਪਣੇ ਪਿਛੇ ਪਤੀ, ਦੋ ਪੁੱਤਰ ਤੇ ਦੋ ਧੀਆਂ ਤੋਂ ਇਲਾਵਾ ਦੋਹਤੇ-ਦੋਹਤੀਆਂ, ਪੋਤੇ-ਪੋਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦਾ ਇਕ ਪੁੱਤਰ ਪਹਿਲਾਂ ਸਵਰਗਵਾਸ ਹੋ ਗਿਆ ਸੀ। ਮਾਤਾ ਕਰਤਾਰ ਕੌਰ ਦਾ ਪੇਕਾ ਪਿੰਡ ਚੰਦ ਪੁਰਾਣਾ ਅਤੇ ਸਹੁਰਾ ਪਿੰਡ ਪਰਾਣੇ ਵਾਲਾ (ਜਿਲਾ ਮੋਗਾ) ਸੀ। ਉਹ ਪਿਛਲੇ ਵੀਹ ਸਾਲਾਂ ਤੋਂ ਅਮਰੀਕਾ ਆਏ ਹੋਏ ਸਨ।

ਮਾਤਾ ਕਰਤਾਰ ਕੌਰ ਦਾ ਅੰਤਿਮ ਸੰਸਕਾਰ 21 ਜੁਲਾਈ, ਸਨਿਚਰਵਾਰ ਨੂੰ ਚੈਪਲ ਆਫ ਚਾਈਮਜ਼ ਫਿਊਨਰਲ ਹੋਮ, ਹੇਵਰਡ ਵਿਖੇ ਬਾਅਦ ਦੁਪਹਿਰ 2 ਤੋਂ 4 ਵਜੇ ਦਰਮਿਆਨ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਫਰੀਮਾਂਟ ਵਿਖੇ ਹੋਵੇਗੀ। ਜਗਤਾਰ ਸਿੰਘ ਗਿੱਲ ਨਾਲ ਸੰਪਰਕ ਫੋਨ 408-857-4455, ਜਾਂ ਫੋਨ: 510-713-1713 ਰਾਹੀਂ ਕੀਤਾ ਜਾ ਸਕਦਾ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

# ਬਾਦਲਾਂ ਦੇ ਅਧੂਰੇ ਪ੍ਰਾਜੈਕਟਾਂ ਨੂੰ ਸਿਰੇ ਲਾਵੇਗੀ ਕੈਪਟਨ ਸਰਕਾਰ

**ਅੰਮ੍ਰਿਤਸਰ:** ਅੰਮ੍ਰਿਤਸਰ ਸ਼ਹਿਰ ਵਿਚ ਲਗਭਗ 500 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਬੀ.ਆਰ.ਟੀ.ਐਸ. (ਬੱਸ ਰੇਪਿਡ ਟਰਾਂਜ਼ਿਟ ਸਿਸਟਮ) ਨੂੰ ਲੰਮੀ ਉਡੀਕ ਮਗਰੋਂ ਸਰਕਾਰ ਨੇ 15 ਅਕਤੂਬਰ ਤੋਂ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸ ਤਹਿਤ ਵਰਦੀ ਵਾਲੇ ਸਕੂਲੀ ਵਿਦਿਆਰਥੀਆਂ ਨੂੰ ਇਸ ਬੱਸ ਵਿਚ ਮੁਫਤ ਸਫਰ ਦੀ ਸਹੂਲਤ ਮਿਲੇਗੀ, ਜਦੋਂਕਿ ਸ਼ੁਰੂ ਦੇ ਤਿੰਨ ਮਹੀਨੇ ਸਾਰਿਆਂ ਨੂੰ ਇਹ ਬੱਸ ਯਾਤਰਾ ਸਹੂਲਤ ਮੁਫਤ ਮਿਲੇਗੀ। ਇਹ ਐਲਾਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੀਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਕੁਝ ਹੋਰ ਮੰਤਰੀਆਂ ਤੇ ਉਚ ਅਧਿਕਾਰੀਆਂ ਨਾਲ ਇਸ ਯੋਜਨਾ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ।



ਉਨ੍ਹਾਂ ਖੁਲਾਸਾ ਕੀਤਾ ਕਿ ਪਿਛਲੀ ਸਰਕਾਰ ਵੱਲੋਂ ਸ਼ੁਰੂ ਕੀਤੀ ਇਸ ਯੋਜਨਾ ਨੂੰ ਅੱਧ ਵਿਚਾਲਿਓਂ ਤੇ ਅਧੂਰੀ ਨੂੰ ਹੀ ਸ਼ੁਰੂ ਕਰ ਦਿੱਤਾ ਗਿਆ ਸੀ। ਇਸ ਵਿਚ ਕਈ ਖਾਮੀਆਂ ਵੀ ਸਨ, ਜਿਸ ਕਾਰਨ ਇਸ ਯੋਜਨਾ ਨੂੰ ਲੋਕਾਂ ਦਾ ਕੋਈ ਹੁੰਗਾਰਾ ਨਹੀਂ ਮਿਲ ਸਕਿਆ। ਇਸ ਯੋਜਨਾ ਉਤੇ ਸਰਕਾਰ ਵੱਲੋਂ 500 ਕਰੋੜ ਰੁਪਏ ਤੋਂ ਵੱਧ ਦੀ ਰਕਮ ਖਰਚ ਕੀਤੀ ਜਾ ਚੁੱਕੀ ਹੈ। ਲੋਕਾਂ ਦੇ ਪੈਸੇ ਨੂੰ ਬਰਬਾਦੀ ਨੂੰ ਰੋਕਣ ਅਤੇ ਇਸ ਵਿਚਲੀਆਂ ਖਾਮੀਆਂ ਨੂੰ ਦੂਰ ਕਰ ਕੇ ਹੁਣ ਇਸ ਯੋਜਨਾ ਤਹਿਤ ਸਮੂਹ ਬੱਸਾਂ 15 ਅਕਤੂਬਰ ਤੋਂ ਸ਼ਹਿਰ ਵਿਚ ਵੱਖ-ਵੱਖ ਰੂਟਾਂ ਉਤੇ ਦੌੜਨਗੀਆਂ। 31 ਕਿਲੋਮੀਟਰ ਦੇ ਇਸ ਦੇ ਰੂਟ ਵਿਚ 47 ਬੱਸ ਸਟੇਸ਼ਨ ਬਣਾਏ ਗਏ ਹਨ, ਜਿਨ੍ਹਾਂ ਵਿਚੋਂ 6 ਬੱਸ ਸਟੇਸ਼ਨ ਅਤੇ ਇਕ ਵੱਡੇ ਬੱਸ ਅੱਡੇ ਦੀ ਉਸਾਰੀ ਦਾ ਕੰਮ ਅਧੂਰਾ ਹੈ, ਇਸ ਨੂੰ ਛੇਤੀ ਮੁਕੰਮਲ ਕਰ ਲਿਆ ਜਾਵੇਗਾ ਅਤੇ 15 ਅਕਤੂਬਰ ਤੋਂ ਬੀ.ਆਰ.ਟੀ.ਐਸ. ਯੋਜਨਾ ਮੁਕੰਮਲ ਰੂਪ ਵਿਚ ਸ਼ੁਰੂ ਹੋ ਜਾਵੇਗੀ। ਇਹ ਯੋਜਨਾ ਤਹਿਤ ਵਰਦੀਧਾਰੀ ਸਕੂਲੀ ਬੱਚਿਆਂ ਤੋਂ ਕਿਰਾਇਆ ਨਹੀਂ ਵਸੂਲਿਆ ਜਾਵੇਗਾ ਤੇ ਪਹਿਲੇ ਤਿੰਨ ਮਹੀਨੇ ਇਹ ਯਾਤਰਾ ਹਰੇਕ ਸ਼ਹਿਰ ਵਾਸੀ ਲਈ ਮੁਫਤ ਹੋਵੇਗੀ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਭੰਡਾਰੀ ਪੁਲ ਉਤੇ ਰੇਲਵੇ ਸਟੇਸ਼ਨ ਵੱਲ ਨੂੰ ਬਣਾਏ ਪੁਲ ਦਾ ਉਦਘਾਟਨ ਅਗਲੇ ਹਫਤੇ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਦੋ ਹੋਰ ਫਲਾਈਓਵਰ ਬਣਾਉਣ ਦੀ ਯੋਜਨਾ ਨੂੰ ਮਨਜ਼ੂਰੀ ਮਿਲ ਚੁੱਕੀ ਹੈ ਤੇ ਇਹ ਵੀ ਛੇਤੀ ਸ਼ੁਰੂ ਹੋ ਜਾਣਗੇ।

ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਸ਼ਹਿਰ ਵਾਸੀਆਂ ਲਈ ਸ਼ੁੱਧ ਪਾਣੀ ਵਾਸਤੇ ਮੁਹੱਈਆ ਕਰਨ ਦੀ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਹ ਚਾਰ ਹਜ਼ਾਰ ਕਰੋੜ ਰੁਪਏ ਦੀ ਯੋਜਨਾ ਹੈ, ਜਿਸ ਵਿਚੋਂ ਦੋ ਹਜ਼ਾਰ ਕਰੋੜ ਰੁਪਏ ਵਿਸ਼ਵ ਬੈਂਕ ਕੋਲੋਂ ਲਏ ਜਾਣਗੇ। ਨਾਜਾਇਜ਼ ਕਾਲੋਨੀਆਂ ਅਤੇ ਹੋਟਲਾਂ ਦੀਆਂ ਨਾਜਾਇਜ਼ ਇਮਾਰਤਾਂ ਬਾਰੇ ਉਨ੍ਹਾਂ ਆਖਿਆ ਕਿ 'ਵਨ ਟਾਈਮ ਸੈਟਲਮੈਂਟ' ਯੋਜਨਾ ਹੇਠ ਇਸ ਦਾ ਹੱਲ ਕੀਤਾ ਜਾਵੇਗਾ ਅਤੇ 31 ਮਾਰਚ ਤੋਂ ਬਾਅਦ ਕਿਸੇ ਵੀ ਨਾਜਾਇਜ਼ ਇਮਾਰਤ ਦੀ ਉਸਾਰੀ ਨੂੰ ਸਹਿਣ ਨਹੀਂ ਕੀਤਾ ਜਾਵੇਗਾ।

# ਚੇਅਰਮੈਨੀਆਂ ਲੈਣ ਵਾਲਿਆਂ ਦੀ ਉਡੀਕ ਹੋਈ ਲੰਮੀ

**ਚੰਡੀਗੜ੍ਹ:** ਕੈਪਟਨ ਸਰਕਾਰ ਵੱਲੋਂ ਵਿਧਾਇਕਾਂ ਨੂੰ ਬੋਰਡਾਂ, ਨਿਗਮਾਂ ਦੇ ਚੇਅਰਮੈਨ ਲਾਉਣ ਵਿਚ ਹੋ ਰਹੀ ਦੇਰੀ ਕਰ ਕੇ ਵਿਧਾਇਕਾਂ 'ਚ ਬੇਚੈਨੀ ਪੈਦਾ ਹੋਣੀ ਸ਼ੁਰੂ ਹੋ ਗਈ ਹੈ। ਇਸ ਸਬੰਧੀ ਸੂਬੇ ਦੇ ਰਾਜਪਾਲ ਵੱਲੋਂ 'ਲਾਭ ਦੇ ਅਹੁਦੇ' ਵਾਲੇ ਆਰਡੀਨੈਂਸ 'ਤੇ ਅਜੇ ਤੱਕ ਮੋਹਰ ਨਹੀਂ ਲਾਈ ਗਈ। ਇਸ ਨਾਲ ਵਿਧਾਇਕਾਂ ਲਈ ਝੰਡੀ ਵਾਲੀ ਕਾਰ ਦੂਰ ਹੁੰਦੀ ਜਾ ਰਹੀ ਹੈ।



ਕੈਪਟਨ ਵਜ਼ਾਰਤ ਨੇ ਬੋਰਡਾਂ ਅਤੇ ਨਿਗਮਾਂ ਦੇ ਚੇਅਰਮੈਨ ਲਾਉਣ ਲਈ 1952 ਦੇ ਐਕਟ ਵਿਚ ਸੋਧ ਕਰਨ ਲਈ ਆਰਡੀਨੈਂਸ ਸੂਬੇ ਦੇ ਰਾਜਪਾਲ ਵੀ.ਪੀ.ਸਿੰਘ ਬਦਨੌਰ ਨੂੰ ਭੇਜਿਆ ਹੈ। ਇਸ ਸੋਧ ਨਾਲ ਬੋਰਡਾਂ ਤੇ ਨਿਗਮਾਂ ਦੇ ਚੇਅਰਮੈਨਾਂ ਦੇ ਅਹੁਦੇ ਨੂੰ 'ਆਫਿਸ ਆਫ ਪ੍ਰੋਫਿਟ' ਤੋਂ ਬਾਹਰ ਕਰ ਦਿੱਤਾ ਹੈ ਤਾਂ ਕਿ ਵਿਧਾਇਕਾਂ ਨੂੰ ਅਯੋਗ ਨਾ ਠਹਿਰਾਇਆ ਜਾ ਸਕੇ। ਕਾਂਗਰਸ ਪਾਰਟੀ ਕੋਲ ਪੰਜਾਬ ਵਿਧਾਨ ਸਭਾ ਵਿਚ ਦੋ ਤਿਹਾਈ ਬਹੁਮਤ ਹੈ ਤੇ ਸਿਰਫ 18 ਵਿਧਾਇਕ ਹੀ ਮੰਤਰੀ ਬਣਾ ਕੇ ਅਡਜਸਟ ਕੀਤੇ ਗਏ ਹਨ ਪਰ ਝੰਡੀ ਵਾਲੀ ਕਾਰ ਹਾਸਲ ਕਰਨ ਵਾਲੇ ਵਿਧਾਇਕਾਂ ਦੀ ਗਿਣਤੀ ਕਾਫੀ ਹੈ।

ਕੈਪਟਨ ਸਰਕਾਰ ਨੇ ਪਹਿਲਾਂ ਵਿਧਾਇਕਾਂ ਨੂੰ ਚੀਫ ਪਾਰਲੀਮਾਨੀ ਸਕੱਤਰ ਬਣਾਉਣ ਲਈ ਯੋਜਨਾ ਤਿਆਰ ਕੀਤੀ ਸੀ ਜਿਸ ਤਹਿਤ ਹਰੇਕ ਮੰਤਰੀ ਨਾਲ ਇਕ ਇਕ ਚੀਫ ਪਾਰਲੀਮਾਨੀ ਸਕੱਤਰ ਲਾਇਆ ਜਾਣਾ ਸੀ ਪਰ ਅਦਾਲਤੀ ਫੈਸਲਿਆਂ ਕਾਰਨ ਉਹ ਯੋਜਨਾ ਸਿਰੇ ਨਹੀਂ ਚੜ੍ਹ ਸਕੀ। ਸਰਕਾਰ 'ਤੇ ਡੇਢ ਦਰਜਨ ਤੋਂ ਵੱਧ ਵਿਧਾਇਕ ਚੇਅਰਮੈਨ ਲੱਗਣ ਲਈ ਦਬਾਅ ਬਣਾ ਰਹੇ ਸਨ ਅਤੇ ਪਾਰਟੀ ਦੇ ਹੋਰ ਆਗੂਆਂ ਦੀ ਗਿਣਤੀ ਇਸ ਤੋਂ ਵੱਖਰੀ ਹੈ। ਸੂਤਰਾਂ ਅਨੁਸਾਰ ਆਰਡੀਨੈਂਸ 'ਤੇ ਰਾਜਪਾਲ ਵੱਲੋਂ ਸਹੀ ਪਾਏ ਜਾਣ 'ਤੇ ਸਮਾਂ ਲੱਗ ਸਕਦਾ ਹੈ ਕਿ ਉਹ ਇਸ ਬਾਰੇ ਕਾਨੂੰਨੀ ਮਾਹਿਰਾਂ ਕੋਲੋਂ ਵੀ ਰਾਏ ਲੈ ਸਕਦੇ ਹਨ।

# ਐਸ. ਐਸ. ਪੀ. ਢਿੱਲੋਂ ਖਿਲਾਫ ਕਾਰਵਾਈ ਤੋਂ ਟਲਦੀ ਰਹੀ ਸਰਕਾਰ

**ਚੰਡੀਗੜ੍ਹ:** ਪੰਜਾਬ ਕ੍ਰਾਈਮ ਬਰਾਂਚ ਨੇ ਮੋਗਾ ਦੇ ਸਾਬਕਾ ਐਸ.ਐਸ.ਪੀ. ਕਮਲਜੀਤ ਢਿੱਲੋਂ ਖਿਲਾਫ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਦਰਜ ਕਰਨ ਦੀ ਸਿਫਾਰਸ਼ ਕੀਤੀ ਸੀ, ਪਰ ਪੰਜਾਬ ਸਰਕਾਰ ਨੇ ਇਸ ਉਤੇ ਕਾਰਵਾਈ ਨਹੀਂ ਕੀਤੀ। ਉਲਟਾ ਉਨ੍ਹਾਂ ਨੂੰ ਨਸ਼ਿਆਂ ਦੇ ਮਾਮਲੇ 'ਚ ਦਾਗੀ ਐਸ.ਐਸ.ਪੀ. ਰਾਜਜੀਤ ਸਿੰਘ ਦੀ ਥਾਂ ਮੋਗਾ ਦਾ ਜ਼ਿਲ੍ਹਾ ਪੁਲਿਸ ਮੁਖੀ ਨਿਯੁਕਤ ਕਰ ਦਿੱਤਾ।

ਜਾਂਚ ਰਿਪੋਰਟ ਵਿਚ ਸ੍ਰੀ ਢਿੱਲੋਂ ਤੇ ਤਿੰਨ ਹੋਰ ਪੁਲਿਸ ਅਧਿਕਾਰੀਆਂ- ਏ.ਐਸ.ਆਈ. ਜਰਨੈਲ ਸਿੰਘ, ਸਬ ਇੰਸਪੈਕਟਰ ਅਮਰਜੀਤ ਸਿੰਘ ਤੇ ਹੌਲਦਾਰ ਜਸਵੀਰ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਰਿਪੋਰਟ ਵਿਚ ਸ੍ਰੀ ਢਿੱਲੋਂ ਤੇ ਦੂਜੇ ਤਿੰਨਾਂ ਪੁਲਿਸ ਅਧਿਕਾਰੀਆਂ ਨੂੰ 40 ਲੱਖ ਰੁਪਏ ਰਿਸ਼ਵਤ ਲੈ ਕੇ ਉਨ੍ਹਾਂ ਖਿਲਾਫ਼ ਨਸ਼ਿਆਂ ਦੀ ਸਮਗਲਿੰਗ ਦਾ ਕੇਸ ਰਫਾ-ਦਫਾ ਕਰ ਦੇਣ ਦੇ ਦੋਸ਼ ਲਾਏ ਗਏ ਹਨ। ਤਿੰਨਾਂ ਪੁਲਿਸ ਅਧਿਕਾਰੀਆਂ ਉਤੇ ਭੁੱਕੀ ਦੀ ਸਮਗਲਿੰਗ ਦੇ ਦੋਸ਼ ਸਨ ਤੇ ਰਿਪੋਰਟ ਮੁਤਾਬਕ ਸ੍ਰੀ ਢਿੱਲੋਂ ਨੇ ਉਨ੍ਹਾਂ ਖਿਲਾਫ਼ ਦਰਜ ਐਫ.ਆਈ.ਆਰ. ਰੱਦ ਕਰ ਦਿੱਤੀ ਸੀ। ਰਿਪੋਰਟ ਵਿਚ ਸ੍ਰੀ ਢਿੱਲੋਂ ਤੇ ਹੋਰ ਪੁਲਿਸ ਅਫਸਰਾਂ ਦੀਆਂ ਆਪਸੀ ਤੇ ਕੁਝ ਸਮਗਲਰਾਂ ਨਾਲ ਫੋਨ ਕਾਲਾਂ ਦੇ ਵੇਰਵੇ ਵੀ ਸ਼ਾਮਲ ਹਨ।



ਪੁਲਿਸ ਤੇ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਜਾਂਚ ਰਿਪੋਰਟ ਉਤੇ ਕਾਰਵਾਈ ਮੁੱਖ ਮੰਤਰੀ ਦੀ ਮਨਜ਼ੂਰੀ ਦੀ ਉਡੀਕ ਵਿਚ ਸੀ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸ੍ਰੀ ਢਿੱਲੋਂ ਖਿਲਾਫ਼ ਮੁਕੱਦਮਾ ਚਲਾਉਣ ਤੋਂ ਪਹਿਲਾਂ ਰਸਮੀ ਮਨਜ਼ੂਰੀ ਜ਼ਰੂਰੀ ਸੀ। ਸੂਤਰਾਂ ਮੁਤਾਬਕ ਮੁੱਖ ਮੰਤਰੀ ਉਤੇ ਸ੍ਰੀ ਢਿੱਲੋਂ ਖਿਲਾਫ਼ ਕੋਈ ਕਾਰਵਾਈ ਨਾ ਕਰਨ ਲਈ ਸਿਆਸੀ ਦਬਾਅ ਸੀ। ਇਸ ਸਬੰਧੀ ਪੱਖ ਜਾਨਣ ਲਈ ਕੀਤੀਆਂ ਕਾਲਾਂ ਤੇ ਭੇਜੇ ਗਏ ਸੁਨੇਹਿਆਂ ਦਾ ਸ੍ਰੀ ਢਿੱਲੋਂ ਨੇ ਕੋਈ ਜਵਾਬ ਨਹੀਂ ਦਿੱਤਾ। ਜਾਂਚ ਰਿਪੋਰਟ ਮੁਤਾਬਕ ਉਨ੍ਹਾਂ ਫੋਨ ਕਾਲਾਂ ਦੀ ਪੁਸ਼ਟੀ ਲਈ ਫਾਰੈਂਸਿਕ ਜਾਂਚ ਵਾਸਤੇ ਆਪਣੀ ਆਵਾਜ਼ ਦੇ ਨਮੂਨੇ ਦੇਣ ਤੋਂ ਵੀ ਨਾਂਹ ਕਰ ਦਿੱਤੀ ਸੀ। ਇਹ ਮਾਮਲਾ ਬੀਤੇ ਜੂਨ ਵਿਚ ਉਦੋਂ ਸਾਹਮਣੇ ਆਇਆ ਜਦੋਂ ਆਈ.ਜੀ. ਬਠਿੰਡਾ ਨੇ ਢਿੱਲੋਂ ਖਿਲਾਫ਼ ਕ੍ਰਾਈਮ ਬ੍ਰਾਂਚ ਰਾਹੀਂ ਜਾਂਚ ਦੇ ਹੁਕਮ ਦਿੱਤੇ। ਰਿਪੋਰਟ ਮੁਤਾਬਕ ਦੋ ਗਵਾਹ- ਐਸ.ਪੀ. (ਟਰੈਫਿਕ) ਗੁਰਮੀਤ ਸਿੰਘ ਤੇ ਇੰਸਪੈਕਟਰ ਅਮਰਜੀਤ ਸਿੰਘ ਆਪਣੇ ਬਿਆਨਾਂ ਉਤੇ ਅਦਾਲਤ ਵਿੱਚ ਵੀ ਕਾਇਮ ਰਹੇ ਕਿ ਪੁਲਿਸ ਨੇ ਤਿੰਨੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਛੱਡ ਦਿੱਤਾ ਸੀ।

## *ਸੁਪਰੀਮ ਕੋਰਟ ਵੱਲੋਂ ਦਿੱਲੀ ਦੇ ਉਪ ਰਾਜਪਾਲ ਬੈਜਲ ਦੀ ਖਿਚਾਈ*

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਿੱਲੀ ਦੇ ਕੂੜਾ ਘਰਾਂ ਵਿਚ ਲੱਗੇ ਪਹਾੜਨੁਮਾ ਢੇਰਾਂ ਬਾਰੇ ਕੋਈ ਠੋਸ ਕਾਰਵਾਈ ਨਾ ਕਰਨ ਕਰ ਕੇ ਦਿੱਲੀ ਦੇ ਉਪ ਰਾਜਪਾਲ ਅਨਿਲ ਬੈਜਲ ਦੀ ਝਾੜ-ਝੰਬ ਕਰਦਿਆਂ ਵਿਅੰਗ ਨਾਲ ਉਨ੍ਹਾਂ ਦੀ ਤੁਲਨਾ 'ਸੁਪਰਮੈਨ' ਨਾਲ ਤੁਲਨਾ ਕੀਤੀ ਹੈ। ਸੁਪਰੀਮ ਕੋਰਟ ਦੇ ਬੈਂਚ ਵੱਲੋਂ ਦਿੱਲੀ ਦੇ ਤਿੰਨ ਸਥਾਨਾਂ ਓਖਲਾ, ਗਾਜ਼ੀਪੁਰ ਤੇ ਭਲਸਵਾ ਵਿਚ ਪਹਾੜਨੁਮਾ ਕੂੜਾ ਘਰਾਂ ਬਾਰੇ ਸੁਣਵਾਈ ਕੀਤੀ ਜਾ ਰਹੀ ਹੈ।

ਬੈਂਚ ਨੇ ਕਿਹਾ ਕਿ ਅਜਿਹਾ ਇਕ ਪਹਾੜ ਤਾਂ ਲਗਭਗ ਕੁਤਬ ਮੀਨਾਰ ਦੀ ਉਚਾਈ ਤੱਕ ਜਾ ਪੁੱਜਾ ਹੈ। ਬੈਂਚ ਨੇ ਦਿੱਲੀ ਵਿੱਚ ਠੋਸ ਕੂੜਾ ਪ੍ਰਬੰਧ ਬਾਰੇ ਉਪ ਰਾਜਪਾਲ ਤੋਂ ਰਿਪੋਰਟ ਮੰਗੀ ਸੀ। ਸ੍ਰੀ ਬੈਜਲ ਤੇ ਦਿੱਲੀ ਸਰਕਾਰ ਵੱਲੋਂ ਹਲਫਨਾਮਾ ਦਿੱਤਾ ਗਿਆ ਕਿ ਕੂੜਾ ਪ੍ਰਬੰਧ ਲਈ ਨਿਗਮ ਜ਼ਿੰਮੇਵਾਰ ਹੈ, ਇਸ ਲਈ ਉਹ ਇਸ ਮੁੱਦੇ ਬਾਰੇ ਲਗਾਤਾਰ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਇਸ ਲਈ ਧਾਰਾ 239ਏਏ ਦਾ ਹਵਾਲਾ ਵੀ ਦਿੱਤਾ। ਸੁਪਰੀਮ ਕੋਰਟ ਨੇ ਐਲ.ਜੀ. ਤੇ ਕੇਂਦਰ ਸਰਕਾਰ ਤੋਂ ਪੁੱਛਿਆ ਕਿ ਇਸ ਬਾਰੇ ਕੀ ਕਾਰਵਾਈ ਕੀਤੀ ਜਾ ਰਹੀ ਹੈ, ਇਸ ਸਬੰਧੀ ਸਮਾਂ ਬੱਧ ਢੰਗ ਨਾਲ ਦੱਸਿਆ ਜਾਵੇ।

# ਸਰਕਾਰੀ ਸਬਸਿਡੀਆਂ ਨੇ ਡੋਬਿਆ ਬਿਜਲੀ ਨਿਗਮ

**ਪਟਿਆਲਾ:** ਪੰਜਾਬ ਬਿਜਲੀ ਨਿਗਮ ਕਿਸੇ ਵੇਲੇ ਰਾਜ ਦਾ ਲਾਭ ਵਾਲਾ ਅਦਾਰਾ ਸੀ ਪਰ ਸਿਆਸੀ ਲੋਕਾਂ ਦੀ ਵੋਟਾਂ ਦੀ ਲਾਲਸਾ ਨੇ ਇਸ ਨੂੰ ਅਜਿਹੇ ਮੋੜ ਉਤੇ ਖੜ੍ਹਾ ਕਰ ਦਿੱਤਾ ਹੈ ਜਿਥੇ ਇਸ ਨੂੰ ਵੱਡੀ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਬਿਜਲੀ ਨਿਗਮ ਇਕ ਅਜਿਹਾ ਅਦਾਰਾ ਹੈ ਜਿਸ ਦੀ ਪਿਛਲੇ ਸਾਲ ਤੱਕ ਖਪਤਕਾਰਾਂ ਵੱਲ 2300 ਕਰੋੜ ਤੋਂ ਜ਼ਿਆਦਾ ਬਕਾਇਆ ਰਾਸ਼ੀ ਖੜ੍ਹੀ ਹੈ। ਬਿਜਲੀ ਨਿਗਮ ਦਾ ਕਰੀਬ 1200 ਕਰੋੜ ਰੁਪਏ ਤਾਂ ਸਰਕਾਰੀ ਵਿਭਾਗਾਂ ਨੇ ਹੀ ਦੇਣਾ ਹੈ ਜਿਸ ਵਿਚੋਂ ਇਕੱਲੇ ਜਲ ਸਪਲਾਈ ਵਿਭਾਗ ਨੇ 600 ਕਰੋੜ ਦੀ ਬਿਜਲੀ ਨਿਗਮ ਨੂੰ ਅਦਾਇਗੀ ਕਰਨੀ ਹੈ।

ਇਸ ਤੋਂ ਬਿਨਾ ਬਿਜਲੀ ਨਿਗਮ ਨੂੰ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫਤ ਬਿਜਲੀ ਦਾ ਭਾਰ ਵੀ ਝੱਲਣਾ ਪੈ ਰਿਹਾ ਹੈ ਕਿਉਂਕਿ ਸਰਕਾਰਾਂ ਨੇ ਹੁਣ ਤੱਕ ਸਬਸਿਡੀ ਦੀਆਂ ਅਦਾਇਗੀਆਂ ਲਮਕਾ ਕੇ ਹੀ ਅਦਾ ਕੀਤੀਆਂ ਹਨ। ਬਿਜਲੀ ਨਿਗਮ ਦੇ ਪੰਜ ਖੇਤਰ (ਜ਼ੋਨ) ਹਨ ਪਰ ਸਭ ਤੋਂ ਜ਼ਿਆਦਾ ਰਕਮ ਕਰੀਬ 623 ਕਰੋੜ ਸਰਹੱਦੀ ਜ਼ੋਨ ਅੰਮ੍ਰਿਤਸਰ ਵੱਲ ਖੜ੍ਹੀ ਹੈ ਤੇ ਬਠਿੰਡਾ ਜ਼ੋਨ ਦਾ ਦੂਜਾ ਅਤੇ ਦੱਖਣ ਜ਼ੋਨ ਪਟਿਆਲਾ ਦਾ ਤੀਜਾ ਸਥਾਨ ਹੈ ਜਿਥੇ ਬਕਾਇਆ ਰਾਸ਼ੀ ਦਾ ਅੰਕੜਾ ਜ਼ਿਆਦਾ ਹੈ।

ਬਿਜਲੀ ਨਿਗਮ 'ਤੇ ਕਿਸਾਨਾਂ ਨੂੰ ਸਬਸਿਡੀ ਦੇ ਰੂਪ ਵਿਚ ਦਿੱਤੀ ਜਾਂਦੀ ਮੁਫਤ ਬਿਜਲੀ ਦਾ ਅੰਦਾਜ਼ਨ 6 ਹਜ਼ਾਰ ਕਰੋੜ ਰੁਪਏ ਭਾਰ ਪੈਂਦਾ ਹੈ। ਇਹ ਰਕਮ ਸੂਬਾ ਸਰਕਾਰ ਬਿਜਲੀ ਨਿਗਮ ਨੂੰ ਅਦਾ ਕਰਦੀ ਹੈ। ਬਿਜਲੀ ਨਿਗਮ ਦਾ ਪੰਜਾਬ ਸਰਕਾਰ ਵੱਲ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਇਸ ਸਬਸਿਡੀ ਦਾ 2 ਹਜ਼ਾਰ ਕਰੋੜ ਅਜੇ ਵੀ ਬਕਾਇਆ ਖੜ੍ਹਾ ਹੈ। ਖਪਤਕਾਰਾਂ ਵੱਲ ਵੀ ਬਿਜਲੀ ਬੋਰਡ ਦਾ ਵੱਡਾ ਬਕਾਇਆ ਖੜ੍ਹਾ ਹੈ।

# ਸਿੱਖ ਪਰਿਵਾਰ ਨੂੰ ਘਰੋਂ ਕੱਢਣ ਵਾਲੇ ਪਾਕਿਸਤਾਨੀ ਅਫਸਰ ਬੁਰੇ ਫਸੇ

**ਚੰਡੀਗੜ੍ਹ:** ਪਾਕਿਸਤਾਨ ਦੇ ਪਹਿਲੇ ਸਿੱਖ ਟਰੈਫਿਕ ਪੁਲਿਸ ਅਫਸਰ ਗੁਲਾਬ ਸਿੰਘ ਸ਼ਾਹੀਨ ਨੂੰ ਕੁੱਟਮਾਰ ਕਰ ਕੇ ਘਰੋਂ ਕੱਢਣ ਵਾਲੇ ਅਫਸਰਾਂ ਦੀ ਸ਼ਾਮਤ ਆ ਗਈ ਹੈ। ਇਸ ਘਟਨਾ ਦਾ ਨੋਟਿਸ ਲੈਂਦਿਆਂ ਲਾਹੌਰ ਜ਼ਿਲ੍ਹਾ ਸੈਸ਼ਨ ਕੋਰਟ ਨੇ ਪੁਲਿਸ ਤੇ ਔਕਾਫ ਬੋਰਡ ਦੇ ਤਿੰਨ ਅਫਸਰਾਂ ਖਿਲਾਫ ਅਦਾਲਤੀ ਮਾਣਹਾਨੀ ਦੇ ਨੋਟਿਸ ਜਾਰੀ ਕੀਤੇ ਹਨ।



ਲਾਹੌਰ ਸੈਸ਼ਨ ਕੋਰਟ ਨੇ ਐਸ.ਐਚ.ਓ. ਇਫਤਿਖਾਰ ਅੰਸਾਰੀ, ਪੀ.ਈ.ਟੀ.ਪੀ.ਬੀ. ਦੇ ਐਡੀਸ਼ਨਲ ਸਕੱਤਰ ਤਾਰਿਕ ਵਜ਼ੀਰ ਤੇ ਡਿਪਟੀ ਸਕੱਤਰ ਅਕਰਮ ਜ਼ੋਇਆ ਖਿਲਾਫ ਹੁਕਮ ਅਦੂਲੀ ਕਰਨ ਬਦਲੇ ਨੋਟਿਸ ਜਾਰੀ ਕੀਤਾ ਹੈ।

ਉਧਰ, ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਮੰਗ ਕੀਤੀ ਕਿ ਗੁਲਾਬ ਸਿੰਘ ਨੂੰ ਇਨਸਾਫ ਦਿੱਤਾ ਜਾਵੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਇਹ ਗੰਭੀਰ ਮਾਮਲਾ ਹੈ ਤੇ ਪਾਕਿਸਤਾਨ ਸਰਕਾਰ ਨੂੰ ਗੁਲਾਬ ਸਿੰਘ ਦੇ ਪਰਿਵਾਰ ਦਾ ਤੁਰਤ ਮੁੜ ਵਸੇਬਾ ਕਰਨਾ ਚਾਹੀਦਾ ਹੈ।

## ਕਿਸ਼ਤੀ ਡੁੱਬਣ ਕਾਰਨ ਦੋ ਮੌਤਾਂ

**ਅਮਰਾਵਤੀ:** ਆਂਧਰਾ ਪ੍ਰਦੇਸ਼ ਦੇ ਈਸਟ ਗੋਦਾਵਰੀ ਜ਼ਿਲ੍ਹੇ ਵਿਚ ਕਿਸ਼ਤੀ ਦੇ ਗੌਤਮੀ ਦਰਿਆ ਵਿਚ ਡੁੱਬਣ ਕਾਰਨ ਦੋ ਔਰਤਾਂ ਦੀ ਮੌਤ ਹੋ ਗਈ, ਜਦੋਂਕਿ ਪੰਜ ਜਣੇ ਲਾਪਤਾ ਸਨ। ਕਿਸ਼ਤੀ ਵਿਚ 40 ਮੁਸਾਫਰ ਸਵਾਰ ਸਨ ਤੇ ਬਾਕੀਆਂ ਨੂੰ ਬਚਾ ਲਿਆ ਗਿਆ।

# ਜਥੇਦਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਹਦਾਇਤਾਂ

**ਅੰਮ੍ਰਿਤਸਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀ ਲਿਖਤੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਜਥੇਦਾਰ ਵੱਲੋਂ ਸਿੱਖ ਸੰਗਤਾਂ ਨੂੰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ 'ਚ ਆਪਣਾ-




ਆਪਣਾ ਯੋਗਦਾਨ ਪਾਉਣ ਅਤੇ ਬੁਰੀ ਤਰ੍ਹਾਂ ਤਬਾਹ ਹੋ ਰਹੀ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢਣ ਵਾਸਤੇ ਹਰ ਸੰਭਵ ਯਤਨ ਕਰਨ ਦੀ ਅਪੀਲ ਕੀਤੀ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁਰਬਾਣੀ 'ਚ ਗੁਰੂ ਸਾਹਿਬਾਨਾਂ ਨੇ ਹਰ ਪ੍ਰਕਾਰ ਦੇ ਨਸ਼ੇ ਤੋਂ ਦੂਰ ਰਹਿਣ ਦੀ ਨਸੀਹਤ ਦਿੱਤੀ ਹੈ ਅਤੇ ਸਿੱਖ ਰਹਿਤ ਮਰਿਆਦਾ ਅਨੁਸਾਰ ਸੰਗਤਾਂ ਨੂੰ ਨਸ਼ਾ ਸਿਰਫ ਪ੍ਰਸ਼ਾਦੇ ਦਾ ਰੱਖਣ ਵਾਸਤੇ ਹੁਕਮ ਕੀਤਾ ਗਿਆ ਹੈ, ਪਰ ਅੱਜ ਪੰਜਾਬ ਨਸ਼ੇ ਦੀ ਦਲ-ਦਲ 'ਚ ਇਨ੍ਹਾਂ ਫਸ ਚੁੱਕਾ ਹੈ, ਜਿਸ ਲਈ ਹਰ ਪੰਥ ਦਰਦੀ ਚਿੰਤਤ ਹੈ।

ਕੁਝ ਲੋਕਾਂ ਨੇ ਆਪਣਾ ਨਿੱਜੀ ਲਾਹਾ ਲੈਣ ਵਾਸਤੇ ਨਸ਼ੇ ਦਾ ਕਾਰੋਬਾਰ ਸ਼ੁਰੂ ਕੀਤਾ ਅਤੇ ਹੱਸਦੇ ਵੱਸਦੇ ਪੰਜਾਬ ਦੀ ਨੌਜਵਾਨੀ ਨੂੰ ਇਸ ਨਸ਼ੇ ਦੀ ਭੱਠੀ 'ਚ ਝੋਕ ਦਿੱਤਾ, ਜਿਸ ਕਾਰਨ ਪੰਜਾਬ ਦੀ ਨੌਜਵਾਨੀ ਬੁਰੀ ਤਰ੍ਹਾਂ ਤਬਾਹ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਨਸ਼ੇ ਦੀ ਅੱਗ ਨੂੰ ਬੁਝਾਉਣ ਲਈ ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਦਿੱਲੀ ਕਮੇਟੀ ਅਤੇ ਕਈ ਹੋਰ ਸੰਸਥਾਵਾਂ ਰਾਤ ਦਿਨ ਇਕ ਕਰ ਕੇ ਸਿਰਤੋੜ ਯਤਨ ਕਰ ਰਹੀਆਂ ਹਨ, ਪਰ ਫਿਰ ਵੀ ਅਜੇ ਇਸ ਨਸ਼ੇ ਨੂੰ ਠੱਲ੍ਹ ਨਹੀਂ ਪੈ ਰਹੀ। ਉਨ੍ਹਾਂ ਸੰਗਤਾਂ ਨੂੰ ਹਦਾਇਤ ਕੀਤੀ ਕਿ ਇਸ ਨਸ਼ੇ ਨੂੰ ਰੋਕਣ ਦਾ ਸੰਗਤਾਂ ਕਿਸੇ 'ਤੇ ਅਹਿਸਾਨ ਨਾ ਕਰਨ ਸਗੋਂ ਹਰ ਵਿਅਕਤੀ ਆਪਣਾ ਫਰਜ਼ ਸਮਝ ਕੇ ਆਪੋ-ਆਪਣੇ ਪਰਿਵਾਰ, ਆਂਢ-ਗੁਆਂਢ, ਗਲੀ ਮੁਹੱਲੇ ਅਤੇ ਪਿੰਡ ਆਦਿ ਨੂੰ ਧਿਆਨ 'ਚ ਰੱਖ ਕੇ ਕੁਰਾਹੇ ਪਏ ਬੱਚੇ ਬੱਚੀਆਂ ਨੂੰ ਬਚਾਉਣ ਵਾਸਤੇ ਹਰ ਸੰਭਵ ਯਤਨ ਕਰਨ।

# ਬਿਆਨਬਾਜ਼ੀ ਨਾਲ ਹੀ ਬੁੱਤਾ ਸਾਰਨ ਲੱਗੇ ਮੋਦੀ ਸਾਬ੍ਹ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਈ ਵਾਰੀ ਕੋਈ ਆਗੂ ਜਿੰਨਾ ਵੀ ਗੱਲਾਂ ਨੂੰ ਘੁਮਾਣੀ ਚਾੜ੍ਹਨ ਦਾ ਮਾਹਰ ਹੋਵੇ, ਜਦੋਂ ਕਿਸੇ ਮੁੱਦੇ ਉਤੇ ਫਸ ਜਾਂਦਾ ਹੈ ਤਾਂ ਉਸ ਦੇ ਮੂੰਹੋਂ ਕਿਸੇ ਨਾ ਕਿਸੇ ਤਰ੍ਹਾਂ ਅਸਲ ਗੱਲ ਨਿਕਲ ਜਾਂਦੀ ਹੈ। ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਵੀ ਇਸ ਵਾਰ ਉਹ ਗੱਲ ਬਦੋਬਦੀ ਨਿਕਲ ਗਈ




ਹੈ, ਜੋ ਕਈ ਚਿਰਾਂ ਤੋਂ ਨਿਕਲਣ ਦੀ ਉਡੀਕ ਹੋ ਰਹੀ ਸੀ। ਉਨ੍ਹਾਂ ਨੂੰ ਪੁੱਛਿਆ ਗਿਆ ਕਿ ਸਰਕਾਰ ਕਹਿੰਦੀ ਹੈ ਕਿ ਐਨੇ ਲੋਕਾਂ ਨੂੰ ਪਿਛਲੇ ਚਾਰ ਸਾਲਾਂ ਵਿਚ ਪੇਟ ਪਾਲਣ ਜੋਗਾ ਰੁਜ਼ਗਾਰ ਦਿੱਤਾ ਗਿਆ ਹੈ, ਪਰ ਰੁਜ਼ਗਾਰ ਵਿਭਾਗ ਦੇ ਅੰਕੜੇ ਇਹ ਸਾਬਤ ਨਹੀਂ ਕਰਦੇ। ਇਹੀ ਨਹੀਂ, ਰੁਜ਼ਗਾਰ ਪ੍ਰਾਪਤ ਕਰਨ ਪਿੱਛੋਂ ਲੋਕ ਕਿਉਂਕਿ ਪ੍ਰਾਵੀਡੈਂਟ ਫੰਡ ਕਟਵਾਉਂਦੇ ਹਨ, ਉਥੋਂ ਵੀ ਪਤਾ ਲੱਗ ਜਾਂਦਾ ਹੈ ਕਿ ਚਾਰ ਸਾਲਾਂ ਵਿਚ ਐਨੇ ਹੋਰ ਲੋਕ ਰੁਜ਼ਗਾਰ ਕਮਾਉਣ ਜੋਗੇ ਕੀਤੇ ਗਏ ਹਨ, ਪਰ ਉਹ ਅੰਕੜੇ ਵੀ ਸਰਕਾਰੀ ਦਾਅਵੇ ਨਾਲ ਮੇਲ ਨਹੀਂ ਖਾਂਦੇ। ਪ੍ਰਧਾਨ ਮੰਤਰੀ ਦਾ ਜਵਾਬ ਸੀ ਕਿ ਕੰਮ ਤਾਂ ਬਹੁਤ ਕੀਤਾ ਹੈ, ਅੰਕੜੇ ਹਾਸਲ ਨਹੀਂ ਹਨ। ਕਿਸੇ ਲਈ ਵੀ ਇਹ ਗੱਲ ਮੰਨਣੀ ਔਖੀ ਹੋ ਸਕਦੀ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਕਹਿੰਦਾ ਹੈ ਕਿ ਉਸ ਕੋਲ ਆਪਣੇ ਦੇਸ਼ ਵਿਚ ਰੁਜ਼ਗਾਰ ਕਮਾਉਣ ਵਾਲੇ ਲੋਕਾਂ ਦੇ ਅੰਕੜੇ ਮੌਜੂਦ ਨਹੀਂ ਹਨ। ਜੇ ਇਹ ਗੱਲ ਮੰਨ ਲਈ ਜਾਵੇ ਤਾਂ ਸਰਕਾਰ ਫਿਰ ਚੱਲਦੀ ਕਿੱਦਾਂ ਹੋਵੇਗੀ!

ਇਸ ਤੋਂ ਪਹਿਲਾਂ ਇੱਕ ਗੱਲ ਬਾਰੇ ਢਾਈ ਸਾਲ ਤੱਕ ਜ਼ਬਾਨ ਦੱਬੀ ਜਾਂਦੀ ਸੀ ਕਿ ਵਿਦੇਸ਼ ਪਿਆ ਕਾਲਾ ਧਨ ਲਿਆ ਕੇ ਹਰ ਨਾਗਰਿਕ ਦੇ ਖਾਤੇ ਵਿਚ ਤਿੰਨ-ਤਿੰਨ ਲੱਖ ਤੇ ਪੰਜ ਜੀਆਂ ਦੇ ਪਰਿਵਾਰ ਦੇ ਖਾਤੇ ਵਿਚ ਪੰਦਰਾਂ ਲੱਖ ਜਮ੍ਹਾਂ ਕਰਨ ਦਾ ਕ੍ਰਿਸ਼ਮਾ ਕਦੋਂ ਕਰਨਾ ਹੈ! ਫਿਰ ਇੱਕ ਦਿਨ ਏਦਾਂ ਦਾ ਆ ਗਿਆ, ਜਦੋਂ ਕੇਂਦਰ ਸਰਕਾਰ ਚਲਾ ਰਹੀ ਪਾਰਟੀ ਦੇ ਮੁਖੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਭ ਤੋਂ ਨੇੜਲੇ ਸਹਿਯੋਗੀ ਅਮਿਤ ਸ਼ਾਹ ਨੇ ਹੱਸ ਕੇ ਕਹਿ ਦਿੱਤਾ, 'ਉਸ ਬਾਤ ਕੋ ਆਪ ਛੋੜੀਏ, ਵੋ ਤੋ ਏਕ ਚੁਨਾਵ ਜੁਮਲਾ ਥਾ।' ਕਹਿਣ ਤੋਂ ਭਾਵ ਇਹ ਕਿ ਉਹ ਲੋਕਾਂ ਦੀਆਂ ਵੋਟਾਂ ਲੈਣ ਲਈ ਪੇਸ਼ ਕੀਤਾ ਗਿਆ ਲਾਲੀਪਾਪ ਸੀ, ਜਾਂ ਲਾਲੀਪਾਪ ਦਾ ਖਾਲੀ ਵਰਕ ਸੀ, ਜਿਸ ਵਿਚ ਲਾਲੀਪਾਪ ਵੀ ਨਹੀਂ ਸੀ। ਆਪਣੇ ਦੇਸ਼ ਦੇ ਲੋਕਾਂ ਨੂੰ ਬੁੱਧੂ ਬਣਾਉਣ ਦੀ ਏਡੀ ਵੱਡੀ ਗੱਪ ਮਾਰੀ ਹੋਈ ਮੰਨ ਕੇ ਵੀ ਇਹ ਪਾਰਟੀ ਕਹਿੰਦੀ ਸੀ ਕਿ ਸਭ ਤੋਂ ਭਰੋਸੇਮੰਦ ਲੀਡਰ ਸਿਰਫ ਸਾਡੇ ਕੋਲ ਹੈ, ਬਾਕੀ ਪਾਰਟੀਆਂ ਦੇ ਲੀਡਰਾਂ ਦਾ ਕੋਈ ਭਰੋਸਾ ਹੀ ਨਹੀਂ ਕੀਤਾ ਜਾ ਸਕਦਾ।

ਅਸੀਂ ਏਦਾਂ ਦੇ ਕਈ ਲਾਲੀਪਾਪ ਹੋਰ ਗਿਣਾ ਸਕਦੇ ਹਾਂ, ਪਰ ਉਸ ਨਾਲ ਇਸ ਦੇਸ਼ ਦੀ ਅਸਲ ਤਸਵੀਰ ਪੇਸ਼ ਨਹੀਂ ਹੋ ਸਕਣੀ। ਦੇਸ਼ ਦੀ ਤਸਵੀਰ ਦਾ ਇੱਕ ਨਮੂਨਾ ਇਸ ਦੇਸ਼ ਦੀ ਜਵਾਨੀ ਨੂੰ ਹੁਨਰ ਵੰਡਣ ਵਾਲੇ ਵਿਦਿਅਕ ਅਦਾਰਿਆਂ ਦੀ ਸਥਿਤੀ ਤੋਂ ਦਿੱਸ ਸਕਦਾ ਹੈ। ਬੀਤੇ ਅਪਰੈਲ ਮਹੀਨੇ ਵਿਚ ਆਲ ਇੰਡੀਆ ਕੌਂਸਲ ਆਫ ਟੈਕਨੀਕਲ ਐਜੂਕੇਸ਼ਨ ਨੇ ਇਹ ਐਲਾਨ ਕਰ ਦਿੱਤਾ ਕਿ ਇਸ ਸਾਲ ਦੋ ਸੌ ਕਾਲਜ ਬੰਦ ਕਰਨੇ ਪੈਣਗੇ ਤੇ ਇਸ ਨਾਲ ਇੰਜੀਨੀਅਰਿੰਗ ਦੀਆਂ ਅੱਸੀ ਹਜ਼ਾਰ ਸੀਟਾਂ ਘਟ ਜਾਣਗੀਆਂ। ਪਹਿਲਾਂ ਇਹ ਕਾਲਜ ਹਰ ਸਾਲ ਵਧਦੇ ਸਨ ਅਤੇ ਇਨ੍ਹਾਂ ਵਿਚ ਸੀਟਾਂ ਦੀ ਗਿਣਤੀ ਵੀ ਵਧਾਈ ਜਾਂਦੀ ਸੀ, ਪਿਛਲੇ ਚਾਰ ਸਾਲਾਂ ਵਿਚ ਤਿੰਨ ਲੱਖ ਸੀਟਾਂ ਘਟ ਗਈਆਂ ਸਨ। ਹੋਰ ਹੈਰਾਨੀ ਦੀ ਗੱਲ ਇਹ ਕਿ ਬੀਤੇ ਸਾਲ ਜਿੰਨੀਆਂ ਸੀਟਾਂ ਚੱਲਦੇ ਕਾਲਜਾਂ ਵਿਚ ਰੱਖੀਆਂ ਗਈਆਂ, ਉਹ ਵੀ ਪੂਰੀਆਂ ਨਹੀਂ ਸੀ ਭਰੀਆਂ ਤੇ ਸਾਰੇ ਦੇਸ਼ ਵਿਚ ਕੁਲ ਮਿਲਾ ਕੇ ਸਤਾਈ ਲੱਖ ਸੀਟਾਂ ਖਾਲੀ ਰਹਿ ਗਈਆਂ ਸਨ।

ਇਸ ਸਾਲ ਫੈਸਲਾ ਕੀਤਾ ਗਿਆ ਹੈ ਕਿ ਜਿਨ੍ਹਾਂ ਕਾਲਜਾਂ ਦਾ ਪਿਛਲੇ ਪੰਜ ਸਾਲਾਂ ਦਾ ਦਾਖਲਾ ਤੀਹ ਫੀਸਦੀ ਸੀਟਾਂ ਭਰਨ ਦੀ ਔਸਤ ਜੋਗਾ ਵੀ ਨਹੀਂ ਬਣਦਾ, ਉਹ ਬੰਦ ਕਰ ਦਿੱਤੇ ਜਾਣ ਅਤੇ ਇਸ ਫੈਸਲੇ ਨਾਲ ਦੋ ਸੌ ਕਾਲਜ ਬੰਦ ਕਰਨੇ ਪੈ ਰਹੇ ਹਨ। ਇਹ ਵੀ ਦਿਨ ਆਉਣੇ ਸਨ। ਪਹਿਲਾਂ ਦੇਸ਼ ਵਿਚ ਹਰ ਰਾਜ ਵੱਲੋਂ ਇਹ ਮੰਗ ਉਠਦੀ ਹੁੰਦੀ ਸੀ ਕਿ ਏਥੇ ਨਵਾਂ ਇੰਜੀਨੀਅਰਿੰਗ ਕਾਲਜ ਖੋਲ੍ਹਿਆ ਜਾਵੇ ਤੇ ਅੱਜ ਦੀ ਸਥਿਤੀ ਇਹ ਹੈ ਕਿ ਇੱਕੋ ਸਾਲ ਦੋ ਸੌ ਕਾਲਜ ਬੰਦ ਹੋਣ ਦੀ ਨੌਬਤ ਆ ਗਈ ਤੇ ਕਿਸੇ ਪਾਰਟੀ ਨੇ ਇਸ ਬਾਰੇ ਕੋਈ ਹਾਅ ਦਾ ਨਾਅਰਾ ਮਾਰਨ ਦੀ ਵੀ ਲੋੜ ਨਹੀਂ ਸਮਝੀ। ਲੋਕਾਂ ਨੂੰ ਵੀ ਬੁਰਾ ਨਹੀਂ ਲੱਗਦਾ। ਸ਼ਾਇਦ ਇਸ ਕਾਰਨ ਬੁਰਾ ਨਹੀਂ ਲੱਗਦਾ ਕਿ ਜੇ ਇਹ ਮੁੱਦਾ ਕੋਈ ਚੁੱਕੇਗਾ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿ ਦੇਣਗੇ ਕਿ ਰੁਜ਼ਗਾਰ ਚਾਹੀਦਾ ਹੈ, ਉਹ ਪਕੌੜੇ ਤਲ ਕੇ ਵੇਚਣ ਨਾਲ ਵੀ ਮਿਲ ਜਾਂਦਾ ਹੈ ਅਤੇ ਆਰ. ਐਸ. ਐਸ. ਦਾ ਆਗੂ ਇੰਦਰੇਸ਼ ਕੁਮਾਰ ਕਹਿ ਦੇਵੇਗਾ ਕਿ ਰੁਜ਼ਗਾਰ ਦਾ ਕੀ ਹੈ,




ਰੁਜ਼ਗਾਰ ਭਾਰਤ ਦੇ ਕਿਸੇ ਮੰਦਿਰ ਅੱਗੇ ਬੈਠ ਕੇ ਭਿੱਖਿਆ ਮੰਗਣ ਨਾਲ ਵੀ ਮਿਲ ਜਾਂਦਾ ਹੈ, ਬੰਦਾ ਭੁੱਖਾ ਨਹੀਂ ਮਰ ਸਕਦਾ।

ਤਸਵੀਰ ਦਾ ਇੱਕ ਹੋਰ ਪੱਖ ਇਸ ਤੋਂ ਹਟਵਾਂ ਹੈ ਕਿ ਭਾਰਤੀ ਕਾਲਜਾਂ ਵਿਚ ਬੱਚੇ ਦਾਖਲਾ ਨਹੀਂ ਲੈਂਦੇ ਤੇ ਬਾਹਰਲੇ ਦੇਸ਼ਾਂ ਵਿਚ ਜਿਹੋ ਜਿਹਾ ਕੋਰਸ ਵੀ ਮਿਲਦਾ ਹੈ, ਉਸ ਦੀ ਹਾਮੀ ਭਰ ਕੇ ਖਿਸਕ ਜਾਂਦੇ ਹਨ। ਵਿਦੇਸ਼ ਜਾਂਦੇ ਵਿਦਿਆਰਥੀਆਂ ਦੀ ਸਾਲਾਨਾ ਗਿਣਤੀ ਬੀਤੇ ਬਾਰਾਂ ਸਾਲਾਂ ਵਿਚ ਦੁੱਗਣੀ ਤੋਂ ਵੱਧ ਹੋ ਗਈ ਹੈ। ਪਿਛਲੇ ਸਾਲ 2017 ਵਿਚ ਭਾਰਤ ਦੇ ਕਰੀਬ ਸਾਢੇ ਚਾਰ ਲੱਖ ਬੱਚੇ ਦੂਸਰੇ ਦੇਸ਼ਾਂ ਵਿਚ ਪੜ੍ਹਨ ਗਏ ਹਨ। ਜਿਸ ਦੇਸ਼ ਵਿਚ ਇਸ ਵੇਲੇ ਸਤਾਈ ਲੱਖ ਸੀਟਾਂ ਕਾਲਜਾਂ ਵਿਚ ਖਾਲੀ ਪਈਆਂ ਹਨ, ਉਸ ਦੇਸ਼ ਵਿਚੋਂ ਸਾਢੇ ਚਾਰ ਲੱਖ ਬੱਚੇ ਬਾਹਰ ਜਾਣ ਦਾ ਅਰਥ ਹੈ ਕਿ ਆਪਣੇ ਦੇਸ਼ ਦੇ ਉਸ ਸਿਸਟਮ ਉਤੇ ਸਾਡੀ ਅਗਲੀ ਪੀੜ੍ਹੀ ਦਾ ਭਰੋਸਾ ਨਹੀਂ ਰਿਹਾ, ਜਿਹੜੇ ਸਿਸਟਮ ਦੀ ਸੰਸਾਰ ਵਿਚ ਚੜ੍ਹਤ ਦਾ ਥੋਥਾ ਪ੍ਰਚਾਰ ਕੀਤਾ ਜਾ ਰਿਹਾ ਹੈ। ਅਗਲੀ ਪੀੜ੍ਹੀ ਸੋਚਦੀ ਹੈ ਕਿ ਜਦੋਂ ਭਵਿੱਖ ਸਿਰਫ ਕਾਰਪੋਰੇਟ ਘਰਾਣਿਆਂ ਅਤੇ ਸਿਆਸੀ ਲੀਡਰਾਂ ਦੀ ਔਲਾਦ ਲਈ ਸੁਰੱਖਿਅਤ ਰਹਿ ਗਿਆ ਹੈ ਤੇ ਬਾਕੀ ਲੋਕਾਂ ਨੇ ਸਿਰਫ ਪਕੌੜੇ ਤਲ ਕੇ ਵੇਚਣੇ ਹਨ ਤਾਂ ਬਾਹਰ ਜਾਣਾ ਠੀਕ ਹੈ।

ਅੱਜ-ਕੱਲ੍ਹ ਅਮਰੀਕਾ ਰਹਿੰਦੇ ਸਾਡੇ ਇੱਕ ਸੂਝਵਾਨ ਮਿੱਤਰ ਡਾ. ਗੁਰਬਖਸ਼ ਸਿੰਘ ਭੰਡਾਲ ਪਿਛਲੇ ਦਿਨੀਂ ਮਿਲਣ ਆਏ ਤਾਂ ਇਸ ਸਥਿਤੀ ਦੇ ਕਈ ਪੱਖਾਂ ਬਾਰੇ ਗੱਲਾਂ ਚੱਲ ਪਈਆਂ। ਬਹੁਤ ਚਿੰਤਾ ਵਿਚ ਉਨ੍ਹਾਂ ਇਹ ਗੱਲ ਕਹੀ ਕਿ ਕਦੀ ਕਿਸੇ ਨੇ ਇਹ ਵੀ ਸੋਚਿਆ ਹੈ ਕਿ ਸਿਰਫ ਭਾਰਤ ਦੇ ਬੱਚੇ ਬਾਹਰ ਨਹੀਂ ਜਾ ਰਹੇ, ਭਾਰਤ ਦੀ ਦੌਲਤ ਵੀ ਇਨ੍ਹਾਂ ਬੱਚਿਆਂ ਨਾਲ ਏਥੋਂ ਬਾਹਰ ਤੁਰੀ ਜਾਂਦੀ ਹੈ ਤੇ ਕਿੰਨੀ ਕੁ ਤੁਰੀ ਜਾਂਦੀ ਹੈ!

ਡਾ. ਭੰਡਾਲ ਜਦੋਂ ਚਲੇ ਗਏ ਤਾਂ ਅਸੀਂ ਮਿਲਦੇ ਅੰਕੜਿਆਂ ਨੂੰ ਫੋਲਣ ਦਾ ਕੰਮ ਕਰਨ ਲੱਗ ਪਏ। ਪ੍ਰਧਾਨ ਮੰਤਰੀ ਨੇ ਇਹ ਕਹਿ ਕੇ ਸਾਰ ਦਿੱਤਾ ਕਿ ਕੰਮ ਬਹੁਤ ਕੀਤਾ ਹੈ, ਸਿਰਫ ਅੰਕੜੇ ਨਹੀਂ ਮਿਲਦੇ, ਪਰ ਜਦੋਂ ਫੋਲਣ ਲੱਗੇ ਤਾਂ ਨਾ ਸਿਰਫ ਅੰਕੜੇ ਮਿਲ ਗਏ, ਸਗੋਂ ਇਹ ਵੀ ਲੇਖਾ ਕੱਢਣਾ ਸੌਖਾ ਹੋ ਗਿਆ ਕਿ ਦੇਸ਼ ਦੀ ਦੌਲਤ ਸਿਰਫ ਕਾਲਾ ਧਨ ਕੱਢਣ ਵਾਲੇ ਹੀ ਬਾਹਰ ਨਹੀਂ ਕੱਢਦੇ, ਕਾਨੂੰਨੀ ਢੰਗ ਨਾਲ ਵਿਦੇਸ਼ ਵਿਚ ਪੜ੍ਹਨ ਜਾਂਦੇ ਸਾਡੇ ਬੱਚਿਆਂ ਦੇ ਇਸ ਵਰਤਾਰੇ ਨਾਲ ਵੀ ਦੌਲਤ ਦੇਸ਼ ਤੋਂ ਬਾਹਰ ਤੁਰੀ ਜਾਂਦੀ ਹੈ। ਅਸੀਂ ਪਤਾ ਕਰਵਾਇਆ ਤਾਂ ਦੱਸਿਆ ਗਿਆ ਕਿ ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਹਰ ਬੱਚੇ ਦਾ ਖਰਚਾ ਉਸ ਦੇ ਚੁਣੇ ਹੋਏ ਕੋਰਸ ਅਤੇ ਪੜ੍ਹਾਈ ਲਈ ਪਸੰਦ ਦੇ ਦੇਸ਼ ਦੇ ਮੁਤਾਬਕ ਵੱਖੋ-ਵੱਖ ਹੈ। ਇਸ ਦੀ ਔਸਤ ਜੇ ਦਸ ਲੱਖ ਰੁਪਏ ਬਣਦੀ ਹੋਵੇ ਤਾਂ ਕਿੰਨੇ ਬਣਨਗੇ? ਸਾਢੇ ਚਾਰ ਲੱਖ ਬੱਚੇ ਜਦੋਂ ਇੱਕੋ ਸਾਲ ਵਿਚ ਭਾਰਤ ਤੋਂ ਬਾਹਰ ਗਏ ਤਾਂ ਕਿਸੇ ਦਾ ਅੱਠ ਲੱਖ ਨਾਲ ਸਰ ਗਿਆ ਤੇ ਕਿਸੇ ਦੇ ਪੰਦਰਾਂ ਲੱਖ ਲੱਗੇ ਹੋਣਗੇ, ਕੁੱਲ ਜੋੜ ਪੰਜਤਾਲੀ ਹਜ਼ਾਰ ਕਰੋੜ ਰੁਪਏ ਬਣ ਜਾਂਦਾ ਹੈ। ਸਿਰਫ ਇੱਕ ਸਾਲ ਵਿਚ ਪੰਜਤਾਲੀ ਹਜ਼ਾਰ ਕਰੋੜ ਦੀ ਰਕਮ ਇਸ ਦੇਸ਼ ਤੋਂ ਨਿਕਲ ਕੇ ਕਾਨੂੰਨੀ ਤਰੀਕੇ ਨਾਲ ਬਾਹਰ ਤੁਰੀ ਜਾਂਦੀ ਹੈ ਤੇ ਇਸ ਲਈ ਤੁਰੀ ਜਾਂਦੀ ਹੈ ਕਿ ਦੇਸ਼ ਦੇ ਹਾਕਮਾਂ ਨੂੰ ਨਾ ਦੇਸ਼ ਦੀ ਚਿੰਤਾ ਹੈ ਤੇ ਨਾ ਦੇਸ਼ ਦੀ ਅਗਲੀ ਪੀੜ੍ਹੀ ਦੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੜੀ ਸਾਦਗੀ ਨਾਲ ਏਨੀ ਗੱਲ ਕਹਿ ਕੇ ਬੁੱਤਾ ਸਾਰ ਗਏ ਹਨ ਕਿ ਕੰਮ ਬਹੁਤ ਕੀਤਾ ਹੈ, ਅੰਕੜੇ ਹੀ ਨਹੀਂ ਮਿਲਦੇ। ਏਨੀ ਸਾਦਗੀ ਨਾਲ ਜੇ ਆਪਣੀ ਜ਼ਿੰਮੇਵਾਰੀ ਦੇ ਅਹਿਸਾਸ ਨੂੰ ਕੋਈ ਟਾਲ ਸਕਦਾ ਹੈ ਤਾਂ ਸਿਰਫ ਤੇ ਸਿਰਫ ਕੌਣ ਟਾਲ ਸਕਦਾ ਹੈ, ਦੱਸਣ ਦੀ ਲੋੜ ਨਹੀਂ।

# ਚੰਗੇ ਪੰਜਾਬ ਦੀ ਸਿਰਜਣਾ ਦਾ ਸੰਕਲਪ

## ਪ੍ਰਤੀਕਰਮ

*ਪੰਜਾਬ ਟਾਈਮਜ਼ ਦੇ 7 ਜੁਲਾਈ 2018 ਦੇ ਅੰਕ ਵਿਚ ਉਘੇ ਵਿਦਵਾਨ ਸੁਮੇਲ ਸਿੰਘ ਸਿੱਧੂ ਨੇ ਆਪਣੇ ਲੇਖ 'ਹੀਰਵੰਨੇ ਪੰਜਾਬ ਦੀ ਸਿਰਜਣਾ ਲਈ ਧਰਮ ਯੁਧ ਦੀ ਸੇਧ ਦਾ ਸਵਾਲ' ਵਿਚ ਪੰਜਾਬ ਦੇ ਮੌਜੂਦਾ ਧਾਰਮਿਕ, ਸਿਆਸੀ, ਆਰਥਕ ਤੇ ਵਿਦਿਅਕ ਹਾਲਾਤ ਦੀ ਪੜਚੋਲ ਕੀਤੀ ਸੀ। ਉਸੇ ਲੇਖ ਵਿਚਲੀ ਗੱਲ ਨੂੰ ਅੱਗੇ ਤੋਰਦਿਆਂ ਅਸੀਂ ਪਿਛਲੇ ਅੰਕ ਵਿਚ ਸਿੱਖ ਵਿਚਾਰਵਾਨ ਗੁਰਬਚਨ ਸਿੰਘ ਜਲੰਧਰ ਅਤੇ ਡਾ. ਬਲਕਾਰ ਸਿੰਘ ਦੇ ਪ੍ਰਤੀਕਰਮ ਛਾਪੇ ਸਨ। ਐਤਕੀਂ ਅਸੀਂ ਰਾਜਪਾਲ ਸਿੰਘ ਦੇ ਵਿਚਾਰ ਪਾਠਕਾਂ ਦੀ ਨਜ਼ਰ ਰਹੇ ਹਾਂ। -ਸੰਪਾਦਕ*

ਰਾਜਪਾਲ ਸਿੰਘ
ਫੋਨ: 91-98767-10809

ਪੰਜਾਬੀ ਸਮਾਜ ਬਹੁਪੱਖੀ ਸੰਕਟ 'ਚੋਂ ਗੁਜ਼ਰ ਰਿਹਾ ਹੈ ਜਿਸ 'ਚੋਂ ਨਿਕਲਣ ਲਈ ਡੂੰਘੇ ਚਿੰਤਨ-ਮੰਥਨ ਦੀ ਲੋੜ ਹੈ। ਇਹ ਅਮਲ ਟੁੱਟਵੇਂ ਰੂਪ 'ਚ ਚੱਲ ਤਾਂ ਰਿਹਾ ਹੈ, ਪਰ ਬਹੁਤ ਹੱਦ ਤੀਕ ਰਵਾਇਤੀ ਸੋਚ ਪ੍ਰਣਾਲੀਆਂ ਤੋਂ ਪਾਰ ਨਹੀਂ ਜਾ ਰਿਹਾ। ਇਸ ਪ੍ਰਸੰਗ 'ਚ ਸੁਮੇਲ ਸਿੰਘ ਸਿੱਧੂ ਦਾ ਲੇਖ 'ਹੀਰਵੰਨੇ ਪੰਜਾਬ ਦੀ ਸਿਰਜਣਾ ਲਈ ਧਰਮ ਯੁੱਧ ਦੀ ਸੇਧ ਦਾ ਸਵਾਲ' ਕੁਝ ਅਹਿਮ ਮੁੱਦੇ ਛੋਂਹਦਾ ਹੈ ਜਿਨ੍ਹਾਂ ਬਾਰੇ ਹੋਰ ਵਿਚਾਰ ਵਟਾਂਦਰੇ ਦੀ ਲੋੜ ਹੈ।

ਲੇਖ ਦੇ ਸਿਰਲੇਖ ਵਿਚ ਹੀ 'ਹੀਰਵੰਨੇ ਪੰਜਾਬ' ਦੀ ਸਿਰਜਣਾ ਦੀ ਗੱਲ ਕੀਤੀ ਗਈ ਹੈ। ਧਾਰਮਿਕ ਵੰਡੀਆਂ ਅਤੇ ਫਿਰਕੂ ਹਿੰਸਾ ਤੋਂ ਉਪਰ ਉਠ ਕੇ ਸਾਰੇ ਪੰਜਾਬੀਆਂ ਦੇ ਮੁਹੱਬਤ ਦੇ ਸਾਂਝੇ ਚਿੰਨ੍ਹ ਹੀਰ ਰਾਹੀਂ ਮੋਹ ਮੁਹੱਬਤ ਭਰਪੂਰ ਪੰਜਾਬ ਸਿਰਜਣ ਦੇ ਉਦੇਸ਼ ਨੂੰ ਪੇਸ਼ ਕੀਤਾ ਗਿਆ ਹੈ ਪਰ ਲੇਖਕ ਬਹੁਤੇ ਪੰਜਾਬੀ ਚਿੰਤਕਾਂ ਵਾਂਗ ਮੌਜੂਦਾ ਦੌਰ ਦੇ ਮਸਲਿਆਂ ਦੇ ਹੱਲ ਲਈ ਭੂਤਕਾਲ 'ਤੇ ਹੀ ਟੇਕ ਰੱਖਦਾ ਹੈ ਜਦੋਂਕਿ ਅਜੋਕੇ ਸਮੇਂ ਦੀਆਂ ਸਮੱਸਿਆਵਾਂ ਦੇ ਹੱਲ ਵੀ ਅਜੋਕੇ ਦੌਰ ਦੇ ਸਿਧਾਂਤਾਂ ਅਤੇ ਵਿਧੀਆਂ ਵਿਚੋਂ ਹੀ ਲੱਭੇ ਜਾ ਸਕਦੇ ਹਨ।

ਲੇਖਕ ਦੀ ਇਹ ਇਮਾਨਦਾਰੀ ਹੈ ਕਿ ਉਹ ਵਿਗਿਆਨਕ ਤਰੱਕੀ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕਰਦਾ। ਉਹ ਮੰਨਦਾ ਹੈ, "ਤਕਨੀਕੀ ਵਿਕਾਸ ਰਾਹੀਂ ਤਰੱਕੀ ਕਰਨ ਦੀ ਤਤਫੱਟ ਮਾਨਸਿਕਤਾ ਨੇ ਪੰਜਾਬੀਆਂ ਨੂੰ ਜਿਣਸੀ ਤੌਰ 'ਤੇ ਖੁਸ਼ਹਾਲੀ ਦਿੱਤੀ ਅਤੇ ਭਵਿਖ ਬਾਬਤ ਭਰੋਸਾ ਵੀ ਬੰਨ੍ਹਾਇਆ" ਅਤੇ ਉਹ ਇਸ ਨੂੰ "ਇੱਕ ਹੱਦ ਤੀਕ ਸਹੀ" ਕਰਾਰ ਦਿੰਦਾ ਹੈ ਪਰ ਅੱਗੇ ਜਾ ਕੇ ਲੇਖ ਦੀ ਮੁੱਖ ਸੁਰ ਤਕਨੀਕੀ ਤਰੱਕੀ ਦੇ ਉਲਟ ਹੋ ਜਾਂਦੀ ਹੈ ਅਤੇ ਇਸ ਲਈ 'ਤਕਨੀਕਪ੍ਰਸਤੀ' ਸ਼ਬਦ ਵਰਤਿਆ ਜਾਂਦਾ ਹੈ। ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਵਿਗਿਆਨ ਨੇ ਹੀ ਮਨੁੱਖੀ ਜੀਵਨ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਦਿਆਂ ਭੌਤਿਕ ਦੁੱਖਾਂ ਤੋਂ ਛੁਟਕਾਰਾ ਹਾਸਲ ਕਰਨਾ ਸੰਭਵ ਬਣਾਇਆ ਹੈ। ਸੋ, ਤਕਨੀਕ ਨੂੰ ਨਿੰਦਣ ਦੀ ਜਗ੍ਹਾ, ਲੋੜ ਤਕਨੀਕ ਦੀ ਮੁਨਾਫੇ ਲਈ ਵਰਤੋਂ ਦਾ ਵਿਰੋਧ ਕਰਨ ਅਤੇ ਇਸ ਨੂੰ ਮਨੁੱਖ ਵਿਰੋਧੀ ਸ਼ਕਤੀਆਂ ਦੇ ਹੱਥਾਂ ਵਿਚੋਂ ਕੱਢ ਕੇ ਮਨੁੱਖ ਹਿਤੈਸ਼ੀ ਸ਼ਕਤੀਆਂ ਦੇ ਕੰਟਰੋਲ ਹੇਠ ਲਿਆਉਣ ਦੀ ਹੈ।

ਸੁਮੇਲ ਸਿੰਘ ਤਕਨੀਕੀ ਤਰੱਕੀ ਅਤੇ ਮਾਨਵੀ ਕਦਰਾਂ ਕੀਮਤਾਂ ਦਾ ਸੁਮੇਲ ਕਰਨ ਦਾ ਰਾਹ ਲੱਭਣ ਦੀ ਥਾਂ ਇਨ੍ਹਾਂ ਨੂੰ ਵਿਰੋਧੀ ਜੁੱਟਾਂ ਵਜੋਂ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਲੇਖਕ ਅੰਗਰੇਜ਼ੀ-ਪੰਜਾਬੀ, ਤਕਨੀਕ-ਰਵਾਇਤ, ਸ਼ਹਿਰੀ-ਪੇਂਡੂ ਦੇ ਵਿਰੋਧੀ ਜੁੱਟ ਬਣਾ ਕੇ ਅੰਗਰੇਜ਼ੀ ਪੜ੍ਹੀ, ਤਕਨੀਕੀ ਸਾਧਨਾਂ ਨੂੰ ਵਰਤਣ ਵਾਲੀ, ਸ਼ਹਿਰੀ ਸ਼੍ਰੇਣੀ ਦੇ ਜਿਉਣ ਢੰਗ ਨੂੰ ਰੱਦ ਕਰਦਿਆਂ ਪੇਂਡੂ ਰਹਿਤਲ ਅਤੇ ਪੰਜਾਬ ਦੇ ਰਵਾਇਤੀ ਸੋਚ ਪ੍ਰਬੰਧ ਨਾਲ ਜੁੜਨ ਦਾ ਸੱਦਾ ਦਿੰਦਾ ਹੈ। ਇਹ ਸਭ ਕੁਝ ਪੀੜ੍ਹੀਆਂ ਤੋਂ ਚਲਦੇ ਆ ਰਹੇ ਜੀਵਨ ਢੰਗ ਨੂੰ ਵਡਿਆਉਂਦਾ ਹੋਣ ਕਰਕੇ ਸਮੂਹਿਕ ਅਵਚੇਤਨ ਨੂੰ ਚੰਗਾ ਲੱਗਦਾ ਹੈ, ਖਾਸਕਰ ਜਦੋਂ ਇਸ ਨੂੰ ਪੰਜਾਬ ਦੇ ਮਹਾਂਪੁਰਖਾਂ ਨਾਲ ਜੋੜ ਕੇ ਸ਼ਾਇਰਾਨਾ ਅੰਦਾਜ਼ ਵਿਚ ਪੇਸ਼ ਕੀਤਾ ਜਾਵੇ ਪਰ ਪੰਜਾਬੀ ਸਮਾਜ ਦੀਆਂ ਅਸਲ ਲੋੜਾਂ ਕੁਝ ਹੋਰ ਮੰਗ ਕਰਦੀਆਂ ਹਨ। ਜਿਵੇਂ ਪੰਜਾਬੀ ਭਾਸ਼ਾ ਪ੍ਰਤੀ ਭਾਵੁਕ ਮੋਹ ਦਿਖਾਉਣ ਦੀ ਥਾਂ ਇਸ ਵਿਚ ਆਧੁਨਿਕ ਗਿਆਨ ਵਿਗਿਆਨ ਉਪਲੱਬਧ ਕਰਵਾਉਣ ਦੀ ਲੋੜ ਹੈ, ਤਕਨੀਕ ਨੂੰ ਸਰਮਾਏ ਦੀ ਜਕੜ ਵਿਚੋਂ ਮੁਕਤ ਕਰਕੇ ਮਨੁੱਖੀ ਸਰਦਾਰੀ ਹੇਠ ਲਿਆਉਣ ਅਤੇ ਸ਼ਹਿਰੀ ਪੇਂਡੂ ਜੀਵਨ ਵਿਚ ਸਹੂਲਤਾਂ ਤੇ ਸਾਧਨਾਂ ਦੇ ਵਖਰੇਵੇਂ ਖਤਮ ਕਰਨ ਦੀ ਲੋੜ ਹੈ। ਕਿਸੇ ਵੀ ਸਮਾਜ ਨੂੰ ਪੁਰਾਣੇ ਸਮਿਆਂ ਵਿਚ ਸਥਿਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕੋਈ ਸਮਾਜ ਪਿਛਾਂਹ ਵੱਲ ਮੁੜ ਸਕਦਾ ਹੈ। ਜੇ ਸਰਮਾਏ ਤੋਂ ਆਜ਼ਾਦੀ ਦੇ ਪਿਛਲੀ ਸਦੀ ਵਿਚ ਸਥਾਪਤ ਹੋਏ ਰਾਹ ਅਤੇ ਮਾਡਲ ਅਸਫਲ ਹੋਏ ਹਨ ਤਾਂ ਉਸ ਤੋਂ ਪਹਿਲੀਆਂ ਸਦੀਆਂ ਦੇ ਮਾਡਲ ਵੀ ਹੁਣ ਕੰਮ ਨਹੀਂ ਆ ਸਕਣਗੇ। ਇਸ ਲਈ ਹੋਰ ਨਵੇਂ ਰਾਹ ਤਲਾਸ਼ਣੇ ਪੈਣਗੇ।

ਲੇਖਕ ਅਹਿਮ ਮੁੱਦਾ ਕਰੁਣਾ ਦੀ ਘਾਟ ਦਾ ਉਠਾਉਂਦਾ ਹੈ ਜਿਸ ਕਾਰਨ ਪੰਜਾਬ ਵਿਚ ਹਿੰਸਾ ਅਤੇ ਪ੍ਰਤੀਹਿੰਸਾ ਦੇ ਬਹੁਤ ਭੈੜੇ ਦੌਰ ਚਲਦੇ ਰਹੇ ਹਨ। ਇਸ ਵਿਚ ਉਹ ਅੱਸੀਵਿਆਂ ਵਿਚ ਅਸਾਲਟਧਾਰੀ ਸਿੱਖ ਖਾੜਕੂਆਂ ਦੀ ਦਹਿਸ਼ਤਗਰਦੀ ਅਤੇ ਸਟਾਲਿਨੀ ਦੌਰ ਵਿਚ ਕਮਿਊਨਿਸਟ ਪ੍ਰਬੰਧ ਅਧੀਨ ਹੋਈ ਹਿੰਸਾ ਤੇ ਜਬਰ ਨੂੰ ਕ੍ਰਮਵਾਰ ਸਿੱਖ ਸਿਧਾਂਤਾਂ ਅਤੇ ਮਾਰਕਸਵਾਦ ਨੂੰ ਸ਼ਰਮਿੰਦਾ ਕਰਨ ਵਾਲਾ ਬਿਆਨਦਾ ਹੈ। ਉਹ ਅਜਿਹੇ 'ਹਿੰਸਕ ਪੈਂਤੜੇ ਦੀ ਪੈਰ ਗੱਡ ਕੇ ਸਿਧਾਂਤਕ ਆਲੋਚਨਾ' ਕਰਨ ਦੀ ਮੰਗ ਕਰਦਾ ਹੈ ਜਿਸ ਤੋਂ ਸਹੀ ਸੋਚ ਵਾਲਾ ਕੋਈ ਵੀ ਮਨੁੱਖ ਮੁਨਕਰ ਨਹੀਂ ਹੋ ਸਕਦਾ। ਪੰਜਾਬੀ ਚਿੰਤਨ ਵਿਚ ਨਹਿਰੂ ਦੌਰ ਦੀਆਂ ਮੁਕਾਬਲਤਨ ਅਗਾਂਹਵਧੂ ਧਾਰਨਾਵਾਂ ਦਾ ਜ਼ਿਕਰ ਬਹੁਤ ਘੱਟ ਕੀਤਾ ਜਾਂਦਾ ਹੈ ਅਤੇ ਅਜੋਕੇ ਸਮਿਆਂ ਵਿਚ ਤਾਂ ਇਨ੍ਹਾਂ ਦਾ ਦੇਸ਼ ਭਰ ਵਿਚ ਯੋਜਨਾਬੱਧ ਢੰਗ ਨਾਲ ਨਿਗੂਣਾਕਰਨ ਕੀਤਾ ਜਾ ਰਿਹਾ ਹੈ, ਪਰ ਲੇਖਕ ਪੰਜਾਬ ਦੀ ਦੁਖਾਂਤਕ ਸਥਿਤੀ ਵਿਚ ਇਸ ਨੂੰ ਵੀ ਜੋੜ ਕੇ ਆਪਣੇ ਵਿਸ਼ਲੇਸ਼ਣ ਦੇ ਆਧਾਰ ਨੂੰ ਹੋਰ ਚੌੜਾ ਕਰਦਾ ਹੈ, ਜਦੋਂ ਉਹ ਲਿਖਦਾ ਹੈ, "ਨਹਿਰੂ ਦੌਰ ਦੀਆਂ ਸੰਸਥਾਵਾਂ ਦੇ ਪਤਨ ਦੇ ਨਾਲ ਨਾਲ ਸਹਿਜ-ਵਿਵੇਕ-ਕਰੁਣਾ ਨੂੰ ਜ਼ਲੀਲ ਕਰਕੇ ਪੰਜਾਬ ਤਿੱਖੀ ਤੱਤੀ ਵਾਰਤਾ ਦਾ, ਹਿੰਸਾ ਦੀ ਸਭਿਅਤਾ ਦਾ ਸਿਰਨਾਵਾਂ ਬਣਦਾ ਤੁਰਿਆ ਗਿਆ।"

ਇਸ ਤਰ੍ਹਾਂ ਲੇਖਕ ਪੰਜਾਬ ਦੀ ਦੁਖਾਂਤਕ ਸਥਿਤੀ ਅਤੇ ਇਸ ਨੂੰ ਦਰਪੇਸ਼ ਮਸਲਿਆਂ ਦੀ ਨਿਸ਼ਾਨਦੇਹੀ ਤਾਂ ਬਹੁਤ ਜ਼ੋਰਦਾਰ ਢੰਗ ਨਾਲ ਕਰਦਾ ਹੈ, ਪਰ ਇਸ ਸਥਿਤੀ ਲਈ ਜ਼ਿੰਮੇਵਾਰ ਸ਼ਕਤੀਆਂ ਨੂੰ ਟਿੱਕਣ ਅਤੇ ਉਨ੍ਹਾਂ ਨੂੰ ਪਛਾੜਨ ਵੱਲ ਕੋਈ ਕਦਮ ਨਹੀਂ ਵਧਾਉਂਦਾ। ਜੇ ਨੌਜਵਾਨ ਅਜਿਹੇ ਰਾਂਝੇ ਬਣ ਰਹੇ ਹਨ ਜਿਨ੍ਹਾਂ ਨੂੰ 'ਵੰਝਲੀ ਵਿਚ ਸਾਹ ਭਰਨਾ ਵੀ ਨਹੀਂ ਆਉਂਦਾ' ਤਾਂ ਅਜਿਹੀ ਮਾਨਸਿਕਤਾ ਪਿੱਛੇ ਪਏ ਕਾਰਨ ਵੀ ਲੱਭਣੇ ਹੋਣਗੇ। ਕਿਸੇ ਵੀ ਪੀੜ੍ਹੀ ਦੇ ਵਿਚਾਰ ਉਸ ਦੌਰ ਦੇ ਹਾਲਾਤ ਦੀ ਪੈਦਾਵਾਰ ਹੁੰਦੇ ਹਨ। ਉਨ੍ਹਾਂ ਹਾਲਾਤ ਨੂੰ ਬਦਲੇ ਬਿਨਾ ਸਿਰਫ ਲੇਖਾਂ ਅਤੇ ਲੈਕਚਰਾਂ ਰਾਹੀਂ ਚੰਗਾ ਸਭਿਆਚਾਰ ਉਸਾਰਿਆ ਨਹੀਂ ਜਾ ਸਕਦਾ। ਸਮੁੱਚੀ ਧਰਤੀ ਦੇ ਸਾਧਨਾਂ ਅਤੇ ਸਰਮਾਏ ਨੂੰ ਕੰਟਰੋਲ ਕਰਦੀਆਂ ਧੜਵੈਲ ਕਾਰਪੋਰੇਸ਼ਨਾਂ ਦੇ ਚਮਚਮਾਉਂਦੇ ਸ਼ੋਅਰੂਮਾਂ, ਮਾਲਜ਼, ਸੁਪਰ ਸਟੋਰਾਂ, ਨਵੇਂ ਨਵੇਂ ਮਾਡਲਾਂ ਦੀਆਂ ਗੱਡੀਆਂ, ਮੋਬਾਈਲਾਂ, ਬ੍ਰਾਂਡਿਡ ਵਸਤਾਂ ਦੀ ਚਕਾਚੌਂਧ ਨਾਲ ਭਰਮਾਏ ਨੌਜਵਾਨਾਂ ਦੀ ਸੋਚ ਨੂੰ ਕਰੋੜਾਂ ਦੀ ਲਾਗਤ ਨਾਲ ਬਣਾਈਆਂ ਜਾਂਦੀਆਂ ਫਿਲਮਾਂ, ਅੱਧਨੰਗੀਆਂ ਮਾਡਲਾਂ ਦੇ ਨਖਰੇ ਅਤੇ ਟੀ. ਵੀ. ਚੈਨਲਾਂ 'ਤੇ ਘਰ ਘਰ ਦਿਖਾਈ ਜਾਂਦੀ ਦਿਖਾਵੇ ਭਰੀ ਜ਼ਿੰਦਗੀ ਉਧਾਲ ਕੇ ਲੈ ਜਾਂਦੀ ਹੈ, ਜਿਥੋਂ ਉਹ ਹੀਰ ਦੇ ਬੇਲਿਆਂ ਨੂੰ ਨਹੀਂ ਮੁੜ ਸਕਦੇ। ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ ਦੀ ਆਜ਼ਾਦੀ ਦੇ ਸੰਕਲਪ ਲਿਖਣ-ਬੋਲਣ ਨੂੰ ਚੰਗੇ ਹਨ, ਪਰ ਇਨ੍ਹਾਂ ਨੂੰ ਸਾਕਾਰ ਕਰਨ ਲਈ ਅਜਿਹਾ ਆਰਥਕ-ਸਮਾਜਕ-ਰਾਜਨੀਤਕ ਢਾਂਚਾ ਉਸਾਰਨਾ ਪਵੇਗਾ ਜਿਥੇ ਸਰਮਾਏ ਦੀ ਜਕੜ ਤੋੜ ਕੇ ਇਹ ਸੰਕਲਪ ਸਾਕਾਰ ਹੋ ਸਕਣ। ਅਜਿਹਾ ਰਾਜਨੀਤਕ ਪ੍ਰਬੰਧ ਉਸਾਰਨ ਲਈ ਕੀ ਕਰਨਾ ਲੋੜੀਂਦਾ ਹੈ, ਕਿਹੜਾ ਰਾਹ ਅਪਨਾਉਣ ਦੀ ਲੋੜ ਹੈ? ਇਨ੍ਹਾਂ ਸਵਾਲਾਂ ਬਾਰੇ ਲੇਖ ਬਿਲਕੁਲ ਚੁੱਪ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਲੇਖ ਪੰਜਾਬੀ ਮਨ ਦੇ ਅਵਚੇਤਨ ਨੂੰ ਸੰਬੋਧਿਤ ਹੈ, ਅਵਚੇਤਨ ਧਾਰਨਾਵਾਂ ਦੀ ਆਪਣੀ ਸ਼ਕਤੀ ਹੁੰਦੀ ਹੈ ਪਰ ਮੌਜੂਦਾ ਸੰਕਟ ਵਿਚੋਂ ਲੰਘਣ ਲਈ ਚੇਤਨ ਕੋਸ਼ਿਸ਼ਾਂ ਦੀ ਲੋੜ ਹੈ ਜਿਸ ਲਈ ਸ਼ਾਇਰਾਨਾ ਟਿੱਪਣੀਆਂ ਨਾਲੋਂ ਠੋਸ ਜੁਗਤਾਂ ਘੜਨ ਦੀ ਲੋੜ ਹੈ।

# ਪੰਜਾਬ ਟਾਈਮਜ਼

*ਸਨਿਚਰਵਾਰ, 21 ਜੁਲਾਈ 2018*


## ਹਜੂਮੀ ਹਮਲੇ ਅਤੇ ਹਿੰਦੂਤਵੀ ਸਿਆਸਤ

ਝਾਰਖੰਡ ਵਿਚ ਸਮਾਜ-ਸੇਵੀ ਕਾਰਕੁਨ ਸਵਾਮੀ ਅਗਨੀਵੇਸ਼ ਉਤੇ ਭਾਰਤੀ ਜਨਤਾ ਯੁਵਾ ਮੋਰਚਾ ਅਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਬੁਰਛਾਗਰਦਾਂ ਨੇ ਹਮਲਾ ਕਰ ਦਿੱਤਾ। ਉਹ ਪਾਕੁੜ ਵਿਚ ਪਹਾੜੀ ਕਬਾਈਲੀਆਂ ਦੇ ਸਮਾਗਮ ਵਿਚ ਹਿੱਸਾ ਲੈਣ ਲਈ ਆਏ ਸਨ। ਇਹ ਵਾਰਦਾਤ ਮੰਗਲਵਾਰ ਦੀ ਹੈ ਅਤੇ ਇਸੇ ਦਿਨ ਭਾਰਤ ਦੀ ਸੁਪਰੀਮ ਕੋਰਟ ਨੇ ਭੀੜ ਵੱਲੋਂ ਕੀਤਾ ਜਾ ਰਹੇ ਹਮਲਿਆਂ ਬਾਰੇ ਸਖਤ ਫੈਸਲਾ ਸੁਣਾਇਆ ਹੈ। ਭਾਰਤੀ ਜਨਤਾ ਯੁਵਾ ਮੋਰਚਾ ਅਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ, ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਆਰ. ਐਸ. ਐਸ. ਨਾਲ ਜੁੜੀਆਂ ਹੋਈਆਂ ਜਥੇਬੰਦੀਆਂ ਹਨ। ਇਨ੍ਹਾਂ ਦਾ ਦੋਸ਼ ਹੈ ਕਿ ਸਵਾਮੀ ਅਗਨੀਵੇਸ਼ ਹਿੰਦੂਆਂ ਦੇ ਖਿਲਾਫ ਬੋਲਦੇ ਹਨ ਅਤੇ ਨਕਸਲਵਾਦੀਆਂ ਦੇ ਹਮਾਇਤੀ ਹਨ। ਸਵਾਮੀ ਅਗਨੀਵੇਸ਼ ਦਾ ਕਹਿਣਾ ਹੈ ਕਿ ਉਸ ਨੇ ਆਪਣੀ ਆਮਦ ਬਾਰੇ ਪ੍ਰਸ਼ਾਸਨ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ, ਪ੍ਰਸ਼ਾਸਨ ਨੂੰ ਪਤਾ ਸੀ ਕਿ ਹਿੰਦੂਵਾਦੀ ਜਥੇਬੰਦੀਆਂ ਉਨ੍ਹਾਂ ਖਿਲਾਫ ਵਿਖਾਵਾ ਕਰਨ ਦੀ ਕੋਸ਼ਿਸ਼ ਵਿਚ ਹਨ, ਫਿਰ ਵੀ ਘਟਨਾ ਵਾਲੀ ਥਾਂ 'ਤੇ ਪੁਲਿਸ ਤਾਇਨਾਤ ਨਹੀਂ ਕੀਤੀ ਗਈ। ਯਾਦ ਰਹੇ, ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿਚ ਆਈ ਹੈ, ਇਸ ਤਰ੍ਹਾਂ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਸਭ ਤੋਂ ਵਧੇਰੇ ਘਟਨਾਵਾਂ ਗਾਂ ਮਾਸ ਦੇ ਨਾਂ ਉਤੇ ਹੋਈਆਂ। ਇਸ ਤੋਂ ਬਾਅਦ ਮੁਲਕ ਵਿਚ ਮਾਹੌਲ ਇਸ ਤਰ੍ਹਾਂ ਦਾ ਬਣ ਗਿਆ ਕਿ ਹਰ ਥਾਂ ਭੀੜ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਲੱਗ ਪਈ। ਹਾਲ ਹੀ ਵਿਚ ਬੱਚਾ ਅਗਵਾ ਦਾ ਦੋਸ਼ ਲਾ ਕੇ ਨੌਜਵਾਨਾਂ ਨੂੰ ਕੁੱਟ-ਕੁੱਟ ਕੇ ਮਾਰ ਦੇਣ ਵਾਲੀਆਂ ਘਟਨਾਵਾਂ ਲਗਾਤਾਰ ਵਾਪਰੀਆਂ ਹਨ। ਇਸੇ ਕਰਕੇ ਅਜਿਹੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ ਅਤੇ ਅਦਾਲਤ ਨੇ ਸਿਰਫ ਸ਼ੱਕ ਦੇ ਆਧਾਰ 'ਤੇ ਬੰਦਿਆਂ ਨੂੰ ਕੁੱਟ-ਕੁੱਟ ਕੇ ਮਾਰਨ ਦੇ ਰੁਝਾਨ ਦਾ ਸਖਤ ਨੋਟਿਸ ਲਿਆ ਹੈ।

ਦੱਸਣਯੋਗ ਹੈ ਕਿ ਲਗਾਤਾਰ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਜਿਸ ਪ੍ਰਕਾਰ ਦੀ ਸੰਜੀਦਗੀ ਦੀ ਲੋੜ ਸੀ, ਉਹ ਸੂਬਾ ਸਰਕਾਰਾਂ ਵੱਲੋਂ ਦਿਖਾਈ ਨਹੀਂ ਗਈ। ਹੁਣ ਸੁਪਰੀਮ ਕੋਰਟ ਨੇ ਸਰਕਾਰ ਅਤੇ ਸੰਸਦ ਨੂੰ ਹਦਾਇਤ ਕੀਤੀ ਹੈ ਕਿ ਅਜਿਹੇ ਅਪਰਾਧਾਂ ਨੂੰ ਸਖਤੀ ਨਾਲ ਠੱਲ੍ਹਣ ਲਈ ਨਵਾਂ ਕਾਨੂੰਨ ਬਣਾਇਆ ਜਾਵੇ ਜਿਸ ਵਿਚ ਹਜੂਮੀ ਹਿੰਸਾ ਦੀਆਂ ਵੱਖ-ਵੱਖ ਕਿਸਮਾਂ ਤੇ ਰੂਪਾਂ ਨਾਲ ਨਜਿਠਣ ਲਈ ਲੋੜੀਂਦਾ ਪ੍ਰਬੰਧ ਕੀਤਾ ਜਾਵੇ। ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਹਜੂਮੀ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਜਾਰੀ ਰਹਿਣ 'ਤੇ ਨਾਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਜਮਹੂਰੀ ਮੁਲਕ ਵਿਚ ਇਸ ਕਿਸਮ ਦਾ ਭੀੜਤੰਤਰ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਬੈਂਚ ਨੇ ਆਪਣੇ ਹੁਕਮ ਵਿਚ ਜੋ ਨੁਕਤੇ ਉਭਾਰੇ, ਉਨ੍ਹਾਂ ਵਿਚੋਂ ਮੁੱਖ ਇਹ ਹਨ ਕਿ ਕੇਂਦਰ ਅਤੇ ਸੂਬਾਈ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਗੈਰਜ਼ਿੰਮੇਵਾਰਾਨਾ ਤੇ ਧਮਾਕਾਖੇਜ਼ ਸੁਨੇਹਿਆਂ, ਵੀਡੀਓਜ਼ ਤੇ ਹੋਰ ਸਮੱਗਰੀ ਦਾ ਪਸਾਰ ਰੋਕਣ। ਜਿਹੜਾ ਬੰਦਾ ਸਮਾਜ ਜਾਂ ਫਿਰਕਿਆਂ ਨੂੰ ਹਿੰਸਾ ਲਈ ਉਕਸਾਉਣ ਵਾਲੇ ਸੁਨੇਹੇ ਭੇਜਦਾ ਹੈ, ਉਸ ਖਿਲਾਫ ਤੁਰੰਤ ਕੇਸ ਦਰਜ ਕੀਤਾ ਜਾਵੇ। ਸੂਬਾ ਸਰਕਾਰਾਂ ਹਜੂਮੀ ਕਤਲਾਂ ਜਾਂ ਹਿੰਸਾ ਦੇ ਪੀੜਤਾਂ ਲਈ ਮੁਆਵਜ਼ੇ ਦੀ ਯੋਜਨਾ ਅਦਾਲਤੀ ਹੁਕਮਾਂ ਦੇ ਇਕ ਮਹੀਨੇ ਦੇ ਅੰਦਰ ਅੰਦਰ ਤਿਆਰ ਕਰਨ। ਇਸ ਦੇ ਨਾਲ ਹੀ ਹਜੂਮੀ ਹਿੰਸਾ ਦੇ ਮੁਕੱਦਮੇ ਵਿਸ਼ੇਸ਼ ਨਾਮਜ਼ਦ ਅਦਾਲਤਾਂ ਵੱਲੋਂ ਫਾਸਟ ਟਰੈਕ ਵਿਧੀ ਰਾਹੀਂ ਚਲਾਏ ਜਾਣ। ਘਟਨਾ ਵੇਲੇ ਮੌਕੇ 'ਤੇ ਮੌਜੂਦ ਪੁਲਿਸ ਅਧਿਕਾਰੀ ਜਾਂ ਮੁਲਾਜ਼ਮ ਜੇ ਅਦਾਲਤੀ ਹਦਾਇਤਾਂ ਮੁਤਾਬਕ ਕਾਰਵਾਈ ਨਹੀਂ ਕਰਦਾ ਤਾਂ ਉਸ ਖਿਲਾਫ ਵੀ ਢੁੱਕਵੀਂ ਕਾਰਵਾਈ ਕੀਤੀ ਜਾਵੇ।

ਪਿਛਲੇ ਤਿੰਨ ਮਹੀਨਿਆਂ ਦੌਰਾਨ 17 ਸੂਬਿਆਂ ਵਿਚ 57 ਕਤਲ ਹੋ ਚੁਕੇ ਹਨ। ਅਸਲ ਵਿਚ ਵੋਟ ਬੈਂਕ ਦੀ ਸਿਆਸਤ ਨੇ ਅਜਿਹੀਆਂ ਕਾਰਵਾਈਆਂ ਨੂੰ ਸਦਾ ਹੀ ਉਕਸਾਇਆ ਹੈ। ਹੁਣ ਝਾਰਖੰਡ ਵਿਚ ਭਾਰਤੀ ਜਨਤਾ ਪਾਰਟੀ ਦੀ ਹੀ ਸਰਕਾਰ ਹੈ। ਮੁੱਖ ਮੰਤਰੀ ਰਘੁਬਰ ਦਾਸ ਨੇ ਸਵਾਮੀ ਅਗਨੀਵੇਸ਼ ਉਤੇ ਹੋਏ ਹਮਲੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ ਪਰ ਕੀ ਹਮਲਾਵਰਾਂ ਖਿਲਾਫ ਕਾਰਵਾਈ ਹੋਵੇਗੀ? ਭਾਰਤੀ ਜਨਤਾ ਪਾਰਟੀ ਨੇ ਇਸ ਘਟਨਾ ਦੀ ਨਿੰਦਾ ਤਾਂ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਹਰ ਤਰ੍ਹਾਂ ਦੀ ਹਿੰਸਾ ਦੇ ਖਿਲਾਫ ਹੈ ਪਰ ਨਾਲ ਹੀ ਇਹ ਵੀ ਕਹਿ ਸੁਣਾਇਆ ਹੈ ਕਿ ਸਵਾਮੀ ਅਗਨੀਵੇਸ਼ ਦਾ ਟਰੈਕ ਰਿਕਾਰਡ ਦੱਸਦਾ ਹੈ ਕਿ ਉਹ ਗਾਹੇ-ਬਗਾਹੇ ਹਿੰਦੂਆਂ ਬਾਰੇ ਟਿੱਪਣੀਆਂ ਕਰਦੇ ਰਹਿੰਦੇ ਹਨ। ਉਧਰ, ਭਾਰਤੀ ਜਨਤਾ ਯੁਵਾ ਮੋਰਚਾ ਨੇ ਵੀ ਕਹਿ ਦਿੱਤਾ ਹੈ ਕਿ ਜਥੇਬੰਦੀ ਦੇ ਕਾਰਕੁਨ ਸਵਾਮੀ ਅਗਨੀਵੇਸ਼ ਖਿਲਾਫ ਰੋਸ ਵਿਖਾਵੇ ਲਈ ਇਕੱਠੇ ਜ਼ਰੂਰ ਹੋਏ ਸਨ, ਪਰ ਉਨ੍ਹਾਂ ਉਤੇ ਹਮਲਾ ਯੁਵਾ ਮੋਰਚੇ ਦੇ ਕਾਰਕੁਨਾਂ ਨੇ ਨਹੀਂ ਕੀਤਾ ਹੈ। ਸਾਫ ਜਾਹਰ ਹੈ ਕਿ ਇਸ ਕੇਸ ਦੀ ਸੁਣਵਾਈ ਕਿਨ੍ਹਾਂ ਹੱਥਾਂ ਵਿਚ ਹੈ ਅਤੇ ਦੋਸ਼ੀਆਂ ਨੂੰ ਸਜ਼ਾ ਕਿਸ ਨੇ ਦਿਵਾਉਣੀ ਹੈ! ਅੱਜ ਤੱਕ ਹਜੂਮੀ ਹਮਲਿਆਂ ਦੇ ਕਿਸੇ ਵੀ ਦੋਸ਼ੀ ਸਜ਼ਾ ਨਹੀਂ ਮਿਲੀ ਹੈ ਅਤੇ ਜਿਹੜੇ ਬੁਰਛਾਗਰਦਾਂ ਨੂੰ ਇਨ੍ਹਾਂ ਹਮਲਿਆਂ ਦੇ ਦੋਸ਼ ਵਿਚ ਫੜਿਆ ਗਿਆ ਸੀ, ਉਨ੍ਹਾਂ ਨੂੰ ਇਕ-ਇਕ ਕਰਕੇ ਛੱਡਿਆ ਜਾ ਰਿਹਾ ਹੈ। ਇਹ ਸਭ ਗਿਣੀ-ਮਿਥੀ ਚਾਲ ਤਹਿਤ ਹੀ ਹੋ ਰਿਹਾ ਹੈ। ਹੁਣ ਅਗਲੇ ਸਾਲ ਲੋਕ ਸਭਾ ਦੀਆਂ ਚੋਣਾਂ ਆ ਰਹੀਆਂ ਹਨ ਅਤੇ ਮੁਲਕ ਦੇ ਸਮੁੱਚੇ ਮਾਹੌਲ ਨੂੰ ਹੁਣ ਇਸੇ ਢੰਗ ਮੁਤਾਬਕ ਢਾਲਣਾ ਸ਼ੁਰੂ ਕਰ ਦਿੱਤਾ ਗਿਆ ਹੈ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਨੇ ਰਾਮ ਮੰਦਿਰ ਬਾਰੇ ਬਿਆਨ ਦੇ ਕੇ ਲੋਕਾਂ ਦੀਆਂ ਭਾਵਨਾਵਾਂ ਟੋਹਣ ਦਾ ਯਤਨ ਕੀਤਾ ਹੈ। ਸੁਪਰੀਮ ਕੋਰਟ ਨੇ ਹਜੂਮੀ ਹਿੰਸਾ ਦੇ ਮਾਮਲੇ ਵਿਚ ਭਾਵੇਂ ਸਖਤੀ ਦਿਖਾਉਣ ਦਾ ਯਤਨ ਕੀਤਾ ਹੈ ਪਰ ਹੁਣ ਇਹ ਦੇਖਣਾ ਬਾਕੀ ਹੈ ਕਿ ਕੇਂਦਰ ਸਰਕਾਰ ਅਤੇ ਵੱਖ-ਵੱਖ ਸੂਬਾ ਸਰਕਾਰਾਂ ਦਾ ਇਸ ਪ੍ਰਤੀ ਕੀ ਰਵੱਈਆ ਅਖਤਿਆਰ ਕਰਦੀਆਂ ਹਨ। ਜਿਸ ਵਕਤ ਗਾਂ ਰੱਖਿਅਕ, ਮੁਸਲਮਾਨਾਂ ਉਤੇ ਹਮਲੇ ਕਰ ਰਹੇ ਸਨ ਤਾਂ ਉਦੋਂ ਪ੍ਰਧਾਨ ਮੰਤਰੀ ਕੁਝ ਵੀ ਨਹੀਂ ਸਨ ਬੋਲੇ। ਬਹੁਤ ਦੇਰ ਬਾਅਦ ਬਿਆਨ ਦਿੱਤਾ ਤਾਂ ਇਹ ਕਿਹਾ ਸੀ ਕਿ ਹਮਲੇ ਕਰਨ ਵਾਲੇ ਗਾਂ ਰੱਖਿਅਕ ਨਕਲੀ ਹਨ। ਅਜਿਹੀ ਪਹੁੰਚ ਦਾ ਵੀ ਅਦਾਲਤ ਨੂੰ ਨੋਟਿਸ ਲੈਣਾ ਚਾਹੀਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਹੋਪ ਬਨਾਮ ਡੋਪ!

ਲੋਕਾਂ ਰੱਖਿਆ 'ਚਿੱਟਾ' ਹੀ ਨਾਂ ਜਿਸ ਦਾ, ਧਰਨੇ ਮਾਰ ਕੇ ਇਉਂ ਪੁਕਾਰਦਾ ਐ।
ਦਸ ਸਾਲਾਂ ਦੇ ਬੀਜੇ ਹੋਏ ਕੰਡਿਆਂ ਨੂੰ, ਚੁਗਣਾ ਕੰਮ ਹੁਣ ਨਵੀਂ ਸਰਕਾਰ ਦਾ ਐ।
ਲਾਸ਼ਾਂ ਦੇਖ ਕੇ ਸਿਵਿਆਂ ਨੂੰ ਜਾਂਦੀਆਂ ਜੀ, ਪੇਂਡੂ ਸ਼ਹਿਰੀ ਦੁਹੱਥੜਾਂ ਮਾਰਦਾ ਐ।
ਲਾਮਬੰਦ ਹੋ ਲੋਕਾਂ ਦੁਖਿਆਰਿਆਂ ਨੇ, ਮਾਰੀ ਭਬਕ ਜਿਉਂ ਸ਼ੇਰ ਦਹਾੜਦਾ ਐ।
ਸਦਾ ਵਾਂਗ ਸਿਆਸਤੀ ਆਗੂਆਂ ਨੇ, ਬਚਣੇ ਲਈ ਬਹਾਨਾ ਇਹ ਟੋਲਿਆ ਈ।
ਬਣੀ 'ਹੋਪ' ਸੀ ਨਸ਼ਿਆਂ ਖਿਲਾਫ ਜੋ, ਉਸ ਨੂੰ 'ਡੋਪ' ਦੇ ਰੌਲੇ ਵਿਚ ਰੋਲਿਆ ਈ!

# ਖਾਲਿਸਤਾਨ ਦਾ ਮਸਲਾ ਅਤੇ ਪੰਜਾਬ

*ਇੰਗਲੈਂਡ ਵਿਚ 'ਰਾਇਸ਼ੁਮਾਰੀ 2020' ਬਾਰੇ ਕਰਵਾਏ ਜਾ ਰਹੇ ਸਮਾਗਮ ਕਾਰਨ ਇਹ ਮਸਲਾ ਇਕ ਵਾਰ ਫਿਰ ਭਖਿਆ ਹੈ। ਇੰਗਲੈਂਡ ਦੀ ਸਰਕਾਰ ਨੇ ਇਸ ਸਮਾਗਮ ਉਤੇ ਕਿਸੇ ਪ੍ਰਕਾਰ ਦੀ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ ਹੈ। ਸਰਕਾਰ ਦੀ ਦਲੀਲ ਹੈ ਕਿ ਕਾਨੂੰਨ ਦੇ ਘੇਰੇ ਅੰਦਰ ਕੋਈ ਵੀ ਸ਼ਖਸ ਜਾਂ ਸੰਸਥਾ ਆਪਣੀ ਆਵਾਜ਼ ਉਠਾ ਸਕਦਾ ਹੈ। ਅਜਿਹੀ ਸੂਰਤ ਵਿਚ ਭਾਰਤ ਸਰਕਾਰ ਦੀ ਹਾਲਤ ਬੜੀ ਕਸੂਤੀ ਬਣੀ ਹੋਈ ਹੈ। ਇਸ ਬਾਰੇ ਸਾਬਕਾ ਵਿਦੇਸ਼ ਸਕੱਤਰ ਕੇ. ਸੀ. ਸਿੰਘ ਨੇ ਟਿੱਪਣੀ ਕੀਤੀ ਹੈ। ਉਨ੍ਹਾਂ ਇਹ ਵੀ ਲਿਖਿਆ ਹੈ ਕਿ ਪਿਛਲੇ ਕਰੀਬ ਤਿੰਨ ਦਹਾਕਿਆਂ ਦੌਰਾਨ ਸਿੱਖਾਂ, ਖਾਸਕਰ ਪਰਦੇਸਾਂ ਵਿਚ ਰਹਿ ਰਹੇ ਸਿੱਖਾਂ ਉਤੇ ਕਿਸ ਤਰ੍ਹਾਂ ਬੇਗਾਨਗੀ ਦਾ ਅਹਿਸਾਸ ਭਾਰੂ ਹੁੰਦਾ ਗਿਆ। ਇਸ ਲੇਖ ਵਿਚ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤੀ ਜ਼ਰੂਰੀ ਨਹੀਂ, ਇਸ ਲਿਖਤ ਬਾਰੇ ਆਏ ਵਿਚਾਰਾਂ ਨੂੰ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ*

ਇੰਗਲੈਂਡ 'ਚ ਖਾਲਿਸਤਾਨ ਦਾ ਮੁੱਦਾ 12 ਜੁਲਾਈ ਨੂੰ ਮੁੜ ਉਠ ਖਲੋਇਆ, ਜਦੋਂ ਸਿੱਖਾਂ ਦੇ ਇਕ ਇਕੱਠ ਨੇ 'ਸਿੱਖਸ ਫਾਰ ਜਸਟਿਸ' ਦੀ ਸਰਪ੍ਰਸਤੀ ਹੇਠ 'ਰਾਇਸ਼ੁਮਾਰੀ 2020' ਦੀ ਹਮਾਇਤ 'ਚ ਅਗਲੇ ਮਹੀਨੇ ਟ੍ਰਾਫਲਗਰ ਸਕੁਏਅਰ ਵਿਚ ਵੱਡੀ ਰੈਲੀ ਕਰਨ ਦਾ ਐਲਾਨ ਕਰ ਦਿੱਤਾ ਹੈ। ਇਹ ਆਜ਼ਾਦ ਪੰਜਾਬ ਜਾਂ ਖਾਲਿਸਤਾਨ ਲਈ ਔਨਲਾਈਨ ਪਹਿਲਕਦਮੀ ਹੈ। ਇਹ ਮੁੱਦਾ ਅੰਦਰਖਾਤੇ ਪਿਛਲੇ ਲੰਮੇ ਸਮੇਂ ਤੋਂ, ਖਾਸ ਕਰਕੇ ਕੈਨੇਡਾ ਅਤੇ ਇੰਗਲੈਂਡ 'ਚ ਰਹਿੰਦੇ ਸਿੱਖਾਂ 'ਚ ਮਘਦਾ ਰਿਹਾ ਹੈ। ਫਰਵਰੀ ਮਹੀਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਉਦੋਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ, ਜਦੋਂ ਇਕ ਭਾਰਤੀ ਸਿਆਸੀ ਆਗੂ 'ਤੇ ਗੋਲੀ

ਕੇ. ਸੀ. ਸਿੰਘ

ਚਲਾਉਣ ਦੇ ਮਾਮਲੇ 'ਚ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾ ਚੁੱਕੇ ਜਸਪਾਲ ਅਟਵਾਲ ਨੂੰ ਕੈਨੇਡੀਅਨ ਹਾਈ ਕਮਿਸ਼ਨਰ ਦੇ ਸੁਆਗਤੀ ਸਮਾਰੋਹ 'ਚ ਸੱਦ ਲਿਆ ਗਿਆ ਸੀ।

ਵੱਡੀ ਸਮੱਸਿਆ ਇਹ ਨਹੀਂ ਕਿ ਕੈਨੇਡਾ ਨੇ 'ਬੋਲਣ ਦੀ ਆਜ਼ਾਦੀ' ਦੇ ਸਿਧਾਂਤ ਅਧੀਨ ਗਰਮਖਿਆਲ ਸਿੱਖਾਂ ਨੂੰ ਭੜਾਸ ਕੱਢਣ ਦੀ ਪ੍ਰਵਾਨਗੀ ਦਿੱਤੀ ਹੋਈ ਹੈ, ਸਗੋਂ ਮਸਲਾ ਇਹ ਹੈ ਕਿ ਗਰਮਖਿਆਲ ਤੱਤਾਂ ਦੀ ਟਰੂਡੋ ਸਰਕਾਰ ਨਾਲ ਨੇੜਤਾ ਹੈ। ਕੈਨੇਡਾ 'ਚ ਸਿੱਖਾਂ ਦੀ ਆਬਾਦੀ ਇਕ ਫੀਸਦ ਤੋਂ ਥੋੜ੍ਹੀ ਜਿਹੀ ਵੱਧ ਹੈ ਪਰ ਉਨ੍ਹਾਂ ਕੋਲ ਟਰੂਡੋ ਸਰਕਾਰ 'ਚ ਵਜ਼ਾਰਤ ਦੇ 12 ਫੀਸਦ ਅਹੁਦੇ ਹਨ ਅਤੇ ਸੱਤਾਧਾਰੀ ਲਿਬਰਲ ਪਾਰਟੀ ਦੇ 14 ਸੰਸਦ ਮੈਂਬਰ ਹਨ। ਨਿਊ ਡੈਮੋਕ੍ਰੈਟਿਕ ਪਾਰਟੀ 'ਚ ਵੀ ਸਿੱਖਾਂ ਦੀ ਸਰਦਾਰੀ ਕਾਇਮ ਹੈ, ਇਸੇ ਕਰਕੇ ਜਗਮੀਤ ਸਿੰਘ ਇਸ ਦੇ ਪ੍ਰਧਾਨ ਬਣ ਸਕੇ ਹਨ। ਇਸ ਦੇ ਨਾਲ ਹੀ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਸਿਆਸਤ ਵਿਚ ਇਨ੍ਹਾਂ ਦੀ ਵਰਣਨਯੋਗ ਭੂਮਿਕਾ ਹੈ। ਟਰੂਡੋ ਸਮੇਤ ਉਚ ਪੱਧਰੀ ਆਗੂ ਬਹੁਤ ਵਾਰ ਖਾਲਿਸਤਾਨੀ ਬੈਨਰਾਂ ਵਾਲੇ ਸਮਾਰੋਹਾਂ 'ਚ ਸ਼ਾਮਲ ਹੁੰਦੇ ਰਹਿੰਦੇ ਹਨ ਜਿਥੇ ਗਰਮਖਿਆਲੀਆਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ। ਖਾਲਿਸਤਾਨ ਦੇ ਹਮਾਇਤੀਆਂ ਨੇ ਹੁਣ ਰੋਸ ਪ੍ਰਗਟਾਉਣ ਦੇ ਗ਼ੈਰ-ਖਾੜਕੂ ਤਰੀਕੇ ਅਪਨਾ ਲਏ ਹਨ। ਉਹ ਔਨਲਾਈਨ ਰਾਇਸ਼ੁਮਾਰੀਆਂ ਕਰਵਾਉਂਦੇ ਹਨ ਜਾਂ ਗੁਰਦੁਆਰਿਆਂ 'ਚ ਸਮਾਰੋਹ ਕਰਵਾਉਂਦੇ ਹਨ। ਇਉਂ ਉਹ ਆਪਣੇ ਮੇਜ਼ਬਾਨ ਮੁਲਕਾਂ ਦੇ ਕਾਨੂੰਨ ਦੇ ਘੇਰੇ ਵਿਚ ਵੀ ਰਹਿੰਦੇ ਹਨ ਪਰ ਸਾਡੇ ਬਸਤੀਵਾਦੀ ਜੁੱਗ ਦੇ ਅਪਰਾਧਕ ਕਾਨੂੰਨ ਅਨੁਸਾਰ ਇਸ ਨੂੰ ਬਾਗੀਆਨਾ ਕਾਰਵਾਈ ਗਿਣਿਆ ਜਾਂਦਾ ਹੈ। ਇੰਗਲੈਂਡ ਨੇ 2009 ਦੇ ਇਕ ਐਕਟ ਰਾਹੀਂ ਬਗ਼ਾਵਤ ਵਾਲਾ ਕਾਨੂੰਨ ਖਤਮ ਕਰ ਦਿੱਤਾ ਸੀ ਅਤੇ ਨਾਰਦਰਨ ਆਈਲੈਂਡਜ਼ ਦਾ ਮਸਲਾ ਨਜਿੱਠ ਦਿੱਤਾ ਸੀ।

ਕੈਨੇਡਾ ਦੀ ਫੈਡਰਲ (ਸੰਘੀ) ਸਿਆਸਤ ਵਿਲੱਖਣ ਕਿਸਮ ਦੀ ਹੈ। ਜਦੋਂ ਕਿਊਬੈਕ ਨੇ ਮੁਲਕ ਤੋਂ ਵੱਖ ਹੋਣ ਲਈ ਤਾਕਤ ਦੀ ਥਾਂ ਰਾਇਸ਼ੁਮਾਰੀ ਵਾਲਾ ਰਾਹ ਅਪਨਾਇਆ ਤਾਂ ਇਸ ਨੇ 1996 'ਚ ਸੁਪਰੀਮ ਕੋਰਟ ਨੂੰ ਸਿਰਫ ਇਹੋ ਆਖਿਆ ਕਿ ਉਹ ਇਹ ਫੈਸਲਾ ਕਰੇ ਕਿ ਕਿਊਬੈਕ ਇਕਤਰਫਾ ਤਰੀਕੇ ਨਾਲ ਵੱਖ ਹੋ ਸਕਦਾ ਹੈ ਅਤੇ ਕੌਮਾਂਤਰੀ ਕਾਨੂੰਨ ਨੈਸ਼ਨਲ ਅਸੈਂਬਲੀ, ਸਰਕਾਰ ਜਾਂ ਸੂਬਾਈ ਅਸੈਂਬਲੀ ਨੂੰ ਵੱਖ ਹੋਣ ਦੀ ਇਜਾਜ਼ਤ ਦਿੰਦਾ ਹੈ। ਅਦਾਲਤ ਨੇ 1998 'ਚ ਫੈਸਲਾ ਸੁਣਾਇਆ ਸੀ ਕਿ ਸੂਬਾ ਉਦੋਂ ਤੱਕ ਵੱਖ ਨਹੀਂ ਹੋ ਸਕਦਾ, ਜਦੋਂ ਤੱਕ ਪਹਿਲਾਂ ਸਫਲਤਾਪੂਰਵਕ ਵੋਟ ਨਾ ਪਵੇ ਅਤੇ ਉਸ ਤੋਂ ਬਾਅਦ ਸੰਘੀ ਅਥਾਰਟੀ ਨਾਲ ਸ਼ਾਹ-ਮਸ਼ਵਰਾ ਹੋਵੇ ਤੇ ਆਮ ਸਹਿਮਤੀ ਕਾਇਮ ਹੋਵੇ।

ਵਿਦੇਸ਼ ਰਹਿੰਦੇ ਸਿੱਖ ਭਾਰਤ 'ਚ ਰਹਿੰਦੇ ਸਿੱਖਾਂ ਦੇ ਮੁਕਾਬਲੇ ਪੰਜਾਬ ਦੇ ਸਿੱਖਾਂ ਦੇ ਅਧਿਕਾਰਾਂ ਦੇ ਮੁੱਦੇ 'ਤੇ ਵਧੇਰੇ ਰੋਹ ਅਤੇ ਰੋਸ ਕਿਉਂ ਪ੍ਰਗਟਾਉਂਦੇ ਹਨ? ਇਸ ਮਾਮਲੇ 'ਚ ਕਈ ਤੱਤ ਆਪਣੀ ਭੂਮਿਕਾ ਨਿਭਾਉਂਦੇ ਹਨ। ਮੈਂ ਹੋਰ ਡਿਊਟੀਆਂ ਨਿਭਾਉਣ ਦੇ ਨਾਲ ਨਾਲ ਨਿਊ ਯਾਰਕ 'ਚ ਬਲੂ ਸਟਾਰ ਅਪਰੇਸ਼ਨ (ਸਾਕਾ ਨੀਲਾ ਤਾਰਾ) ਤੋਂ ਪਹਿਲਾਂ (1980-83) ਦੇ ਪਰਵਾਸੀ ਸਿੱਖਾਂ ਨਾਲ ਵੀ ਗੱਲਬਾਤ ਕਰਦਾ ਰਿਹਾ ਹਾਂ। ਤਿੰਨ ਸੂਬਿਆਂ ਨਾਲ ਜੁੜੇ ਨਿਊ ਯਾਰਕ ਦੇ ਫਲੱਸ਼ਿੰਗ ਮੀਡੋਜ਼ ਇਲਾਕੇ 'ਚ ਸਭ ਤੋਂ ਵੱਡਾ ਗੁਰਦੁਆਰਾ ਹੈ। ਉਦੋਂ ਦੇ ਸਿੱਖ ਜ਼ਿਆਦਾਤਰ ਪੰਜਾਬ ਦੇ ਵਿਕਾਸ ਬਾਰੇ ਫਿਕਰਮੰਦ ਰਹਿੰਦੇ ਸਨ। ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ 'ਤੇ ਉਦੋਂ ਵੀ ਪੜ੍ਹੇ-ਲਿਖੇ ਤੇ ਪੇਸ਼ੇਵਰਾਨਾ ਤੌਰ 'ਤੇ ਸਫਲ ਸ਼ਖਸਾਂ ਦਾ ਹੀ ਕਬਜ਼ਾ ਹੁੰਦਾ ਸੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਆਪਣੀ ਅਮਰੀਕਾ ਫੇਰੀ ਦੌਰਾਨ 1983 'ਚ ਉਸ ਗੁਰਦੁਆਰੇ ਵੀ ਪੁੱਜੇ ਸਨ ਤੇ ਉਥੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਸੀ, ਪਰ ਬਲੂ ਸਟਾਰ ਅਪਰੇਸ਼ਨ ਤੋਂ ਬਾਅਦ ਦਹਿਸ਼ਤਗਰਦਾਂ ਖਿਲਾਫ ਕਾਰਵਾਈਆਂ ਦੌਰਾਨ ਬਹੁਤ ਸਾਰੇ ਪਰਿਵਾਰਾਂ ਨੂੰ ਆਪਣੇ ਪੁੱਤਰਾਂ ਨੂੰ ਵਿਦੇਸ਼ ਭੇਜਣਾ ਪਿਆ ਕਿਉਂਕਿ ਉਹ ਖਾੜਕੂਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਫਸੇ ਹੋਏ ਸਨ। ਉਸ ਤੋਂ ਬਾਅਦ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਅਤੇ ਗੁਰਦੁਆਰਿਆਂ 'ਤੇ ਕਾਬਜ਼ ਰਹਿਣ ਵਾਲਿਆਂ ਦਾ ਚਿਹਰਾ-ਮੋਹਰਾ ਹੀ ਬਦਲ ਗਿਆ।

ਕੈਨੇਡਾ 'ਚ ਇਸ ਮਾਮਲੇ ਵਿਚ ਵੱਡੀ ਤਬਦੀਲੀ ਦੇਖੀ ਗਈ। ਘੱਟ ਉਮਰ ਦੇ ਨੌਜਵਾਨ, ਵਧੇਰੇ ਰੋਹ ਭਰਪੂਰ ਤੇ ਘੱਟ ਪੜ੍ਹੇ-ਲਿਖੇ ਨੌਜਵਾਨਾਂ ਨੇ ਹਰ ਹਫਤੇ ਗੁਰਦੁਆਰਿਆਂ 'ਤੇ ਕਬਜ਼ੇ ਸ਼ੁਰੂ ਕਰ ਦਿੱਤੇ, ਵਿਚਾਰ-ਵਟਾਂਦਰਿਆਂ ਵਿਚ ਮੁਲਵਾਦ ਤੇ ਗਰਮਖਿਆਲੀ ਵਧਦੇ ਗਏ। ਏਅਰ ਇੰਡੀਆ ਦੇ ਹਵਾਈ ਜਹਾਜ਼ ਕਨਿਸ਼ਕ ਨੂੰ ਬੰਬ ਧਮਾਕੇ ਨਾਲ ਉਡਾਇਆ ਜਾਣਾ, ਫਿਰ ਉਸ ਭਿਆਨਕ ਹਾਦਸੇ ਦੀ ਮਾੜੇ ਢੰਗ ਨਾਲ ਜਾਂਚ ਅਤੇ ਸਿੱਖ ਨੌਜਵਾਨਾਂ ਨੂੰ ਗਰਮਖਿਆਲੀ ਵਿਚਾਰਧਾਰਾ 'ਚੋਂ ਵਾਪਸ ਲਿਆਉਣ ਲਈ ਢਿੱਲ-ਮੱਠ ਦੀ ਨੀਤੀ ਕਾਰਨ ਹੀ ਹੁਣ ਵਾਲੇ ਹਾਲਾਤ ਬਣੇ ਹਨ।

ਭਾਰਤ ਤੋਂ ਪਰਤ ਕੇ ਟਰੂਡੋ ਨੇ ਖਾਲਿਸਤਾਨ ਪੱਖੀਆਂ ਪ੍ਰਤੀ ਨੇੜਤਾ ਵਿਚ ਕੁਝ ਕਮੀ ਲਿਆਂਦੀ ਪਰ ਹੋਰ ਥਾਵਾਂ ਵਾਂਗ ਕੈਨੇਡਾ 'ਚ ਸਿੱਖ ਸਿਆਸੀ ਸਰਗਰਮੀਆਂ, ਫੰਡਾਂ ਅਤੇ ਚੋਣਾਂ ਲਈ ਲਾਮਬੰਦੀਆਂ ਕਰਨ ਵਾਸਤੇ ਗੁਰਦੁਆਰਿਆਂ 'ਤੇ ਹੀ ਨਿਰਭਰ ਹਨ। ਪੰਜਾਬ ਵਿਚ ਅਕਾਲੀ ਪਾਰਟੀ ਵੀ ਤਾਂ ਇੰਜ ਹੀ ਕਰਦੀ ਹੈ। ਇੰਜ ਹੀ 'ਰਾਇਸ਼ੁਮਾਰੀ 2020' ਮੁਹਿੰਮ ਨੇ ਰਫਤਾਰ ਫੜੀ ਹੈ ਅਤੇ ਇਸ ਤੋਂ ਹੀ ਬਹੁਤੇ ਪੱਛਮੀ ਮੁਲਕਾਂ ਨਾਲ ਭਾਰਤ ਦੇ ਸਬੰਧਾਂ ਦੀ ਅਜ਼ਮਾਇਸ਼ ਵੀ ਹੋਣੀ ਹੈ। ਇੰਗਲੈਂਡ ਵਿਚ 2016 ਦੌਰਾਨ ਕਰਵਾਏ ਸਿੱਖ ਸਰਵੇਖਣ ਦੇ ਨਤੀਜੇ ਵਿਦੇਸ਼ਾਂ 'ਚ ਵਸਦੇ ਸਿੱਖਾਂ ਦੀਆਂ ਬੇਹੱਦ ਦਿਲਚਸਪ ਵਿਸ਼ੇਸ਼ਤਾਵਾਂ ਉਜਾਗਰ ਕਰਦੇ ਹਨ। ਤਕਰੀਬਨ ਅੱਧੇ ਜਣਿਆਂ ਨੇ ਆਪਣੀ ਕਾਲਜ ਜਾਂ ਪੋਸਟ-ਗ੍ਰੈਜੂਏਟ ਪੜ੍ਹਾਈ ਮੁਕੰਮਲ ਕਰ ਲਈ ਹੈ। ਹੋਰ 20 ਫੀਸਦ ਨੇ ਕਾਲਜ ਦੀ ਪੜ੍ਹਾਈ ਤਾਂ ਕੀਤੀ ਹੈ ਪਰ ਗ੍ਰੈਜੂਏਸ਼ਨ ਮੁਕੰਮਲ ਨਹੀਂ ਕੀਤੀ। ਕੁੱਲ 4.3 ਲੱਖ ਤੋਂ ਵੱਧ ਸਿੱਖਾਂ ਦੀ ਆਬਾਦੀ ਵਿਚੋਂ 69 ਫੀਸਦ ਦਾ ਜਨਮ ਇੰਗਲੈਂਡ 'ਚ ਹੋਇਆ ਹੈ ਤੇ 91 ਫੀਸਦ ਬ੍ਰਿਟਿਸ਼ ਨਾਗਰਿਕ ਹਨ। ਇਸ ਦੇ ਮੁਕਾਬਲੇ ਵਿਦੇਸ਼ 'ਚ ਵਸੇ ਹਿੰਦੂਆਂ ਵਿਚੋਂ 40 ਫੀਸਦ ਨੇ ਆਪਣੀ ਭਾਰਤੀ ਕੌਮੀਅਤ ਬਰਕਰਾਰ ਰੱਖੀ ਹੈ ਪਰ 90 ਫੀਸਦੀ ਤੋਂ ਵੱਧ ਸਿੱਖ ਆਪਣੀ ਵੱਖਰੀ ਸ਼ਨਾਖਤ ਨੂੰ ਤਰਜੀਹ ਦਿੰਦੇ ਹਨ ਅਤੇ ਉਹ ਖੁਦ ਨੂੰ ਭਾਰਤੀ ਜਾਂ ਏਸ਼ੀਅਨ ਅਖਵਾਉਣਾ ਪਸੰਦ ਨਹੀਂ ਕਰਦੇ।

ਪੰਜਾਬ ਦਹਿਸ਼ਤਗਰਦੀ ਦੇ ਉਨ੍ਹਾਂ ਦੋ ਡਰਾਉਣੇ ਦਹਾਕਿਆਂ ਤੋਂ ਬਾਅਦ ਆਰਥਿਕ ਤੌਰ 'ਤੇ ਪੁਰਾਣੀ ਹਾਲਤ ਵਿਚ ਬਹਾਲ ਨਹੀਂ ਹੋ ਸਕਿਆ ਕਿਉਂਕਿ ਉਨ੍ਹਾਂ ਕਾਲੇ ਸਮਿਆਂ ਦੌਰਾਨ ਉਦਯੋਗ ਖਤਮ ਹੋ ਗਏ ਅਤੇ ਇਹ ਸਿਰਫ ਪੁਲੀਸ ਦੀ ਸਰਦਾਰੀ ਵਾਲਾ ਸੂਬਾ ਸੀ। ਸਮੱਸਿਆ ਉਦੋਂ ਹੋਰ ਵਧ ਗਈ, ਜਦੋਂ ਹਿਜਰਤ ਹੋਣ ਲੱਗੀ ਅਤੇ ਫਸਲਾਂ ਦੀ ਉਪਜਾਊ ਦਰ ਘਟ ਗਈ, ਲੜਕੀਆਂ ਤੇ ਲੜਕਿਆਂ ਦੇ ਲਿੰਗਕ ਅਨੁਪਾਤ ਵਿਚਲਾ ਪਾੜਾ ਵਧਦਾ ਗਿਆ, ਨਸ਼ਿਆਂ ਦੀ ਮਾਰ ਪੈ ਗਈ, ਬੇਰੁਜ਼ਗਾਰੀ ਦੀ ਸਮੱਸਿਆ ਖੜ੍ਹੀ ਹੋ ਗਈ, ਜ਼ਮੀਨਾਂ ਦੇ ਅਗਾਂਹ ਟੋਟੇ ਹੁੰਦੇ ਗਏ ਅਤੇ ਖੇਤੀਬਾੜੀ ਖੇਤਰ ਸੰਕਟ ਵਿਚ ਘਿਰਦਾ ਗਿਆ। ਉਂਜ, ਸਭ ਤੋਂ ਵੱਡਾ ਪੱਖ ਇਹ ਰਿਹਾ ਕਿ ਸਿੱਖ ਧਾਰਮਿਕ ਸੰਸਥਾਵਾਂ ਕੋਈ ਸਹੀ ਰਾਹ ਦਿਖਾਉਣ ਤੋਂ ਅਸਮਰੱਥ ਰਹੀਆਂ, ਪ੍ਰੇਰਨਾ ਨਾ ਦੇ ਸਕੀਆਂ ਅਤੇ ਆਪਣੇ ਪੈਰੋਕਾਰਾਂ ਦੇ ਰੂਹਾਨੀ ਜੀਵਨ ਨੂੰ ਅਮੀਰ ਨਾ ਕਰ ਸਕੀਆਂ। ਕਿਸਾਨੀ ਡੇਰਿਆਂ ਵੱਲ ਖਿੱਚੀ ਗਈ, ਜਾਅਲੀ ਕਿਸਮ ਦੇ ਰੂਹਾਨੀ ਆਗੂਆਂ ਦੀ ਚੜ੍ਹਤ ਹੋਣ ਲੱਗੀ ਅਤੇ ਵਿਸ਼ਵਾਸ ਦੀਆਂ ਬਦਲਵੀਆਂ ਪ੍ਰਣਾਲੀਆਂ ਨੇ ਹਾਲਾਤ ਬਦਤਰ ਕਰ ਦਿੱਤੇ।

ਖਾਲਿਸਤਾਨ ਲਈ ਹੰਗਾਮਾ ਸਿੱਖਾਂ ਦੀ ਇਸੇ ਸਮੂਹਕ ਤੌਖਲੇ ਨੂੰ ਪ੍ਰਗਟਾਉਂਦਾ ਹੈ। ਇੰਗਲੈਂਡ, ਕੈਨੇਡਾ ਆਦਿ ਵੱਲ ਜਾਣ ਦੀ ਥਾਂ ਭਾਰਤ ਨੂੰ ਪੰਜਾਬ ਦੀ ਮਾੜੀ ਸਮਾਜਿਕ-ਆਰਥਿਕ ਹਾਲਤ ਦਾ ਕੋਈ ਹੱਲ ਲੱਭਣ ਲਈ ਇਨ੍ਹਾਂ ਗੁੰਮਰਾਹਕੁਨ ਤੱਤਾਂ ਨੂੰ ਠੱਲ੍ਹ ਪਾਉਣ ਦੀ ਜ਼ਰੂਰਤ ਹੈ। ਮੋਦੀ ਸਰਕਾਰ ਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਵਿਦੇਸ਼ਾਂ 'ਚ ਵਸੇ ਭਾਰਤੀਆਂ ਲਈ ਹਿੰਦੂਤਵਵਾਦੀ ਪਹੁੰਚ ਨਾਲ ਸਗੋਂ ਫਿਰਕੂ ਵੰਡੀਆਂ ਹੋਰ ਵਧਣਗੀਆਂ ਅਤੇ ਘੱਟ-ਗਿਣਤੀਆਂ ਨੂੰ ਆਪਣੀਆਂ ਧਾਰਮਿਕ ਸ਼ਨਾਖਤਾਂ ਹੋਰ ਦ੍ਰਿੜਤਾ ਨਾਲ ਸਥਾਪਨ ਦੇ ਮੌਕੇ ਮਿਲਣਗੇ। ਇਉਂ ਵਿਦੇਸ਼ਾਂ 'ਚ ਭਾਰਤ ਦੇ ਦੁਸ਼ਮਣਾਂ ਨੂੰ ਭਾਰਤ ਖਿਲਾਫ ਵਰਤੋਂ ਲਈ ਤਿਆਰ-ਬਰ-ਤਿਆਰ ਬਹਾਨੇ ਮਿਲ ਜਾਣਗੇ। ਕਾਲੀਆਂ ਸੂਚੀਆਂ ਤਿਆਰ ਕਰ ਕੇ, ਖੁਫੀਆ ਵਸੀਲਿਆਂ ਨੂੰ ਵਿਦੇਸ਼ਾਂ 'ਚ ਵੱਸਦੇ ਸਿੱਖਾਂ ਦੇ ਭੇਤ ਜਾਣਨ ਤੇ ਉਨ੍ਹਾਂ ਬਾਰੇ ਰਿਪੋਰਟਾਂ ਦੇਣ ਜਿਹੇ ਸਾਰੇ ਤਰੀਕੇ 1984 ਤੋਂ ਬਾਅਦ ਅਪਣਾਏ ਜਾਂਦੇ ਰਹੇ ਹਨ। ਖਾਲਿਸਤਾਨ ਦੀ ਫੋਕੀ ਮੰਗ ਅਧੀਨ ਉਨ੍ਹਾਂ ਨੂੰ ਅਲੱਗ-ਥਲੱਗ ਜਿਹੇ ਵਿਰੋਧ ਵਿਚ ਫਸਾ ਕੇ ਰੱਖ ਦਿੱਤਾ ਹੈ। ਇਹ ਮੰਦਭਾਗਾ ਨਤੀਜਾ ਅਤੇ ਕੂਟਨੀਤਕ ਨਾਕਾਮੀ ਹੀ ਮੰਨੇ ਜਾਣਗੇ ਕਿ ਭਾਰਤੀ ਕੂਟਨੀਤਕਾਂ ਨੂੰ ਬਹੁਤੇ ਮੁਲਕਾਂ ਦੇ ਗੁਰਦੁਆਰਿਆਂ ਵਿਚ ਦਾਖਲ ਹੋਣ ਤੋਂ ਵਰਜਿਆ ਜਾ ਰਿਹਾ ਹੈ। ਇਉਂ ਆਪਸੀ ਗੱਲਬਾਤ ਦਾ ਰਾਹ ਵੀ ਬੰਦ ਹੋ ਰਿਹਾ ਹੈ।

ਸਿੱਖ ਗੁਰੂ ਸਾਹਿਬਾਨ ਨੇ ਸਮੁੱਚੇ ਭਾਰਤ ਦੀਆਂ ਯਾਤਰਾਵਾਂ ਕੀਤੀਆਂ ਸਨ, ਲੋਕਾਂ ਨੂੰ ਆਪਣੇ ਵਿਚਾਰਾਂ ਨਾਲ ਪ੍ਰੇਰ ਕੇ ਆਪਣੇ ਪੈਰੋਕਾਰ ਬਣਾਇਆ ਸੀ ਅਤੇ ਆਮ ਲੋਕਾਂ ਤੇ ਸੰਤਾਂ ਨਾਲ ਉਹ ਘੁਲੇ-ਮਿਲੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਹਿਲੇ ਤਿੰਨ ਸਾਲ ਪਟਨਾ ਵਿਖੇ ਬਿਤਾਏ ਸਨ। ਫਿਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਉਨ੍ਹਾਂ ਖਾਲਸਾ ਪੰਥ ਦੀ ਸਾਜਨਾ ਕੀਤੀ। ਉਹ ਨਾਂਦੇੜ ਵਿਖੇ ਜੋਤੀ ਜੋਤਿ ਸਮਾਏ ਸਨ। ਤਦ ਖਾਲਿਸਤਾਨ ਕੀ ਹੈ? ਇਕ ਨਿੱਕਾ ਜਿਹਾ ਭੂਗੋਲਿਕ ਸਥਾਨ ਜਿਸ ਨਾਲ ਕੋਈ ਸਮੁੰਦਰੀ ਕੰਢਾ ਨਹੀਂ ਲਗਦਾ, ਜਿਸ ਦੇ ਇਕ ਪਾਸੇ ਮੁਖਾਲਿਫ ਭਾਰਤ ਅਤੇ ਦੂਜੇ ਪਾਸੇ ਸ਼ੋਸ਼ਣ ਕਰਨ ਵਾਲਾ ਤੇ ਗੈਰ-ਭਰੋਸੇਯੋਗ ਪਾਕਿਸਤਾਨ ਹੈ ਜੋ ਮੁਲਾਣਿਆਂ ਤੇ ਕੱਟੜ ਆਗੂਆਂ ਦੇ ਹੱਥਾਂ 'ਚ ਹੋਵੇਗਾ। ਇਸ ਦੇ ਮੁਕਾਬਲੇ ਇਹ ਮੁੜ ਉਭਰ ਰਿਹਾ ਪੰਜਾਬ ਹੋ ਸਕਦਾ ਹੈ ਜੋ ਭਾਰਤ ਦਾ ਕੈਲੀਫੋਰਨੀਆ ਬਣ ਰਿਹਾ ਹੈ, ਜੋ ਖੇਤੀ-ਉਦਯੋਗਿਕ ਵਿਕਾਸ ਦੇ ਰਾਹ 'ਤੇ ਹੈ; ਬਸ਼ਰਤੇ ਸਰਕਾਰ ਤੇ ਸਿੱਖਵਾਦ ਦੀ ਅਗਵਾਈ ਇਉਂ ਹੋਵੇ, ਜਿਵੇਂ ਇਰਾਨ ਦੇ ਇਮਾਮ ਖੋਮੇਨੀ ਨੇ 'ਵਲੀ-ਏ-ਫਕੀਹ (ਨਿਆਂਕਾਰ ਸਰਬਰਾਹ-ਗਾਰਡੀਅਨ ਜਿਊਰਿਸਟਸ) ਕਿਹਾ ਸੀ। ਅਜਿਹੇ ਖਾਲਿਸਤਾਨ ਦੀ ਇੱਜ਼ਤ ਸਮੁੱਚੇ ਭਾਰਤ 'ਚ ਹੋਵੇਗੀ ਤੇ ਗੁਰੂ ਸਾਹਿਬਾਨ ਜਿਹਾ ਪ੍ਰਭਾਵ ਵੀ ਹੋਵੇਗਾ।

# ਦਹਿਸ਼ਤ ਪਾਉਣ ਲਈ ਇਕ ਹੋਰ ਨਾਂ

***ਭਾਰਤ ਵਿਚ ਇਸ ਵਕਤ ਸੱਤਾਧਾਰੀ ਧਿਰ ਦੇ ਹਰ ਆਲੋਚਕ ਨੂੰ ਦੇਸ਼ ਧ੍ਰੋਹੀ ਜਾਂ 'ਸ਼ਹਿਰੀ ਨਕਸਲੀ' ਕਰਾਰ ਦੇ ਕੇ ਜੇਲ੍ਹ ਵਿਚ ਸੁੱਟਿਆ ਜਾ ਰਿਹਾ ਹੈ। ਸਰਕਾਰ ਦੇ ਕਥਿਤ ਵਿਕਾਸ ਪ੍ਰਾਜੈਕਟਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਗੋਲੀਆਂ ਨਾਲ ਭੁੰਨਣ ਤੋਂ ਲੈ ਕੇ ਉਨ੍ਹਾਂ ਉਪਰ ਪਾਬੰਦੀਸ਼ੁਦਾ ਤਨਜ਼ੀਮਾਂ ਨਾਲ ਸਬੰਧਤ ਹੋਣ ਦਾ ਠੱਪਾ ਲਾ ਕੇ ਉਨ੍ਹਾਂ ਦੀ ਜ਼ੁਬਾਨਬੰਦੀ ਕਰਨ ਅਤੇ ਉਨ੍ਹਾਂ ਦਾ ਅਕਸ ਵਿਗਾੜਨ ਦਾ ਤਾਨਾਸ਼ਾਹ ਅਮਲ ਜ਼ੋਰਾਂ 'ਤੇ ਹੈ। ਭਾਜਪਾ ਦੇ ਇਕ ਕੇਂਦਰੀ ਮੰਤਰੀ ਨੇ ਤਾਂ ਇਥੋਂ ਤਕ ਕਹਿ ਦਿੱਤਾ ਹੈ ਕਿ ਜਿਹੜਾ ਵੀ ਵਿਕਾਸ ਪ੍ਰਾਜੈਕਟਾਂ ਦਾ ਵਿਰੋਧ ਕਰਦਾ ਹੈ, ਉਹ ਦਹਿਸ਼ਤਗਰਦ ਹੈ। ਇਸ ਤੋਂ ਪਹਿਲਾਂ ਭਾਜਪਾ ਦੀ ਸੰਸਦ ਮੈਂਬਰ ਪੂਨਮ ਮਹਾਜਨ ਨੇ ਮਾਰਚ ਮਹੀਨੇ ਮਹਾਰਾਸ਼ਟਰ ਵਿਚ ਮੁੰਬਈ ਤਕ ਕੱਢੇ ਸ਼ਾਂਤਮਈ 'ਮਹਾਂ ਮਾਰਚ' ਪਿੱਛੇ ਵੀ 'ਮਾਓਵਾਦੀਆਂ ਦਾ ਹੱਥ' ਖੋਜ ਲਿਆ ਸੀ। ਇਸ ਰਾਜਕੀ ਵਰਤਾਰੇ ਦਾ ਗੰਭੀਰ ਨੋਟਿਸ ਲੈਂਦਿਆਂ ਭਾਰਤ ਦੇ ਸਿਰਮੌਰ ਬੌਧਿਕ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਨੇ ਆਪਣੇ ਤਾਜ਼ਾ ਅੰਕ (14 ਜੁਲਾਈ 2018) ਵਿਚ ਸੰਪਾਦਕੀ ਟਿੱਪਣੀ ਕੀਤੀ ਹੈ ਜਿਸ ਦਾ ਪੰਜਾਬੀ ਰੂਪ ਜੋ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ, ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। -ਸੰਪਾਦਕ***

'ਵਿਕਾਸ ਵਿਰੋਧੀ' ਤੋਂ ਸ਼ੁਰੂ ਕਰਕੇ 'ਰਾਸ਼ਟਰ ਵਿਰੋਧੀ', 'ਸ਼ਹਿਰੀ ਨਕਸਲੀ' ਤੇ ਹੁਣ 'ਦਹਿਸ਼ਤਗਰਦ', ਵੱਖ-ਵੱਖ ਸਰਕਾਰਾਂ ਉਨ੍ਹਾਂ ਬੁਨਿਆਦੀ-ਢਾਂਚਾ ਪ੍ਰਾਜੈਕਟਾਂ ਦਾ ਵਿਰੋਧ ਕਰਨ ਵਾਲਿਆਂ ਦਾ ਜ਼ਿਕਰ ਕਰਨ ਲਈ ਨਵੀਂ-ਨਵੀਂ ਸ਼ਬਦਾਵਲੀ ਖੋਜ ਰਹੀਆਂ ਹਨ ਜਿਨ੍ਹਾਂ ਨੂੰ 'ਜਨਤਾ ਦੇ ਫਾਇਦੇ' ਲਈ ਲਾਏ ਜਾ ਰਹੇ ਪ੍ਰਾਜੈਕਟ ਦੱਸਿਆ ਜਾ ਰਿਹਾ ਹੈ। ਛੇ ਜੁਲਾਈ ਨੂੰ ਚੇਨਈ ਵਿਚ ਪ੍ਰੈਸ ਨਾਲ ਗੱਲਬਾਤ ਕਰਦਿਆਂ ਵਿੱਤ ਅਤੇ ਜਹਾਜ਼ਰਾਨੀ ਮਾਮਲਿਆਂ ਦੇ ਕੇਂਦਰੀ ਰਾਜ ਮੰਤਰੀ ਪੀ. ਰਾਧਾਕ੍ਰਿਸ਼ਨਨ ਨੇ ਉਨ੍ਹਾਂ ਦਾ ਜ਼ਿਕਰ ਕਰਨ ਲਈ ਦਹਿਸ਼ਤਗਰਦ ਨੂੰ ਛੱਡ ਕੇ ਬਾਕੀ ਤਮਾਮ ਸ਼ਬਦਾਵਲੀ ਰੱਦ ਕਰ ਦਿੱਤੀ ਜੋ ਸਰਕਾਰੀ ਪ੍ਰਾਜੈਕਟਾਂ ਦੀ ਆਲੋਚਨਾ ਕਰਦੇ ਹਨ ਜਾਂ ਇਨ੍ਹਾਂ ਵਿਰੁਧ ਲਾਮਬੰਦੀ ਕਰਦੇ ਹਨ। ਉਸ ਨੇ ਜ਼ੋਰ ਦਿੱਤਾ ਕਿ ਐਸੇ ਬੰਦਿਆਂ ਨੂੰ ਦਹਿਸ਼ਤਗਰਦ ਕਿਹਾ ਜਾਣਾ ਚਾਹੀਦਾ ਹੈ ਕਿਉਂਕਿ ਉਹ 'ਲੋਕਾਂ ਅਤੇ ਆਰਥਿਕ ਵਾਧੇ ਦੇ ਖਿਲਾਫ' ਹਨ।

ਸ਼ਾਇਦ, ਇਹ ਮੰਤਰੀ 'ਦਹਿਸ਼ਤਗਰਦ' ਸ਼ਬਦ ਦੇ ਸ਼ਬਦਕੋਸ਼ੀ ਮਾਇਨਿਆਂ ਤੋਂ ਪੂਰੀ ਤਰ੍ਹਾਂ ਵਾਕਫ ਨਹੀਂ, ਜਿਸ ਦਾ ਭਾਵ ਹੈ 'ਇਕ ਆਦਮੀ ਜੋ ਸਿਆਸੀ ਉਦੇਸ਼ਾਂ ਖਾਤਰ ਗ਼ੈਰਕਾਨੂੰਨੀ ਹਿੰਸਾ ਅਤੇ ਧਮਕੀਆਂ ਵਰਤੋਂ ਵਿਚ ਲਿਆਉਂਦਾ ਹੈ, ਖਾਸ ਕਰਕੇ ਆਮ ਨਾਗਰਿਕਾਂ ਵਿਰੁਧ।' ਸ਼ਾਇਦ, ਉਹ ਇਹ ਦੇਖਣ ਵਿਚ ਅਸਫਲ ਹੈ ਕਿ ਤਾਮਿਲਨਾਡੂ ਵਿਚ ਹਾਲ ਹੀ ਵਿਚ 'ਗ਼ੈਰਕਾਨੂੰਨੀ ਹਿੰਸਾ ਅਤੇ ਧਮਕੀਆਂ' ਦੀਆਂ ਬਹੁਤ ਸਾਰੀਆਂ ਮਿਸਾਲਾਂ ਸਟੇਟ ਦੇ ਵਲੋਂ ਹਿੰਸਾ ਦੀਆਂ ਰਹੀਆਂ ਹਨ, ਜਿਨ੍ਹਾਂ ਵਿਚੋਂ ਸਭ ਤੋਂ ਉਘੜਵੀਂ 22 ਮਈ ਨੂੰ ਥੂਥੀਕੁਡੀ ਵਿਚ ਵੇਦਾਂਤ ਕੰਪਨੀ ਦੀ ਮਾਲਕੀ ਵਾਲੇ ਤਾਂਬਾ ਢਲਾਈ ਪਲਾਂਟ ਦੇ ਪ੍ਰਦੂਸ਼ਨ ਵਿਰੁਧ ਪੁਰਅਮਨ ਰੋਸ ਵਿਖਾਵੇ ਉਪਰ ਪੁਲਿਸ ਵਲੋਂ ਗੋਲੀਆਂ ਚਲਾਉਣ ਦੀ ਹੈ। ਪੁਲਿਸ ਦੀਆਂ ਗੋਲੀਆਂ ਨਾਲ ਤੇਰਾਂ ਲੋਕ ਮਾਰੇ ਗਏ। ਫਿਰ ਵੀ, ਰਾਜ ਸਰਕਾਰ ਦਾ ਹੁੰਗਾਰਾ ਸੈਂਕੜੇ ਵਿਖਾਵਾਕਾਰੀਆਂ ਨੂੰ ਜਾਬਰ ਕੌਮੀ ਸੁਰੱਖਿਆ ਕਾਨੂੰਨ (ਐਨ.ਐਸ.ਏ.) ਤਹਿਤ ਗ੍ਰਿਫਤਾਰ ਕਰਨਾ ਅਤੇ ਨਾਮਜ਼ਦ ਕਰਨਾ ਸੀ। ਜੋ ਪ੍ਰਦੂਸ਼ਨ ਲੋਕਾਂ ਦੀਆਂ ਜ਼ਿੰਦਗੀਆਂ ਲਈ ਹੀ ਖਤਰਾ ਬਣ ਰਿਹਾ ਹੈ, ਉਸ ਖਿਲਾਫ ਪ੍ਰਦਰਸ਼ਨ ਕਰਨ ਵਾਲਿਆਂ ਨੂੰ 'ਦਹਿਸ਼ਤਗਰਦ' ਕਿਵੇਂ ਕਿਹਾ ਜਾ ਸਕਦਾ ਹੈ? ਤੇ ਸਟੇਟ ਦੇ ਰੋਸ ਵਿਖਾਵੇ ਪ੍ਰਤੀ ਘੋਰ ਧੱਕੜ ਕਾਰਵਾਈ ਨੂੰ 'ਦਹਿਸ਼ਤ' ਤੋਂ ਬਿਨਾ ਹੋਰ ਕੀ ਨਾਂ ਦਿੱਤਾ ਜਾ ਸਕਦਾ ਹੈ?

ਦਰਅਸਲ, ਤਾਮਿਲਨਾਡੂ ਇਸ ਦੀ ਆਹਲਾ ਮਿਸਾਲ ਬਣ ਚੁੱਕਾ ਹੈ ਕਿ ਸਟੇਟ ਉਨ੍ਹਾਂ ਦੇ ਦਿਲਾਂ ਵਿਚ ਦਹਿਸ਼ਤ ਕਿਵੇਂ ਪਾ ਸਕਦਾ ਹੈ ਜੋ ਇਸ ਦੇ ਪ੍ਰਾਜੈਕਟਾਂ ਬਾਰੇ ਸਵਾਲ ਉਠਾਉਣ ਦੀ ਜੁਰਅਤ ਕਰਦੇ ਹਨ। ਪਿਛਲੇ ਮਹੀਨੇ ਵਿਚ ਸਟਰਲਾਈਟ ਵਿਰੋਧੀ ਅੰਦੋਲਨ ਤੋਂ ਲੈ ਕੇ ਸਰਕਾਰ ਨੇ ਅੰਦੋਲਨ ਵਿਚ ਸਿੱਧੇ ਤੌਰ 'ਤੇ ਸ਼ਾਮਲ ਲੋਕਾਂ ਤੋਂ ਇਲਾਵਾ ਜਿਨ੍ਹਾਂ ਹੋਰ ਲੋਕਾਂ ਨੂੰ ਗ੍ਰਿਫਤਾਰ ਕੀਤਾ, ਉਹ ਹਨ ਮਸ਼ਹੂਰ ਵਾਤਾਵਰਨ ਪ੍ਰੇਮੀ, ਕਾਰਕੁਨ, ਵਕੀਲ (ਐਡਵੋਕੇਟ ਵਾਂਚੀਨਾਥਨ) ਜੋ ਅੰਦੋਲਨ ਵਿਚ ਗ੍ਰਿਫਤਾਰ ਕੀਤੇ ਲੋਕਾਂ ਦੇ ਕੇਸ ਲੜ ਰਿਹਾ ਹੈ



ਅਤੇ ਇਸ ਰੋਸ ਵਿਖਾਵੇ ਅਤੇ ਐਸੇ ਹੋਰ ਰੋਸ ਵਿਖਾਵਿਆਂ ਦੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰ, ਭਾਵੇਂ ਬਾਅਦ ਵਿਚ ਪੱਤਰਕਾਰਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਖਾਸ ਹਮਲੇ ਤੋਂ ਪਹਿਲਾਂ ਸੂਬਾ ਸਰਕਾਰ ਨੇ ਸਰਕਾਰੀ ਮਾਲਕੀ ਵਾਲੀ ਅਰਾਸੂ ਕੇਬਲ ਟੀ.ਵੀ. ਕਾਰਪੋਰੇਸ਼ਨ - ਜੋ ਅੰਦਾਜ਼ਨ 85 ਲੱਖ ਪਰਿਵਾਰਾਂ ਨੂੰ ਕੇਬਲ ਟੈਲੀਵਿਜ਼ਨ ਨਾਲ ਜੋੜਦੀ ਹੈ ਜਿਨ੍ਹਾਂ ਵਿਚੋਂ ਜ਼ਿਆਦਾਤਰ ਪੇਂਡੂ ਪਰਿਵਾਰ ਹਨ - ਵੱਲੋਂ ਪਿਛਲੇ ਇਕ ਸਾਲ ਵਿਚ ਉਨ੍ਹਾਂ ਗਿਆਰਾਂ ਨਿਊਜ਼ ਚੈਨਲਾਂ ਦਾ ਪ੍ਰਸਾਰਨ ਕਈ ਵਾਰ ਬੰਦ ਕੀਤਾ ਗਿਆ ਜੋ ਰੋਸ ਵਿਖਾਵਿਆਂ ਦੀ ਰਿਪੋਰਟਿੰਗ ਕਰਦੇ ਸਨ।

ਜਿਸ ਤਰੀਕੇ ਨਾਲ ਸੂਬਾ ਸਰਕਾਰ ਚੇਨਈ-ਸਲੇਮ ਗਰੀਨ ਲਾਂਘਾ ਥੋਪ ਰਹੀ ਹੈ, ਉਸ ਨੂੰ ਲੈ ਕੇ ਵੀ ਚਿੰਤਾ ਵਧ ਰਹੀ ਹੈ। ਕੇਂਦਰ ਦੇ ਫੰਡਾਂ ਨਾਲ ਲਗਾਏ ਜਾ ਰਹੇ ਇਸ ਪ੍ਰਾਜੈਕਟ ਨਾਲ 159 ਪਿੰਡ, ਖੇਤੀਬਾੜੀ ਲਈ ਉਪਜਾਊ ਖੇਤ ਅਤੇ ਜੰਗਲ ਪ੍ਰਭਾਵਿਤ ਹੋਣਗੇ ਜਿਨ੍ਹਾਂ ਵਿਚ ਰਾਖਵੇਂ ਜੰਗਲ ਵੀ ਸ਼ਾਮਲ ਹਨ ਅਤੇ ਇਸ ਨਾਲ ਹਜ਼ਾਰਾਂ ਪਰਿਵਾਰਾਂ ਦਾ ਉਜਾੜਾ ਹੋਵੇਗਾ।

ਤਾਮਿਲਨਾਡੂ ਸਰਕਾਰ ਜਿਸ ਘੋਰ ਅਸਹਿਣਸ਼ੀਲਤਾ ਨਾਲ ਪੇਸ਼ ਆਈ ਹੈ ਇਸ ਨੂੰ ਕਈ ਸੂਬਾ ਸਰਕਾਰਾਂ ਦੀਆਂ ਕਾਰਵਾਈਆਂ ਵਿਚ ਦੇਖਿਆ ਜਾ ਸਕਦਾ ਹੈ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਮਹਾਰਾਸ਼ਟਰ ਸਰਕਾਰ ਸੁਪਰਫਾਸਟ 'ਬੁਲਟ' ਟਰੇਨ ਪ੍ਰਾਜੈਕਟ ਲਈ ਜੋ ਜ਼ਮੀਨ ਐਕਵਾਇਰ ਕੀਤੀ ਜਾਣੀ ਹੈ, ਉਸ ਵਿਰੁਧ ਰੋਸ ਵਿਖਾਵਿਆਂ ਪ੍ਰਤੀ ਕੀ ਪ੍ਰਤੀਕਰਮ ਦਿਖਾਉਂਦੀ ਹੈ ਜੋ ਮੁੰਬਈ ਅਤੇ ਅਹਿਮਦਾਬਾਦ ਦਰਮਿਆਨ ਬਣਾਇਆ ਜਾਣਾ ਹੈ ਅਤੇ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਚਹੇਤਾ ਪ੍ਰਾਜੈਕਟ ਹੈ। ਪ੍ਰਾਜੈਕਟ ਲਈ ਜ਼ਮੀਨ ਹਾਸਲ ਕਰਨ ਦੀ ਸਮਾਂ ਹੱਦ ਦਸੰਬਰ 2018 ਹੈ, ਲੇਕਿਨ ਇਸ ਦੇ ਨੇਪਰੇ ਚੜ੍ਹਨ ਦੀ ਸੰਭਾਵਨਾ ਨਹੀਂ ਕਿਉਂਕਿ ਲੋਕਾਂ ਦਾ ਵਿਰੋਧ ਵਧ ਰਿਹਾ ਹੈ ਜੋ ਆਪਣੀਆਂ ਜ਼ਮੀਨਾਂ ਖੋਹਣ ਦਾ ਡਟ ਕੇ ਵਿਰੋਧ ਕਰ ਰਹੇ ਹਨ।

ਜ਼ਿਆਦਾਤਰ ਸਰਕਾਰਾਂ, ਉਨ੍ਹਾਂ ਦਾ ਸਿਆਸੀ ਰੰਗ ਕੋਈ ਵੀ ਹੋਵੇ, ਵਿਚ ਪ੍ਰਾਜੈਕਟਾਂ ਦਾ ਵਿਰੋਧ ਕਰਨ ਵਾਲਿਆਂ ਪ੍ਰਤੀ ਘੱਟ ਹੀ ਸਹਿਣਸ਼ੀਲਤਾ ਹੈ ਜਿਨ੍ਹਾਂ ਬਾਰੇ ਉਹ ਸਮਝਦੀਆਂ ਹਨ ਕਿ ਇਹ ਆਰਥਿਕ ਵਾਧੇ ਲਈ ਜ਼ਰੂਰੀ ਹਨ; ਜਦਕਿ 1980ਵਿਆਂ ਤੋਂ ਲੈ ਕੇ ਉਨ੍ਹਾਂ ਪ੍ਰਾਜੈਕਟਾਂ ਦੇ ਫਾਇਦਿਆਂ ਬਾਰੇ ਗੰਭੀਰ ਸਵਾਲ ਉਠਦੇ ਰਹੇ ਹਨ ਜਿਨ੍ਹਾਂ ਨੂੰ ਕਦੇ ਨਿਸ਼ਚਿਤ ਤੌਰ 'ਤੇ ਫਾਇਦੇਮੰਦ ਮੰਨ ਕੇ ਸਵੀਕਾਰ ਕੀਤਾ ਗਿਆ ਸੀ। ਇਉਂ, ਮਿਸਾਲ ਵਜੋਂ, ਨਰਮਦਾ ਬਚਾਓ ਅੰਦੋਲਨ ਵਲੋਂ 1980ਵਿਆਂ ਵਿਚ ਸਰਦਾਰ ਸਰੋਵਰ ਪ੍ਰਾਜੈਕਟ ਅਤੇ ਨਰਮਦਾ ਨਦੀ ਉਪਰ ਹੋਰ ਵੱਡੇ ਡੈਮ ਬਣਾਏ ਜਾਣ ਵਿਰੁਧ ਸੰਘਰਸ਼ ਨੇ ਆਲਮੀ ਬੈਂਕ ਵਰਗੀਆਂ ਕੌਮਾਂਤਰੀ ਕਰਜ਼ਾ ਏਜੰਸੀਆਂ ਨੂੰ ਐਸੇ ਵੱਡੇ ਪ੍ਰਾਜੈਕਟਾਂ ਦੀ ਮਦਦ ਕਰਨ ਬਾਰੇ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ।

1992 ਵਿਚ ਆਲਮੀ ਬੈਂਕ ਨੇ ਪਹਿਲੀ ਵਾਰ ਸਰਦਾਰ ਸਰੋਵਰ ਪ੍ਰਾਜੈਕਟ ਦਾ ਆਜ਼ਾਦਾਨਾ ਰੀਵਿਊ ਕੀਤਾ ਜਿਸ ਲਈ ਇਸ ਵਲੋਂ ਫੰਡਿੰਗ ਕੀਤੀ ਜਾ ਰਹੀ ਸੀ। ਨਤੀਜੇ ਵਜੋਂ ਇਸ ਨੇ ਨਾ ਕੇਵਲ ਪ੍ਰਾਜੈਕਟ ਵਿਚੋਂ ਹੱਥ ਖਿੱਚ ਲਿਆ ਸਗੋਂ ਦੁਨੀਆ ਭਰ ਵਿਚ ਲਾਏ ਜਾਣ ਵਾਲੇ ਐਸੇ ਪ੍ਰਾਜੈਕਟਾਂ ਦੇ ਰੀਵਿਊ ਲਈ ਆਲਮੀ ਡੈਮ ਕਮਿਸ਼ਨ ਬਣਾਉਣ ਦਾ ਕੰਮ ਸ਼ੁਰੂ ਕੀਤਾ ਤਾਂ ਜੋ ਵਾਤਾਵਰਨ ਅਤੇ ਸਮਾਜੀ ਸਰੋਕਾਰਾਂ ਨੂੰ ਭਵਿਖੀ ਕਰਜ਼ਾ ਨੀਤੀਆਂ ਵਿਚ ਸ਼ਾਮਲ ਕੀਤਾ ਜਾ ਸਕੇ। ਚਾਹੇ ਨਰਬਦਾ ਬਚਾਓ ਅੰਦੋਲਨ ਸਰਦਾਰ ਸਰੋਵਰ ਪ੍ਰਾਜੈਕਟ ਅਤੇ ਹੋਰ ਡੈਮਾਂ ਦੀ ਉਸਾਰੀ ਤਾਂ ਨਹੀਂ ਰੋਕ ਸਕਿਆ, ਇਸ ਨੇ ਨਿਸ਼ਚੇ ਹੀ ਉਨ੍ਹਾਂ ਪ੍ਰਾਜੈਕਟਾਂ ਦੇ ਫਾਇਦਿਆਂ ਬਾਰੇ ਵਾਜਬ ਸੰਸੇ ਜ਼ਰੂਰ ਖੜ੍ਹੇ ਕਰ ਦਿੱਤੇ ਜੋ ਵਸੋਂ ਦੇ ਵੱਡੇ ਪੈਮਾਨੇ 'ਤੇ ਉਜਾੜੇ ਅਤੇ ਕੁਦਰਤੀ ਚੌਗਿਰਦੇ ਦੀ ਤਬਾਹੀ ਦਾ ਕਾਰਨ ਬਣਦੇ ਹਨ।

ਇਹ ਗੱਲ ਬਹੁਤੀ ਪੁਰਾਣੀ ਨਹੀਂ, 2013 ਦੀ ਹੀ ਹੈ, ਜਦੋਂ ਲਾਏ ਜਾਣ ਵਾਲੇ ਪ੍ਰਾਜੈਕਟ ਦੀ ਥਾਂ ਦੀ ਚੋਣ ਕਰਨ ਵਿਚ ਪ੍ਰਭਾਵਿਤ ਹੋਣ ਵਾਲੇ ਸਮੂਹਾਂ ਦੀ ਪੁੱਗਤ ਦੇ ਹੱਕ ਦਾ ਬਹੁਤ ਹੀ ਸਪਸ਼ਟ ਤਰੀਕੇ ਨਾਲ ਇਜ਼ਹਾਰ ਹੋਇਆ, ਜਦੋਂ ਉੜੀਸਾ ਦੀਆਂ ਨਿਆਮਗਿਰੀ ਪਹਾੜੀਆਂ ਦੇ ਬਾਸ਼ਿੰਦੇ ਡੌਂਗਰੀਆ ਕੌਂਧ ਲੋਕਾਂ ਨੇ ਆਪਣੇ ਉਸ ਹੱਕ ਦਾ ਇਸਤੇਮਾਲ ਕਰਦੇ ਹੋਏ ਵੇਦਾਂਤ ਦੀ ਮਾਲਕੀ ਵਾਲੀ ਬਾਕਸਾਈਟ ਖਾਣ ਨੂੰ ਰੱਦ ਕਰ ਦਿੱਤਾ ਜੋ ਉਨ੍ਹਾਂ ਨੂੰ ਸੂਚੀਦਰਜ ਕਬੀਲਿਆਂ ਅਤੇ ਜੰਗਲਾਂ ਦੇ ਹੋਰ ਰਵਾਇਤੀ ਬਾਸ਼ਿੰਦਿਆਂ ਲਈ (ਜੰਗਲਾਤ ਹੱਕਾਂ ਦੀ ਮਾਨਤਾ) ਐਕਟ 2006 ਤਹਿਤ ਮਿਲਿਆ ਸੀ। ਉਨ੍ਹਾਂ ਦਾ ਅੰਦੋਲਨ ਦੁਨੀਆ ਭਰ ਵਿਚ ਪ੍ਰੇਰਨਾਦਾਇਕ ਮੰਨਿਆ ਗਿਆ। ਫਿਰ ਵੀ, ਪਿਛਲੇ ਸਾਲ ਕੇਂਦਰੀ ਗ੍ਰਹਿ ਮੰਤਰਾਲਾ ਇਸੇ ਗੱਲ ਉਪਰ ਅੜਿਆ ਰਿਹਾ ਕਿ ਬਾਕਸਾਈਟ ਖਾਣ ਵਿਰੁਧ ਰੋਸ ਵਿਖਾਵਿਆਂ ਦੀ ਅਗਵਾਈ ਕਰਨ ਵਾਲੀ ਨਿਆਮਗਿਰੀ ਸੁਰੱਕਸ਼ਾ ਸਮਿਤੀ ਦਾ ਸਬੰਧ ਮਾਓਵਾਦੀਆਂ ਨਾਲ ਹੈ। ਬੁਨਿਆਦੀ ਢਾਂਚਾ ਅਤੇ ਹੋਰ ਪ੍ਰਾਜੈਕਟਾਂ ਦੇ ਵਿਰੋਧ ਪ੍ਰਤੀ ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਇਸ ਤਰ੍ਹਾਂ ਦਾ ਹੁੰਗਾਰਾ ਚਿੰਤਾਜਨਕ ਹੈ ਜਿਸ ਵਿਚ ਇਹ ਮੰਨ ਲਿਆ ਜਾਂਦਾ ਹੈ ਕਿ ਇਹ ਕਥਿਤ 'ਅੱਤਵਾਦੀਆਂ' ਦਾ ਕੰਮ ਹੈ, ਕਿਉਂਕਿ ਇਸ ਤਰ੍ਹਾਂ ਦਾ ਹੁੰਗਾਰਾ ਇਹ ਸਵੀਕਾਰ ਕਰਨ ਵਿਚ ਅਸਫਲ ਰਹਿੰਦਾ ਹੈ ਕਿ ਹੁਣ ਲੋਕ ਆਪਣੇ ਹੱਕਾਂ ਬਾਰੇ, ਜਿਨ੍ਹਾਂ ਵਿਚ ਉਨ੍ਹਾਂ ਦਾ ਸਵਾਲ ਕਰਨ ਦਾ ਹੱਕ ਵੀ ਸ਼ਾਮਲ ਹੈ, ਕਿਤੇ ਜ਼ਿਆਦਾ ਚੇਤਨ ਹਨ।

ਇਸ ਦੇ ਬਰਾਬਰ ਹੀ ਚਿੰਤਾਜਨਕ ਹੈ ਇਹ ਤੱਥ ਕਿ ਏਸ਼ੀਅਨ ਬੁਨਿਆਦੀ-ਢਾਂਚਾ ਪੂੰਜੀ ਨਿਵੇਸ਼ ਬੈਂਕ ਵਰਗੀਆਂ ਨਵੀਆਂ ਬਹੁਧਿਰੀ ਫੰਡ ਸੰਸਥਾਵਾਂ, ਜਿਸ ਨੇ ਆਪਣੀ ਗਵਰਨਰਾਂ ਦੀ ਸਾਲਾਨਾ ਮੀਟਿੰਗ ਜੂਨ ਦੇ ਅਖੀਰ ਵਿਚ ਮੁੰਬਈ ਵਿਚ ਕੀਤੀ, ਉਨ੍ਹਾਂ ਵਿਚੋਂ ਕਿਸੇ ਵੀ ਸਰੋਕਾਰਾਂ ਤੋਂ ਜਾਣੂ ਨਹੀਂ ਜੋ ਬੀਤੇ ਵਿਚ ਲੋਕ ਸੰਘਰਸ਼ਾਂ ਵਿਚੋਂ ਉਭਰੇ ਹਨ। ਇਸ ਦੀ ਬਜਾਏ, ਐਸੀਆਂ ਸੰਸਥਾਵਾਂ ਵਲੋਂ ਤਾਜ਼ਾ ਫੰਡ ਮੁਹੱਈਆ ਕਰਨ ਦੀ ਸੰਭਾਵਨਾ ਸਰਕਾਰ ਨੂੰ ਧੁਸ ਦੇ ਕੇ ਅੱਗੇ ਵਧਣ ਅਤੇ ਉਨ੍ਹਾਂ ਮੌਜੂਦ ਕਾਇਦੇ-ਕਾਨੂੰਨਾਂ ਨੂੰ ਜਾਣ-ਬੁਝ ਕੇ ਪੇਤਲੇ ਪਾਉਣ ਲਈ ਉਤਸ਼ਾਹਤ ਕਰ ਰਹੀ ਹੈ ਜਿਨ੍ਹਾਂ ਵਿਚ ਜ਼ਮੀਨ ਗ੍ਰਹਿਣ ਕਾਨੂੰਨ ਦੇ ਨਾਲ ਨਾਲ ਕਿਰਤ ਅਤੇ ਵਾਤਾਵਰਨ ਦੀ ਨਿਗਰਾਨੀ ਕਰਨ ਵਾਲੇ ਕਾਨੂੰਨ ਵੀ ਸ਼ਾਮਲ ਹਨ। ਜਦੋਂ ਇਹ ਅਤੇ ਹਰ ਵਿਰੋਧ ਉਪਰ 'ਦਹਿਸ਼ਤਗਰਦਾਂ' ਦਾ ਕਾਰਾ ਦਾ ਵਿਆਪਕ ਠੱਪਾ ਲਾਉਣਾ ਆਪਸ ਵਿਚ ਘਿਓ-ਖਿਚੜੀ ਹੋ ਜਾਂਦੇ ਹਨ ਤਾਂ ਇਸ ਨਾਲ ਰਾਜਕੀ ਦਮਨ ਦੇ ਕਿਬਾੜ ਖੁੱਲ੍ਹ ਜਾਂਦੇ ਹਨ।

# ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਇਕੱਠੀਆਂ ਚੋਣਾਂ ਦਾ ਮਸਲਾ

ਲੋਕ ਸਭਾ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠਿਆਂ ਹੋਣ ਸਬੰਧੀ ਹੋ ਰਹੀ ਚਰਚਾ ਰੁਕਣ ਦਾ ਨਾਂ ਨਹੀਂ ਲੈ ਰਹੀ, ਜਦਕਿ ਭਾਰਤੀ ਵਿਵਸਥਾ ਵਿਚ ਹਮੇਸ਼ਾ ਇਕੋ ਸਮੇਂ ਚੋਣਾਂ ਹੋ ਸਕਣਾ ਸੰਭਵ ਨਹੀਂ ਹੈ। ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਸ ਦੀ ਚਰਚਾ ਸ਼ੁਰੂ ਕੀਤੀ ਸੀ। ਚੋਣ ਕਮਿਸ਼ਨ ਤੋਂ ਪੁੱਛਿਆ ਗਿਆ ਸੀ। ਚੋਣ ਕਮਿਸ਼ਨ ਨੇ ਕਿਹਾ ਕਿ ਉਸ ਨੂੰ ਇਕੋ ਸਮੇਂ ਚੋਣਾਂ ਕਰਵਾਉਣ ਵਿਚ ਕੋਈ ਸਮੱਸਿਆ

ਉਪੇਂਦਰ ਪ੍ਰਸਾਦ

ਨਹੀਂ ਹੋਵੇਗੀ ਪਰ ਇਸ ਦਾ ਫੈਸਲਾ ਕਮਿਸ਼ਨ ਨਹੀਂ ਕਰ ਸਕਦਾ। ਹੁਣ ਲਾਅ ਕਮਿਸ਼ਨ ਇਸ 'ਤੇ ਚਰਚਾ ਕਰਵਾ ਰਿਹਾ ਹੈ। ਇਸ ਨੇ ਸਰਬ ਪਾਰਟੀ ਬੈਠਕ ਬੁਲਾਈ ਸੀ ਜਿਸ ਵਿਚ ਨਾ ਤਾਂ ਕਾਂਗਰਸ ਨੇ ਸ਼ਿਰਕਤ ਕੀਤੀ ਅਤੇ ਨਾ ਹੀ ਭਾਰਤੀ ਜਨਤਾ ਪਾਰਟੀ ਨੇ। ਕੁੱਲ 14 ਸਿਆਸੀ ਪਾਰਟੀਆਂ ਇਸ ਚਰਚਾ ਵਿਚ ਸ਼ਾਮਲ ਹੋਈਆਂ ਅਤੇ ਉਨ੍ਹਾਂ ਵਿਚੋਂ 4 ਨੇ ਇਸ ਪ੍ਰਸਤਾਵ ਦਾ ਸਮਰਥਨ ਕੀਤਾ, ਜਦਕਿ 10 ਪਾਰਟੀਆਂ ਨੇ ਇਸ ਦਾ ਵਿਰੋਧ ਕੀਤਾ। ਸਮਰਥਨ ਕਰਨ ਵਾਲਿਆਂ ਦਾ ਆਪੋ-ਆਪਣਾ ਮਤਲਬ ਸੀ।

ਸਮਾਜਵਾਦੀ ਪਾਰਟੀ ਨੇ ਇਸ ਪ੍ਰਸਤਾਵ ਦਾ ਸਮਰਥਨ ਇਸ ਲਈ ਕੀਤਾ ਕਿਉਂਕਿ ਉਸ ਨੂੰ ਲਗਦਾ ਹੈ ਕਿ ਉਤਰ ਪ੍ਰਦੇਸ਼ ਵਿਚ 2019 ਦੀਆਂ ਲੋਕ ਸਭਾ ਚੋਣਾਂ ਦੇ ਨਾਲ ਹੀ ਜੇ ਵਿਧਾਨ ਸਭਾ ਚੋਣਾਂ ਹੋ ਜਾਣ ਤਾਂ ਉਸ ਲਈ ਚੰਗਾ ਹੋਵੇਗਾ। ਜਨਤਾ ਦਲ (ਯੂ) ਨੇ ਇਸ ਦਾ ਸਮਰਥਨ ਕੀਤਾ ਕਿਉਂਕਿ ਨਿਤੀਸ਼ ਕੁਮਾਰ ਨੂੰ ਲਗਦਾ ਹੈ ਕਿ ਜੇ ਲੋਕ ਸਭਾ ਚੋਣਾਂ ਦੇ ਨਾਲ ਹੀ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਹੁੰਦੀਆਂ ਹਨ ਤਾਂ ਵਿਧਾਨ ਸਭਾ ਵਿਚ ਉਹ ਵੱਡੇ ਭਾਈ ਦੀ ਭੂਮਿਕਾ ਵਿਚ ਤਾਂ ਸਵੀਕਾਰੇ ਹੀ ਜਾਣਗੇ, ਭਾਵੇਂ ਲੋਕ ਸਭਾ ਚੋਣਾਂ ਦਾ ਚਿਹਰਾ ਮੋਦੀ ਹੋਣਗੇ। ਉਂਜ, ਇਹ ਪ੍ਰਸਤਾਵ ਵਾਜਬ ਨਹੀਂ, ਕਿਉਂਕਿ ਭਾਰਤ ਵਿਚ ਜਮਹੂਰੀਅਤ ਦਾ ਜਿਸ ਤਰ੍ਹਾਂ ਵਿਕਾਸ ਹੋਇਆ ਹੈ, ਉਹ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਸੱਚ ਤਾਂ ਇਹ ਹੈ ਕਿ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ 1951-52 ਵਿਚ ਇਕੱਠੀਆਂ ਹੀ ਹੋਈਆਂ ਸਨ। 1957 ਦੀਆਂ ਚੋਣਾਂ ਵੀ ਨਾਲੋ-ਨਾਲ ਹੋਈਆਂ। 1962 ਅਤੇ 1967 ਵਿਚ ਵੀ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੀਆਂ ਹੀ ਹੋਈਆਂ ਸਨ। ਇਹ ਦੌਰ ਕਾਂਗਰਸ ਦੇ ਇਕ ਪਾਰਟੀ ਸ਼ਾਸਨ ਦਾ ਸੀ ਪਰ 1967 ਵਿਚ ਦੇਸ਼ ਦੀ ਸਿਆਸਤ ਤੋਂ ਕਾਂਗਰਸ ਦਾ ਏਕਾਧਿਕਾਰ ਖ਼ਤਮ ਹੋ ਗਿਆ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਸਾਂਝੇ ਵਿਧਾਇਕ ਦਲਾਂ ਦੀਆਂ ਸਰਕਾਰਾਂ ਬਣੀਆਂ। ਕੁਝ ਵਿਧਾਨ ਸਭਾਵਾਂ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਭੰਗ ਹੋ ਗਈਆਂ। ਇਸ ਕਾਰਨ ਕੁਝ ਵਿਧਾਨ ਸਭਾਵਾਂ ਦੀਆਂ ਮੱਧਕਾਲੀ ਚੋਣਾਂ ਵੀ ਹੋਈਆਂ। ਲੋਕ ਸਭਾਵਾਂ ਦੀਆਂ ਚੋਣਾਂ 1971 ਵਿਚ ਮੱਧਕਾਲੀ ਹੋਈਆਂ।

1967 ਤੋਂ ਬਾਅਦ ਇਕ ਪਾਰਟੀ ਦਾ ਏਕਾਧਿਕਾਰ ਖ਼ਤਮ ਹੋਣ ਤੋਂ ਬਾਅਦ ਹੀ ਇਕੱਠਿਆਂ ਚੋਣਾਂ ਕਰਵਾਉਣ ਦੌਰ ਵੀ ਸਮਾਪਤ ਹੋ ਗਿਆ। ਸਿਆਸੀ ਅਸਥਿਰਤਾ ਵੀ ਭਾਰਤੀ ਜਮਹੂਰੀਅਤ ਦੀ ਇਕ ਸੰਭਾਵਨਾ ਹੈ ਅਤੇ ਅਸਥਿਰਤਾ ਦੇ ਦੌਰ ਨੂੰ ਚੋਣਾਂ ਰਾਹੀਂ ਹੀ ਖ਼ਤਮ ਕੀਤਾ ਜਾ ਸਕਦਾ ਹੈ। ਚੋਣਾਂ ਤੋਂ ਪਹਿਲਾਂ ਵਿਧਾਨ ਸਭਾ ਜਾਂ ਲੋਕ ਸਭਾ ਨੂੰ ਅਜਿਹੀ ਹਾਲਤ ਵਿਚ ਭੰਗ ਹੀ ਕਰਨਾ ਪਵੇਗਾ। ਇਸ ਲਈ ਹਰ ਸੂਬੇ ਦੇ ਸਿਆਸੀ ਹਾਲਾਤ ਦੇ ਅਨੁਸਾਰ ਹੀ ਉਥੇ ਚੋਣਾਂ ਹੋਣਗੀਆਂ, ਨਾ ਕਿ ਕੋਈ ਵਿਅਕਤੀ ਇਹ ਤੈਅ ਕਰੇਗਾ ਕਿ ਚੋਣਾਂ ਕਦੋਂ ਕਰਵਾਈਆਂ ਜਾਣ। ਹੁਣ ਜੇ ਮੰਨ ਲਿਆ ਜਾਵੇ ਕਿ 2019 ਵਿਚ ਲੋਕ ਸਭਾ ਦੇ ਨਾਲ ਹੀ ਸਾਰੇ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਕਰਵਾ ਦਿੱਤੀਆਂ ਜਾਂਦੀਆਂ ਹਨ ਅਤੇ ਜੇ ਕਿਸੇ ਇਕ ਪਾਰਟੀ ਨੂੰ ਪੂਰਨ ਬਹੁਮਤ ਨਾ ਮਿਲਣ ਕਾਰਨ ਲੋਕ ਸਭਾ 2020 ਵਿਚ ਹੀ ਭੰਗ ਹੋ ਜਾਂਦੀ ਹੈ ਤਾਂ ਕੀ ਫਿਰ ਹੋਰ ਸਾਰੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਨੂੰ ਭੰਗ ਕਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦੀ ਚੋਣ ਵੀ ਲੋਕ ਸਭਾ ਦੇ ਨਾਲ ਹੀ 2020 ਵਿਚ ਕਰਵਾ ਦਿੱਤੀ ਜਾਵੇ?

ਗੱਲ ਸਿਰਫ ਲੋਕ ਸਭਾ ਅਤੇ ਵਿਧਾਨ ਸਭਾ ਦੇ ਵਿਚਕਾਰ ਦੀ ਹੀ ਨਹੀਂ ਹੈ। ਹੋ ਸਕਦਾ ਹੈ ਕਿ ਕੁਝ ਵਿਧਾਨ ਸਭਾਵਾਂ ਵਿਚ ਕਿਸੇ ਇਕ ਪਾਰਟੀ ਨੂੰ ਬਹੁਮਤ ਨਾ ਮਿਲੇ ਅਤੇ ਉਹ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਭੰਗ ਹੋ ਜਾਵੇ; ਤਾਂ ਕੀ ਉਸ ਦੇ ਨਾਲ-ਨਾਲ ਹੋਰ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀ ਚੋਣ ਕਰਵਾ ਦਿੱਤੀ ਜਾਣੀ ਚਾਹੀਦੀ ਹੈ ਜਾਂ ਉਸ ਸੂਬੇ ਵਿਚ ਵਿਧਾਨ ਸਭਾ ਦੇ ਨਿਰਧਾਰਿਤ ਪੰਜ ਸਾਲ ਹੋਣ ਤੱਕ ਰਾਸ਼ਟਰਪਤੀ ਸ਼ਾਸਨ ਲਾਗੂ ਰਹੇਗਾ?

ਜ਼ਾਹਿਰ ਹੈ ਕਿ ਭਾਰਤੀ ਲੋਕਕੰਤਰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਅਸੀਂ ਇਹ ਤੈਅ ਕਰੀਏ ਕਿ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀ ਚੋਣ ਹਮੇਸ਼ਾ ਇਕੱਠਿਆਂ ਹੀ ਕੀਤੀ ਜਾਵੇ, ਇਹ ਸੰਭਵ ਹੀ ਨਹੀਂ ਹੈ; ਖ਼ਾਸ ਕਰ ਭਾਰਤ ਦੀ ਬਹੁ-ਪਾਰਟੀ ਵਿਵਸਥਾ ਵਿਚ। ਹਾਂ, ਇਹ ਉਦੋਂ ਸੰਭਵ ਹੈ ਜਦੋਂ ਦੇਸ਼ ਵਿਚ ਇਕ ਪਾਰਟੀ ਵਿਵਸਥਾ ਹੋਵੇ ਅਤੇ ਉਸ ਪਾਰਟੀ ਦੇ ਮੈਂਬਰ ਹੀ ਵੋਟਰ ਹੋਣ ਜਿਵੇਂ ਕਮਿਊਨਿਸਟ ਦੇਸ਼ ਚੀਨ ਵਿਚ ਹੈ ਪਰ ਭਾਰਤ ਵਿਚ ਚੀਨ ਜਿਹੀ ਵਿਵਸਥਾ ਨਹੀਂ ਹੈ।

ਭਾਰਤ ਫੈਡਰਲ ਜਮਹੂਰੀਅਤ ਹੈ। ਇਥੇ ਸੂਬਿਆਂ ਦੀਆਂ ਚੋਣਾਂ ਜ਼ਿਆਦਾ ਮਾਮਲਿਆਂ ਵਿਚ ਸੂਬਿਆਂ ਦੇ ਮੁੱਦਿਆਂ 'ਤੇ ਲੜੀਆਂ ਜਾਂਦੀਆਂ ਹਨ ਅਤੇ ਲੋਕ ਸਭਾ ਦੀ ਚੋਣ ਮੁੱਖ ਤੌਰ 'ਤੇ ਕੌਮੀ ਮੁੱਦਿਆਂ 'ਤੇ ਹੁੰਦੀ ਹੈ। ਹਾਲਾਂਕਿ ਇਹ ਵੀ ਸੱਚ ਹੈ ਕਿ ਸੂਬਿਆਂ ਦੀਆਂ ਚੋਣਾਂ ਵਿਚ ਵੀ ਕੌਮੀ ਮੁੱਦੇ ਉਠਦੇ ਹਨ ਅਤੇ ਲੋਕ ਸਭਾ ਦੀ ਚੋਣ ਵਿਚ ਕਿਤੇ-ਕਿਤੇ ਖੇਤਰੀ ਮੁੱਦੇ ਵੀ ਭਖਦੇ ਹਨ ਪਰ ਅਜਿਹਾ ਪੂਰੇ ਦੇਸ਼ ਵਿਚ ਇਕੋ ਸਮੇਂ ਨਹੀਂ ਹੁੰਦਾ। ਸਵਾਲ ਹੈ ਕਿ ਇਸ 'ਤੇ ਚਰਚਾ ਕਰਵਾਉਣ ਵਿਚ ਮੋਦੀ ਦੀ ਇੱਛਾ ਕੀ ਹੈ? ਕਹਿਣ ਨੂੰ ਤਾਂ ਉਹ ਕਹਿ ਰਹੇ ਹਨ ਕਿ ਇਸ ਨਾਲ ਪੈਸੇ ਦੀ ਬਚਤ ਹੋਵੇਗੀ ਅਤੇ ਦੇਸ਼ ਹਮੇਸ਼ਾ ਚੋਣਾਵੀ ਮੂਡ ਵਿਚ ਨਹੀਂ ਰਹੇਗਾ। ਇਸ ਸਮੇਂ ਹਰ ਸਾਲ ਕਿਤੇ ਨਾ ਕਿਤੇ ਚੋਣਾਂ ਹੁੰਦੀਆਂ ਰਹਿੰਦੀਆਂ ਹਨ ਅਤੇ ਚੋਣਾਂ ਦੇ ਕਾਰਨ ਕੇਂਦਰ ਸਰਕਾਰ ਨੂੰ ਸਖ਼ਤ ਫੈਸਲੇ ਲੈਣ ਤੋਂ ਗੁਰੇਜ਼ ਕਰਨਾ ਪੈਂਦਾ ਹੈ ਪਰ ਸਵਾਲ ਉਠਦਾ ਹੈ ਕਿ ਕੀ ਪੈਸਾ ਬਚਾਉਣ ਲਈ ਅਸੀਂ ਜਮਹੂਰੀਅਤ ਨੂੰ ਹੀ ਕੁਰਬਾਨ ਕਰ ਦੇਵਾਂਗੇ? ਜਿਥੋਂ ਤਕ ਲੋਕ ਹਿਤੂ ਫੈਸਲਿਆਂ ਲਈ ਸਰਕਾਰ ਚੋਣਾਂ ਕਾਰਨ ਮਜਬੂਰ ਹੁੰਦੀ ਹੈ, ਤਾਂ ਇਹੀ ਤਾਂ ਜਮਹੂਰੀਅਤ ਦੀ ਖ਼ੂਬਸੂਰਤੀ ਹੈ ਕਿ ਸਰਕਾਰ ਚਲਾਉਣ ਵਾਲੇ ਲੋਕ ਹਮੇਸ਼ਾ ਲੋਕਾਂ ਦੀਆਂ ਉਮੀਦਾਂ ਦੇ ਦਬਾਅ ਤਹਿਤ ਹੀ ਕੰਮ ਕਰਨ ਅਤੇ ਲੋਕ ਕਲਿਆਣ ਕਰਦੇ ਰਹਿਣ।

ਇਸ ਦਾ ਮਤਲਬ ਹੈ ਕਿ ਸਰਕਾਰ 5 ਸਾਲ ਤੱਕ ਲੋਕਾਂ ਨੂੰ ਇਕ ਪਾਸੇ ਰੱਖ ਕੇ ਸਰਕਾਰ ਚਲਾਉਣਾ ਚਾਹੁੰਦੀ ਹੈ। ਇਸ ਤਰ੍ਹਾਂ ਦੀ ਇੱਛਾ ਪਾਲਣਾ ਗੈਰ-ਜਮਹੂਰੀ ਹੈ। ਸਰਕਾਰ ਦਾ ਹਰ ਸਮੇਂ ਲੋਕਾਂ ਨੂੰ ਧਿਆਨ ਵਿਚ ਰੱਖ ਕੇ ਹੀ ਆਪਣਾ ਫੈਸਲਾ ਲੈਣਾ ਜਮਹੂਰੀਅਤ ਦੀ ਮੰਗ ਹੈ ਅਤੇ ਕਿਸੇ ਵੀ ਪਾਰਟੀ ਨੂੰ ਚੋਣ ਲੜਨ ਤੋਂ ਪਹਿਲਾਂ ਡਰਨਾ ਨਹੀਂ ਚਾਹੀਦਾ। ਹਰ ਸ਼ੈਅ ਦੀ ਕੀਮਤ ਹੁੰਦੀ ਹੈ, ਜਮਹੂਰੀਅਤ ਵੀ ਮੁਫਤ ਵਿਚ ਨਹੀਂ ਮਿਲਦੀ। ਇਸ ਦੀ ਕੀਮਤ ਵੀ ਸਾਨੂੰ ਚੁਕਾਉਣੀ ਪਵੇਗੀ ਅਤੇ ਜਮਹੂਰੀਅਤ ਦੀ ਆਤਮਾ, ਭਾਵ ਚੋਣਾਂ ਪ੍ਰਤੀ ਸਾਨੂੰ ਸਨਮਾਨ ਦਾ ਭਾਵ ਰੱਖਣਾ ਚਾਹੀਦਾ ਹੈ ਨਾ ਕਿ ਉਸ ਤੋਂ ਡਰਨਾ ਚਾਹੀਦਾ ਹੈ। ਇਕੋ ਸਮੇਂ ਚੋਣਾਂ ਕਰਵਾਉਣ ਦੀ ਚਰਚਾ ਕਰ ਕੇ ਅਸੀਂ ਵਿਅਰਥ ਕੁਸ਼ਤੀ ਕਰ ਰਹੇ ਹਾਂ, ਜਿਸ ਦਾ ਕੋਈ ਨਤੀਜਾ ਨਹੀਂ ਨਿਕਲਣਾ।

## ਵਿਸ਼ਵ ਵਿਚ ਔਰਤਾਂ ਦੀ ਹਾਲਤ ਬਾਰੇ ਸਰਵੇਖਣ

# ਰਿਪੋਰਟ ਨੇ ਕੀਤਾ ਭਾਰਤ ਨੂੰ ਸ਼ਰਮਸਾਰ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹੱਕਾਂ ਲਈ ਜਿੱਥੇ ਆਵਾਜ਼ ਉਠਾਈ, ਉਥੇ ਉਨ੍ਹਾਂ ਔਰਤ ਨੂੰ ਸਾਰੇ ਸਮਾਜਕ ਰਿਸ਼ਤਿਆਂ ਦਾ ਸਰੋਤ ਮੰਨਦਿਆਂ ਫੁਰਮਾਇਆ:

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡਹੁ ਮੁਆ ਭੰਡਹੁ ਭਾਲੀਐ
ਭੰਡਹੁ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥

ਇਸਲਾਮ ਧਰਮ ਦੇ ਆਖਰੀ ਨਬੀ ਹਜ਼ਰਤ ਮੁਹੰਮਦ (ਸ) ਦੇ ਪਾਸ ਇੱਕ ਸਹਾਬੀ (ਸਹਾਬੀ ਉਸ ਆਦਮੀ ਨੂੰ ਕਹਿੰਦੇ ਹਨ, ਜਿਸ ਨੇ ਹਜ਼ਰਤ ਮੁਹੰਮਦ (ਸ) ਨੂੰ ਜਿਉਂਦੇ ਜੀਅ ਅੱਖੀਂ ਵੇਖਿਆ ਹੋਵੇ ਤੇ ਉਨ੍ਹਾਂ ਦੀਆਂ ਹਦਾਇਤਾਂ 'ਤੇ ਅਮਲ ਕੀਤਾ ਹੋਵੇ) ਆਇਆ ਤੇ ਪੁੱਛਣ ਲੱਗਾ, ਮੈਨੂੰ (ਅੱਲ੍ਹਾ ਅਤੇ ਰਸੂਲ ਤੋਂ ਬਾਅਦ) ਦੁਨੀਆਂ ਵਿਚ ਸਭ ਤੋਂ ਵੱਧ ਕਿਸ ਨੂੰ ਇੱਜਤ ਦੇਣੀ ਚਾਹੀਦੀ ਹੈ ਜਾਂ ਮੇਰੇ ਹੁਸਨੇ-ਸਲੂਕ ਦਾ ਹੱਕਦਾਰ ਸਭ ਤੋਂ ਵੱਧ ਕੌਣ ਹੈ। ਹਜ਼ਰਤ ਮੁਹੰਮਦ ਨੇ ਕਿਹਾ, ਤੇਰੀ ਮਾਂ। ਉਸ ਨੇ ਮੁੜ ਪੁਛਿਆ, ਉਸ ਤੋਂ ਬਾਅਦ? ਹਜ਼ਰਤ ਮੁਹੰਮਦ ਨੇ ਫੁਰਮਾਇਆ, ਤੇਰੀ ਮਾਂ। ਉਸ ਨੇ ਤੀਜੀ ਵਾਰ ਪੁੱਛਿਆ, ਉਸ ਤੋਂ ਬਾਅਦ? ਉਨ੍ਹਾਂ ਤੀਜੀ ਵਾਰ ਵੀ ਫੁਰਮਾਇਆ, ਤੇਰੀ ਮਾਂ।

ਜਦ ਸਹਾਬੀ ਨੇ ਚੌਥੀ ਵਾਰ ਪੁੱਛਿਆ, ਉਸ ਤੋਂ ਬਾਅਦ? ਹਜ਼ਰਤ ਮੁਹੰਮਦ ਨੇ ਫੁਰਮਾਇਆ, ਤੇਰਾ ਬਾਪ। ਭਾਵ ਔਰਤ ਜ਼ਾਤ ਦੀ ਖਾਸ ਕਰ ਮਾਂ ਦੀ ਜੋ ਕੁਰਬਾਨੀ ਆਪਣੇ ਬੱਚਿਆਂ ਲਈ ਹੁੰਦੀ ਹੈ, ਉਸ ਦਾ ਅਹਿਸਾਨ, ਬੰਦਾ ਤਾਉਮਰ ਮਾਂ ਦੀ ਖਿਦਮਤ ਕਰਦਾ ਰਹੇ ਤਾਂ ਵੀ ਨਹੀਂ ਚੁਕਾ ਸਕਦਾ।

ਇਸੇ ਤਰ੍ਹਾਂ ਇਕ ਹੋਰ ਮੌਕੇ ਹਜ਼ਰਤ ਮੁਹੰਮਦ (ਸ) ਨੇ ਆਪਣੇ ਸਹਾਬੀਆਂ ਨੂੰ ਕਿਹਾ, ਜਿਸ ਦੇ ਘਰ ਦੋ ਲੜਕੀਆਂ ਨੇ ਜਨਮ ਲਿਆ ਤੇ ਉਸ ਨੇ ਉਨ੍ਹਾਂ ਕੁੜੀਆਂ ਨੂੰ ਵੇਖ ਕੇ ਮੱਥੇ ਵੱਟ ਨਾ ਪਾਇਆ ਤੇ ਕੁੜੀਆਂ ਦੀ ਵਧੀਆ ਢੰਗ ਨਾਲ ਪਰਵਰਿਸ਼ ਕਰਦਿਆਂ ਉਨ੍ਹਾਂ ਨੂੰ ਨੇਕ ਤੇ ਚੰਗੀ ਜਗ੍ਹਾ ਵਿਆਹਿਆ, ਉਹ ਜੰਨਤ 'ਚ ਮੇਰੇ ਨਾਲ ਇਸ ਤਰ੍ਹਾਂ ਹੋਵੇਗਾ ਜਿਵੇਂ ਇਹ ਦੋ ਉਂਗਲਾਂ (ਵਿਕਟਰੀ ਵਾਲੀਆਂ) ਹਨ।

ਹਜ਼ਰਤ ਲੁਕਮਾਨ (ਹਕੀਮ) ਨੇ ਇੱਕ ਵਾਰ ਆਪਣੇ ਬੇਟੇ ਨੂੰ ਕਿਹਾ, ਕਿਤਿਓਂ ਸਵਰਗ ਦੀ ਮਿੱਟੀ ਲੈ ਕੇ ਆ। ਉਨ੍ਹਾਂ ਦੇ ਬੇਟੇ ਨੇ ਆਪਣੀ ਮਾਂ ਦੇ ਪੈਰਾਂ ਹੇਠਲੀ ਮਿੱਟੀ ਚੁੱਕੀ ਤੇ ਜਾ ਫੜ੍ਹਾਈ।

ਭਾਰਤ 'ਚ ਸਦੀਆਂ ਤੋਂ ਔਰਤ ਦੀ ਦੇਵੀ ਸਮਝ ਕੇ ਪੂਜਾ ਕੀਤੀ ਜਾਂਦੀ ਹੈ ਤੇ ਬੱਚੀਆਂ ਨੂੰ ਕੰਜਕਾਂ ਆਖ ਆਦਰ ਸਤਿਕਾਰ ਕੀਤਾ ਜਾਂਦਾ ਹੈ।

ਇਸ ਸਾਰੀ ਵਿਆਖਿਆ ਦਾ ਮਕਸਦ ਇਹੋ ਹੈ ਕਿ ਜਿਸ ਔਰਤ ਨੂੰ ਸਾਡੇ ਪੀਰ ਪੈਗੰਬਰਾਂ, ਅਵਤਾਰਾਂ, ਰਿਸ਼ੀਆਂ-ਮੁਨੀਆਂ ਨੇ ਇੰਨੀ ਇੱਜਤ ਨਾਲ ਨਿਵਾਜਿਆ ਹੈ, ਅੱਜ ਉਸੇ ਔਰਤ (ਮਾਂ, ਧੀ, ਭੈਣ ਤੇ ਪਤਨੀ) ਨੂੰ ਜਿਸ ਕਦਰ ਜ਼ਿੱਲਤ ਸਹਿਣੀ ਪੈ ਰਹੀ ਹੈ ਤੇ ਇਸ ਮਰਦ ਪ੍ਰਧਾਨ ਸਮਾਜ 'ਚ ਆਨੇ-ਬਹਾਨੇ ਜਿਸ ਤਰ੍ਹਾਂ ਉਸ 'ਤੇ ਤਰ੍ਹਾਂ ਤਰ੍ਹਾਂ ਦੇ ਜ਼ਬਰ-ਓ-ਜ਼ੁਲਮ ਢਾਹੇ ਜਾ ਰਹੇ ਨੇ, ਉਸ ਦੀ ਮਿਸਾਲ ਸ਼ਾਇਦ ਉਸ ਦੌਰ 'ਚ ਵੀ ਨਹੀਂ ਮਿਲਦੀ, ਜਦੋਂ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ। ਤਦੇ ਤਾਂ ਸਾਹਿਰ ਨੇ ਕਿਹਾ ਸੀ,

ਲੋਗ ਔਰਤ ਕੋ ਫਕਤ ਜਿਸਮ ਸਮਝ ਲੇਤੇ ਹੈਂ।
ਰੂਹ ਭੀ ਹੋਤੀ ਹੈ ਇਸ ਮੇਂ ਯੇ ਕਹਾਂ ਸੋਚਤੇ ਹੈਂ।
ਕਿਤਨੀ ਸਦੀਓਂ ਸੇ
ਯੇ ਵਹਿਸ਼ਤ ਕਾ ਚਲਨ ਜਾਰੀ ਹੈ
ਕਿਤਨੀ ਸਦੀਓਂ ਸੇ ਕਾਇਮ ਹੈ
ਯੇ ਗੁਨਾਹੋਂ ਕਾ ਰਿਵਾਜ।
ਲੋਗ ਔਰਤ ਕੀ ਹਰ ਚੀਖ ਕੋ ਨਗਮਾ ਸਮਝੇਂ
ਵੋਹ ਕਬੀਲੋਂ ਕਾ ਜ਼ਮਾਨਾ ਹੈ
ਕਿ ਸ਼ਹਿਰੋਂ ਕਾ ਰਿਵਾਜ।

ਭਾਵੇਂ ਅਸੀਂ ਅੱਜ ਤਰੱਕੀ ਦੇ ਵੱਡੇ-ਵੱਡੇ ਦਾਅਵੇ ਕਰਦੇ ਨਹੀਂ ਥੱਕਦੇ ਤੇ ਦੁਨੀਆਂ ਦੇ ਪਿਛਲੇ ਸਭ ਮਨੁੱਖਾਂ ਤੋਂ ਖੁਦ ਨੂੰ ਅੱਵਲ ਤੇ ਸਭਿਅਕ ਕਹਾਉਣ 'ਚ ਫਖਰ ਮਹਿਸੂਸ ਕਰਦੇ ਹਾਂ ਕਿਉਂਕਿ ਅਸੀਂ ਚੰਦ ਤੇ ਕਮੰਦ ਪਾਉਣ ਉਪਰੰਤ ਮੰਗਲ-ਗ੍ਰਹਿ 'ਤੇ ਜਿੱਤ ਦੀ ਪ੍ਰਾਪਤੀ ਦੇ ਸੁਪਨੇ ਵੇਖ ਰਹੇ ਹਾਂ। ਕਿੰਨੀ ਸ਼ਰਮ ਦੀ ਗੱਲ ਹੈ ਕਿ ਇੰਨੀ ਤਰੱਕੀ ਦੇ ਬਾਵਜੂਦ ਸਾਡੇ ਸਮਾਜ 'ਚ ਅੱਜ ਔਰਤ ਦੀ ਇੱਜਤ ਮਹਿਫੂਜ਼ ਨਹੀਂ ਹੈ! ਹਾਲਾਤ ਇਸ ਕਦਰ ਗੰਭੀਰ ਹਨ ਕਿ ਮੁਟਿਆਰਾਂ ਦੀ ਗੱਲ ਛੱਡੋ ਅੱਜ ਸਮਾਜ ਵਿਚ ਵਿਚਰਦੇ ਦਰਿੰਦਿਆਂ ਹੱਥੋਂ ਅੱਠ ਮਹੀਨਿਆਂ ਤੇ ਅੱਠ ਸਾਲਾਂ ਦੀਆਂ ਬੱਚੀਆਂ ਤੋਂ ਲੈ ਕੇ ਅੱਸੀ ਸਾਲਾਂ ਦੀ ਬੇਬੇ ਤੱਕ ਵੀ ਮਹਿਫੂਜ਼ ਨਹੀਂ। ਯਕੀਨਨ ਇਹ ਸਮਾਜ ਨੂੰ ਕਲੰਕਿਤ ਕਰਨ ਵਾਲੀ ਗੱਲ ਹੈ, ਨਾਲ ਹੀ ਸਾਡੀ ਸਮੁੱਚੀ ਮਨੁੱਖ ਜ਼ਾਤੀ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਸੰਦਰਭ 'ਚ ਸਾਹਿਰ ਲੁਧਿਆਣਵੀ ਕਹਿੰਦੇ ਹਨ,

ਔਰਤ ਨੇ ਜਨਮ ਦੀਯਾ ਮਰਦੋਂ ਕੋ
ਮਰਦੋਂ ਨੇ ਉਸੇ ਬਾਜ਼ਾਰ ਦੀਯਾ।
ਜਬ ਜੀਅ ਚਾਹਾ ਮਸਲਾ, ਕੁਚਲਾ
ਜਬ ਜੀਅ ਚਾਹਾ ਧੁਤਕਾਰ ਦੀਯਾ।
ਮਰਦੋਂ ਕੇ ਲੀਯੇ ਹਰ ਜ਼ੁਲਮ ਰਵਾਅ
ਔਰਤ ਕੇ ਲੀਯੇ ਰੋਨਾ ਭੀ ਖਤਾ।
ਮਰਦੋਂ ਕੇ ਲੀਯੇ ਹਰ ਐਸ਼ ਕਾ ਹੱਕ
ਔਰਤ ਕੇ ਲੀਯੇ ਜੀਨਾ ਭੀ ਖਤਾ।

ਪਿਛਲੇ ਦਿਨੀਂ ਆਲਮੀ ਮਾਹਿਰਾਂ ਦੇ ਇੱਕ ਪੈਨਲ ਵਲੋਂ ਕੀਤੇ ਸਰਵੇਖਣ ਪਿਛੋਂ ਜੋ ਤੱਥ ਸਾਹਮਣੇ ਆਏ ਹਨ, ਜੇ ਉਨ੍ਹਾਂ ਨੂੰ ਸੱਚ ਮੰਨੀਏ ਤਾਂ ਸਮੁੱਚੀ ਦੁਨੀਆਂ ਦੇ ਨਾਲ ਨਾਲ ਸਾਡੇ ਦੇਸ਼ ਵਾਸੀਆਂ ਨੂੰ ਵੀ ਸ਼ਰਮਿੰਦੇ ਕਰਨ ਵਾਲੀ ਗੱਲ ਹੈ।

ਥਾਮਸ ਰਾਇਟਰਜ਼ ਫਾਊਂਡੇਸ਼ਨ ਦੇ ਸਰਵੇਖਣ ਅਨੁਸਾਰ ਭਾਰਤ ਦੁਨੀਆਂ ਭਰ ਦੇ ਦੇਸ਼ਾਂ ਵਿਚੋਂ ਔਰਤਾਂ ਲਈ ਸਭ ਤੋਂ ਵੱਧ ਖਤਰਨਾਕ ਤੇ ਅਸੁਰਖਿਅਤ ਮੁਲਕ ਹੈ ਤੇ ਆਪਣੇ ਇਸ ਸਰਵੇਖਣ ਵਿਚ ਔਰਤਾਂ ਲਈ ਗੈਰ-ਮਹਿਫੂਜ਼ ਮੁਲਕਾਂ ਦੀ ਸ਼੍ਰੇਣੀ ਵਿਚ ਭਾਰਤ ਨੂੰ ਪਹਿਲੇ ਨੰਬਰ 'ਤੇ ਰਖਿਆ ਹੈ।



ਹੈਰਾਨੀ ਦੀ ਗੱਲ ਇਹ ਹੈ ਕਿ ਇਸ ਫਹਿਰਿਸਤ ਵਿਚ ਦਹਿਸ਼ਤਗਰਦੀ ਨਾਲ ਪ੍ਰਭਾਵਿਤ ਅਫਗਾਨਿਸਤਾਨ ਤੇ ਜੰਗ ਨਾਲ ਤਬਾਹ ਹੋਇਆ ਸ਼ਾਮ (ਸੀਰੀਆ) ਵਰਗੇ ਦੇਸ਼ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ 'ਤੇ ਹਨ। ਪੱਛਮੀ ਦੇਸ਼ਾਂ ਵਿਚ ਅਮਰੀਕਾ ਇੱਕ ਅਜਿਹਾ ਦੇਸ਼ ਹੈ ਜੋ ਉਪਰਲੇ 10 ਦੇਸ਼ਾਂ ਵਿਚ ਸ਼ਾਮਿਲ ਹੈ।

ਇਹ ਸਰਵੇਖਣ 26 ਮਾਰਚ ਤੋਂ 4 ਮਈ 2018 ਵਿਚਕਾਰ ਕਰਵਾਇਆ ਗਿਆ, ਜਿਸ ਵਿਚ ਪੂਰੀ ਦੁਨੀਆਂ ਦੇ 548 ਅਜਿਹੇ ਮਾਹਿਰੀਨ ਸ਼ਾਮਿਲ ਕੀਤੇ ਗਏ ਜੋ ਔਰਤਾਂ ਦੀਆਂ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਵਾਕਿਫ ਸਨ। ਇਨ੍ਹਾਂ ਵਿਚ ਵਿਦਿਅਕ ਵਿਭਾਗ, ਸਿਹਤ ਤੇ ਐਨ. ਜੀ. ਓ. (ਗੈਰ ਸਰਕਾਰੀ ਸੰਸਥਾਵਾਂ) ਵਿਚ ਕੰਮ ਕਰਦੇ ਲੋਕ ਵੀ ਸ਼ਾਮਿਲ ਕੀਤੇ ਗਏ। ਜ਼ਿਕਰਯੋਗ ਹੈ ਕਿ 2011 ਵਿਚ ਕਰਵਾਏ ਗਏ ਇਸੇ ਪ੍ਰਕਾਰ ਦੇ ਇੱਕ ਸਰਵੇਖਣ ਵਿਚ ਭਾਰਤ ਚੌਥੇ ਸਥਾਨ 'ਤੇ ਸੀ।

ਫਾਊਂਡੇਸ਼ਨ ਦਾ ਸਰਵੇਖਣ ਸੰਸਾਰ ਦੇ ਕੁਲ 193 ਦੇਸ਼ਾਂ ਦੀਆਂ ਔਰਤਾਂ ਦੇ ਹਾਲਾਤ 'ਤੇ ਆਧਾਰਤ ਹੈ, ਇਸ ਅਨੁਸਾਰ ਭਾਰਤ ਨੂੰ ਔਰਤਾਂ ਲਈ ਸਭ ਤੋਂ ਵੱਧ ਗੈਰ-ਮਹਿਫੂਜ਼ ਕਰਾਰ ਦਿੰਦਿਆਂ ਪਹਿਲੇ ਸਥਾਨ 'ਤੇ ਰੱਖਿਆ ਗਿਆ ਹੈ। ਪਹਿਲੇ ਦਸ ਦੇਸ਼ਾਂ ਦੀ ਸੂਚੀ ਵਿਚ ਪਾਕਿਸਤਾਨ ਛੇਵੇਂ, ਸੋਮਾਲੀਆ ਚੌਥੇ ਅਤੇ ਸਾਊਦੀ ਅਰਬ ਪੰਜਵੇਂ ਸਥਾਨ 'ਤੇ ਹਨ। ਜੇ ਇਸ ਸਰਵੇਖਣ ਦੀ ਤੁਲਨਾ 2011 ਦੇ ਸਰਵੇਖਣ ਨਾਲ ਕਰੀਏ ਤਾਂ ਦੋਵਾਂ ਵਿਚਕਾਰ ਵੱਡਾ ਫਰਕ ਹੈ। 2011 ਵਾਲੇ ਸਰਵੇਖਣ 'ਚ ਕ੍ਰਮਵਾਰ ਅਫਗਾਨਿਸਤਾਨ ਪਹਿਲੇ, ਕਾਂਗੂ ਦੂਜੇ, ਪਾਕਿਸਤਾਨ ਤੀਜੇ, ਭਾਰਤ ਚੌਥੇ ਅਤੇ ਸੋਮਾਲੀਆ ਪੰਜਵੇਂ ਸਥਾਨ 'ਤੇ ਸਨ।

ਸਰਵੇਖਣ ਵਿਚ ਸਿਰਫ ਜਿਣਸੀ ਸ਼ੋਸ਼ਣ ਜਾਂ ਛੇੜ-ਛਾੜ ਦੇ ਮਾਮਲੇ ਹੀ ਸ਼ਾਮਿਲ ਨਹੀਂ ਹਨ ਸਗੋਂ ਔਰਤਾਂ ਦੀ ਸਿਹਤ, ਸਭਿਆਚਾਰਕ ਰਵਾਇਤਾਂ, ਭੇਦ-ਭਾਵ, ਕੁੱਟ-ਮਾਰ ਅਤੇ ਮਨੁੱਖੀ ਜਿਸਮ ਦੀ ਸਮਗਲਿੰਗ ਦੇ ਮਾਮਲੇ ਵੀ ਸ਼ਾਮਿਲ ਕੀਤੇ ਗਏ ਹਨ। ਫਾਊਂਡੇਸ਼ਨ ਨੇ ਆਪਣੀ ਰਿਪੋਰਟ ਵਿਚ ਭਾਰਤ ਦਾ ਜ਼ਿਕਰ ਕਰਦਿਆਂ ਲਿਖਿਆ ਹੈ, "ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਆਬਾਦੀ ਵਾਲੇ ਦੇਸ਼ ਜਿਥੇ 130 ਕਰੋੜ ਲੋਕ ਵਸਦੇ ਹਨ, ਤਿੰਨ ਮਾਮਲਿਆਂ ਵਿਚ ਦੁਨੀਆਂ ਦਾ ਸਭ ਤੋਂ ਖਤਰਨਾਕ ਦੇਸ਼ ਹੈ ਅਤੇ ਇਹ ਹਨ, ਔਰਤਾਂ ਦੇ ਖਿਲਾਫ ਜਿਣਸੀ ਤਸ਼ੱਦਦ, ਸਭਿਆਚਾਰਕ ਤੇ ਰਵਾਇਤੀ ਮਾਮਲੇ ਅਤੇ ਇਨਸਾਨੀ ਸਮਗਲਿੰਗ, ਜਿਨ੍ਹਾਂ ਵਿਚ ਜ਼ਬਰਨ ਮਜ਼ਦੂਰੀ ਕਰਾਉਣਾ, ਜਿਣਸੀ ਗੁਲਾਮੀ ਅਤੇ ਘਰੇਲੂ ਨੌਕਰ ਰੱਖਣਾ ਆਦਿ ਸ਼ਾਮਿਲ ਹਨ।

ਇਸ ਸਬੰਧੀ ਔਰਤਾਂ ਬਾਰੇ ਕੌਮੀ ਕਮਿਸ਼ਨ (ਐਨ. ਸੀ. ਡਬਲਿਊ.) ਨੇ ਸਰਵੇਖਣ ਦੀਆਂ ਲੱਭਤਾਂ ਨੂੰ ਖਾਰਜ ਕਰਦਿਆਂ ਕਿਹਾ ਹੈ ਕਿ ਜਿਨ੍ਹਾਂ ਮੁਲਕਾਂ ਨੂੰ ਭਾਰਤ ਤੋਂ ਉਪਰ ਰਖਿਆ ਗਿਆ ਹੈ, ਉਨ੍ਹਾਂ ਵਿਚੋਂ ਕਈਆਂ ਵਿਚ ਤਾਂ ਔਰਤਾਂ ਨੂੰ ਜਨਤਕ ਤੌਰ 'ਤੇ ਬੋਲਣ ਦੀ ਵੀ ਖੁੱਲ੍ਹ ਨਹੀਂ ਹੈ। ਕਮਿਸ਼ਨ ਨੇ ਦਾਅਵਾ ਕੀਤਾ ਹੈ ਕਿ ਸਰਵੇਖਣ ਲਈ ਜੋ ਮਾਪਦੰਡ ਵਰਤਿਆ ਗਿਆ ਹੈ, ਉਹ ਕਾਫੀ ਛੋਟਾ ਸੀ ਤੇ ਪੂਰੇ ਮੁਲਕ ਦੀ ਪ੍ਰਤੀਨਿਧਤਾ ਨਹੀਂ ਕਰ ਸਕਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਮਿਸ਼ਨ ਨੇ ਰਿਪੋਰਟ ਨੂੰ ਰੱਦ ਕਰਨ ਲਈ ਜੋ ਦਲੀਲਾਂ ਦਿੱਤੀਆਂ ਹਨ, ਉਹ ਸਭ ਵਾਜਿਬ ਹਨ, ਪਰੰਤੂ ਜਦ ਅਸੀਂ ਆਪਣੀ ਤਰਫ ਹੀ ਧਿਆਨ ਦਿੰਦੇ ਹਾਂ ਤਾਂ ਗਾਲਿਬ ਦਾ ਇਹ ਸ਼ਿਅਰ ਸੁਤੇ ਸਿਧ ਜ਼ਬਾਨ 'ਤੇ ਆ ਜਾਂਦਾ ਹੈ,

ਬੇ-ਖੁਦੀ ਬੇ-ਸਬਬ ਨਹੀਂ ਗਾਲਿਬ
ਕੁੱਛ ਤੋ ਹੈ ਜਿਸ ਕੀ ਪਰਦਾਦਾਰੀ ਹੈ।

ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ 2007 ਤੋਂ 2016 ਦਰਮਿਆਨ ਔਰਤਾਂ ਖਿਲਾਫ ਢਾਹੇ ਜਾਂਦੇ ਜੁਰਮਾਂ ਵਿਚ 83 ਫੀਸਦੀ ਵਾਧਾ ਹੋਇਆ ਹੈ ਅਤੇ ਹਰ ਘੰਟੇ ਚਾਰ ਔਰਤਾਂ ਨਾਲ ਬਲਾਤਕਾਰ ਦੇ ਮਾਮਲੇ ਸਾਹਮਣੇ ਆਉਂਦੇ ਹਨ।


ਜਦੋਂ ਕਿ ਇਸ ਸੰਦਰਭ ਵਿਚ ਮਾਹਿਰਾਂ ਦਾ ਕਹਿਣਾ ਹੈ ਕਿ ਸਾਲ 2012 ਵਿਚ ਨਿਰਭਯਾ ਬਲਾਤਕਾਰ ਮਾਮਲੇ ਤੋਂ ਬਾਅਦ ਭਾਰਤ ਵਿਚ ਔਰਤਾਂ ਦੀ ਸੁਰਖਿਆ ਨੂੰ ਲੈ ਕੇ ਕੋਈ ਬਹੁਤੇ ਸਾਕਾਰਾਤਮਕ ਕਦਮ ਨਹੀਂ ਚੁੱਕੇ ਗਏ। ਜੇ ਨਿਰਭਯਾ ਕੇਸ 'ਚ ਸ਼ਾਮਿਲ ਮੁਜ਼ਰਿਮਾਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਜਲਦ ਮਿਲੀ ਹੁੰਦੀ ਤਾਂ ਸ਼ਾਇਦ ਕਠੂਆ, ਉਨਾਓ ਤੇ ਮਸੰਦੋਰ ਜਿਹੀਆਂ ਘਟਨਾਵਾਂ ਨਾ ਵਾਪਰਦੀਆਂ ਅਤੇ ਨਾ ਹੀ ਦੁਨੀਆਂ ਵਿਚ ਦੇਸ਼ ਦੀ ਰੁਸਵਾਈ ਹੁੰਦੀ।

ਹੁਣ ਦੇਸ਼ ਵਾਸੀਆਂ, ਸਰਕਾਰ ਤੇ ਸਮੁੱਚੇ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਔਰਤਾਂ ਵਿਰੁਧ ਜ਼ੁਲਮ ਕਰਨ ਵਾਲੇ ਦਾਨਵਾਂ ਨੂੰ ਕਿਸੇ ਕੀਮਤ 'ਤੇ ਨਾ ਬਖਸ਼ਿਆ ਜਾਵੇ, ਸਗੋਂ ਕਾਨੂੰਨ ਦੇ ਦਾਇਰੇ 'ਚ ਲਿਆ ਕੇ ਉਨ੍ਹਾਂ ਨੂੰ ਫਾਸਟ ਟਰੈਕ ਅਦਾਲਤਾਂ ਰਾਹੀਂ ਬਣਦੀ ਸਜ਼ਾ ਦੇਣ ਪਿਛੋਂ ਕਿਸੇ ਚੌਰਾਹੇ 'ਤੇ ਖੜਾ ਕਰ ਕੇ ਸ਼ੁਰੇਆਮ ਸਜ਼ਾ ਦਿੱਤੀ ਜਾਵੇ ਤਾਂ ਕਿ ਅਜਿਹੀ ਬੀਮਾਰ ਮਾਨਸਿਕਤਾ ਵਾਲੇ ਹੋਰ ਦਰਿੰਦਿਆਂ ਨੂੰ ਨਸੀਹਤ ਹੋ ਸਕੇ। ਜੇ ਦੇਸ਼ 'ਚ ਅਜਿਹੇ 10 ਕੁ ਮੁਜ਼ਰਿਮਾਂ ਨੂੰ ਵੀ ਸਜ਼ਾਵਾਂ ਮਿਲੀਆਂ ਹੁੰਦੀਆਂ ਤਾਂ ਅੱਜ ਸ਼ਾਇਦ ਦੇਸ਼ ਦਾ ਨਾਂ ਅਜਿਹੇ ਘਿਨਾਉਣੇ ਤੇ ਸ਼ਰਮਸਾਰ ਕਰਨ ਵਾਲੇ ਜੁਰਮਾਂ ਦੀ ਸ਼੍ਰੇਣੀ ਵਿਚ ਦੁਨੀਆਂ ਦੇ ਪਹਿਲੇ ਨੰਬਰ 'ਤੇ ਨਾ ਆਇਆ ਹੁੰਦਾ। ਅੰਤ ਵਿਚ ਸਾਹਿਰ ਲੁਧਿਆਣਵੀ ਦੀਆਂ ਇਨ੍ਹਾਂ ਸਤਰਾਂ ਵੱਲ ਧਿਆਨ ਦਿਵਾਵਾਂਗਾ,

ਔਰਤ ਸੰਸਾਰ ਕੀ ਕਿਸਮਤ ਹੈ
ਫਿਰ ਭੀ ਤਕਦੀਰ ਕੀ ਬੇਟੀ ਹੈ।
ਅਵਤਾਰ, ਪੈਗੰਬਰ ਜਨਤੀ ਹੈ
ਫਿਰ ਭੀ ਸ਼ੈਤਾਨ ਕੀ ਬੇਟੀ ਹੈ!
ਯੇਹ ਵੋਹ ਬਦ-ਕਿਸਮਤ ਮਾਂ ਹੈ
ਜੋ ਬੇਟੋਂ ਕੀ ਸੇਜ ਪੇ ਲੇਟੀ ਹੈ।
ਔਰਤ ਨੇ ਜਨਮ ਦੀਯਾ ਮਰਦੋਂ ਕੋ
ਮਰਦੋਂ ਨੇ ਉਸੇ ਬਾਜ਼ਾਰ ਦੀਯਾ।

# ਨਵਾਜ਼ ਸ਼ਰੀਫ ਫਾਰਮ ਹਾਊਸ ਅਪਰੈਲ 1998 ਵਿਚ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

25 ਜੁਲਾਈ 2018 ਵਿਚ ਹੋਣ ਵਾਲੀਆਂ ਆਮ ਚੋਣਾਂ ਤੋਂ ਕੇਵਲ 19 ਦਿਨ ਪਹਿਲਾਂ ਪਾਕਿਸਤਾਨ ਸਰਕਾਰ ਵਲੋਂ ਨਵਾਜ਼ ਸ਼ਰੀਫ ਨੂੰ 10 ਸਾਲ ਲਈ ਜੇਲ੍ਹ ਭੇਜੇ ਜਾਣ ਦਾ ਮੁੱਖ ਮੰਤਵ ਉਸ ਨੂੰ ਅਤੇ ਉਸ ਦੀ ਧੀ ਤੇ ਜਵਾਈ ਨੂੰ ਚੋਣਾਂ ਤੋਂ ਲਾਂਭੇ ਰੱਖਣਾ ਹੀ ਹੈ। ਨਵਾਜ਼ ਸ਼ਰੀਫ ਉਤੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਦੋਸ਼ ਲਾਇਆ ਗਿਆ ਹੈ। ਧੀ ਉਤੇ ਇਸ ਅਮਲ ਵਿਚ ਸਹਾਈ ਹੋਣ ਦਾ ਤੇ ਜਵਾਈ ਉਤੇ ਜਾਣਕਾਰੀ ਵਿਚ ਸਹਾਇਕ ਹੋਣ ਦਾ। ਧੀ ਮਰੀਅਮ ਨੂੰ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਹੈ ਤੇ ਜਵਾਈ ਸਫਦਰ ਨੂੰ ਇੱਕ ਸਾਲ ਦੀ। ਅਜੋਕੇ ਸ਼ਾਸਕਾਂ ਵਲੋਂ ਇਹ ਸਜ਼ਾ ਕੋਈ ਅਰਥ ਨਹੀਂ ਰਖਦੀ।



ਬੇਟੀ ਮਰੀਅਮ ਨਵਾਜ਼ ਤੇ ਵਾਲਦ ਨਵਾਜ਼ ਸ਼ਰੀਫ

1999 ਵਿਚ ਸ਼ਰੀਫ ਨੂੰ ਜਨਰਲ ਪਰਵੇਜ਼ ਮੁਸ਼ੱਰਫ ਨੇ ਫੌਜੀ ਕਾਰਵਾਈ ਨਾਲ ਲਾਂਭੇ ਕਰ ਦਿੱਤਾ ਸੀ। ਉਹ ਅਮਲ ਵੀ ਮੁਸਲਿਮ ਤਾਨਾਸ਼ਾਹੀ ਦੇ ਹਾਣ ਦਾ ਨਹੀਂ ਸੀ। ਔਰੰਗਜ਼ੇਬ ਨੇ ਆਪਣੇ ਭਰਾਵਾਂ ਨੂੰ ਕਤਲ ਕਰਵਾ ਕੇ ਤਖਤ ਸਾਂਭਿਆ ਸੀ। ਮੁਸਲਿਮ ਸ਼ਾਸਕਾਂ ਵਿਚ ਸੱਚ ਨੂੰ ਫਾਂਸੀ ਆਮ ਗੱਲ ਹੈ। ਕੱਲ ਨੂੰ ਸੱਚਾਈ ਕੀ ਨਿਕਲਦੀ ਹੈ? ਕੱਲ ਜਾਣੇ, ਪਰ ਮੇਰੇ ਮਨ ਵਿਚ ਅੱਜ ਨਵਾਜ਼ ਸ਼ਰੀਫ ਦਾ ਮੈਡੀਕਲ ਸਿਟੀ ਗੇੜੇ ਕੱਢ ਰਿਹਾ ਹੈ, ਜੋ ਮੈਂ ਅਤੇ ਦੋ ਦਰਜਨ ਹੋਰ ਪੰਜਾਬੀਆਂ ਨੇ 1998 ਵਿਚ ਅੱਖੀਂ ਵੇਖਿਆ ਸੀ।

ਮੀਆਂ ਪਰਿਵਾਰ ਨੇ ਰਾਇਵਿੰਡ ਨੇੜੇ ਆਪਣੇ 700 ਏਕੜ ਦੇ ਫਾਰਮ ਹਾਊਸ ਵਿਚ ਇਕ ਟੈਕਨੀਕਲ ਟਰੇਨਿੰਗ ਸੈਂਟਰ ਹੀ ਨਹੀਂ, ਇੱਕ ਵਧੀਆ ਪਬਲਿਕ ਸਕੂਲ ਵੀ ਚਲਾ ਰੱਖਿਆ ਸੀ। ਇਸ ਕੰਪਲੈਕਸ ਵਿਚ ਸੰਸਥਾ ਦੇ ਅਫਸਰਾਂ ਤੇ ਮੁਲਾਜ਼ਮਾਂ ਦੇ ਨਮਾਜ਼ ਪੜ੍ਹਨ ਲਈ ਇਕ ਆਲੀਸ਼ਾਨ ਮਸਜਿਦ ਵੀ ਸੀ। ਨਾਂ ਦਿੱਤਾ ਸੀ, ਸ਼ਰੀਫ ਮੈਡੀਕਲ ਸਿਟੀ ਤੇ ਐਜੂਕੇਸ਼ਨ ਕੰਪਲੈਕਸ।

ਸਕੂਲ ਤੇ ਕੰਪਲੈਕਸ ਦੀ ਫੇਰੀ ਪਿੱਛੋਂ ਅਸੀਂ ਫਾਰਮ ਦੀ ਸੈਰ ਕਰਨੀ ਸੀ। ਅਸੀਂ ਵੇਖਿਆ ਕਿ ਮਸਜਿਦ ਵਲੋਂ ਸੱਤ ਬੱਘੀਆਂ ਸਾਡੇ ਵਲ ਆ ਰਹੀਆਂ ਹਨ। ਅਸੀਂ ਚਾਰ ਚਾਰ ਕਰਕੇ ਸਾਰੇ ਹੀ ਬੈਠ ਗਏ। ਕੰਪਲੈਕਸ ਵਿਚ ਕਿਹੜੀ ਚੀਜ਼ ਕਿੱਥੇ ਹੈ ਤੇ ਕਿਹੜੀ ਫਸਲ ਕਦੋਂ ਕੱਟੀ ਜਾਣੀ ਹੈ, ਬੱਘੀ ਵਾਲੇ ਦੱਸ ਰਹੇ ਸਨ।

ਫਾਰਮ ਦੇ ਪ੍ਰੀਤੀ ਭੋਜ ਤੋਂ ਪਹਿਲਾਂ ਜੂਸ ਤੇ ਠੰਢੀਆਂ ਬੋਤਲਾਂ ਪੀ ਕੇ ਅਸੀਂ ਹਾਲ ਕਮਰੇ ਵਿਚ ਪਰਵੇਸ਼ ਕੀਤਾ ਤਾਂ ਪਤਾ ਲੱਗਾ ਕਿ ਅਸੀਂ ਚੌਕੜੀ ਮਾਰ ਕੇ ਭੋਜਨ ਕਰਨਾ ਸੀ। ਮੀਟ, ਕਬਾਬ, ਸਬਜ਼ੀ, ਦਾਲਾਂ, ਨਾਨ ਤੇ ਰੁਮਾਲੀ ਰੋਟੀਆਂ। ਖਾਣਾ ਖਤਮ ਹੋਇਆ ਤਾਂ ਨਵਾਜ਼ ਸ਼ਰੀਫ ਦੀ ਗੋਦ ਵਿਚ ਇਕ ਗੋਲ ਮਟੋਲ ਤੇ ਮਾਸੂਮ ਬਾਲੜੀ ਆ ਬੈਠੀ। ਉਹ ਨਵਾਜ਼ ਸ਼ਰੀਫ ਨਾਲ ਬੱਚਿਆਂ ਵਾਂਗ ਕਲੋਲ ਕਰ ਰਹੀ ਸੀ। ਪਤਾ ਲੱਗਾ ਕਿ ਉਹ ਨਵਾਜ਼ ਦੀ ਦੋਹਤਰੀ ਹੈ।

**ਸ਼ਰਾਬ ਦੇ ਠੇਕਿਆਂ ਦਾ ਮਸਲਾ ਸੌ ਸਾਲ ਪਹਿਲਾਂ:** ਟ੍ਰਿਬਿਊਨ ਦੀ ਛੇ ਜੁਲਾਈ 1918 ਦੀ ਰਿਪੋਰਟ ਅਨੁਸਾਰ ਗੋਰੀ ਸਰਕਾਰ ਨੇ ਸ਼ਰਾਬ ਦੇ ਠੇਕਿਆਂ ਨੂੰ ਕੰਟਰੋਲ ਕਰਨ ਲਈ ਕੋਈ ਨੀਤੀ ਨਹੀਂ ਸੀ ਘੜੀ। ਮਦਰਾਸ (ਹੁਣ ਤਾਮਿਲਨਾਡੂ) ਦੀ ਸੇਲਮ ਨਗਰ ਪਾਲਿਕਾ ਨੇ ਪਹਿਲੀ ਵਾਰ ਬਰਤਾਨਵੀ ਸ਼ਾਸਕਾਂ ਨੂੰ ਜੁਲਾਈ 1918 ਦੇ ਅਰੰਭ ਵਿਚ ਕੁਝ ਸੁਝਾਓ ਦਿੱਤੇ ਸਨ, ਜੋ ਪ੍ਰਵਾਨ ਕੀਤੇ ਗਏ। ਅਠਾਰਾਂ ਸਾਲ ਤੋਂ ਘੱਟ ਉਮਰ ਦੇ ਬੰਦੇ ਨੂੰ ਸ਼ਰਾਬ ਜਾਂ ਟੌਡੀ ਵੇਚਣੀ ਬੰਦ ਕੀਤੀ ਗਈ ਤੇ ਸ਼ਹਿਰ ਦੇ ਠੇਕਿਆਂ ਦੀ ਗਿਣਤੀ ਆਮ ਨਾਲੋਂ ਅੱਧੀ ਕਰਕੇ ਉਨ੍ਹਾਂ ਦੀ ਸਥਾਪਨਾ ਨਗਰ ਪਾਲਿਕਾ ਦੀ ਸੀਮਾ ਤੋਂ ਲਾਂਭੇ ਰੱਖਣ ਦੇ ਹੁਕਮ ਜਾਰੀ ਕੀਤੇ ਗਏ। ਇਹ ਵੀ ਕਿਹਾ ਗਿਆ ਕਿ ਠੇਕੇ ਸਵੇਰ ਦੇ ਸਾਢੇ ਨੌਂ ਤੋਂ ਸ਼ਾਮ ਦੇ ਛੇ ਵਜੇ ਤੱਕ ਖੋਲ੍ਹੇ ਜਾਣ, ਅੱਗੇ ਪਿੱਛੇ ਨਹੀਂ। ਉਸ ਤੋਂ ਪਿੱਛੋਂ ਗੋਰੀ ਸਰਕਾਰ ਨੇ ਇਹ ਫਾਰਮੂਲਾ ਦੇਸ਼ ਭਰ ਵਿਚ ਲਾਗੂ ਕੀਤਾ।

**ਨਛੱਤਰ ਚੰਡੀਗੜ੍ਹ ਸਾਹਿਤ ਅਕਾਡਮੀ ਦੇ ਰੂਬਰੂ:** 2017 ਦਾ ਭਾਰਤੀ ਸਾਹਿਤ ਅਕਾਡਮੀ ਸਨਮਾਨ ਜੇਤੂ 7 ਜੁਲਾਈ 2018 ਨੂੰ ਚੰਡੀਗੜ੍ਹੀਏ ਸਾਹਿਤ ਰਸੀਆਂ ਦੇ ਰੂਬਰੂ ਹੋਇਆ ਤਾਂ ਉਸ ਨੇ ਆਪਣੀ ਰਚਨਾਕਾਰੀ ਦਾ ਸਫਰ ਬਿਨਾ ਕਿਸੇ ਰੱਖ ਰਖਾਓ ਦੇ ਬੜੇ ਸਹਿਜ ਨਾਲ ਪੇਸ਼ ਕੀਤਾ। ਆਪਣੇ ਸਧਾਰਨ ਪਿਛੋਕੜ ਤੇ ਸਾਹਿਤਕ ਜਾਗ੍ਰਿਤੀ ਨੂੰ ਪਛਾਨਣ ਤੇ ਉਜਾਗਰ ਕਰਨ ਵਾਲੇ ਮਿੱਤਰਾਂ ਦੀ ਦੇਣ ਸਮੇਤ। ਸਮਾਗਮ ਦਾ ਸੰਚਾਲਨ ਅਕਾਦਮੀ ਦੇ ਸਕੱਤਰ ਜਸਪਾਲ ਸਿੰਘ ਨੇ ਕੀਤਾ ਤੇ ਪ੍ਰਧਾਨਗੀ ਦੀ ਜ਼ਿੰਮੇਵਾਰੀ ਅਮਰੀਕਾ ਤੋਂ ਆਏ ਬੁੱਧੀਜੀਵੀ ਅਮਰੀਕ ਸਿੰਘ ਨੇ ਨਿਭਾਈ। ਸਰੋਤੇ ਹੁਮਹੁਮਾ ਕੇ ਪਹੁੰਚੇ।

**ਅੰਤਿਕਾ:** ਮਿਰਜ਼ਾ ਸਾਹਿਬ

ਚਾਹੀਏ ਅੱਛੋਂ ਕੋ ਜਿਤਨਾ ਚਾਹੀਏ
ਸੀਹ ਅਗਰ ਚਾਹੇਂ ਤੋਂ ਫਿਰ ਕਯਾ ਚਾਹੀਏ।

# ਭੁੱਖ-ਭਗਤੀ

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਗੁਰੂ ਦੀ ਮਹਿਮਾ ਕਰਦਿਆਂ ਕਿਹਾ ਸੀ, "ਗੁਰੂ, ਸਰੀਰਕ ਮੁਥਾਜੀ ਤੋਂ ਦੂਰ, ਸੀਮਤ ਦਾਇਰਿਆਂ ਤੋਂ ਬਾਹਰ ਨਿਕਲਦੀ ਵਿਸ਼ਾਲਤਾ ਤੇ ਨਿੱਜ ਵਿਚਲੇ ਵਿਚਾਰ-ਮੰਥਨ ਦੀ ਸੰਕੀਰਨਤਾ ਨੂੰ ਨਿਰਲੇਪ ਕਰਨ ਅਤੇ ਸਰੀਰਕ ਸੁਖ-ਸਹੂਲਤਾਂ ਵਿਚਲੀਆਂ ਉਲਝਣਾਂ ਤੋਂ ਬੇਲਾਗਤਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਭੁੱਖ ਦੇ ਵੱਖ ਵੱਖ ਰੂਪਾਂ ਅਤੇ ਇਸ ਦੀ ਤ੍ਰਿਪਤੀ ਦਾ ਕਿੱਸਾ ਫਰੋਲਿਆ ਹੈ। ਉਹ ਕਹਿੰਦੇ ਹਨ, "ਭੁੱਖ, ਕੁੱਲੀ, ਗੁੱਲੀ ਤੇ ਜੁੱਲੀ ਤੀਕ ਸੀਮਤ ਹੋ ਜਾਵੇ ਤਾਂ ਮਨੁੱਖੀ ਸੋਚ ਦੇ ਦਿਸਹੱਦੇ ਸੁੰਗੜਦੇ। ਭੁੱਖ ਜਦੋਂ ਗਿਆਨ-ਗੋਸ਼ਟ ਅਤੇ ਅੱਖਰਬੋਧ 'ਤੇ ਦਸਤਕ ਦਿੰਦੀ ਤਾਂ ਦਾਇਰਿਆਂ ਨੂੰ ਫੈਲਰਣ ਦਾ ਵਰ ਮਿਲਦਾ।" ਭੁੱਖ ਦੀ ਅਨੰਤਤਾ ਦੀ ਗੱਲ ਕਰਦਿਆਂ ਡਾ. ਭੰਡਾਲ ਆਖਦੇ ਹਨ, "ਭੁੱਖ ਦੀ ਪੂਰਤੀ ਲਈ ਸੰਜਮ, ਸੰਤੋਖ ਤੇ ਸਬਰ-ਸਬੂਰੀ ਜਰੂਰੀ। ਪਰ ਭੋਖੜਾ, ਲਾਲਚ, ਬੇਸਬਰੀ, ਬੇਅਦਬੀ ਤੇ ਬਰਬਾਦੀ ਦਾ ਆਧਾਰ। ਅਜੋਕੇ ਸਮੇਂ ਵਿਚ ਲੋਕ ਭੁੱਖ ਨਹੀਂ, ਭੋਖੜੇ ਦਾ ਸ਼ਿਕਾਰ।" -ਸੰਪਾਦਕ**

## ਨਿਆਮਤਾਂ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਭੁੱਖ, ਮਨੁੱਖ ਦੀ ਸਰੀਰਕ ਅਤੇ ਮਾਨਸਿਕ ਲੋੜ। ਕਦੇ ਸਰੀਰਕ ਇੰਦਰੀਆਂ ਦੀ ਤ੍ਰਿਪਤੀ, ਗਿਆਨ-ਲੋਚਾ ਤੇ ਮਿਲਣ ਦੀ ਤਾਂਘ। ਕਦੇ ਨੈਣਾਂ ਵਿਚ ਤੈਰਦੀ ਸੁਪਨ-ਪਰਵਾਜ਼ ਬਣਨ ਅਤੇ ਕਦੇ ਪੈਰਾਂ 'ਚ ਵਿਛੇ ਆਸਮਾਨ ਦੀ ਲਲਕ।

ਭੁੱਖ, ਕਈ ਰੰਗਾਂ ਤੇ ਰੂਪਾਂ ਵਿਚ ਮਨੁੱਖ ਦੇ ਸਨਮੁੱਖ ਹੁੰਦੀ। ਮਨੁੱਖ ਨੂੰ ਪਰਖਦੀ ਤੇ ਇਸ ਦੀ ਹੋਂਦ ਨੂੰ ਲੂਣ ਵਾਂਗ ਖੋਰ ਵੀ ਦਿੰਦੀ। ਕਦੇ ਪਰਬਤਾਂ ਵਰਗੀ ਪਕਿਆਈ ਤੇ ਉਚਾਈ।

ਭੁੱਖ, ਖਾਲੀ ਪੇਟ ਦੀ ਵੇਦਨਾ, ਟੁੱਕ ਲਈ ਵਿਲਕਦੇ ਬਾਲ ਦੀਆਂ ਲਿਲਕੜੀਆਂ, ਸੁੱਕ ਕੇ ਤੀਲਾ ਹੋਏ ਪਿੰਜਰਾਂ ਦੀ ਹੂਕ ਜਾਂ ਮਾਰੂਥਲ 'ਚ ਗਵਾਚੇ ਰਾਹੀ ਦੀ ਕੂਕ ਜਦ ਫਿਜ਼ਾ 'ਚ ਤੜਫਦੀ ਤਾਂ ਭੁੱਖ ਦਾ ਵਿਕਰਾਲ ਧਾਰਦੀ।

ਭੁੱਖ, ਰੱਜੇ ਹੋਏ ਲੋਕਾਂ ਦਾ ਹਾਬੜਾ, ਭੂਤਰੇ ਪਸੂ ਦਾ ਘੁਮਾਂ ਦਾ ਉਜਾੜਾ ਜਾਂ ਗਰੀਬ ਦੀਆਂ ਬੋਟੀਆਂ ਨੋਚਦੇ ਦਰਿੰਦੇ ਦੇ ਬੁੱਲਾਂ 'ਤੇ ਤੈਰਦੀ ਤਾਂ ਆਦਮਬੋਅ ਦਾ ਹੋਕਰਾ ਪੌਣ 'ਚ ਕੰਬਣੀ ਛੇੜਦਾ।

ਭੁੱਖ ਸੀਮਤ, ਸੰਜਮੀ, ਸਧਾਰਨ, ਸੰਤੋਖੀ ਤੇ ਸਤਵਰਗੀ ਹੋਵੇ ਤਾਂ ਮਿਹਨਤ ਦੀ ਬੁਰਕੀ ਨਾਲ ਆਇਆ ਰੱਜ ਸਦੀਵੀ ਅਤੇ ਸਥਿਰ ਹੁੰਦਾ। ਇਸ 'ਚੋਂ ਸਕੂਨ, ਸੁਖਨ ਅਤੇ ਸਹਿਜ ਦਾ ਸੁਪਨਾ ਦ੍ਰਿਸ਼ਟਮਾਨ ਹੁੰਦਾ ਜੋ ਮਨੁੱਖ ਨੂੰ ਇਨਸਾਨੀਅਤ ਦੇ ਰਾਹ ਤੋਰਦਾ।

ਭੁੱਖ ਹਰ ਜੀਵ ਨੂੰ ਲੱਗਦੀ। ਇਸ ਦੇ ਆਹਰ ਵਿਚੋਂ ਉਹ ਇਸ ਦੀ ਲੱਜਤ ਦੇ ਹਰ ਰੰਗ ਨੂੰ ਮਾਣਦਾ ਅਤੇ ਇਸ ਵਿਚੋਂ ਸਬਰ-ਸਬੂਰੀ ਦਾ ਸਬੱਬ ਬਣਦਾ। ਰੋਬੋਟ ਨੂੰ ਕਦੇ ਭੁੱਖ ਨਹੀਂ ਲੱਗਦੀ। ਰੋਬੋਟ ਬਣ ਕੇ ਮਨੁੱਖ ਨੇ ਕੀ ਖਟਿਆ?

ਭੁੱਖ ਦੀ ਤ੍ਰਿਪਤੀ ਦਾ ਸਬੰਧ ਮਨ ਨਾਲ, ਪੇਟ ਨਾਲ ਨਹੀਂ। ਤਾਹੀਏਂ ਤਾਂ ਗੁਰੂ ਨਾਨਕ ਦੇਵ ਜੀ ਦਾ ਜਪੁਜੀ ਸਾਹਿਬ ਵਿਚ ਫੁਰਮਾਨ ਹੈ, 'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥' ਸੋਚ ਵਿਚ ਰੱਜ ਪੈਦਾ ਹੋ ਜਾਵੇ ਤਾਂ ਭੁੱਖ ਕਦੇ ਵੀ ਭੋਖੜਾ ਨਹੀਂ ਬਣਦੀ। ਭੁੱਖ ਸਿਰਫ ਲੋੜ ਹੁੰਦੀ, ਅੱਯਾਸ਼ੀ ਨਹੀਂ ਬਣਦੀ।

ਭੋਖੜਾ-ਪੂਰਤੀ ਵਿਚੋਂ ਸਮਾਜਕ ਰੁਤਬਾ



ਪਛਾਣਨ ਵਾਲੇ ਲੋਕ, ਸਮਾਜ 'ਤੇ ਕਲੰਕ। ਅੱਜ ਕੱਲ ਲੋਕ ਭੁੱਖੇ ਰਹਿ ਕੇ ਉਨੇ ਨਹੀਂ ਮਰਦੇ, ਜਿੰਨੇ ਜ਼ਿਆਦਾ ਖਾ, ਸਰੀਰਕ ਅਲਾਮਤਾਂ ਦਾ ਸ਼ਿਕਾਰ ਹੋ ਆਪਣੀ ਅਰਥੀ ਨੂੰ ਮੋਢਿਆਂ 'ਤੇ ਚੁੱਕੀ ਫਿਰਦੇ ਨੇ। ਕਿਸੇ ਕਰੀਬੀ ਦਾ ਕਿਹਾ, "ਜਦ ਪੀਣ ਜਾਂ ਖਾਣ ਨੂੰ ਬਹੁਤ ਮਨ ਕਰਦਾ ਸੀ, ਉਸ ਵੇਲੇ ਪੀਣ ਜਾਂ ਖਾਣ ਲਈ ਬਹੁਤ ਹੀ ਸੀਮਤ ਸਾਧਨ ਸਨ। ਹੁਣ ਸਭ ਕੁਝ ਹੈ ਪਰ ਡਾਕਟਰ ਹੀ ਖਾਣ/ਪੀਣ ਨਹੀਂ ਦਿੰਦੇ।" ਸੋਚ ਵਿਚਲੀ ਇਹ ਤ੍ਰਾਸਦੀ ਖੁਦ ਨਾਲੋਂ ਟੁੱਟੇ ਉਸ ਮਨੁੱਖ ਦੀ ਹੈ ਜੋ ਮਨ ਦੇ ਰੱਜ ਤੋਂ ਊਣਾ ਹੈ। ਅਜੋਕੇ ਦੰਭੀ ਰੁਤਬੇ ਸਿਰਫ ਭੋਖੜੇ ਦਾ ਪ੍ਰਗਟਾਵਾ। ਜਦ ਘਰਾਂ, ਕਾਰਾਂ, ਜਾਇਦਾਦਾਂ ਦੀ ਗਿਣਤੀ ਰੁਤਬੇ ਦਾ ਮਾਪਦੰਡ ਬਣ ਜਾਵੇ ਤਾਂ ਰੁਤਬੇ ਹੀਣੇ ਹੋ ਜਾਂਦੇ। ਸਿਰ ਦੀ ਛੱਤ ਲਈ ਘਰਾਂ ਦੀ ਗਿਣਤੀ ਦੀ ਲੋੜ ਨਹੀਂ ਹੁੰਦੀ।

ਭੁੱਖ, ਭਾਵਨਾ, ਭਗਤੀ, ਭਰਾਤਰੀਭਾਵ, ਭਾਈਬੰਦੀ ਅਤੇ ਭਾਈਚਾਰਕ ਸਾਂਝ ਵਿਚੋਂ ਖੁਦ ਨੂੰ ਪਰਿਭਾਸ਼ਤ ਕਰੇ ਤਾਂ ਭੁੱਖ ਮਾਣ ਅਤੇ ਸਮਾਜਕ ਸਨਮਾਨ ਦਾ ਬਿੰਬ। ਪਰ ਜਦ ਭੁੱਖ ਭੋਗਤਾ, ਭੰਗਤਾ ਅਤੇ ਭਿਖਾਰੀਪੁਣਾ ਦਾ ਪਹਿਰਨ ਪਾਉਂਦੀ ਤਾਂ ਆਪਣੀ ਸੀੜੀ ਖੁਦ ਬਣਾਉਂਦੀ।

ਭੁੱਖ, ਕੁਦਰਤ ਦਾ ਕਹਿਰ ਨਹੀਂ ਸਗੋਂ ਮਨੁੱਖੀ ਸਰਾਪ। ਭੁੱਖ ਭੀਖ ਜਾਂ ਦਾਨ ਨਹੀਂ, ਸਗੋਂ ਆਪਣਾ ਹੱਕ ਮੰਗਦੀ। ਕਈ ਵਾਰ ਭੁੱਖ ਅਜਿਹੇ ਇਨਸਾਨ ਖਤਮ ਕਰਦੀ ਜਿਹੜੇ ਨਵੀਂ ਤਹਿਜ਼ੀਬ, ਨਵੇਂ ਚੈਪਟਰ ਦਾ ਪਹਿਲਾ ਪੰਨਾ ਹੁੰਦੇ। ਭੁੱਖ, ਤਾਨਾਸ਼ਾਹੀ ਫੁਰਮਾਨ ਜੋ ਜਮਹੂਰੀਅਤ ਤਲਾਸ਼ਦਾ।

ਭੁੱਖ, ਬਹੁ-ਪਰਤੀ। ਜੀਵਨ ਦੇ ਵੱਖ-ਵੱਖ ਪੜਾਵਾਂ ਵਿਚ ਵਿਭਿੰਨ ਕਿਸਮ ਦੀ ਭੁੱਖ ਤੁਹਾਡੇ 'ਤੇ ਹਾਵੀ ਹੁੰਦੀ। ਕਿਹੜੀ ਭੁੱਖ ਤੁਹਾਡੀ ਤਰਜੀਹ ਬਣਦੀ, ਇਸ ਨੇ ਹੀ ਤੁਹਾਡੀ ਜ਼ਿੰਦਗੀ ਦੇ ਦਿਸ਼ਾ-ਨਿਰਦੇਸ਼ ਨਿਯਮਤ ਕਰਨੇ।

ਭੁੱਖਾ ਪੇਟ ਸਭ ਤੋਂ ਵੱਧ ਇਕਾਗਰਤਾ ਨਾਲ ਸੇਧਤ-ਸਾਧਨਾਂ ਵੰਨੀਂ ਕਦਮ ਪੁੱਟਦਾ ਜੋ ਉਸ ਦੀਆਂ ਲੋੜਾਂ-ਥੋੜ੍ਹਾਂ ਦੀ ਪੂਰਤੀ ਬਣਦੇ।

ਭੁੱਖ, ਕਦੇ ਪੇਟ ਵਿਚ ਪੀਹੜਾ ਡਾਹੁੰਦੀ, ਕਦੇ ਇੰਦਰੀਆਂ ਦਾ ਦਰ ਖੜਕਾਉਂਦੀ, ਕਦੇ ਨੈਣਾਂ ਵਿਚ ਸੁਪਨੇ ਸਜਾਉਂਦੀ ਅਤੇ ਕਦੇ ਸੁੰਨੇ ਰਾਹਾਂ 'ਤੇ ਅਦਬ ਦਾ ਰਾਗ ਗਾਉਂਦੀ।

ਭੁੱਖ, ਕੁੱਲੀ, ਗੁੱਲੀ ਤੇ ਜੁੱਲੀ ਤੀਕ ਸੀਮਤ ਹੋ ਜਾਵੇ ਤਾਂ ਮਨੁੱਖੀ ਸੋਚ ਦੇ ਦਿਸਹੱਦੇ ਸੁੰਗੜਦੇ। ਭੁੱਖ ਜਦੋਂ ਗਿਆਨ-ਗੋਸ਼ਟ ਅਤੇ ਅੱਖਰਬੋਧ 'ਤੇ ਦਸਤਕ ਦਿੰਦੀ ਤਾਂ ਦਾਇਰਿਆਂ ਨੂੰ ਫੈਲਰਣ ਦਾ ਵਰ ਮਿਲਦਾ।

ਭੁੱਖ, ਭੀੜ 'ਚ ਗਵਾਚੇ, ਖਿਡੌਣਿਆਂ 'ਚ ਵਰਚੇ, ਲਾਡ-ਲਡਿੱਕਿਆਂ ਵਿਚ ਆਪਣਾ ਮੁੱਖ ਦਿਖਾਉਂਦੀ ਅਤੇ ਇਸ ਦੀ ਪੂਰਤੀ ਲਈ ਹਰ ਆਹਰ ਨੂੰ ਅੱਗੇ ਲਾਉਂਦੀ।

ਭੁੱਖ, ਜੋੜੇ ਹੱਥਾਂ ਦੀ ਵੇਦਨਾ, ਭੀਖ ਮੰਗਦੇ ਦੀਦਿਆਂ ਦਾ ਦਰਦ ਅਤੇ ਅੱਖਰ-ਲੋਅ ਦੀ ਲਾਚਾਰਗੀ ਵਿਚੋਂ ਜਨਮਦੀ ਤਾਂ ਮਨੁੱਖਤਾ ਸ਼ਰਮਸ਼ਾਰ ਹੁੰਦੀ।

ਭੁੱਖ ਨੂੰ ਵਪਾਰ ਬਣਾਉਣ ਵਾਲੇ ਲੋਕ ਮਾਨਵਤਾ ਦੇ ਸਭ ਤੋਂ ਵੱਡੇ ਦੁਸ਼ਮਣ। ਮਾਨਵ-ਪ੍ਰਗਤੀ ਦਾ ਸਭ ਤੋਂ ਵੱਡਾ ਰੋੜਾ ਅਤੇ ਆਪਣੀਆਂ ਕਬਰਾਂ 'ਚ ਬੀਜ ਰਹੇ ਕਿੱਕਰ-ਕਿਆਰੀਆਂ। ਭਾਵੇਂ ਇਹ ਪੇਟ ਦੀ ਭੁੱਖ ਲਈ ਭੀਖ ਮੰਗਵਾਉਣ ਦਾ ਅਬਦਾਲੀ ਹੁਕਮ ਹੋਵੇ, ਗਿਆਨ ਦੀ ਭੁੱਖ ਦੀ ਪੂਰਤੀ ਲਈ ਮੁੱਲ ਵਿਕਦੀ ਵਿਦਿਆ 'ਤੇ ਦਾਨ ਦਾ ਮੁਖੌਟਾ ਹੋਵੇ, ਲੇਰ 'ਚ ਲਿਲਕਦੀ ਮਾਂ ਦੀਆਂ ਆਹਾਂ ਵਿਚ ਉਗੀ ਗੁਰਬਤ ਦੀ ਬੇਬੱਸੀ ਹੋਵੇ ਜਾਂ ਬਿਮਾਰੀ ਨੂੰ ਮੌਤ ਦਾ ਹਰਫ ਦੇ ਰਹੀ ਲਚਾਰੀ ਹੋਵੇ। ਭੀਖ ਵਿਚੋਂ ਭੋਖੜਾਂ ਦੀ ਪੂਰਤੀ ਕਰਦੀ ਹੈਵਾਨੀਅਤ ਦਾ ਹੌਲ ਜਦ ਪੈਂਦਾ ਤਾਂ ਮਰ ਗਈ ਭੁੱਖ ਦਾ ਮਾਤਮ ਸਿਸਕ ਕੇ ਰਹਿ ਜਾਂਦਾ।

ਭੁੱਖ, ਜਦ ਪੇਟ ਪੂਰਤੀ ਦੀ ਥਾਂ ਜਿਸਮ ਨੂੰ ਢੱਕਣ ਦੀ ਲਾਚਾਰੀ, ਸਿਰ 'ਤੇ ਉਡਦੀਆਂ ਰੁੱਖੀਆਂ ਜਟੂਰੀਆਂ ਦਾ ਜੰਮਘਟਾ ਜਾਂ ਖੇਤਾਂ ਵਿਚ ਉਗਦੀ ਮੌਤ ਦੇ ਹਾਬੜੇਪਣ ਦਾ ਰੂਪ ਵਟਾਉਂਦੀ ਤਾਂ ਪੀੜਾਂ-ਰੱਤਾ ਪੀਹੜਾ ਇਨਸਾਨੀਅਤ ਦੇ ਦਰੀਂ ਡਾਹੁੰਦੀ।

ਪੇਟ ਦੀ ਭੁੱਖ ਦੀ ਪੂਰਤੀ ਤਾਂ ਮੰਗਵੇਂ ਟੁੱਕ ਨਾਲ ਵੀ ਹੋ ਜਾਂਦੀ। ਪਰ ਪਿਆਰ-ਪੂਰਤੀ ਲਈ ਰੂਹ ਦੇ ਦਰਾਂ 'ਤੇ ਨਤਮਸਤਕ ਹੋਣਾ ਪੈਂਦਾ ਜੋ ਅਸਾਨ ਨਹੀਂ ਹੁੰਦਾ।

ਮਾਂ ਨੂੰ ਭੁੱਖ ਨਹੀਂ ਲੱਗਦੀ ਜਦ ਉਸ ਕੋਲ ਰੋਟੀ ਦਾ ਇਕ ਟੁੱਕ ਹੋਵੇ ਅਤੇ ਉਸ ਦੇ ਦੋ ਜੁਆਕ ਰੋਟੀ ਲਈ ਵਿਲਕਦੇ ਹੋਣ। ਬੱਚਿਆਂ ਦੀ ਪੇਟ ਪੂਰਤੀ ਵਿਚੋਂ ਖੁਦ ਦਾ ਰੱਜ ਭਾਲਣ ਵਾਲੀ ਸਿਰਫ ਮਾਂ ਹੁੰਦੀ।

ਭੁੱਖ ਦੀ ਤਲਬ ਜਦ ਮਨ ਵਿਚ ਪੈਦਾ ਹੁੰਦੀ ਤਾਂ ਇਸ ਦੀ ਪ੍ਰਾਪਤੀ ਦਾ ਰਾਹ ਖੁਦ ਸਿਰਜਿਆ ਜਾਂਦਾ। ਇਹ ਰਿਜਕ, ਰੋਟੀ, ਰੂਹ, ਰੂਹਾਨੀਅਤ ਜਾਂ ਰੰਗਰੇਜ਼ਤਾ ਦੀ ਹੋਵੇ। ਤਲਬ ਦੀ ਤੀਖਣਤਾ 'ਤੇ ਨਿਰਭਰ ਕਰਦਾ ਹੈ ਇਸ ਦੀ ਪ੍ਰਾਪਤੀ, ਸੰਪੂਰਨਤਾ ਅਤੇ ਇਸ ਵਿਚੋਂ ਪੈਦਾ ਹੁੰਦੇ ਸੁਖਨ ਦਾ ਸਫਰ।

ਭੁੱਖ ਦੀ ਪੂਰਤੀ ਲਈ ਸੰਜਮ, ਸੰਤੋਖ ਅਤੇ ਸਬਰ-ਸਬੂਰੀ ਜਰੂਰੀ। ਪਰ ਭੋਖੜਾ, ਲਾਲਚ, ਬੇਸਬਰੀ, ਬੇਅਦਬੀ ਅਤੇ ਬਰਬਾਦੀ ਦਾ ਆਧਾਰ। ਅਜੋਕੇ ਸਮੇਂ ਵਿਚ ਲੋਕ ਭੁੱਖ ਨਹੀਂ, ਭੋਖੜੇ ਦਾ ਸ਼ਿਕਾਰ।

ਭੁੱਖ ਜਦ ਤ੍ਰਿਪਤੀ ਨਾਲ ਤ੍ਰਿਸ਼ਨਾ ਨੂੰ ਰੱਜ ਬਖਸ਼ਦੀ, ਥੋੜੇ ਵਿਚੋਂ ਬਹੁਤੇ ਦਾ ਅਨੰਦ ਮਾਣਦੀ ਅਤੇ ਸ਼ੁਕਰਗੁਜਾਰੀ ਵਿਚੋਂ ਸਾਹ-ਰਵਾਨਗੀ ਦਾ ਪੈਗਾਮ ਬਣਦੀ ਤਾਂ ਭੁੱਖ ਸਿਜਦੇ ਦਾ ਹੱਕ ਹਾਸਲ ਕਰਦੀ।

ਭੁੱਖ ਨੂੰ ਤਕਦੀਰ ਨਾਲ ਜੋੜਨਾ, ਬੇਹਿੰਮਤਿਆਂ ਦਾ ਬਹਾਨਾ। ਤਕਦੀਰ ਦੀ ਕਲਾ-ਨਿਕਾਸੀ ਹੱਥਾਂ ਦੀਆਂ ਰੇਖਾਵਾਂ ਨਾਲ ਕਰਨ ਵਾਲੇ ਜ਼ਿੰਦਗੀ ਨੂੰ ਸੇਧ, ਸੁਪਨਾ ਅਤੇ ਸੰਜੀਦਗੀ ਦਿੰਦੇ। ਕਿਰਤੀ ਹੱਥਾਂ ਨੂੰ ਲਕੀਰਾਂ ਪੜ੍ਹਨ ਦੀ ਜਾਚ ਆ ਜਾਵੇ ਤਾਂ ਸੋਚ-ਸਰਦਲ 'ਤੇ ਸਫਲਤਾ ਦੀ ਦਸਤਕ ਸਣਦੀ।

ਭੁੱਖ ਨੂੰ ਸਿਰਫ ਦੌਲਤ, ਸ਼ੁਹਰਤ ਦੀ ਬਾਂਦੀ ਨਾ ਬਣਾਓ। ਕਦੇ ਭੁੱਖ ਦੇ ਵਿਹੜੇ ਵਿਚ ਸੁਹਜ, ਸਲੀਕਾ, ਸਦਭਾਵਨਾ, ਸਹਿਯੋਗ, ਸਮਰਪਣ ਅਤੇ ਸੰਜੀਦਗੀ ਦਾ ਚਰਖਾ ਡਾਹੋ। ਇਨ੍ਹਾਂ ਦੇ ਲੰਮੇਰੇ ਤੰਦ ਕੱਤੋ ਅਤੇ ਰੰਗੀਲੇ ਧਾਗਿਆਂ ਨਾਲ ਸੋਚ ਫੁਲਕਾਰੀ 'ਤੇ ਬੂਟੀਆਂ ਪਾਓ, ਤੁਹਾਨੂੰ ਜੀਵਨ ਦਾ ਅਦਬ-ਓ-ਆਦਾਬ ਮਹਿਕਦਾ ਮਹਿਸੂਸ ਹੋਵੇਗਾ।

ਭੁੱਖ ਨੂੰ ਖੁਦ 'ਤੇ ਭਰੋਸਾ, ਸਿਰੜ ਤੇ ਸਿਦਕ ਦਿਲੀ ਨਾਲ ਬਾਂਦੀ ਬਣਾਓ। 'ਮਿਹਨਤ ਮੂਹਰੇ ਲੱਛਮੀ ਜਿਉਂ ਪੱਖੇ ਮੂਹਰੇ ਪੌਣ' ਅਖਾਣ ਦਾ ਸੱਚ ਜ਼ਿਹਨ ਵਿਚ ਵਸ ਜਾਵੇ ਤਾਂ ਹਿੰਮਤੀ ਪੈਂਡਿਆਂ ਨੂੰ ਵਰ ਮਿਲਦਾ।

ਭੁੱਖ ਦੀ ਪੂਰਤੀ ਲਈ ਸੁੱਤਿਆਂ ਹੀ ਰੇਤਲੇ ਸੁਪਨਈ ਮਹਿਲ ਨਾ ਉਸਾਰੋ। ਸਗੋਂ ਤੁਹਾਡੇ ਮਨ ਵਿਚ ਅਜਿਹੇ ਸੁਪਨਿਆਂ ਦੀ ਜਾਗ ਲੱਗਣੀ ਚਾਹੀਦੀ ਜੋ ਤੁਹਾਨੂੰ ਬੈਚੈਨ ਕਰੇ ਅਤੇ ਇਨ੍ਹਾਂ ਦੀ ਪੂਰਤੀ ਲਈ ਨੀਂਦ ਵਿਚ ਹੀ ਅਭੜਵਾਹੇ ਉਠਣ ਲਈ ਉਕਸਾਉਣ।

ਭੋਖੜੇ ਦੀ ਮਾਰ ਹੇਠ ਆ ਗਏ ਨੇ ਭਰਾ ਤੇ ਭਤੀਜੇ, ਰਿਸ਼ਤੇ ਤੇ ਰਹਿਬਰ, ਦੋਸਤੀਆਂ ਤੇ ਦਰਿਆ ਦਿਲੀਆਂ, ਸੋਚਾਂ ਤੇ ਸੁਪਨੇ, ਆਸਾਂ ਤੇ ਦੁਆਵਾਂ, ਚਾਅ ਤੇ ਦੁਲਾਰ, ਹਾਕ ਤੇ ਹੁੰਗਾਰਾ ਅਤੇ ਵਾਅਦਾ ਤੇ ਲਾਰਾ।

ਭੁੱਖ, ਭੁੱਖੀਆਂ ਰੂਹਾਂ ਦੀ ਭੁੱਖ ਵਧਾਵੇ, ਕਲਮ ਅੱਖਰ-ਬੋਧ ਲਈ ਤਰਲੇ ਪਾਵੇ, ਹਰਫਾਂ ਦੇ ਅਰਥਾਂ ਨੂੰ ਸੁਗੰਧਤ ਕਰਨ ਦਾ ਧਰਮ ਨਿਭਾਵੇ ਜਾਂ ਦੋਸਤੀਆਂ ਦਾ ਵਿਹੜਾ ਮੋਕਲਾ ਕਰ ਜਾਵੇ, ਖੁਦ ਦੇ ਵਿਸਥਾਰ ਦਾ ਫਰਜ਼ ਨਿਭਾਵੇ, ਮਨ ਦੇ ਦਿਸਹੱਦਿਆਂ ਨੂੰ ਵਿਸ਼ਾਲਤਾ ਦਾ ਪਹਿਰਾਵਾ ਪੁਆਵੇ ਜਾਂ ਤੁਹਾਡੀ ਸੋਚ ਦਾਇਰਿਆਂ ਨੂੰ ਦਿਆਲਤਾ ਦਾ ਪਾਠ ਪੜ੍ਹਾਵੇ ਤਾਂ ਭੁੱਖ, ਭੁੱਖ ਹੋਣ ਦਾ ਧਰਮ ਨਿਭਾਵੇ।

ਭੁੱਖ ਅਤੇ ਦੁੱਖ ਦੌਰਾਨ ਮਨੁੱਖ ਖੁਦ ਦੇ ਸਭ ਤੋਂ ਵੱਧ ਕਰੀਬ। ਇਸ 'ਚੋਂ ਹੀ ਹੁੰਦੀ ਆਪਣੇ ਤੇ ਪਰਾਏ ਦੀ ਪਛਾਣ ਅਤੇ ਖਰੇ ਤੋਂ ਖੋਟੇ ਵਿਚਲਾ ਅੰਤ। ਭੁੱਖ ਕਿਸੇ ਲਈ ਦੀਦਿਆਂ 'ਚ ਸਿੰਮਿਆ ਪਾਣੀ ਪਰ ਕਿਸੇ ਲਈ ਹਾਸੇ ਦਾ ਪਾਤਰ ਬਣਦੀ।

'ਭੁਖੇ ਮੁਲਾਂ ਘਰੇ ਮਸੀਤਿ' ਦੇ ਅਰਥ ਜੇ ਸਾਡੀ ਜੀਵਨ-ਸ਼ੈਲੀ ਦਾ ਹਿੱਸਾ ਬਣ ਜਾਣ ਤਾਂ ਭੁੱਖ ਦੇ ਅਸੀਮ ਅਤੇ ਸਾਰਥਕ ਅਰਥਾਂ ਦੀ ਸਮਝ ਆ ਜਾਂਦੀ।

ਭੁੱਖ ਜਦ ਜਿਸਮਾਂ ਦੀ ਮੁਥਾਜੀ ਦਾ ਰੂਪ ਹੰਢਾਵੇ ਤਾਂ ਅਪੂਰਤੀ ਦਾ ਅਹਿਸਾਸ ਤਾਅ ਉਮਰ ਹੰਢਾਵੇ, ਕਿਉਂਕਿ ਤ੍ਰਿਪਤੀ ਮਨ ਦੀ ਅਵਸਥਾ ਹੈ, ਮਨ ਦਾ ਟਿਕਾਅ ਹੈ ਅਤੇ ਇਸ ਟਿਕਾਅ ਵਿਚੋਂ ਹੀ ਜੀਵਨ ਨੂੰ ਸਾਰਥਕਤਾ ਦੀ ਤਹਿਜ਼ੀਬ ਦਾ ਪਹਿਲਾ ਵਰਕਾ ਬਣਾ ਸਕਦੇ ਹਾਂ।

ਭੁੱਖ ਜਦ ਗਿਆਨ ਦੀ ਲੱਗਦੀ ਤਾਂ ਗੌਤਮ ਮਹਿਲਾਂ ਨੂੰ ਤਿਆਗ, ਸਰੀਰਕ ਭੁੱਖ ਅਤੇ ਕਸ਼ਟਾਂ ਵਿਚੋਂ ਹੀ ਨਵੇਂ ਸੋਚ-ਸੰਦਰਭ ਦਾ ਜਨਮ ਦਾਤਾ ਬਣਦਾ, ਜਿਸ ਨੇ ਦੁਨੀਆਂ ਨੂੰ ਇਕ ਵੱਖਰੇ ਕੋਣ ਤੋਂ ਦੇਖਣ ਅਤੇ ਸਮਝਣ ਦਾ ਗੁਰ ਸਿਖਾਇਆ।

ਭੁੱਖ ਦੀ ਕੋਈ ਸੀਮਾ ਨਹੀਂ। ਅਸੀਮਤਾ ਵਿਚੋਂ ਸੀਮਤਾ ਨੂੰ ਪੂਰਨਾ ਅਤੇ ਇਸ ਵਿਚੋਂ ਸੰਪੂਰਨਤਾ ਦਾ ਭਾਵ ਮਨ ਦੀ ਸਮੁੱਚਤਾ ਵਿਚ ਉਪਜਾਉਣਾ ਹੀ ਭੁੱਖ ਦਾ ਸੁੱਚਮ।

ਭੁੱਖ, ਪ੍ਰਕਿਰਤੀ ਨੂੰ ਮਾਣਨ ਦੀ ਹੋਵੇ, ਚੜ੍ਹਦੇ ਸੂਰਜ ਦੀ ਲਾਲ ਟਿੱਕੀ ਅਤੇ ਡੁੱਬੇ ਸੂਰਜ ਦਾ ਸੰਧੂਰੀ ਰੰਗ ਨਾਲ ਪਿਲੱਤਣਾਂ ਰਾਹੀਂ ਗਹਿਰੇ ਰੰਗਾਂ ਵਿਚ ਸਿਮਟਣ ਦੇ ਕਾਰਜ ਨੂੰ ਦੇਖਣਾ ਹੋਵੇ, ਚੰਦਰਮਾ ਦਾ ਧਰਤ ਜੂਹ ਨੂੰ ਰੁਸ਼ਨਾਉਣਾ ਹੋਵੇ ਜਾਂ ਰੁਮਕਦੀ ਹਵਾ ਵਲੋਂ ਨਗਮਾ ਗੁਣਗੁਣਾਉਣਾ ਹੋਵੇ ਤਾਂ ਭੁੱਖ ਅਕੀਦਤਯੋਗ ਹੁੰਦੀ।

ਭੁੱਖ ਜਦ ਬਣਦੀ ਰੂਹ ਦਾ ਸਾਜ਼ ਤਾਂ ਤਰੰਗਾਂ ਛੇੜਦਾ ਜੀਵਨ-ਰਾਗ। ਭੁੱਖ ਦੇ ਪੈਰੀਂ ਪੱਗ ਜਾਂ ਧਰਦਾ ਤਾਂ ਬੰਦਾ ਖੁਦ ਦੀ ਮੌਤੇ ਮਰਦਾ। ਭੁੱਖ ਨੂੰ ਜਦ ਕੋਈ ਭਰੇ ਕਲਾਵੇ ਤਾਂ ਜਿੰਦ ਬਰੂਹੀਂ ਬਲਦੇ ਆਵੇ। ਭੁੱਖ ਜਦ ਪਿੰਡੇ ਦਾ ਕੱਜਣ ਬਣਦੀ ਤਾਂ ਸਾਹ-ਤਾਣੀ ਤੰਦੀ 'ਤੇ ਚੜ੍ਹਦੀ। ਭੁੱਖ ਦਾ ਪੀਹੜਾ ਜਾਂ ਵਿਹੜਾ ਮੱਲੇ ਤਾਂ ਖੂਹ-ਖਰਾਸੀਂ ਸੋਕਾ ਚੱਲੇ। ਸੱਚਾ ਜਦ ਕੋਈ ਸੂਲੀ ਚੜ੍ਹਦਾ ਤਾਂ ਸੋਚ-ਸੰਤਾਪ ਮਨ-ਮਸਤਕ ਵੜਦਾ।

ਭੁੱਖ ਦੀ ਪੂਰਤੀ ਲਈ ਪਰਦੇਸ ਦੀ ਮਿੱਟੀ ਵਿਚ ਖੁਦ ਨੂੰ ਬੀਜਣ ਵਾਲੇ ਆਖਰ ਨੂੰ ਅਫਸੋਸ ਪੱਲੇ ਬੰਨ ਤੁਰ ਜਾਂਦੇ ਕਿਉਂਕਿ ਇਕ ਦੀ ਪੂਰਤੀ ਨਾਲ ਬਹੁਤ ਕੁਝ ਗਵਾਚ ਜਾਂਦਾ, ਜੋ ਸਾਡੀ ਪਛਾਣ ਹੁੰਦਾ। ਪਛਾਣ ਗਵਾਚੀ ਤੋਂ ਬਾਅਦ ਹਯਾਤੀ ਦੇ ਕੋਈ ਅਰਥ ਨਹੀਂ ਹੁੰਦੇ। ਇਹ ਪਛਾਣ, ਬੋਲੀ, ਵਿਰਸਾ, ਧਰਮ ਅਕੀਦਾ, ਪਹਿਰਾਵਾ, ਜੀਵਨਸ਼ੈਲੀ ਆਦਿ ਬਹੁਤ ਸਾਰੇ ਸਰੋਕਾਰਾਂ ਨਾਲ ਜੋ ਜੁੜੀ ਹੁੰਦੀ।

ਭੁੱਖ-ਭਗਤੀ ਵਿਚੋਂ ਖੁਦ ਨੂੰ ਪਛਾਣਨ, ਨਵੀਆਂ ਰਾਹਾਂ ਦੀ ਨਿਸ਼ਾਨਦੇਹੀ ਕਰਨ ਅਤੇ ਨਿਵੇਕਲੇ ਦਿਸਹੱਦਿਆਂ ਦੇ ਸਿਰਜਕਾਂ ਨੂੰ ਕਲਮ ਦਾ ਸਲਾਮ।

###

**ਭੋਖੜਾ-ਪੂਰਤੀ ਵਿਚੋਂ ਸਮਾਜਕ ਰੁਤਬਾ ਪਛਾਣਨ ਵਾਲੇ ਲੋਕ, ਸਮਾਜ 'ਤੇ ਕਲੰਕ। ਅੱਜ ਕੱਲ ਲੋਕ ਭੁੱਖੇ ਰਹਿ ਕੇ ਉਨੇ ਨਹੀਂ ਮਰਦੇ, ਜਿੰਨੇ ਜ਼ਿਆਦਾ ਖਾ, ਸਰੀਰਕ ਅਲਾਮਤਾਂ ਦਾ ਸ਼ਿਕਾਰ ਹੋ ਆਪਣੀ ਅਰਥੀ ਨੂੰ ਮੋਢਿਆਂ 'ਤੇ ਚੁੱਕੀ ਫਿਰਦੇ ਨੇ। ਕਿਸੇ ਕਰੀਬੀ ਦਾ ਕਿਹਾ, "ਜਦ ਪੀਣ ਜਾਂ ਖਾਣ ਨੂੰ ਬਹੁਤ ਮਨ ਕਰਦਾ ਸੀ, ਉਸ ਵੇਲੇ ਪੀਣ ਜਾਂ ਖਾਣ ਲਈ ਬਹੁਤ ਹੀ ਸੀਮਤ ਸਾਧਨ ਸਨ। ਹੁਣ ਸਭ ਕੁਝ ਹੈ ਪਰ ਡਾਕਟਰ ਹੀ ਖਾਣ/ਪੀਣ ਨਹੀਂ ਦਿੰਦੇ।" ਸੋਚ ਵਿਚਲੀ ਇਹ ਤ੍ਰਾਸਦੀ ਖੁਦ ਨਾਲੋਂ ਟੁੱਟੇ ਉਸ ਮਨੁੱਖ ਦੀ ਹੈ ਜੋ ਮਨ ਦੇ ਰੱਜ ਤੋਂ ਊਣਾ ਹੈ। ਅਜੋਕੇ ਦੰਭੀ ਰੁਤਬੇ ਸਿਰਫ ਭੋਖੜੇ ਦਾ ਪ੍ਰਗਟਾਵਾ। ਜਦ ਘਰਾਂ, ਕਾਰਾਂ, ਜਾਇਦਾਦਾਂ ਦੀ ਗਿਣਤੀ ਰੁਤਬੇ ਦਾ ਮਾਪਦੰਡ ਬਣ ਜਾਵੇ ਤਾਂ ਰੁਤਬੇ ਹੀਣੇ ਹੋ ਜਾਂਦੇ। ਸਿਰ ਦੀ ਛੱਤ ਲਈ ਘਰਾਂ ਦੀ ਗਿਣਤੀ ਦੀ ਲੋੜ ਨਹੀਂ ਹੁੰਦੀ।**

## ਅਰਦਾਸ

ਬਚਪਨ ਜਵਾਨੀ 'ਚ ਭੁੱਲਿਆ, ਨਾ ਕਦੇ ਚੇਤਾ ਤੇਰਾ ਆਇਆ।
ਵਿਚ ਗ੍ਰਿਹਿਸਥੀ ਪਾਪਾਂ ਪੁੰਨਾਂ, ਬਹੁਤ ਹੀ ਆ ਘੇਰਾ ਪਾਇਆ।
ਕਦੀ ਕਦੀ ਆਣ ਦੁੱਖਾਂ ਨੇ, ਜ਼ਿੰਦਗੀ ਵਿਚ ਵੀ ਧਮਕਾਇਆ।
ਪਰ ਮੰਝਧਾਰ ਵਿਚ ਫਸੇ ਨੂੰ, ਨਹੀਂ ਬਹੁੜ ਕਿਸੇ ਛੁਡਾਇਆ।

ਕਰਦਾ ਹਾਂ ਅਰਦਾਸ ਦਾਤਿਆ, ਵਿਚ ਚਰਨਾਂ ਝੁਕ ਕੇ ਤੇਰੇ।
ਬਖਸ਼ ਲਵੀਂ ਮਾੜੇ ਕਰਮਾਂ ਤੋਂ, ਮਾਫ ਕਰੀਂ ਸਭ ਗੁਨਾਹ ਮੇਰੇ।
ਜਨਮਾਂ ਦਾ ਪਾਪੀ ਭੁੱਲਣਹਾਰਾ, ਆਣ ਡਿੱਗਾ ਅੱਜ ਦਰ ਤੇਰੇ।
ਚੁੱਕ ਕੇ ਮੈਨੂੰ ਗਲੇ ਲਾ ਲੈ, ਕਿਤੇ ਪੈ ਜਾਏ ਠੰਡ ਕਾਲਜੇ ਮੇਰੇ।

ਪੜ੍ਹ-ਲਿਖ ਚੰਗੇ ਇਨਸਾਨ ਬਣਨ, ਨਾ ਹੋਵਣ ਝਗੜੇ-ਝੇੜੇ।
ਕਰਨ ਤਰੱਕੀਆਂ ਦਿਨ ਰਾਤ, ਹੋਵਣ ਘਰ ਖੁਸ਼ੀਆਂ ਤੇ ਖੇੜੇ।
ਪਰਿਵਾਰ ਵਸੇ ਸਦਾ ਸੁਖ ਅੰਦਰ, ਦੁੱਖ ਨਾ ਆਵੇ ਕੋਈ ਨੇੜੇ।
ਚੰਗੇ ਕਰਮ ਕਰਨ ਜੱਗ ਅੰਦਰ, ਪਾਰ ਹੋਣ ਫਿਰ ਸਭ ਬੇੜੇ।

ਕੰਗਣ ਕਾਇਆ ਭਰ ਜੀਵਨ, ਅੰਨ ਜਲ ਭੀ ਬਹੁਤਾ ਦੇਹ।
ਮੁਥਾਜ ਨਾ ਕਰੀਂ ਦਾਤਿਆ, ਚੁੱਕ ਸਰੀਰ ਤੂੰ ਪਹਿਲਾਂ ਲੇਹ।
ਨਾ ਹੱਥ ਅੱਡਣਾ ਪਵੇ ਕਿਸੇ ਅੱਗੇ, ਪੂੰਜੀ ਬੱਸ ਇੰਨੀ ਕੁ ਦੇਹ।
ਜੀਂਦਿਆਂ ਤਪਾਏ ਅੱਗ ਵਾਂਗੂੰ, ਮੋਇਆਂ ਨਾਲ ਨਾ ਜਾਵੇ ਏਹ।

ਦਿਲਾਂ ਦੀ ਤੂੰ ਜਾਣੇ ਮਾਲਕਾ, ਕੁਝ ਨਹੀਂ ਤੈਥੋਂ ਹੈ ਲੁਕਿਆ।
ਚੁੱਕ ਲਵੀਂ ਢਹਿਣ ਤੋਂ ਪਹਿਲੇ, ਜਾਵੇ ਨਾ ਕਿਸੇ ਤੋਂ ਚੁੱਕਿਆ।
ਆਰੀ ਨਾ ਕਰੀਂ ਅੰਗ ਤੋਂ, ਸਾਹ ਸਤ ਜਾਂਦਾ ਹੈ ਸੁੱਕਿਆ।
ਮਤਾਂ ਬੁੱਧਹੀਣ ਕਰੀਂ ਤੂੰ, ਚੰਗਾ ਹਾਂ ਪਹਿਲਾਂ ਹੀ ਮੁੱਕਿਆ।

ਵਾਚਦਾਂ ਉਪਰ ਜੋ ਲਿਖਿਆ, ਅਰਦਾਸ ਨਹੀਂ ਖੁਦਗਰਜ਼ੀ ਹੈ।
ਬੇਵੱਸ ਤੇ ਲਾਚਾਰ ਹੋਵਾਂਗਾ, ਚਲਣੀ ਤਾਂ ਫਿਰ ਤੇਰੀ ਮਰਜ਼ੀ ਹੈ।
ਢੁੱਕਿਆ ਨੇੜੇ ਬੁਢਾਪਾ ਤੱਕ ਕੇ, ਪਾਈ ਅਗਾਊਂ ਤਾਂ ਅਰਜ਼ੀ ਹੈ।
ਮੇਰੇ ਨੇ ਸਭ ਖਿਆਲੀ ਪਲਾਓ, ਪਰ ਦੁਨੀਆਂ ਲੱਗੇ ਫਰਜ਼ੀ ਹੈ।

ਤੇਰੀਆਂ ਲਿਖੀਆਂ ਤੂੰ ਹੀ ਜਾਣੇ, ਜੱਗ ਰਹੇ ਸਦਾ ਘੁੱਗ ਵਸਦਾ।
ਮਜ਼੍ਹਬਾਂ ਨੂੰ ਪਿਆਰ ਸਿਖਾ ਦੇ, ਜਿਥੇ ਜਾਂਦਾ ਇਨਸਾਨ ਹੈ ਫਸਦਾ।
ਜੰਗਾਂ ਦੀ ਤੂੰ ਅਲਖ ਮੁਕਾ ਦੇ, ਨਫਰਤ ਜਾਏ ਪਤਾਲੀਂ ਧਸਦਾ।
ਭਾਵੇਂ ਬੰਦਾ ਪਹੁੰਚੇ ਮੰਗਲ ਉਤੇ, ਉਥੇ ਵੀ ਵਸੇ ਹੱਸਦਾ ਰੱਸਦਾ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

# ਖ਼ੂਬ ਭਰਵਾਂ ਰਿਹਾ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਮੇਲਾ

**ਸ਼ਿਕਾਗੋ (ਬਿਊਰੋ):** ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਵਲੋਂ ਲੰਘੀ 8 ਜੁਲਾਈ ਨੂੰ ਇਥੇ ਕਰਵਾਏ ਗਏ ਖੇਡ ਤੇ ਸਭਿਆਚਾਰਕ ਮੇਲੇ ਦੌਰਾਨ ਜਿਥੇ ਕਬੱਡੀ ਤੇ ਵਾਲੀਬਾਲ ਦੇ ਮੁਕਾਬਲੇ ਹੋਏ, ਉਥੇ ਵਾਰਸ ਭਰਾਵਾਂ-ਮਨਮੋਹਨ ਵਾਰਸ, ਕਮਲ ਹੀਰ ਤੇ ਸੰਗਤਾਰ ਨੇ ਗਾਇਕੀ ਦਾ ਪਿੜ ਬੰਨ ਕੇ ਦਰਸ਼ਕਾਂ/ਸਰੋਤਿਆਂ ਦਾ ਖ਼ੂਬ ਮਨੋਰੰਜਨ ਕੀਤਾ।

ਮੇਲਾ ਸਿਆਸੀ ਆਗੂਆਂ ਲਈ ਵੀ ਇਕ ਚੰਗਾ ਜੋੜਮੇਲਾ ਸਾਬਤ ਹੋਇਆ। ਮੇਲੇ ਵਿਚ ਜਿਥੇ ਇਲੀਨਾਏ ਸਟੇਟ ਦੇ ਗਵਰਨਰ ਬਰੂਸ ਰਨਰ, ਸੈਕਟਰੀ ਆਫ ਸਟੇਟ ਜੈਸੀ ਵ੍ਹਾਈਟ ਅਤੇ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਪਹੁੰਚੇ, ਉਥੇ ਪੰਜਾਬ ਤੋਂ ਅਕਾਲੀ ਦਲ (ਬਾਦਲ) ਦੇ ਲਹਿਰਾਗਾਗਾ ਹਲਕੇ ਤੋਂ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਅਤੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਵੀ ਪਹੁੰਚੇ। ਸ਼ਿਕਾਗੋ ਵਿਚ ਭਾਰਤੀ ਕੌਂਸਲੇਟ ਨੀਤਾ ਭੂਸ਼ਨ ਵੀ ਮੇਲੇ ਵਿਚ ਹਾਜ਼ਰੀ ਭਰਨ ਪਹੁੰਚੇ ਹੋਏ ਸਨ।



ਜਿੱਥੋਂ ਤੱਕ ਮੇਲੇ ਵਿਚ ਹਾਜ਼ਰੀ ਦਾ ਸਵਾਲ ਹੈ, ਮੇਲਾ ਸੱਚਮੁੱਚ ਹੀ ਭਰਵਾਂ ਸੀ ਜਿਸ ਦਾ ਸਬੂਤ ਪਾਰਕਿੰਗ ਲਾਟ ਦੇ ਰਿਹਾ ਸੀ ਜਿਥੇ ਕਿਤੇ ਜੇ ਕਹੀਏ ਕਿ ਕਿਤੇ ਤਿਲ ਧਰਨ ਨੂੰ ਥਾਂ ਨਹੀਂ ਸੀ ਤਾਂ ਇਸ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ। ਕਈ ਦਰਸ਼ਕਾਂ ਦਾ ਖਿਆਲ ਸੀ ਕਿ ਸ਼ਿਕਾਗੋ ਵਿਚ ਹੁਣ ਤੱਕ ਹੋਏ ਅਜਿਹੇ ਮੇਲਿਆਂ ਦੇ ਮੁਕਾਬਲੇ ਇਸ ਵਾਰ ਹਾਜ਼ਰੀ ਕਿਤੇ ਵੱਧ ਸੀ। ਉਂਜ ਕਈ ਦਰਸ਼ਕ ਇਹ ਵੀ ਕਹਿ ਰਹੇ ਸਨ ਕਿ ਕਿਹਾ ਨਹੀਂ ਜਾ ਸਕਦਾ, ਮੇਲਾ ਕਬੱਡੀ ਕਰਕੇ ਇੰਨਾ ਭਰਵਾਂ ਹੈ ਜਾਂ ਵਾਰਸ ਭਰਾਵਾਂ ਦੇ 'ਪੰਜਾਬੀ ਵਿਰਸੇ' ਕਰ ਕੇ ਜਾਂ ਸਿਆਸੀ ਆਗੂਆਂ ਕਰ ਕੇ!

ਕਬੱਡੀ ਮੁਕਾਬਲਿਆਂ ਵਿਚ ਕੁਲ ਚਾਰ ਟੀਮਾਂ ਸ਼ਾਮਲ ਹੋਈਆਂ-ਮਿਡਵੈਸਟ ਸਪੋਰਟਸ ਕੱਲਬ ਸ਼ਿਕਾਗੋ, ਸਪੋਰਟਸ ਕਲੱਬ ਸਿਆਟਲ, ਪੀ. ਐਸ. ਸੀ. ਮਿਲਵਾਕੀ ਅਤੇ ਸ਼ਹੀਦ ਬਾਬਾ ਨਿਹਾਲ ਸਿੰਘ ਤੱਲ੍ਹਣ (ਸ਼ਿਕਾਗੋ)। ਮੁਕਾਬਲਿਆਂ ਵਿਚ ਸਾਰੀਆਂ ਟੀਮਾਂ ਇਕ ਦੂਜੇ ਨਾਲ ਭਿੜੀਆਂ। ਫਾਈਨਲ ਮੈਚ ਮਿਡਵੈਸਟ ਸਪੋਰਟਸ ਕਲੱਬ ਤੇ ਸਪੋਰਟਸ ਕਲੱਬ ਸਿਆਟਲ ਵਿਚਾਲੇ ਹੋਇਆ। ਫਾਈਨਲ ਵਿਚ ਸਪੋਰਟਸ ਕਲੱਬ ਸਿਆਟਲ (ਬਰੈਟੀ ਗਿੱਲ ਤੇ ਸੰਦੀਪ ਦੀ ਟੀਮ) ਨੇ ਇਕ ਜ਼ਬਰਦਸਤ ਮੁਕਾਬਲੇ ਵਿਚ ਮਿਡਵੈਸਟ ਸਪੋਰਟਸ ਕਲੱਬ ਨੂੰ 31 ਦੇ ਮੁਕਾਬਲੇ 37 ਅੰਕਾਂ ਨਾਲ ਹਰਾ ਕੇ ਟਰਾਫੀ ਅਤੇ ਪਹਿਲੇ ਇਨਾਮ 'ਤੇ ਕਬਜਾ ਕਰ ਲਿਆ। ਬੈਸਟ ਰੇਡਰ ਰੇਸ਼ਮ ਜਾਮਾਰਾਏ ਤੇ ਬੈਸਟ ਸਟਾਪਰ ਸੁੱਖਾ ਭੰਡਾਲ ਐਲਾਨੇ ਗਏ।



ਕਬੱਡੀ ਦਾ ਪਹਿਲਾ ਇਨਾਮ ਮਿਲਵਾਕੀ ਤੋਂ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ ਨੇ ਆਪਣੇ ਪਿਤਾ ਸੂਬੇਦਾਰ ਕਰਤਾਰ ਸਿੰਘ ਦੀ ਯਾਦ ਵਿਚ ਦਿੱਤਾ ਜਦੋਂਕਿ ਦੂਜੇ ਇਨਾਮ ਦੇ ਸਪਾਂਸਰ ਇੰਡੀਆਨਾ ਤੋਂ ਹੈਰੀ ਘੁਮਾਣ ਤੇ ਅਮਰਵੀਰ ਘੁਮਾਣ ਸਨ।

ਸਪੋਰਟਸ ਕਲੱਬ ਸਿਆਟਲ ਦੇ ਰੇਡਰਾਂ ਸੰਦੀਪ ਸੁਰਖਪੁਰੀਆ, ਬੱਲੀ ਸਮਸੱਤਪੁਰ ਤੇ ਰੇਸ਼ਮ ਨੇ ਵਧੀਆ ਧਾਵੀ ਬਣ ਕੇ ਆਪਣੀ ਟੀਮ ਲਈ ਅੰਕ ਹਾਸਿਲ ਕੀਤੇ। ਟੀਮ ਦੇ ਜਾਫੀਆਂ-ਪਾਲਾ ਜਲਾਲਪੁਰੀਆ, ਸੁੱਖਾ ਭੰਡਾਲ ਤੇ ਹਰਜਿੰਦਰ ਨੇ ਕਈ ਜ਼ੋਰਦਾਰ ਜੱਫੇ ਲਾ ਕੇ ਦਰਸ਼ਕਾਂ ਤੋਂ ਧਨ ਧਨ ਕਰਵਾਈ।

ਮਿਡਵੈਸਟ ਦੀ ਟੀਮ ਵਲੋਂ ਧਾਵੀਆਂ-ਡਿੰਪੀ, ਜੱਸਾ ਪਰਸਰਾਮਪੁਰੀਆ, ਜੱਗਾ ਰੰਧਾਵਾ ਤੇ ਜਾਫੀ ਜਹਾਜ, ਰੂਬੀ ਹਰਖੋਵਾਲ, ਨਵੀ ਜੌਹਲ ਤੇ ਜਿੰਦਰ ਪਾਤੜਾਂ ਨੇ ਵੀ ਵਧੀਆ ਰੇਡ ਪਾਏ ਅਤੇ ਦਰਸ਼ਕਾਂ ਤੋਂ ਵਾਹ ਵਾਹ ਵੀ ਚੰਗੀ ਖੱਟੀ ਪਰ ਅੱਡੀ ਚੋਟੀ ਦਾ ਜੋਰ ਲਾ ਕੇ ਵੀ ਆਪਣੀ ਟੀਮ ਨੂੰ ਜਿੱਤਾ ਨਾ ਸਕੇ।




ਮੁਕਾਬਲਿਆਂ ਦੌਰਾਨ ਕੁਝ ਕਾਂਟੇ ਦੇ ਭੇੜ ਵੀ ਹੋਏ। ਗੁਰਮੀਤ ਤੇ ਜਲਾਲਪੁਰੀਏ ਵਿਚ ਫਸਵੀਂ ਟੱਕਰ ਰਹੀ ਪਰ ਜਿੱਤ ਗੁਰਮੀਤ ਦੇ ਹਿੱਸੇ ਆਈ। ਵਿੱਕੀ ਤੇ ਜਿੰਦਰ ਦੇ ਪੰਜੇ ਫਸੇ ਪਰ ਬਾਜੀ ਜਿੰਦਰ ਮਾਰ ਗਿਆ। ਰੇਡਰ ਦਲਜੀਤ ਨੇ ਜਾਫੀ ਨੂੰ ਮੋਢਿਆਂ 'ਤੇ ਚੁਕ ਕੇ ਲਾਈਨ ਪਾਰ ਕਰ ਕੇ ਅੰਕ ਹਾਸਿਲ ਕੀਤਾ ਤਾਂ ਦਰਸਕਾਂ ਨੇ ਖੜੇ ਹੋ ਕੇ ਦਲਜੀਤ ਦੇ ਇਸ ਮਾਅਰਕੇ ਦਾ ਪੂਰਾ ਮੁੱਲ ਪਾਇਆ। ਵੇਸੇ ਵੀ ਦਰਸ਼ਕਾਂ ਨੇ ਖਿਡਾਰੀਆਂ ਦੇ ਹਰ ਵਧੀਆ ਰੇਡ ਅਤੇ ਜੱਫੇ 'ਤੇ ਡਾਲਰਾਂ ਦਾ ਇਨਾਮ ਦੇ ਕੇ ਉਨ੍ਹਾਂ ਦੀ ਪੂਰੀ ਹੌਸਲਾ ਹਫਜਾਈ ਕੀਤੀ।



ਟੂਰਨਾਮੈਂਟ ਵਿਚ ਹੋਰ ਵਧੀਆ ਖੇਡ ਦਿਖਾਉਣ ਵਾਲੇ ਖਿਡਾਰੀ ਸਨ-ਸੋਹਣਾ, ਗੁਰਮੀਤ, ਜੇ. ਪੀ., ਤੱਲਣ, ਰਾਜਾ, ਦੀਪਾ, ਬਿੱਲਾ ਦਿਆਲਪੁਰੀਆ, ਅਨੰਦ ਮਾਣਾਵਾਲਾ, ਵਿਕੀ ਘਨੌਰ, ਬੱਲੀ ਅਤੇ ਡਿੰਪੀ।

ਰੈਫਰੀ ਸਨ-ਕੋਚ ਦਵਿੰਦਰ ਤੇ ਮਦਨ (ਇੰਡੀਆ), ਰਾਜਾ ਤੱਲਣ (ਸ਼ਿਕਾਗੋ), ਦਿਲਬਾਗ ਸਿੰਘ ਹੋਠੀ ਅਤੇ ਰਾਣਾ ਭੰਡਾਲ। ਅੰਕ ਲਿਖਣ ਦੀ ਜਿੰਮੇਵਾਰੀ ਰਘਵਿੰਦਰ ਸਿੰਘ ਮਾਹਲ ਨੇ ਪੂਰੀ ਕੀਤੀ। ਕੁਮੈਂਟਰੀ ਰਾਹੀਂ ਮੈਚਾਂ ਦਾ ਅਨੰਦ ਵਧਾਉਣ ਦੀ ਭੂਮਿਕਾ ਮੱਖਣ ਅਲੀ ਨੇ ਨਿਭਾਈ।

ਵਾਲੀਬਾਲ ਮੁਕਾਬਲੇ ਪੰਜ ਟੀਮਾਂ-ਸ਼ਿਕਾਗੋ ਏ, ਸ਼ਿਕਾਗੋ ਬੀ, ਮਿਲਵਾਕੀ ਏ, ਮਿਲਵਾਕੀ ਬੀ ਅਤੇ ਸਾਊਥ ਇੰਡੀਅਨ ਖਿਡਾਰੀਆਂ ਨਾਲ ਸੱਜੀ ਟੀਮ 'ਨਾਗ' ਵਿਚਾਲੇ ਹੋਏ। ਵਾਲੀਵਾਲ ਦੇ ਮੈਚ ਵੀ ਕਾਫੀ ਦਿਲਚਸਪ ਤੇ ਰੌਚਕ ਰਹੇ। ਕਈ ਨਤੀਜੇ ਥੋੜੇ ਅੰਤਰ ਦੀ ਜਿੱਤ ਹਾਰ ਵਾਲੇ ਸਨ। ਸ਼ਿਕਾਗੋ ਏ ਦੀ ਟੀਮ ਪਹਿਲੇ ਨੰਬਰ ਅਤੇ ਸ਼ਿਕਾਗੋ ਬੀ ਦੂਜੇ ਨੰਬਰ 'ਤੇ ਰਹੀ। ਵਾਲੀਬਾਲ ਮੈਚਾਂ ਵਿਚ ਸੋਲਵਾਨ, ਪਰਦੀਪ ਸੰਘੇੜਾ, ਟੀ. ਫੀਲੈਕਸ, ਅਲੀ ਰਜਾ, ਸਾਨ ਕੇ, ਸੰਨੀ ਤੇ ਸ਼ਵਾਨ ਨੇ ਵਧੀਆ ਖੇਡ ਦਿਖਾਈ।

ਮੇਲੇ ਦੀ ਸ਼ੁਰੂਆਤ ਸ਼ਿਕਾਗੋ ਦੀ ਧਾਰਮਿਕ ਸ਼ਖਸੀਅਤ ਬਾਬਾ ਦਲਜੀਤ ਸਿੰਘ ਵਲੋਂ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਉਪਰੰਤ ਗੁਰਚਰਨ ਸਿੰਘ ਜੱਜ, ਨਿਰਮਲ ਸਿੰਘ ਸਿੱਘਾ ਤੇ ਹਰਕ੍ਰਿਸ਼ਨ ਸਿੰਘ ਭੱਟੀ ਨੇ ਸਾਂਝੇ ਤੌਰ 'ਤੇ ਗੁਬਾਰੇ ਛੱਡ ਕੇ ਕੀਤੀ।

ਪੰਜਾਬ ਤੋਂ ਆਏ ਅਕਾਲੀ ਦਲ (ਬਾਦਲ) ਦੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਇਸ ਗੱਲ 'ਤੇ ਖੁਸ਼ੀ ਜਾਹਰ ਕੀਤੀ ਕਿ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਵੀ ਆਪਣੀ ਮਾਂ ਖੇਡ ਕਬੱਡੀ ਦਾ ਝੰਡਾ ਬੁਲੰਦ ਰੱਖਿਆ ਹੋਇਆ ਹੈ ਅਤੇ ਆਪਣੇ ਸਭਿਆਚਾਰ ਨੂੰ ਸੰਭਾਲਿਆ ਹੀ ਨਹੀਂ ਸਗੋਂ ਹੋਰ ਭਾਈਚਾਰਿਆਂ ਨੂੰ ਵੀ ਇਸ ਨਾਲ ਜੋੜਨ ਦਾ ਉਪਰਾਲਾ ਕੀਤਾ ਹੈ।

ਇਲੀਨਾਏ ਸਟੇਟ ਦੇ ਗਵਰਨਰ ਬਰੂਸ ਰਨਰ ਨੇ ਆਪਣੀ ਤਕਰੀਰ ਸ਼ੁਰੂ ਕਰਦਿਆਂ ਪੰਜਾਬੀ ਵਿਚ ਕਿਹਾ, "ਕੀ ਗੱਲ ਹੈ ਯਾਰਾ!" ਉਨ੍ਹਾਂ ਕਿਹਾ ਕਿ ਪੰਜਾਬੀ ਭਾਈਚਾਰੇ ਨੇ ਇਲੀਨਾਏ ਵਿਚ ਹੀ ਨਹੀਂ ਸਗੋਂ ਪੂਰੇ ਅਮਰੀਕਾ ਵਿਚ ਕਾਬਿਲ-ਏ-ਤਾਰੀਫ ਤਰੱਕੀ ਕੀਤੀ ਹੈ। ਪੰਜਾਬੀਆਂ ਨੇ ਪੜ੍ਹਾਈ, ਬਿਜਨਸ, ਖੇਡਾਂ, ਲਾਅ, ਮੈਡੀਕਲ-ਹਰ ਖੇਤਰ ਵਿਚ ਖ਼ੂਬ ਮੱਲਾਂ ਮਾਰੀਆਂ ਹਨ।



ਗਵਰਨਰ ਨੇ ਖਿਡਾਰੀਆਂ ਨਾਲ ਵੀ ਮੁਲਾਕਾਤ ਕੀਤੀ। ਹਰ ਟੈਂਟ ਵਿਚ ਜਾ ਕੇ ਦਰਸ਼ਕਾਂ ਨਾਲ ਹੱਥ ਮਿਲਾਇਆ ਤੇ ਫੋਟੋਆਂ ਖਿਚਵਾਈਆਂ। ਕਿਸੇ ਦਰਸ਼ਕ ਦੀ ਟਿੱਪਣੀ ਸੀ, ਬਈ ਗਵਰਨਰ ਕਬੱਡੀ ਦੇਖਣ ਹੀ ਨਹੀਂ ਆਇਆ, ਉਹ ਤਾਂ ਗਵਰਨਰ ਦੀ ਦੂਜੀ ਟਰਮ ਦੀ ਚੋਣ ਵਾਸਤੇ ਵੋਟਾਂ ਪੱਕੀਆਂ ਕਰਨ ਲਈ ਆਇਆ ਹੈ। ਜ਼ਿਕਰਯੋਗ ਹੈ ਕਿ ਵੋਟਾਂ ਨਵੰਬਰ ਵਿਚ ਹਨ ਤੇ ਇਸ ਵਾਰ ਗਵਰਨਰ ਲਈ ਮੁਕਾਬਲਾ ਵੀ ਸਖਤ ਹੈ।



***ਕਲੱਬ ਪ੍ਰਧਾਨ ਗੁਰਮੀਤ ਸਿੰਘ ਭੋਲਾ***

ਸ਼ਿਕਾਗੋ ਵਿਚ ਭਾਰਤੀ ਕੌਂਸਲੇਟ ਨੀਤਾ ਭੂਸ਼ਨ ਨੇ ਕਿਹਾ ਕਿ ਮੈਨੂੰ ਕਬੱਡੀ ਮੈਚ ਦੇਖ ਕੇ ਬਹੁਤ ਚੰਗਾ ਲੱਗਾ। ਪੰਜਾਬੀ ਤੋਂ ਇਲਾਵਾ ਇਥੇ ਹਰ ਭਾਈਚਾਰੇ ਦੇ ਲੋਕ ਹਨ। ਅਜਿਹੇ ਪ੍ਰੋਗਰਾਮ ਹੁੰਦੇ ਰਹਿਣੇ ਚਾਹੀਦੇ ਹਨ।

ਸੈਕਟਰੀ ਆਫ ਸਟੇਟ ਜੈਸੀ ਵ੍ਹਾਈਟ ਵੀ ਮੇਲੇ ਵਿਚ ਟਮਬਲਰ ਜਿਮਨਾਸਟਿਕ (ਟਮਬਲਿੰਗ) ਦੀ ਟੀਮ ਲੈ ਕੇ ਹਾਜ਼ਰ ਹੋਏ, ਜਿਸ ਦੀ ਮੁੰਡਿਆਂ ਤੇ ਕੁੜੀਆਂ ਦੀ 18 ਮੈਂਬਰੀ ਟੀਮ ਨੇ ਜਿਮਨਾਸਟਿਕਸ ਦੇ ਲੌਂਗ ਜੰਪ, ਹਾਈ ਜੰਪ ਦੀ ਤਰਜ਼ 'ਤੇ ਅਦਭੁਤ ਕਰਤਬ ਦਿਖਾ ਕੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ ਤੇ ਖ਼ੂਬ ਤਾਲੀਆਂ ਲੁਟੀਆਂ। ਜੈਸੀ ਵ੍ਹਾਈਟ ਨੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਦਰਸਕਾਂ ਨਾਲ ਸਤਿ ਸ੍ਰੀ ਅਕਾਲ ਸਾਂਝੀ ਕਰਨ ਪਿੱਛੋਂ ਕਿਹਾ ਕਿ ਉਹ ਸਿੱਖ ਭਾਈਚਾਰੇ ਤੋਂ ਬਹੁਤ ਪ੍ਰਭਾਵਿਤ ਹਨ। ਉਨ੍ਹਾਂ ਦੀ ਪੰਜਾਬੀਆਂ ਨਾਲ ਬਹੁਤ ਪੁਰਾਣੀ ਸਾਂਝ ਹੈ। ਉਹ ਕਾਫੀ ਅਰਸੇ ਤੋਂ ਮੇਲਿਆਂ ਵਿਚ ਆ ਰਹੇ ਹਨ ਅਤੇ ਅਜਿਹੇ ਮੇਲੇ ਆਪਣੇ ਸਭਿਆਚਾਰ ਨੂੰ ਜਿਉਂਦੇ ਰੱਖਣ ਲਈ ਬਹੁਤ ਜ਼ਰੂਰੀ ਹਨ।

ਜੱਜ ਦੀ ਚੋਣ ਲੜ ਰਹੀ ਕੇਤਕੀ ਸਟੀਫਨ



ਦੇ ਮੈਦਾਨ ਦੇ ਆਲੇ ਦੁਆਲੇ ਲੱਗੇ ਬੈਨਰ ਦਰਸ਼ਕਾਂ ਦਾ ਧਿਆਨ ਖਿੱਚ ਰਹੇ ਸਨ।

ਮੇਲੇ ਦੇ ਸਭਿਆਚਰਕ ਦੌਰ ਦੀ ਸ਼ੁਰੂਆਤ ਸਥਾਨਕ ਗਾਇਕ ਜੱਸੀ ਸਿੰਘ ਨੇ ਗੀਤ 'ਸ਼ਹਿਰੋਂ ਬੋਤਲਾਂ ਲਾਇਆ, ਗੱਲ ਖੁਸ਼ੀ ਦੀ ਬੜੀ' ਨਾਲ ਕੀਤੀ ਜਿਸ ਉਪਰੰਤ ਇਕ ਹੋਰ ਸਥਾਨਕ ਗਾਇਕ ਮਨਦੀਪ ਮੈਂਡੀ ਸਿੰਘ ਨੇ ਬਾਬਾ ਬੰਦਾ ਸਿੰਘ

***(ਬਾਕੀ ਅਗਲੇ ਸਫੇ 'ਤੇ)***



***ਇਲੀਨਾਏ ਦੇ ਗਵਰਨਰ ਬਰੂਸ ਰਨਰ ਕਬੱਡੀ ਖਿਡਾਰੀਆਂ ਨਾਲ ਹੱਥ ਮਿਲਾਉਂਦੇ ਹੋਏ***



# ਭੈਣੇ ਸਾਵਣ ਆਇਆ...

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਅੱਜ ਤੜਕੇ ਸਵੇਰੇ ਸਵੇਰੇ ਧੰਮੀ ਵੇਲੇ ਪਤਾ ਨਹੀਂ ਕਿਸ ਸੁਪਨ ਦੇਸ਼ ਵਿਚ ਪਹੁੰਚੀ ਹੋਈ ਸਾਂ, ਇਹ ਤਾਂ ਮਾਲਕ ਹੀ ਜਾਣੇ ਪਰ ਉਹ ਅਦਭੁਤ ਨਜ਼ਾਰਾ ਸੀ ਬੜਾ ਹੀ ਅਲੌਕਿਕ ਤੇ ਖੂਬਸੂਰਤ; ਜਿਸ ਪਾਸੇ ਵੇਖੋ ਹਰੇ ਭਰੇ ਰੁਖ ਕਿਸੇ ਮਸਤੀ ਵਿਚ ਝੂਮ ਰਹੇ ਸਨ, ਕੁਝ ਫੁੱਲਾਂ ਨਾਲ ਭਰੇ ਹੋਏ ਅਤੇ ਕਈ ਫਲਾਂ ਨਾਲ ਲੱਦੇ ਧਰਤੀ ਵੱਲ ਨੂੰ ਝੁਕੇ ਹੋਏ। ਸੀ ਕੋਈ ਵਿਸ਼ਾਲ ਜੰਗਲ, ਪਰ ਬਾਗਾਂ ਤੋਂ ਵੀ ਕਿਤੇ ਵੱਧ ਕੇ ਸੋਹਣਾ, ਨਾ ਇਹ ਰਾਤ ਸੀ ਅਤੇ ਨਾ ਹੀ ਇਹ ਦਿਨ ਸੀ, ਇਹ ਅੰਮ੍ਰਿਤ ਵੇਲਾ ਸੀ। ਜੰਗਲ ਦੇ ਐਨ ਵਿਚ ਦੀ ਆਹਿਸਤਾ ਆਹਿਸਤਾ ਤੁਰੀ ਜਾਂਦੀ ਇਕ ਅੰਮ੍ਰਿਤ ਮਈ ਜਲ ਨਾਲ ਭਰਪੂਰ ਨਦੀ, ਸਵੇਰ ਦੀ ਮਿੱਠੀ ਮਿੱਠੀ ਠੰਢ ਅਤੇ ਤਪਸ਼ ਦਾ ਅਨੋਖਾ ਸੁਮੇਲ, ਕਦੀ ਕਦੀ ਮਸਤ ਪਵਣ ਵੀ ਆਪਣੇ ਅੰਦਾਜ਼ ਵਿਚ ਰੁਮਕਦੀ ਫੁਲ ਪੱਤੇ ਟਾਹਣੀਆਂ ਨਾਲ ਅਠਖੇਲੀਆਂ ਕਰਦੀ ਆਪਣੇ ਸੋਹਲ ਕਦਮ ਬੋਚ ਬੋਚ ਧਰਦੀ ਕੋਲੋਂ ਦੀ ਲੰਘ ਜਾਂਦੀ। ਅਚਾਨਕ ਤਾਰੇ ਦਿਸਣੇ ਬੰਦ ਹੋ ਗਏ ਅਤੇ ਕੁਝ ਹਨੇਰਾ ਜਿਹਾ ਭਾਸਿਆ। ਨਾਲ ਹੀ ਬੱਦਲਾਂ ਦੇ ਗੱਜਣ ਦੀ ਆਵਾਜ਼ ਵੀ ਆ ਗਈ, ਬਿਜਲੀ ਪੂਰੇ ਜਲੌਅ ਨਾਲ ਚਮਕੀ ਵੀ ਅਤੇ ਗੜਕੀ ਵੀ, ਨੀਲੇ ਗਗਨ ਨੂੰ ਕਾਲੀਆਂ ਘਨਘੋਰ ਘਟਾਵਾਂ ਨੇ ਆਪਣੇ ਪਿਛੇ ਕਿਤੇ ਲੁਕੋ ਲਿਆ ਸੀ, ਪਤਾ ਨਹੀਂ ਕਿਸ ਪਾਸਿਓਂ ਇਕ ਗੈਬੀ ਆਵਾਜ਼ ਆਈ,

ਮੋਰੀ ਰੁਣ ਝੁਣ ਲਾਇਆ॥
ਭੈਣੇ ਸਾਵਣ ਆਇਆ॥

ਨਿਕੀਆਂ ਨਿਕੀਆਂ ਬੂੰਦਾ ਜਿਉਂ ਹੀ ਧਰਤੀ ਵਲ ਨੂੰ ਦੌੜੀਆਂ, ਕੋਇਲਾਂ ਦੀਆਂ ਸੁਰੀਲੀਆਂ ਮਨਮੋਹਕ ਆਵਾਜ਼ਾਂ ਜੰਗਲ ਵਿਚ ਗੂੰਜ ਉਠੀਆਂ, ਮੋਰਾਂ ਨੇ ਖੰਭ ਫੈਲਾ ਕੇ ਆਪਣੇ ਪ੍ਰੀਤਮ ਨੂੰ ਰੀਝਾਉਣ ਲਈ ਨ੍ਰਿਤ ਕਰਨਾ ਸ਼ੁਰੂ ਕਰ ਦਿੱਤਾ, ਕਾਲੇ ਬੱਦਲ ਛਾਏ ਵੇਖ ਪਪੀਹਾ ਵੀ ਪੀਓ ਪੀਓ ਪੀਓ ਪੀਓ ਕਰ ਲੱਗਾ ਪੀਆ ਨੂੰ ਪੁਕਾਰਨ, ਨਦੀ ਦੇ ਪਾਣੀ ਅਤੇ ਹਵਾ ਨਾਲ ਮਿਲ ਕੇ ਦੂਰ ਪਰਾਂ ਕਿਤਿਓਂ ਆਵਾਜ਼ ਚਾ ਕੰਨੀ ਪਈ,

ਸਾਵਣ ਆਇਆ ਹੇ ਸਖੀ
ਜਲਹਰ ਬਰਸਨ ਹਾਰ॥
ਨਾਨਕ ਸੁਖ ਸਵਨ ਸੁਹਾਗਣੀ
ਜਿਨ ਸਹਿ ਨਾਲ ਪਿਆਰ॥
ਸਾਵਣ ਆਇਆ ਹੇ ਸਖੀ
ਕੰਤੈ ਚਿਤੁ ਧਰੇਹੁ॥
ਨਾਨਕ ਝੂਰ ਮਰਉ ਦੋਹਾਗਣੀ
ਜਿਨ ਅਵਰੀ ਲਾਗਾ ਨੇਹੁ॥

ਇਸ ਅਗੰਮੀ ਆਵਾਜ਼ ਦੇ ਵਿਚ ਇਕ ਬ੍ਰਿਹਾ ਸੀ, ਇਕ ਤੜਪ ਸੀ, ਇਕ ਸੁਨੇਹੜਾ ਸੀ, ਇਕ ਸੱਦਾ ਸੀ, ਜਿਵੇਂ ਮੈਨੂੰ ਹੀ ਆਵਾਜ਼ ਦਿੱਤੀ ਜਾ ਰਹੀ ਹੋਵੇ, ਸੁਣ ਕੇ ਆਪਣੇ ਆਪ ਹੱਥ ਜੁੜ ਗਏ, ਆਪ ਮੁਹਾਰੇ ਪੈਰਾਂ ਨੇ ਵੀ ਉਸ ਪਾਸੇ ਵਲ ਨੂੰ ਤੁਰਨਾ ਸ਼ੁਰੂ ਕਰ ਦਿਤਾ, ਕੌਣ ਜਾਣੇ ਇਹ ਪੰਧ ਕਿੰਨਾ ਕੁ ਲੰਮੇਰਾ ਸੀ, ਖਵਰੇ ਵਾਟ ਕਿੰਨੀ ਕੁ ਲੰਮੀ ਸੀ? ਕੀ ਪਤਾ। ਪਰ ਉਥੇ ਤਾਂ ਜਾਣਾ ਹੀ ਸੀ, ਪਤਾ ਨਹੀਂ ਕਿੰਨਾ ਚਿਰ ਤੁਰਦੀ ਰਹੀ ਪਰ ਉਹ ਆਵਾਜ਼ ਜੋ ਪਹਿਲਾਂ ਕਿਤੇ ਦੂਰੋਂ ਆਉਂਦੀ ਪ੍ਰਤੀਤ ਹੁੰਦੀ ਸੀ, ਹੁਣ ਨੇੜੇ ਹੁੰਦੀ ਜਾਪ ਰਹੀ ਸੀ। ਤੁਰਦੀ ਤੁਰਦੀ ਖੌਰੇ ਕਿੰਨਾ ਕੁ ਅੱਗੇ ਆ ਗਈ ਸਾਂ, ਜਾਪਿਆ ਟਿਕਾਣਾ ਕਿਤੇ ਬਹੁਤੀ ਦੂਰ



ਨਹੀਂ, ਨੇੜੇ ਹੈ। ਆਵਾਜ਼ ਮੇਰੇ ਅੰਦਰ ਨੂੰ ਧੂਹ ਪਾ ਰਹੀ ਸੀ, ਇਹ ਉਹ ਆਵਾਜ਼ ਸੀ ਜੋ ਮੁਰਦਿਆਂ ਨੂੰ ਸੁਰਜੀਤ ਕਰ ਦੇਵੇ। ਜਦ ਦੇਖਿਆ ਤਾਂ ਦੋ ਰੱਬ ਵਰਗੇ ਰੱਬ ਦੇ ਪਿਆਰੇ ਬੈਠੇ ਨਜ਼ਰ ਆਏ,

ਇਕ ਫਕੀਰ ਰਬਾਬ ਵਜਾਵੇ,
ਦੂਜਾ ਗਾਵੇ ਧੁਰ ਕੀ ਬਾਣੀ।
ਬਾਣੀ ਸੁਣਦਾ ਹੌਲੀ ਹੌਲੀ,
ਤੁਰਦਾ ਪਿਆ ਸੀ ਨਦੀ ਦਾ ਪਾਣੀ।

ਸਿਰ ਝੁਕਿਆ ਤੇ ਓਥੇ ਹੀ ਬੈਠ ਗਈ, ਪਤਾ ਨਹੀਂ ਇਹ ਅਨਹਦ ਵਾਜੇ ਕਿੰਨਾ ਕੁ ਚਿਰ ਵੱਜਦੇ ਰਹੇ ਹੋਣਗੇ ਪਰ ਮੈਂ ਅੰਦਰੋਂ-ਬਾਹਰੋਂ ਭਿਜ ਚੁਕੀ ਸਾਂ। ਤਨ ਤੇ ਮਨ ਕਿਸੇ ਵਿਸਮਾਦ ਅਵਸਥਾ ਵਿਚ ਗੜੂੰਦ ਹੋ ਝੂਮ ਰਹੇ ਸਨ, ਓਥੇ ਸਾਰੀ ਮੈਂ ਮਰ ਚੁਕੀ ਸੀ ਅਤੇ ਸਿਰਫ ਤੂੰ ਹੀ ਤੂੰ ਸੁਣਾਈ ਦੇ ਰਿਹਾ ਸੀ, ਕਦੋਂ ਕਿਵੇਂ ਅਤੇ ਕੀ ਹੋਇਆ, ਉਸ ਅਰਸ਼ੀ ਮਾਲਕ ਨੇ ਮਿਹਰ ਦੀ ਨਜ਼ਰ ਜਦ ਪਾਈ ਤੇ ਮੈਂ ਉਸ ਥਾਂ ਜਾ ਪਹੁੰਚੀ ਜਿਥੇ ਵੇਈਂ ਨਦੀ ਦਾ ਕਿਨਾਰਾ ਸੀ ਅਤੇ ਗੁਰੂ ਦਾ ਦੁਆਰਾ ਸੀ, ਜਿਥੇ ਮੇਰਾ ਨਿਕੜਾ ਬਚਪਨ ਬੀਤਿਆ ਸੀ। ਪਿੰਡ ਵਿਚ ਗਹਿਮਾ ਗਹਿਮ ਸੀ। ਸਾਉਣ ਮਹੀਨਾ ਜੋ ਚੜ੍ਹ ਪਿਆ ਸੀ, ਸੱਜ ਵਿਆਹੀਆਂ ਧੀਆਂ ਪੇਕੇ ਪਿੰਡ ਆ ਗਈਆਂ ਸਨ, ਉਨ੍ਹਾਂ ਦੇ ਵੀਰੇ ਗਏ ਸਨ, ਉਨ੍ਹਾਂ ਨੂੰ ਲੈਣ। ਸਾਉਣ ਦਾ ਮਹੀਨਾ, ਸਾਵੇਂ ਖੇਡਣ ਦਾ ਮਹੀਨਾ, ਤੀਆਂ ਦਾ ਮਹੀਨਾ, ਰੌਣਕਾਂ ਹੀ ਰੌਣਕਾਂ।

ਲੋਕ ਖੁਸ਼ ਸਨ ਕਿ ਸਾਉਣ ਆ ਗਿਆ ਹੈ, ਮੀਂਹ ਪੈਣਗੇ, ਫਸਲਾਂ ਚੰਗੀਆਂ ਹੋਣਗੀਆਂ ਤਾਂ ਘਰਾਂ ਵਿਚ ਦਾਣੇ ਆਉਣਗੇ। ਨਾਲੇ ਤਾਂ ਖਾਣ ਲਈ ਕੋਠੀਆਂ ਭੜੋਲੇ ਭਰ ਕੇ ਰੱਖ ਲਵਾਂਗੇ ਅਤੇ ਕੁਝ ਵੇਚ ਵੱਟ ਕੇ ਪਿਛਲੇ ਕਰਜੇ ਵੀ ਲਾਹ ਲਵਾਂਗੇ।

ਗੁਰਦੁਆਰਾ ਸਾਹਿਬ ਵੀ, ਜੋ ਉਸ ਵੇਲੇ ਤਾਂ ਮਸੀਤ ਵਿਚ ਹੀ ਸੀ, ਰੌਣਕ ਲਗਣੀ ਸ਼ੁਰੂ ਹੋ ਗਈ ਸੀ। ਪਿੰਡ ਵਿਚ ਇਕੋ ਇਕ ਖੂਹੀ ਸੀ, ਉਹ ਵੀ ਗੁਰੂ ਘਰ ਦੇ ਵਿਹੜੇ ਵਿਚ। ਸਾਰੇ ਪਿੰਡ ਦੀਆਂ ਬੀਬੀਆਂ ਨੇ ਘਰਾਂ ਲਈ ਪਾਣੀ ਵੀ ਉਥੋਂ ਹੀ ਭਰਨ ਆਉਣਾ। ਪਿੰਡ ਵਿਚ ਜਿਹੜੇ ਦੋ ਵੱਡੇ ਦਰਖਤ ਸਨ ਪਿਪਲ ਤੇ ਬੋਹੜ, ਉਹ ਵੀ ਗੁਰਦੁਆਰੇ ਵਿਚ ਹੀ ਸਨ। ਗੁਰੂ ਘਰ ਦੇ ਐਨ ਪਿਛਲੇ ਪਾਸੇ ਦਾਇਰਾ ਸੀ ਜਿਥੇ ਕੋਈ ਵੀਹ-ਬਾਈ ਹਰੇ ਭਰੇ ਸੰਘਣੀਆਂ ਛਾਂਵਾਂ ਵਾਲੇ ਰੁਖ ਖੜ੍ਹੇ ਸਨ ਅਤੇ ਨਾਲ ਹੀ ਕਲ ਕਲ ਕਰਦੀ ਵਗਦੀ ਸੀ ਵੇਈਂ ਨਦੀ। ਗਰਮੀਆਂ ਵਿਚ ਸਾਰਾ ਪਿੰਡ ਉਸ ਵੇਈਂ ਦੇ ਪਾਣੀ ਅਤੇ ਠੰਢੀ ਛਾਂ ਦਾ ਰੱਜ ਕੇ ਅਨੰਦ ਮਾਣਦਾ। ਹਰ ਪਾਸੇ ਰੌਣਕ ਹੀ ਰੌਣਕ ਸੀ, ਕਿਉਂਕਿ ਵੱਡੇ ਪਿੱਪਲ 'ਤੇ ਦੋ ਪੀਂਘਾਂ ਪੈ ਚੁਕੀਆਂ ਸਨ। ਖਵਰੇ ਉਸ ਸਮੇਂ ਦੇ ਲੋਕ ਭੋਲੇ ਸਨ ਤਾਂ ਹੀ ਰੱਬ ਵੀ ਉਨ੍ਹਾਂ ਦੇ ਨੇੜੇ ਤੇੜੇ ਹੀ ਵੱਸਦਾ ਸੀ। ਗੁਰੂ ਘਰ ਮੱਥਾ ਟੇਕ ਸਾਰੇ ਆਪੋ ਆਪਣੇ ਕੰਮੀਂ ਧੰਦੀਂ ਹੋ ਤੁਰੇ ਪਰ ਪੀਂਘਾਂ ਵੱਲ ਤਾਂ ਧਮੱਚੜ ਹੀ ਪਿਆ ਰਿਹਾ। ਅਜੇ ਇਹ ਰੌਣਕ ਹੋਰ ਵੀ ਵਧਣੀ ਸੀ।


ਸਾਉਣ ਦਾ ਮਹੀਨਾ ਹੋਵੇ ਅਤੇ ਸਾਉਣ ਨਾ ਵੱਸੇ! ਲਓ ਜੀ, ਜਿਉਂ ਹੀ ਧੀਆਂ ਧਿਆਣੀਆਂ ਨੇ ਗੀਤ ਗਾਵਿਆ,

ਲਹਿੰਦਿਓਂ ਤੇ ਆਈ ਕਾਲੀ ਬਦਲੀ
ਵੇ ਸੌਦਾਗਰ ਮੀਆਂ
ਚੜ੍ਹਦਿਓਂ ਆਇਆ ਸਾਵਣ ਮੀਂਹ
ਕਿ ਸਾਵਣ ਆ ਗਿਆ।

ਕਮਾਲ ਹੋ ਗਈ, ਕਾਲੇ ਬਦਲ ਤਾਂ ਜਿਵੇਂ ਕਿਤੇ ਲੁਕ ਕੇ ਪਏ ਸੁਣਦੇ ਹੋਣ, ਆ ਗਏ ਗੜ ਗੜ ਕਰਦੇ ਤੇ ਲੱਗ ਪਏ ਵੱਸਣ। ਕੁੜੀਆਂ ਵੀ ਪੀਂਘਾਂ 'ਤੇ ਚੜ੍ਹ, ਲੱਗੀਆਂ ਅੰਬਰ ਵੱਲ ਨੂੰ ਉਡਾਣਾਂ ਭਰਨ ਅਤੇ ਜਿਦ ਜਿਦ ਪੀਂਘਾਂ ਚੜ੍ਹਾਉਣ। ਥੱਲੇ ਖਲੋਤੀਆਂ ਕੁੜੀਆਂ ਨੇ ਵੀ ਗਿੱਧੇ ਦਾ ਪਿੜ ਬੰਨ ਲਿਆ ਤੇ ਲੱਗ ਪਈਆਂ ਇਕ ਦੂਜੀ ਤੋਂ ਵਧ ਵਧ ਕੇ ਬੋਲੀਆਂ ਪਾਉਣ। ਘਰਾਂ ਵਿਚ ਬੈਠੀਆਂ ਮਾਂਵਾਂ ਨੇ ਵੀ ਇਸ ਸੁਹਾਵਣੀ ਰੁਤ ਅਤੇ ਸੋਹਣੇ ਸਾਵਣ ਦਾ ਸਵਾਗਤ ਕਰਦਿਆਂ ਪੂੜੇ ਪਕਾਉਣ ਲਈ ਪਰਾਤਾਂ ਭਰ ਭਰ ਗੁੜ ਵਾਲੇ ਮਿਠੇ ਆਟੇ ਦੇ ਘੋਲ ਤਿਆਰ ਕਰ ਲਏ। ਇਕ ਚੁੱਲ੍ਹੇ 'ਤੇ ਪੂੜੇ ਪੱਕਣ ਤੇ ਦੂਜੇ ਉਤੇ ਖੀਰ ਦਾ ਪਤੀਲਾ ਪਿਆ ਰਿੱਝੇ।

ਹਰ ਘਰ ਵਿਚ ਖੀਰ ਤੇ ਪੂੜਿਆਂ ਦੀਆਂ ਗੱਲਾਂ ਸ਼ੁਰੂ, ਸਾਰਿਆਂ ਦੇ ਘਰੀਂ 'ਤੇ ਨਹੀਂ ਪਰ ਕਿਸੇ ਕਿਸੇ ਘਰ ਲੂਣ ਵਾਲੇ ਪੂੜੇ ਵੀ ਪੱਕਣ, ਉਹ ਵੀ ਮਿਠੇ ਪੂੜੇ ਦੇ ਨਾਲ ਬੜੇ ਹੀ ਸਵਾਦੀ ਲੱਗਣ।

ਮਨ ਪੁਰਾਣੇ ਵੇਲਿਆਂ ਵਿਚ ਗਵਾਚ ਗਿਆ। ਉਹ ਬਚਪਨ ਦੇ ਖਾਧੇ ਖੀਰ ਤੇ ਪੂੜੇ ਕਦੀ ਭੁਲ ਜਾਣ! ਇਹ ਤਾਂ ਹੋ ਈ ਨਹੀਂ ਸਕਦਾ। ਕੁੜੀਆਂ ਦੇ ਰੰਗ-ਬਰੰਗੇ ਰੇਸ਼ਮੀ ਸੂਟ, ਬਾਹਵਾਂ ਵਿਚ ਕਈ ਰੰਗਾਂ ਦੀਆਂ ਖਣਕਦੀਆਂ ਕੱਚ ਦੀਆਂ ਚੂੜੀਆਂ, ਹੱਥਾਂ ਉਤੇ ਲਾਲ ਸੁਰਖ ਮਹਿੰਦੀ, ਪੈਰਾਂ ਵਿਚ ਝਾਂਜਰਾਂ, ਸੋਹਣਾ ਸਾਦਾ ਜਿਹਾ ਹਾਰ ਸ਼ਿੰਗਾਰ ਅਤੇ



ਅੰਦਰ ਪੀਆ ਮਿਲਣ ਦੀ ਉਮਡ ਰਹੀ ਸਿੱਕ ਸੋਹਣੇ ਸਾਵਣ ਨੂੰ ਹੋਰ ਸੋਹਣਾ ਅਤੇ ਸੁਹਾਵਣਾ ਬਣਾ ਰਹੀ ਸੀ। ਜਦ ਕਦੀ ਪਰਨਾਲੇ ਤੋੜ ਮੀਂਹ ਪੈਂਦਾ ਤਾਂ ਗਲੀਆਂ ਅਤੇ ਰੂੜੀਆਂ ਤੋਂ ਟੁੱਟੀਆਂ ਚੂੜੀਆਂ ਦੇ ਟੋਟੇ, ਕੌਡੀਆਂ ਤੇ ਹੋਰ ਨਿਕ ਸੁਕ ਲੱਭਣ ਲੱਗੀਆਂ, ਵੇਈਂ ਦੇ ਪੱਤਣ ਤੋਂ ਚਿਤਰ ਮਿਤਰੇ ਗੀਟੇ ਤੇ ਘੋਗੇ ਸਾਡਾ ਅਨਮੋਲ ਖਜ਼ਾਨਾ ਸੀ ਜਿਸ ਨੂੰ ਪਾ ਕੇ ਅਸੀਂ ਮਾਲਾ ਮਾਲ ਹੋ ਜਾਂਦੇ।

ਉਧਰ ਰਾਤ ਨੂੰ ਸਾਉਣ ਦੇ ਬੱਦਲ ਨੇ ਵੀ ਸੋਚਣਾ ਕਿ ਚਲੋ ਲੁਕਣ ਮੀਟੀ ਖੇਡੀਏ। ਅਜੇ ਖੀਰ-ਪੂੜੇ ਖਾ ਕੇ ਛੱਤਾਂ 'ਤੇ ਮੰਜਿਆਂ ਉਤੇ ਲੇਟਣਾ ਤੇ ਲੱਗਣਾ ਕਹਾਣੀਆਂ ਪਾਉਣ ਕਿ ਕਿਣਮਿਣ ਕਿਣਮਿਣ ਸ਼ੁਰੂ, ਢੀਠਾਂ ਵਾਂਗ ਮੱਚਲੇ ਹੋ ਕੇ ਪਏ ਰਹਿਣਾ ਕਿ ਹੁਣੇ ਹਟ ਜਾਊ, ਪਰ ਕਿਥੇ ਜੀ! ਉਹ ਕਿਹੜਾ ਘੱਟ ਸ਼ਰਾਰਤੀ ਸੀ, ਉਹਨੇ ਵੀ ਦੌੜਾਂ ਲਵਾ ਕੇ ਹੀ ਸਾਹ ਲੈਣਾ। ਮੰਜੇ ਬਿਸਤਰੇ ਚੁਕ ਜਦ ਅੰਦਰੀਂ ਵੜਨਾ ਤਾਂ ਨਾਲ ਹੀ ਮੀਂਹ ਪੈਣਾ ਵੀ ਬੰਦ ਹੋ ਜਾਣਾ। ਅੰਦਰ ਹੁੰਮਸ ਨੇ ਤੇ ਮੱਛਰਾਂ ਨੇ ਧਾਵਾ ਬੋਲ ਦੇਣਾ, ਫਿਰ ਕਪੜੇ ਚੁਕ ਛੱਤਾਂ 'ਤੇ ਜਾ ਚੜ੍ਹਨਾ। ਕਈ ਵਾਰੀ ਤਾਂ ਇਹ ਲੁਕਣ ਮੀਟੀ ਦੀ ਖੇਡ ਵਾਹਵਾ ਲੰਮੀ ਵੀ ਹੋ ਜਾਣੀ ਪਰ ਮਜ਼ਾ ਬਹੁਤ ਆਉਣਾ। ਇਹ ਸਾਉਣ ਮਹੀਨੇ ਦੇ ਕੁਦਰਤੀ ਨਜ਼ਾਰੇ ਤਾਂ ਕੁਦਰਤ ਨਾਲ ਜੋੜ ਦਿੰਦੇ ਹਨ, ਲਿਖਦੇ ਜਾਈਏ ਤਾਂ ਕਦੀ ਵੀ ਨਾ ਮੁਕਣ। ਕਈ ਵਾਰੀ ਕੁਝ ਦਿਨ ਮੀਂਹ ਨਾ ਪੈਣਾ ਤਾਂ ਸਾਰਿਆਂ ਆਖਣ ਲੱਗ ਜਾਣਾ, ਜੇ ਔੜ ਲੱਗ ਗਈ ਤਾਂ ਕੀ ਬਣੇਗਾ? ਪਰ ਬੱਦਲਾਂ ਨੇ ਵੀ ਝੱਟ ਦੇਣੀ ਫਿਰ ਆ ਕੇ ਹਰ ਪਾਸੇ ਜਲ ਥਲ ਕਰ ਦੇਣੀ।

ਮੈਨੂੰ ਬਚਪਨ ਵਿਚ ਵੀ ਅਤੇ ਹੁਣ ਵੀ ਬਾਰਸ਼ ਨਾਲ ਬਹੁਤ ਲਗਾਵ ਰਿਹਾ ਹੈ। ਸਾਉਣ ਦੇ ਮਹੀਨੇ ਨਾਲ ਮੇਰਾ ਲਗਾਓ ਤਾਂ ਬਿਆਨ ਕਰਨਾ ਮੁਸ਼ਕਿਲ ਹੈ। ਕਾਲੀਆਂ ਘਟਾਵਾਂ, ਬੱਦਲਾਂ ਦਾ ਮੁੜ ਮੁੜ ਗਰਜਣਾ, ਬਿਜਲੀ ਦਾ ਕੜਕਣਾ ਤੇ ਚਮਕਣਾ ਅਤੇ ਫਿਰ ਮੀਂਹ ਵਰਸਣਾ-ਵਾਹ! ਕੁਦਰਤ ਦਾ ਧਰਤੀ ਦੇ ਜੀਵਾਂ ਲਈ ਖੂਬਸੂਰਤ ਵਰਦਾਨ। ਮੈਂ ਤੇ ਮਾਲਕ ਦੀ ਇਸ ਰਹਿਮਤ ਦਾ ਅਨੰਦ ਮਾਣ ਰਹੀ ਸਾਂ ਕਿ ਅਚਾਨਕ ਪਿਤਾ ਜੀ ਦੀ ਆਵਾਜ਼ ਕੰਨੀ ਪਈ, ਜੀਤ ਬੇਟੇ ਉਠੋ, ਅੰਮ੍ਰਿਤ ਵੇਲਾ ਹੋ ਗਿਐ। ਅੱਜ ਸਾਉਣ ਮਹੀਨਾ ਵੀ ਚੜ੍ਹ ਰਿਹਾ ਹੈ। ਮੈਂ ਅੱਭੜਵਾਹੇ ਅੱਗੋਂ ਆਵਾਜ਼ ਦਿੱਤੀ, ਪਿਤਾ ਜੀ, ਸਾਉਣ ਮਹੀਨਾ! ਉਠ ਕੇ ਵੇਖਿਆ ਤਾਂ ਮੈਂ ਘਰ ਦੇ ਕਮਰੇ ਵਿਚ ਬੈਡ 'ਤੇ ਸਾਂ। ਉਠ ਕੇ ਬੈਠੀ, ਹੈਰਾਨ ਹੋਈ। ਸ਼ੁਕਰਾਨੇ ਵਿਚ ਹੱਥ ਵੀ ਜੁੜ ਗਏ, ਸਿਰ ਵੀ ਝੁਕ ਗਿਆ। ਮੇਰੇ ਸਤਿਗੁਰ ਜੀ, ਤੇਰੀ ਰਹਿਮਤ, ਇਹ ਕਿਹੜਾ ਨਜ਼ਾਰਾ ਪਈ ਮੈਂ ਵੇਖਦੀ ਸਾਂ! ਜਿਥੇ ਮੇਰਾ ਸਤਿਗੁਰ ਵੀ ਸੀ, ਪਿਤਾ ਜੀ ਵੀ ਸਨ, ਅਤੇ ਮੇਰਾ ਬਚਪਨ ਵੀ ਸੀ। ਅੱਖੀਆਂ ਭਰ ਆਈਆਂ ਮਾਲਕ ਦੇ ਸ਼ੁਕਰਾਨੇ ਵਿਚ, ਤਾਂ ਬੱਸ ਇਹੋ ਹੀ ਆਖ ਸਕੀ,

ਮੋਰੀ ਰੁਣਝੁਣ ਲਾਇਆ॥
ਭੈਣੇ ਸਾਵਣ ਆਇਆ॥

## ਸ਼ਿਕਾਗੋ ਦਾ ਕਬੱਡੀ ਮੇਲਾ

***(ਪਿਛਲੇ ਸਫੇ ਦੀ ਬਾਕੀ)***

ਬਹਾਦਰ ਦੀ ਵਾਰ ਅਤੇ ਯਮਲਾ ਜੱਟ ਦਾ ਗੀਤ 'ਦੱਸ ਮੈਂ ਕੀ ਪਿਆਰ ਵਿਚੋਂ ਖਟਿਆ' ਗਾ ਕੇ ਵਾਹਵਾ ਲੁੱਟੀ।

ਫਿਰ ਸ਼ੁਰੂ ਹੋਇਆ ਵਾਰਸ ਭਰਾਵਾਂ ਦਾ ਵਿਰਸਾ। ਕਮਲ ਹੀਰ ਨੇ ਸ਼ੁਰੂਆਤ 'ਕੌਡੀ ਕੌਡੀ ਖੇਡ ਮੁੰਡਿਆ' ਨਾਲ ਕੀਤੀ। ਅਗਲੇ ਗੀਤ 'ਆਪਣੀ ਜਮੀਨ ਬਿਨਾ ਨਾ ਸ਼ਾਨ ਜੱਟ ਦੀ' ਵਿਚ ਉਸ ਨੇ ਜੱਟ ਦੀ ਵਾਹ ਵਾਹ ਕਰਵਾਈ। ਫਿਰ 'ਇਕ ਕੁੜੀ ਨਾਲ ਸਤਿ ਸ੍ਰੀ ਅਕਾਲ', 'ਮੈਂ ਕਿਵੇਂ ਭੁਲਾਵਾਂ' ਅਤੇ 'ਹਿੱਕ ਦਾ ਤਵੀਤ ਬਣਾ ਕੇ' ਆਦਿ ਕਈ ਗੀਤ ਪੇਸ਼ ਕੀਤੇ।

ਅਜੇ ਕਮਲ ਹੀਰ ਗਾ ਹੀ ਰਿਹਾ ਸੀ ਕਿ ਸ਼ਾਮ 6:30 ਵਜੇ ਇਕ ਦਮ ਬਿਜਲੀ ਬੰਦ ਹੋ ਗਈ ਤੇ ਨਾਲ ਹੀ ਮਾਈਕ ਤੋਂ ਆਵਾਜ਼ ਆਉਣੀ। ਆਮ ਤੌਰ 'ਤੇ ਫਾਰੈਸਟ ਪ੍ਰਿਜ਼ਰਵ ਦਾ ਸਾਊਂਡ ਪਲੇਅ ਕਰਨ ਦਾ ਟਾਈਮ 6:30 ਹੀ ਹੁੰਦਾ ਹੈ। ਕਈ ਦਰਸ਼ਕਾਂ ਨੇ ਪ੍ਰੋਗਰਾਮ ਖਤਮ ਹੀ ਸਮਝਿਆ ਪਰ ਮੇਲਾ ਛੱਡ ਕੇ ਨਾ ਗਏ। ਪ੍ਰਬੰਧਕਾਂ ਦੀ ਫਾਰੈਸਟ ਪ੍ਰਿਜ਼ਰਵ ਦੇ ਅਧਿਕਾਰੀਆਂ ਨਾਲ ਗਿੱਟ-ਮਿੱਟ ਪਿਛੋਂ 15 ਕੁ ਮਿੰਟਾਂ ਬਾਅਦ ਮੇਲਾ ਮੁੜ ਸ਼ੁਰੂ ਹੋ ਗਿਆ।

ਮਨਮੋਹਨ ਵਾਰਿਸ ਨੇ 'ਦੁਨੀਆਂ ਮੇਲੇ ਨੂੰ ਜਾਂਦੀ ਏ', 'ਦੋ ਤਾਰਾ ਵੱਜਦਾ ਵੇ' ਨਾਲ ਖੂਬ ਦਾਦ ਖੱਟੀ। ਇਸ ਪਿਛੋਂ 'ਖੁੱਲੇ ਖਾਤੇ ਰੱਖੇ ਯਾਰੀਆਂ ਪੁਗਾਉਣ ਨੂੰ' ਅਤੇ 2003 ਵਿਚ ਗਾਇਆ ਤੇ ਖੂਬ ਮਕਬੂਲ ਹੋਇਆ ਗੀਤ 'ਕਿਤੇ 'ਕੱਲੀ ਬਹਿ ਕੇ ਸੋਚੀਂ ਨੀ ਅਸੀਂ ਕੀ ਨਹੀਂ ਕੀਤਾ ਤੇਰੇ ਲਈ' ਪੇਸ਼ ਕੀਤਾ। ਗੀਤ 'ਕੋਕਾ ਕਰਕੇ ਧੋਖਾ, ਨੀ ਦਿਲ ਲੈ ਗਿਆ' ਪੇਸ਼ ਕਰਕੇ ਦਰਸ਼ਕਾਂ ਦਾ ਦਿਲ ਲੁਟਿਆ।

ਇਕ ਪਿਛੋਂ ਇਕ ਕਈ ਗੀਤ ਪੇਸ਼ ਕਰਨ ਉਪਰੰਤ ਵਾਰਸ ਨੇ ਸਾਰਿਆਂ ਨੂੰ ਨੱਚਣ ਦਾ ਸੱਦਾ ਦਿੰਦਿਆਂ 'ਆ ਜਾ ਭਾਬੀ ਝੂਟ ਲੈ ਪੀਂਘ ਹੁਲਾਰੇ ਲੈਂਦੀ' ਨਾਲ ਦਰਸਕਾਂ ਨੂੰ ਨੱਚਣ ਲਾ ਦਿੱਤਾ।

ਗਾਇਕੀ ਦੀ ਸਟੇਜ ਦੇ ਨਾਲ ਹੀ ਵੀ. ਆਈ. ਪੀ. ਮਹਿਮਾਨਾਂ ਲਈ ਕੁਝ ਥਾਂ ਰਾਖਵੀਂ ਕੀਤੀ ਗਈ ਸੀ ਜਿਸ ਕਰਕੇ ਨੱਚਣ ਵਾਲੇ ਸਟੇਜ ਕੋਲ ਜਾਣੋਂ ਝਿਜਕਦੇ ਰਹੇ ਪਰ ਜਦੋਂ ਮਨਮੋਹਨ ਵਾਰਸ ਨੇ ਨੱਚਣ ਦਾ ਸੱਦਾ ਦਿੱਤਾ ਤਾਂ ਨੱਚਣ ਵਾਲਿਆਂ ਨੇ ਆਪਣੀ ਰੀਝ ਲਾਹ ਲਈ।

ਮਿਡਵੈਸਟ ਕਲੱਬ ਵਲੋਂ ਦਰਸ਼ਨ ਸਿੰਘ ਧਾਲੀਵਾਲ ਨੇ ਵਾਰਸ ਭਰਾਵਾਂ ਦਾ ਪੰਜਾਬੀ ਗੀਤ-ਸੰਗੀਤ ਖੇਤਰ ਵਿਚ 25 ਸਾਲਾਂ ਦੇ ਯੋਗਦਾਨ ਲਈ ਗੋਲਡ ਮੈਡਲ ਨਾਲ ਸਨਮਾਨ ਕੀਤਾ।




## ਵਿੰਡਰਸ਼ ਇਮੀਗ੍ਰੇਸ਼ਨ ਘੁਟਾਲੇ ਵਿਚ ਫਸੇ 93 ਭਾਰਤੀ

**ਲੰਡਨ:** ਬਰਤਾਨੀਆ ਸਰਕਾਰ ਨੇ ਵਿੰਡਰਸ਼ ਇਮੀਗ੍ਰੇਸ਼ਨ ਘੁਟਾਲੇ ਨਾਲ ਜੁੜੇ ਭਾਰਤੀਆਂ ਦੀ ਸੂਚੀ ਜਾਰੀ ਕੀਤੀ ਹੈ। 93 ਭਾਰਤੀਆਂ ਨੂੰ ਇਥੇ ਰਹਿਣ ਅਤੇ ਕੰਮ ਕਰਨ ਲਈ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਾਉਣ ਲਈ ਆਖਿਆ ਹੈ। ਇਹ ਉਹ ਭਾਰਤੀ ਹਨ ਜੋ 1973 ਤੋਂ ਪਹਿਲਾਂ ਇਥੇ ਆਏ ਸਨ ਜਦੋਂ ਇਮੀਗ੍ਰੇਸ਼ਨ ਨਿਯਮਾਂ ਨੂੰ ਸਖਤ ਕੀਤਾ ਗਿਆ ਸੀ। ਬਰਤਾਨੀਆ ਦੇ ਗ੍ਰਹਿ ਵਿਭਾਗ ਵੱਲੋਂ ਅਜਿਹੇ ਕੇਸਾਂ ਨਾਲ ਨਜਿੱਠਣ ਲਈ ਐਮਰਜੈਂਸੀ ਟਾਸਕ ਫੋਰਸ ਦਾ ਗਠਨ ਕੀਤਾ ਗਿਆ ਸੀ।


ਇਸ ਟਾਸਕ ਫੋਰਸ ਵੱਲੋਂ 2125 ਕੇਸਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਸੀ। ਇਹ ਪਹਿਲੀ ਵਾਰ ਹੈ ਕਿ ਇੰਨੀ ਵੱਡੀ ਗਿਣਤੀ ਵਿਚ ਭਾਰਤੀ ਇਸ ਇਮੀਗ੍ਰੇਸ਼ਨ ਘੁਟਾਲੇ ਨਾਲ ਜੂਝ ਰਹੇ ਹਨ। ਯੂ.ਕੇ. ਦੀ ਇਮੀਗ੍ਰੇਸ਼ਨ ਮੰਤਰੀ ਕਾਰੋਲੀਨ ਨੋਕਸ ਅਨੁਸਾਰ ਇਨ੍ਹਾਂ ਨੂੰ ਪ੍ਰਵਾਨ ਕਰਨਾ ਮੁਸ਼ਕਲ ਹੈ। ਬਰਤਾਨੀਆ ਸਰਕਾਰ ਨੇ ਵਿੰਡਰਸ਼ ਸਕੀਮ ਮਈ ਵਿਚ ਲਾਂਚ ਕੀਤੀ ਸੀ। ਇਸ ਵਿਚ ਉਹ ਲੋਕ ਬਰਤਾਨੀਆ ਦੀ ਨਾਗਰਿਕਤਾ ਲਈ ਮੁਫਤ ਵਿਚ ਅਰਜ਼ੀਆਂ ਦੇ ਸਕਦੇ ਸਨ ਜੋ ਯੂ.ਕੇ. ਵਿਚ ਪੈਦਾ ਹੋਏ ਜਾਂ ਫਿਰ ਜਦੋਂ ਯੂ.ਕੇ. ਆਏ, ਉਸ ਵੇਲੇ ਉਹ ਨਾਬਾਲਗ ਸਨ। ਜੂਨ ਵਿਚ 584 ਲੋਕਾਂ ਨੂੰ ਇਸ ਸਕੀਮ ਤਹਿਤ ਨਾਗਰਿਕਤਾ ਦਿੱਤੀ ਗਈ।

# ਰੰਗਾਂ ਦੀ ਦੁਨੀਆਂ ਦਾ ਸਮਰੱਥ ਯੋਧਾ ਚਿੱਤਰਕਾਰ ਦਰਸ਼ਨ ਸਿੰਘ ਟਿੱਬਾ


ਸੁਰਜੀਤ ਜੱਸਲ
ਫੋਨ: 91-98146-07737

ਚਿੱਤਰਕਾਰੀ ਬਹੁਤ ਹੀ ਸੂਖਮ ਤੇ ਤੀਖਣ ਬੁੱਧੀ ਦੀਆਂ ਕਲਾਵਾਂ ਵਿਚੋਂ ਇੱਕ ਹੈ। ਲੋਕਾਂ ਦੇ ਚਿਹਰੇ ਪੜ੍ਹ ਕੇ ਰੰਗਾਂ ਦੇ ਸਹਾਰੇ ਕੈਨਵਸ 'ਤੇ ਪ੍ਰਗਟਾਉਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਕਲਾ ਦੇ ਇਸ ਖੇਤਰ ਵਿਚ ਦਰਸ਼ਨ ਸਿੰਘ ਟਿੱਬਾ ਇੱਕ ਜਾਣਿਆ-ਪਛਾਣਿਆ ਨਾਂ ਹੈ। ਉਸ ਦੇ ਬਣਾਏ ਚਿੱਤਰਾਂ ਦੀ ਚਰਚਾ ਅਕਸਰ ਹੁੰਦੀ ਰਹੀ ਹੈ।

ਮੱਧ ਵਰਗੀ ਕਿਸਾਨ ਪਰਿਵਾਰ 'ਚ ਜਨਮੇ ਸ. ਟਿੱਬਾ ਨੂੰ ਕਲਾ ਦਾ ਸ਼ੌਕ ਨਿੱਕੇ ਹੁੰਦਿਆਂ ਹੀ ਪੈ ਗਿਆ ਸੀ, ਜਦੋਂ ਉਹ ਘਰਾਂ ਦੀਆਂ ਤਾਜ਼ੀਆਂ ਲਿੱਪੀਆਂ ਕੰਧਾਂ-ਕੰਧੋਲੀਆਂ 'ਤੇ ਆਪਣੇ ਕਲਾ ਦੇ ਨਮੂਨੇ ਉਕਰਨ ਲੱਗਾ। ਬਾਪੂ ਜੀ ਨਾਲ ਖੇਤ ਜਾਣਾ ਤਾਂ ਟਾਹਲੀ ਛਾਂਵੇਂ ਬੈਠ ਮਿੱਟੀ ਦੇ ਡਲਿਆਂ ਨੂੰ ਖੁਰਚ ਕੇ ਭਾਂਤ-ਸੁਭਾਂਤੀਆਂ ਵੰਨਗੀਆਂ ਘੜ੍ਹਨਾ, ਦਰਸ਼ਨ ਦੀ ਮੁਢਲੀ ਦਿਮਾਗੀ ਖੇਡ ਸੀ।



ਕਲਾ ਦੇ ਇਹ ਬੀਜ ਸਕੂਲੀ ਵਿੱਦਿਆ ਦੇ ਸਮੇਂ ਹੋਰ ਵੀ ਪ੍ਰਫੁਲਿਤ ਹੋਣ ਲੱਗੇ। ਡਰਾਇੰਗ ਮਾਸਟਰ ਮਹਿੰਦਰ ਸਿੰਘ ਨੇ ਦਰਸ਼ਨ ਦੀ ਕਲਾ ਨੂੰ ਪਰਖਿਆ ਤਾਂ ਉਸ ਦੀ ਉਂਗਲ ਫੜ੍ਹ ਉਸ ਨੂੰ ਰੰਗਾਂ ਦੀ ਦੁਨੀਆਂ ਵੱਲ ਲੈ ਤੁਰਿਆ। ਸਕੂਲੀ ਸਮਿਆਂ ਦੌਰਾਨ ਉਸ ਦੀ ਕਲਾ ਪੂਰੀ ਤਰ੍ਹਾਂ ਜਵਾਨ ਹੋਣ ਲੱਗੀ ਤੇ ਕਲਾ ਦੇ ਇਸ ਖੇਤਰ ਵਿਚ ਸਟੇਟ ਪੱਧਰ ਦੇ ਅਨੇਕਾਂ ਮਾਣ ਸਨਮਾਨ ਝੋਲੀ ਪਏ। ਇਸ ਖੇਤਰ ਵਿਚ ਅੱਗੇ ਵਧਣ ਦੀ ਆਸ ਨਾਲ ਉਸ ਨੇ ਆਰਟ ਐਂਡ ਕਰਾਫਟ ਦੇ ਕੋਰਸ ਵਿਚ ਦਾਖਲਾ ਲੈ ਲਿਆ।



ਦਰਸ਼ਨ ਸਿੰਘ ਟਿੱਬਾ ਕਲਾ ਦੇ ਕਈ ਰੰਗਾਂ ਦਾ ਸੁਮੇਲ ਹੈ। ਮਨ ਦੇ ਵਲਵਲਿਆਂ ਨੂੰ ਉਹ ਇੱਕ ਲੇਖਕ ਬਣ ਕੇ ਕਵਿਤਾ, ਗੀਤ ਤੇ ਕਹਾਣੀ ਦੇ ਰੂਪ ਵਿਚ ਕਾਗਜ਼ 'ਤੇ ਵੀ ਉਤਾਰਦਾ ਹੈ। ਸਾਹਿਤ ਪੜ੍ਹਨ ਦੀ ਚੇਟਕ ਨੇ ਹੀ ਉਸ ਅੰਦਰ ਇੱਕ ਲੇਖਕ ਪੈਦਾ ਕੀਤਾ ਪਰ ਉਸ ਨੇ ਆਪਣੇ ਚਿੱਤਰਕਾਰੀ ਦੇ ਸ਼ੌਕ 'ਤੇ ਕਲਮ ਕਲਾ ਭਾਰੂ ਨਾ ਹੋਣ ਦਿੱਤੀ। ਉਸ ਦੀ ਕਲਾ ਦਾ ਵਿਹੜਾ ਬਹੁਤ ਵਿਸ਼ਾਲ ਹੈ। ਕਿਧਰੇ ਉਹ ਨਿੱਕੇ ਨਿੱਕੇ ਭਾਵਪੂਰਨ ਸਕੈਚ ਬਣਾਈ ਬੈਠਾ ਹੈ, ਕਿਧਰੇ ਵੱਡੇ ਵੱਡੇ ਪੋਰਟਰੇਟ, ਜੋ ਤੁਹਾਨੂੰ ਗੱਲਾਂ ਕਰਦੇ ਮਹਿਸੂਸ ਹੁੰਦੇ ਹਨ।

ਦਰਸ਼ਨ ਸਿੰਘ ਨੇ ਦੱਸਿਆ ਕਿ ਮੇਰੀ ਹਰ ਕਲਾ ਕ੍ਰਿਤ ਸਮਾਜ ਦਾ ਇੱਕ ਹਿੱਸਾ ਹੈ, ਜੋ ਲੋਕਾਈ ਨੂੰ ਕੋਈ ਚੰਗਾ ਸੁਨੇਹਾ ਦੇਣ ਦਾ ਯਤਨ ਹੁੰਦੀ ਹੈ। ਔਰਤ ਦੀ ਦਿਸ਼ਾ ਤੇ ਦਸ਼ਾ ਦੀ ਤਰਜਮਾਨੀ ਕਰਦੀ ਉਸ ਦੀ ਇੱਕ ਪੇਂਟਿੰਗ ਦੁਨੀਆਂ ਭਰ ਵਿਚ ਸਲਾਹੀ ਗਈ, ਜਿਸ ਵਿਚ ਔਰਤ ਨੂੰ ਪੈਰ ਦੀ ਜੁੱਤੀ ਸਮਝਣ ਵਾਲੇ ਸਮਾਜ ਤੋਂ ਅੱਜ ਪੜ੍ਹ-ਲਿਖ ਕੇ ਮਰਦ ਦੇ ਬਰਾਬਰ ਦੇ ਹੱਕ ਲੜਨ ਵਾਲੀ ਜਾਗਰੂਕ ਨਾਰੀ ਦੀ ਸ਼ਖਸੀਅਤ ਨੂੰ ਦਰਸਾਇਆ ਗਿਆ ਹੈ।

ਇਸੇ ਤਰ੍ਹਾਂ ਇਕ ਹੋਰ ਪੇਂਟਿੰਗ ਵਿਚ ਇੱਕ ਬੱਚਾ ਆਪਣੇ ਦਾਦੇ ਦੇ ਮੋਢਿਆਂ 'ਤੇ ਬੈਠਾ ਖੇਡ ਵਿਚ ਮਸਤ ਵਿਖਾਇਆ ਗਿਆ ਹੈ ਜੋ ਬਾਲ ਅਵਸਥਾ ਅਤੇ ਬੁਢਾਪੇ ਦੇ ਫਰਕ ਤੇ ਪਿਆਰ ਭਾਵਨਾਵਾਂ ਦੀ ਗੰਭੀਰ ਪੇਸ਼ਕਾਰੀ ਹੈ। ਇੱਕ ਹੋਰ ਚਿੱਤਰ ਵਿਚ ਪੰਜਾਬੀ ਸੰਗੀਤ 'ਚੋਂ ਮਨਫੀ ਹੁੰਦੇ ਜਾ ਰਹੇ ਰਵਾਇਤੀ ਸਾਜ਼ਾਂ ਤੋਂ ਦੂਰ ਹੋ ਰਹੀ ਅਜੋਕੀ ਗਾਇਕੀ ਦੇ ਪੁਰਾਤਨ ਰੰਗ ਨੂੰ ਉਘਾੜਿਆ ਗਿਆ ਹੈ।

ਦਰਸ਼ਨ ਸਿੰਘ ਪਿੰਡ ਟਿੱਬੇ ਦਾ ਜੰਮਪਲ ਹੈ ਤੇ ਉਥੇ ਹੀ ਖੇਡ-ਪਲ ਕੇ ਜਵਾਨ ਹੋਇਆ। ਭਾਵੇਂ ਅੱਜ ਕੱਲ ਉਹ ਬਰਨਾਲਾ ਸ਼ਹਿਰ ਦਾ ਵਸਨੀਕ ਬਣਿਆ ਹੋਇਆ ਹੈ ਪਰ ਧੀਆਂ-ਪੁੱਤ ਵਿਦੇਸ਼ੀ ਮੁਲਕਾਂ ਦੇ ਪੱਕੇ ਬਾਸ਼ਿੰਦੇ ਹੋਣ ਕਰਕੇ ਉਸ ਦਾ ਹਵਾਈ ਸਫਰ ਬਣਿਆ ਰਹਿੰਦਾ ਹੈ।

ਜ਼ਿੰਦਗੀ ਦੇ ਸਫਰ 'ਚ ਸੰਘਰਸ਼ਸ਼ੀਲ ਰਹਿਣ ਵਾਲੇ ਦਰਸ਼ਨ ਸਿੰਘ ਦੀ ਜ਼ਿੰਦਗੀ ਵਗਦੇ ਪਾਣੀ ਵਾਂਗ ਹੈ। ਉਹ ਕਦੇ ਵਿਹਲਾ ਨਹੀਂ ਬਹਿੰਦਾ, ਹਰ ਪਲ ਕੁਝ ਕਰਦਾ ਰਹਿੰਦਾ ਹੈ। ਲੇਖਕ ਸਭਾਵਾਂ ਵਿਚ ਉਸ ਦਾ ਚੰਗਾ ਸਹਿਚਾਰ ਹੋਣ ਕਰਕੇ ਉਹ ਪ੍ਰਕਾਸ਼ਿਤ ਹੋਣ ਵਾਲੀਆਂ ਪੁਸਤਕਾਂ ਦੇ ਸਰਵਰਕ ਵੀ ਤਿਆਰ ਕਰਦਾ ਹੈ। ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਅਨੇਕਾਂ ਪੁਸਤਕਾਂ ਲਈ ਉਸ ਨੇ ਭਾਵਪੂਰਤ ਚਿੱਤਰ ਬਣਾਏ। ਪੰਜਾਬੀ ਟ੍ਰਿਬਿਊਨ, ਅਜੀਤ, ਜੱਗ ਬਾਣੀ ਸਮੇਤ ਦੇਸ-ਪਰਦੇਸਾਂ ਵਿਚਲੇ ਕਈ ਅਖਬਾਰਾਂ ਵਿਚ ਵੀ ਦਰਸ਼ਨ ਸਿੰਘ ਦੀਆਂ ਕਲਾ ਕ੍ਰਿਤਾਂ ਛਪਦੀਆਂ ਰਹੀਆਂ ਹਨ। ਉਸ ਦੇ ਸਮਾਜਕ ਵਿਸ਼ਿਆਂ 'ਤੇ ਲਿਖੇ ਅਨੇਕਾਂ ਗੀਤ ਵੀ ਰਿਕਾਰਡ ਹੋਏ ਹਨ।

ਦਰਸ਼ਨ ਸਿੰਘ ਨੇ ਦੱਸਿਆ ਕਿ ਉਹ ਸੋਭਾ ਸਿੰਘ ਦੀਆਂ ਕ੍ਰਿਤਾਂ ਤੋਂ ਬਹੁਤ ਪ੍ਰਭਾਵਿਤ ਹੈ। ਉਸ ਨੇ ਮਨ ਹੀ ਮਨ ਇਸ ਮਹਾਨ ਚਿੱਤਰਕਾਰ ਨੂੰ ਆਪਣਾ ਗੁਰੂ ਧਾਰ ਕੇ ਉਸ ਦੀਆਂ ਕਲਾ ਕ੍ਰਿਤਾਂ ਨੂੰ ਵਿਚਾਰਨਾ ਸ਼ੁਰੂ ਕਰ ਦਿੱਤਾ। ਚਿੱਠੀ ਪੱਤਰ ਦੀ ਸਾਂਝ ਪੈਣ ਕਰਕੇ ਗੁਰੂ-ਚੇਲੇ ਵਿਚ ਹੋਰ ਵੀ ਨੇੜਤਾ ਬਣ ਗਈ। ਇਸ ਤੋਂ ਬਿਨਾ ਐਮ. ਐਸ. ਪੰਡਿਤ, ਮੇਹਰ ਸਿੰਘ, ਸ੍ਰੀਮਤੀ ਫੂਲਾਂ ਰਾਣੀ, ਅਮੋਲਕ ਸਿੰਘ ਤੇ ਕਿਰਪਾਲ ਸਿੰਘ ਆਦਿ ਵੀ ਉਸ ਦੇ ਪਸੰਦੀਦਾ ਕਲਾਕਾਰ ਹਨ।

ਦਰਸ਼ਨ ਸਿੰਘ ਨੂੰ ਮੂਰਤੀਆਂ ਘੜਨ ਦਾ ਸ਼ੌਕ ਪਿਆ ਤਾਂ ਨੇੜਲੇ ਪਿੰਡ ਕੁਰੜ ਦੇ ਮੂਰਤੀਕਾਰ ਮਹਿੰਦਰ ਸਿੰਘ ਦੇ ਚਰਨੀਂ ਜਾ ਲੱਗਾ, ਜਿਸ ਤੋਂ ਉਸ ਨੇ ਸੀਮਿੰਟ, ਕੰਕਰੀਟ ਨਾਲ ਮੂਰਤੀਆਂ ਤਿਆਰ ਕਰਨ ਦੀ ਵਿਧੀ 'ਚ ਮੁਹਾਰਤ ਹਾਸਿਲ ਕੀਤੀ। ਦਰਸ਼ਨ ਸਿੰਘ ਦੀਆਂ ਬਣਾਈਆਂ ਗੁਰੂਆਂ-ਪੀਰਾਂ, ਦੇਸ਼ ਭਗਤਾਂ, ਯੋਧਿਆਂ ਅਤੇ ਪੁਰਾਤਨ ਸੱਭਿਆਚਾਰ ਦੀਆਂ ਪ੍ਰਤੀਕ ਅਨੇਕਾਂ ਮੂਰਤੀਆਂ ਨੇੜਲੇ ਅਨੇਕਾਂ ਸ਼ਹਿਰਾਂ, ਕਸਬਿਆਂ ਅਤੇ ਵੱਖ ਵੱਖ ਯਾਦਗਾਰ ਥਾਂਵਾਂ 'ਤੇ ਸੁਸ਼ੋਭਿਤ ਹਨ। ਦੁੱਧ ਰਿੜਕਦੀ ਮੁਟਿਆਰ ਅਤੇ ਕਸੀਦਾ ਕੱਢਦੀ ਪੰਜਾਬਣ ਦੀਆਂ ਦੋ ਮੂਰਤੀਆਂ ਸੰਗਰੂਰ ਦੇ ਬਨਾਸਰ ਬਾਗ ਵਿਚ ਸੁਸ਼ੋਭਿਤ ਹਨ। ਕਲਾ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਅਨੇਕਾਂ ਸੰਸਥਾਵਾਂ ਨੇ ਦਰਸ਼ਨ ਸਿੰਘ ਦਾ ਸਨਮਾਨ ਵੀ ਕੀਤਾ। ਸਿੱਖਿਆ ਖੇਤਰ ਵਿਚ ਚੰਗੀ ਕਾਰਗੁਜ਼ਾਰੀ ਲਈ 2012 ਵਿਚ ਉਸ ਨੂੰ ਸਟੇਟ ਐਵਾਰਡ ਵੀ ਮਿਲਿਆ।

ਡਰਾਇੰਗ ਮਾਸਟਰ ਵਜੋਂ ਸੇਵਾ ਮੁਕਤ ਹੋਏ ਦਰਸ਼ਨ ਸਿੰਘ ਟਿੱਬਾ ਦਾ ਹੁਣ ਬਹੁਤਾ ਸਮਾਂ ਕਲਾ ਨੂੰ ਹੀ ਸਮਰਪਿਤ ਹੈ। ਸੰਘਰਸ਼ ਭਰੀ ਜ਼ਿੰਦਗੀ ਦਾ ਖਿੜੇ ਮੱਥੇ ਸਾਹਮਣਾ ਕਰਨ ਵਾਲੇ ਦਰਸ਼ਨ ਸਿੰਘ ਨੂੰ ਵਕਤ ਨੇ ਉਸ ਵੇਲੇ ਵੱਡਾ ਝੰਜੋੜਾ ਦਿੱਤਾ, ਜਦ ਇੱਕ ਹਾਦਸੇ ਵਿਚ ਉਸ ਦੀ ਜੀਵਨ ਸਾਥਣ ਪ੍ਰੀਤਮ ਕੌਰ ਵਿਛੋੜਾ ਦੇ ਗਈ।

ਕਲਾ ਜ਼ਿੰਦਗੀ ਬਾਰੇ ਉਸ ਦਾ ਕਹਿਣਾ ਹੈ, "ਕਲਾ ਦਾ ਮਕਸਦ ਮਨੁੱਖ ਨੂੰ ਭਾਵਨਾਤਮਕ ਤੌਰ 'ਤੇ ਟੁੰਬ ਕੇ ਮਨੁੱਖਤਾ ਪ੍ਰਤੀ ਆਦਰਸ਼ਕ, ਨਰੋਈਆਂ, ਅਗਾਂਹਵਧੂ ਕਦਰਾਂ-ਕੀਮਤਾਂ ਵੱਲ ਤੋਰਨਾ ਹੁੰਦਾ ਹੈ।" ਦਰਸ਼ਨ ਸਿੰਘ ਦਾ ਗਿਲਾ ਹੈ ਕਿ ਸਰਕਾਰਾਂ ਨੇ ਚਿੱਤਰਕਾਰੀ ਕਲਾ ਨੂੰ ਪ੍ਰਫੁਲਿਤ ਕਰਨ ਲਈ ਕੋਈ ਧਿਆਨ ਨਹੀਂ ਦਿੱਤਾ ਤੇ ਇਹ ਕਲਾ ਸਿਰਫ ਸਕੂਲਾਂ-ਕਾਲਜਾਂ ਦੀ ਪੜ੍ਹਾਈ ਤੱਕ ਹੀ ਸਿਮਟ ਕੇ ਰਹਿ ਗਈ ਹੈ। ਕੰਪਿਊਟਰ ਯੁੱਗ ਨੇ ਇਸ ਕਲਾ ਨੂੰ ਵੱਡੀ ਢਾਹ ਲਾਈ ਹੈ। ਰੰਗਾਂ ਦੀ ਅਹਿਮੀਅਤ ਵਾਲੀ ਚਿੱਤਰਕਾਰੀ ਦਿਨੋਂ ਦਿਨ ਖਤਮ ਹੋ ਰਹੀ ਹੈ। ਪਹਿਲਾਂ ਇਸ ਕਲਾ ਨੂੰ ਸਿੱਖਣ ਲਈ ਨਵੇਂ ਮੁੰਡਿਆਂ ਵਿਚ ਉਤਸ਼ਾਹ ਹੁੰਦਾ ਸੀ ਜੋ ਹੁਣ ਨਾਂਮਾਤਰ ਹੀ ਰਹਿ ਗਿਆ ਹੈ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਜੁਲਾਈ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-335



ਮੁੱਖ ਮੋੜਿਆ ਸਾਡੇ ਤੋਂ ਉਦੋਂ ਦਾ ਹੀ ਸਬਰ ਸ਼ੁਕਰ ਤੇ ਮਨਾਂ ਦੀ ਸ਼ਾਂਤੀ ਨੇ।
ਰੋਟੀ ਖਾਂਦੇ ਹਾਂ ਖੁੱਲ੍ਹੇ ਅਸਮਾਨ ਥੱਲੇ ਕੀਤਾ ਹਾਲ ਆਹ ਹਰੀ ਕ੍ਰਾਂਤੀ ਨੇ!

## ਕੈਪਸ਼ਨ ਮੁਕਾਬਲਾ-333



ਲੰਮੀ ਉਚੀ ਸਰੂ ਦੇ ਵਰਗੀ
ਖਾਕੀ ਦੇ ਵਿਚ ਖੂਬ ਸੁਹਾਵੇ।
ਸਰਕਾਰੀ ਡਿਊਟੀ ਚੌਵੀ ਘੰਟੇ
ਤਨਦੇਹੀ ਨਾਲ ਫਰਜ਼ ਨਿਭਾਵੇ।
ਖੁਸ਼ ਰਹਿ ਘਰ ਦੇ ਧੰਦੇ ਕਰਦੀ
ਮੱਥੇ ਵੱਟ ਨਾ ਕਦੇ ਵੀ ਪਾਵੇ।
ਕਹਿੰਦੇ ਨੇ 'ਮੁਟਿਆਰ ਪੰਜਾਬਣ'
ਰੀਸ ਏਸ ਦੀ ਕਰੀ ਨਾ ਜਾਵੇ।
-ਜਗਮੀਤ ਸਿੰਘ ਪੰਧੇਰ

---

ਆਪਣੇ ਹੱਥੀਂ ਰੋਟੀ ਪਕਾ ਕੇ
ਬੱਚਿਆਂ ਨੂੰ ਮੈਂ ਜਾਂਵਾਂ ਖਵਾ ਕੇ।
ਬੇਫਿਕਰੀ ਨਾਲ ਡਿਊਟੀ ਜਾਵਾਂ
ਤਨਦੇਹੀ ਨਾਲ ਫਰਜ਼ ਨਿਭਾਵਾਂ।
ਚੌਂਕਾਂ ਦੇ ਵਿਚ ਦਹਿਸ਼ਤ ਮੇਰੀ
ਗੁੰਡਾਗਰਦੀ ਨੂੰ ਨੱਥ ਪਾਵਾਂ।
-ਗੁਰਦੇਵ ਸਿੰਘ ਢਪਾਲੀ, ਬਠਿੰਡਾ

---

ਇੱਜਤ ਤੇ ਰੋਟੀ ਦੀ ਖਾਤਰ
ਅੰਦਰ-ਬਾਹਰ ਹੱਥ ਚਲਾਵਾਂ।
ਵਰਦੀ ਦੀ ਵੀ ਇੱਜਤ ਰੱਖਾਂ
ਰੋਟੀ ਖੁਦ ਬਣਾ ਕੇ ਖਾਵਾਂ।
ਔਰਤ ਹਾਂ, ਅਹਿਸਾਸ ਹੈ ਮੈਨੂੰ
ਮੇਰੇ ਬਿਨਾ ਰਸੋਈ ਠੰਡੀ,
ਘਰ ਵੀ ਮੇਰਾ, ਡਿਊਟੀ ਵੀ ਮੇਰੀ
ਜਿੰਮੇਵਾਰੀਆਂ ਹੱਸ ਨਿਭਾਵਾਂ।
-ਪੋਰਿੰਦਰ ਸਿੰਗਲਾ, ਬਠਿੰਡਾ।

---

ਭਾਵੇਂ ਹੋਵੇ ਠਾਣੇਦਾਰਨੀ
ਧੀ ਵਿਆਹੀ ਬਣੇ ਸੁਆਣੀ।
ਬੱਚਿਆਂ ਦੀ ਮਾਂ ਬਣੂੰਗੀ
ਬਣੂੰ ਕਿਸੇ ਦੇ ਦਿਲ ਦੀ ਰਾਣੀ।
ਘਰ ਦੇ ਸਾਰੇ ਕੰਮ ਨਿਬੇੜਦੀ
ਨਾਲੇ ਸਰਵਿਸ ਪੁਗਾਣੀ।
ਕੰਮਾਂ ਵਾਲੀਆਂ ਬੀਬੀਆਂ
ਸਿਰੜ ਦੀ ਪਾਣ ਕਹਾਣੀ।
-ਸੇਵਾ ਸਿੰਘ ਨੂਰਪੁਰੀ, ਸੈਨ ਹੋਜੇ

---

ਵਰਦੀ ਪਾ ਕੇ, ਪੇਟੀ-ਫੀਤੀ ਲਾ ਕੇ
ਵੇਲ-ਵੇਲ ਰੋਟੀਆਂ ਪਕਾਵੇ।
ਥਾਣੇਦਾਰਨੀ ਨੂੰ ਬਾਹਰ ਸਲਾਮਾਂ
ਘਰੇ ਤਾਂ ਘਰ ਦੀ ਮਾਈ ਕਹਾਵੇ।
ਘਰ ਦੀ ਮੁਰਗੀ, ਦਾਲ ਬਰਾਬਰ
ਸੋਚ-ਸੋਚ ਮੁਸਕਰਾਈ ਜਾਵੇ।
-ਦਵਿੰਦਰ ਕੌਰ

---

ਐਵੇਂ ਨ੍ਹੀਂ ਬਣੀ ਫਿਰਦੀ ਠਾਣੇਦਾਰਨੀ
ਮਿਹਨਤ ਦਿੱਤਾ ਇਸ ਮੰਜ਼ਿਲ 'ਤੇ ਪੁਚਾ।
ਹੱਥੀਂ ਕਿਰਤ ਮੇਰੇ ਹੱਡਾਂ 'ਚ ਰਚੀ
ਬਾਕੀ ਸਿਰ 'ਤੇ ਹੱਥ ਰੱਖਦਾ ਮੇਰਾ ਖੁਦਾ।
ਚੰਗੇ ਸੰਸਕਾਰਾਂ ਨਾਲ ਜੁੜ ਕੇ ਰਹੀ
ਮਾੜੀਆਂ ਗੱਲਾਂ ਨੂੰ ਕਿਹਾ ਅਲਵਿਦਾ।
-ਅਮਰਜੀਤ ਸਿੰਘ ਤੂਰ

---

ਮੁਕਾਬਲੇ ਦਾ ਯੁਗ 'ਚ ਜ਼ਿੰਦਗੀ
ਸਭ ਕੁਝ ਦਿੰਦੀ ਹੈ ਸਿਖਾ।
ਡਿਊਟੀ ਦੇ ਨਾਲ ਰਸੋਈ ਕਰਨੀ
ਰਚਿਆ ਵਿਚ ਔਰਤ ਦੇ ਸੁਭਾਅ।
ਪਹਿਲ ਭਾਵੇਂ ਪੁੱਤਰਾਂ ਨੂੰ ਦੇਵੇ ਦੁਨੀਆਂ
ਪਰ ਕੰਮਾਂ-ਕਾਰਾਂ 'ਚ ਮੋਹਰੀ ਰਹਿ ਕੇ
ਅਸੀਂ ਆਪਣਾ ਸਿੱਕਾ ਦਿੱਤਾ ਜਮਾ।
-ਜਗਜੀਤ ਕੌਰ ਤੂਰ, ਚੰਡੀਗੜ੍ਹ।

---

ਪੁੱਗਦਾ ਜਿਸ ਨੂੰ ਕਾਮਾ, ਰੱਖ ਲੈਂਦਾ ਟੁੱਕਰ।
ਸਾਡਾ ਸਮਾਜ, ਸਾਡਾ ਵਿਰਸਾ
ਨਿਰਭਰ ਕਰਦਾ ਰਸੋਈ ਦਾ ਆਹਰ ਪਾਹਰ
ਉਹ ਵੀ ਘਰ ਵਾਲੀ ਕਰ ਕੇ ਜਾਵੇ।
ਪਹਿਲਾਂ ਬੱਚਿਆਂ ਨੂੰ ਸਕੂਲ ਤੋਰੇ
ਖਾਵੰਦ ਵੀ ਬੈਠਾ ਬੁੱਕਲ ਮਾਰ
ਉਡੀਕਦਾ ਚਾਹ-ਨਾਸ਼ਤਾ ਮੰਜੇ 'ਤੇ।
ਦਫਤਰ 'ਚ ਭਾਵੇਂ ਹੁਕਮ ਝਾੜਦੀ
ਐਪਰ ਘਰ ਦੇ ਕੰਮਾਂ ਲਈ ਮਜਬੂਰ।
-ਦਰਸ਼ਨਪਾਲ ਦੋਸਾਂਝ

# ਆਜ਼ਾਦੀ ਦੇ 71 ਵਰ੍ਹਿਆਂ ਬਾਅਦ ਵੀ ਸਰਹੱਦੀ ਪਿੰਡਾਂ ਦੀ ਨਾ ਲਈ ਕਿਸੇ ਸਾਰ

**ਫਾਜ਼ਿਲਕਾ:** ਦੇਸ਼ ਦੀ ਵੰਡ ਤੋਂ ਬਾਅਦ ਦੇ 71 ਵਰ੍ਹਿਆਂ ਬਾਅਦ ਵੀ ਪੰਜਾਬ ਦੀ ਹਿੰਦ-ਪਾਕਿ ਸਰਹੱਦ ਉਤੇ ਸਤਲੁਜ ਦਰਿਆ ਦੇ ਕੰਢੇ ਵਸੇ ਲੋਕ ਮੁਢਲੀਆਂ ਸਹੂਲਤਾਂ ਤੋਂ ਵਾਂਝੇ ਹਨ। ਫਾਜ਼ਿਲਕਾ ਦੇ ਨਾਲ ਲੱਗਦੇ ਪਿੰਡ ਮੋਜਮ ਨੇੜੇ ਬਣੇ ਮੋਜਮ ਫਾਰਵਰਡ ਉਤੇ ਪੁਲ ਨਾ ਹੋਣ ਕਾਰਨ ਸਰਹੱਦੀ ਪਿੰਡਾਂ ਦੇ ਲੋਕ ਬਹੁਤ ਜ਼ਿਆਦਾ ਪਰੇਸ਼ਾਨ ਹਨ। ਮਜਬੂਰੀ 'ਚ ਆਪਣੀ ਜਾਨ ਨੂੰ ਤਲੀ ਉਤੇ ਧਰ ਕੇ ਬੇੜੀ ਰਾਹੀਂ ਦਰਿਆ ਨੂੰ ਪਾਰ ਕਰਦੇ ਹਨ।

ਸਰਹੱਦੀ ਪਿੰਡਾਂ ਦੇ ਲੋਕਾਂ ਦਾ ਕਹਿਣਾ ਹੈ ਕਿ ਕਿਸੇ ਵੀ ਸਰਕਾਰ ਨੇ ਸਰਹੱਦੀ ਪਿੰਡਾਂ ਦੇ ਲੋਕਾਂ ਦੀ ਬਾਂਹ ਨਹੀਂ ਫੜੀ। ਸਤਲੁਜ ਦਰਿਆ ਤੋਂ ਪਾਰ ਉਨ੍ਹਾਂ ਦੀ ਸੈਂਕੜੇ ਏਕੜ ਜ਼ਮੀਨ ਹੈ, ਜਿਸ ਉਤੇ ਖੇਤੀ ਕਰਨ ਲਈ ਸਵੇਰੇ ਸ਼ਾਮ ਉਨ੍ਹਾਂ ਨੂੰ ਖੁਦ ਤੇ ਮਜ਼ਦੂਰਾਂ ਨੂੰ ਜਾਣਾ ਪੈਂਦਾ ਹੈ। ਕਈ ਤਰ੍ਹਾਂ ਦੇ ਖੇਤੀ ਸੰਦ ਵੀ ਲਿਜਾਣ ਦੀ ਲੋੜ ਹੁੰਦੀ ਹੈ, ਪਰ ਮੋਜਮ ਫਾਰਵਡ ਉਤੇ ਪੁਲ ਨਾ ਹੋਣ ਕਾਰਨ ਉਨ੍ਹਾਂ ਨੂੰ ਕਈ ਕਿਲੋਮੀਟਰ ਦਾ ਸਫਰ ਤੈਅ ਖੇਤਾਂ 'ਚ ਜਾਣਾ ਪੈਂਦਾ ਹੈ। ਉਹ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਇਕ ਮੰਗਵੀਂ ਬੇੜੀ ਦੇ ਸਹਾਰੇ ਸਤਲੁਜ ਦਰਿਆ ਪਾਰ ਕਰਦੇ ਹਨ।

ਉਨ੍ਹਾਂ ਨੂੰ ਕਿਸ਼ਤੀ ਦਾ ਰੱਸਾ ਟੁੱਟਣ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ, ਕਿਉਂਕਿ ਜੇਕਰ ਰੱਸਾ ਟੁੱਟਿਆ ਤਾਂ ਪਾਕਿਸਤਾਨ ਬਿਲਕੁਲ ਨੇੜੇ ਹੈ ਅਤੇ ਉਹ ਉਧਰ ਵੀ ਲੰਘ ਸਕਦੇ ਹਨ। ਦਰਿਆ ਤੋਂ ਪਾਰ ਸੈਂਕੜੇ ਏਕੜ ਜ਼ਮੀਨ ਛੱਡੀ ਵੀ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਕਈ ਪਿੰਡਾਂ ਦਾ ਇਸ 'ਚ ਰਕਬਾ ਹੈ। ਅਸੀਂ ਸਮੇਂ-ਸਮੇਂ ਸਿਰ ਵੱਖ ਵੱਖ ਪਿੰਡਾਂ ਦੀਆਂ ਪੰਚਾਇਤਾਂ ਦੇ ਜ਼ਰੀਏ ਸਰਕਾਰਾਂ ਨੂੰ ਕਹਿ ਚੁੱਕੇ ਹਾਂ, ਪਰ ਕਿਸੇ ਵੀ ਸਰਕਾਰ ਨੇ ਸਮੱਸਿਆ ਦਾ ਹੱਲ ਨਹੀਂ ਕੱਢਿਆ। ਦੂਜਾ ਸਤਲੁਜ ਦਰਿਆ 'ਚ ਆ ਰਿਹਾ ਗੰਦਾ ਪਾਣੀ ਉਨ੍ਹਾਂ ਦੀਆਂ ਮੁਸ਼ਕਲਾਂ 'ਚ ਵਾਧਾ ਕਰਦਾ ਹੈ। ਬਦਬੂ ਮਾਰਦਾ ਪਾਣੀ ਉਨ੍ਹਾਂ ਦੇ ਧਰਤੀ ਹੇਠਲੇ ਪਾਣੀ ਨੂੰ ਵੀ ਖਰਾਬ ਕਰ ਰਿਹਾ ਹੈ, ਜਿਸ ਦਾ ਅਸਰ ਉਨ੍ਹਾਂ ਦੀਆਂ ਫਸਲਾਂ 'ਤੇ ਪੈ ਰਿਹਾ ਹੈ। ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲਣ ਦਾ ਬਹੁਤ ਵੱਡਾ ਖਤਰਾ ਹੈ। ਕਿਸ਼ਤੀ ਰਾਹੀਂ ਦਰਿਆ ਪਾਰ ਕਰਦੇ ਸਮੇਂ ਜਦੋਂ ਉਹ ਪਾਣੀ 'ਚ ਉਤਰਦੇ ਹਨ ਤਾਂ ਜਿਥੇ ਜਿਥੇ ਸਰੀਰ ਉਤੇ ਪਾਣੀ ਲੱਗਦਾ ਹੈ, ਖਾਰਸ਼ ਹੋਣ ਲੱਗ ਜਾਂਦੀ ਹੈ। ਕੁਝ ਸਮਾਂ ਪਹਿਲਾ ਇਸ ਥਾਂ ਉਤੇ ਸਰਕਾਰ ਵੱਲੋਂ ਸਰਵੇ ਕੀਤਾ ਗਿਆ ਸੀ ਕਿ ਇਸ ਥਾਂ ਉਤੇ ਪੁਲ ਬਣਾਇਆ ਜਾਵੇਗਾ, ਪਰ ਅਜੇ ਤੱਕ ਉਨ੍ਹਾਂ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ।

## ਗੁਰੂ ਨਗਰੀ ਦੀ ਇੰਦਰਾ ਕਾਲੋਨੀ 'ਚ 43 ਸਾਲਾਂ ਬਾਅਦ ਪੁੱਜੀ ਬਿਜਲੀ

**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਕੋਟ ਖਾਲਸਾ ਇਲਾਕੇ ਨੇੜੇ ਪੈਂਦੀ ਇੰਦਰਾ ਆਵਾਸ ਯੋਜਨਾ ਤਹਿਤ ਵਸਾਈ ਇੰਦਰਾ ਕਾਲੋਨੀ ਵਿਚ ਬਿਜਲੀ ਦੀ ਸਪਲਾਈ ਆਉਣ ਉਤੇ ਵਿਆਹ ਵਰਗਾ ਮਾਹੌਲ ਹੈ। ਦਰਅਸਲ, ਇਸ ਕਾਲੋਨੀ ਦੇ ਲੋਕ ਪਿਛਲੇ 43 ਸਾਲਾਂ ਤੋਂ ਬਿਨਾਂ ਬਿਜਲੀ ਦੇ ਰਹਿ ਰਹੇ ਸਨ ਜਿਸ ਕਾਰਨ ਇਨ੍ਹਾਂ ਨੂੰ ਪਾਣੀ ਸਮੇਤ ਕਈ ਹੋਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਾਲੋਨੀ ਦੇ ਲੋਕਾਂ ਦਾ ਇਥੋਂ ਤੱਕ ਕਹਿਣਾ ਹੈ ਕਿ ਰਾਤ ਨੂੰ ਜਦ ਉਹ ਜ਼ਮੀਨ ਉਤੇ ਪੈਰ ਰੱਖਦੇ ਸਨ ਤਾਂ ਹੇਠਾਂ ਸੱਪ ਬੈਠੇ ਹੁੰਦੇ ਸਨ, ਉਨ੍ਹਾਂ ਦੇ ਰੋਟੀ ਖਾਣ ਵਾਲੇ ਮੰਜੇ ਉਤੇ ਵੀ ਸੱਪ ਬੈਠੇ ਨਜ਼ਰ ਆਉਂਦੇ ਸਨ। ਕਾਲੋਨੀ ਵਸਨੀਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਬੱਚਿਆਂ ਨੂੰ ਪੇਪਰਾਂ ਦੇ ਦਿਨਾਂ ਵਿਚ ਰਾਤ ਵੇਲੇ ਪੜ੍ਹਨ 'ਚ ਕਾਫੀ ਮੁਸ਼ਕਿਲ ਆਉਂਦੀ ਸੀ ਤੇ ਉਹ ਦੀਵੇ ਬਾਲ ਕੇ ਪੜ੍ਹਦੇ ਸਨ। ਦੂਜੇ ਪਾਸੇ ਕਾਲੋਨੀ 'ਚ ਪਹੁੰਚੇ ਕਾਂਗਰਸੀ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਇਸ ਦਾ ਸਿਹਰਾ ਆਪਣੇ ਸਿਰ ਲੈਂਦਿਆਂ ਕਿਹਾ ਕਿ 'ਦੇਰ ਆਏ ਦਰੁਸਤ ਆਏ' ਅੱਗੇ ਤੋਂ ਕਾਲੋਨੀ ਵਾਸੀਆਂ ਨੂੰ ਅਜਿਹੀ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

# ਯੂ.ਜੀ.ਸੀ. ਵੱਲੋਂ ਪੰਜਾਬੀ ਰਸਾਲਿਆਂ 'ਤੇ ਲਾਈ ਰੋਕ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਵੱਲੋਂ ਪੰਜਾਬੀ ਭਾਸ਼ਾ ਤੇ ਸਿੱਖ ਧਰਮ ਨਾਲ ਜੁੜੇ ਦਰਜਨਾਂ ਰਸਾਲਿਆਂ ਦੀ ਪ੍ਰਵਾਨਗੀ ਰੱਦ ਕਰ ਦਿੱਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਫੈਸਲੇ ਨੂੰ ਗਲਤ ਕਰਾਰ ਦਿੱਤਾ ਹੈ। ਲੌਂਗੋਵਾਲ ਨੇ ਆਖਿਆ ਕਿ ਭਾਸ਼ਾਈ, ਸਭਿਆਚਾਰਕ ਤੇ ਧਾਰਮਿਕ ਵੰਨ-ਸਵੰਨਤਾ ਹੀ ਭਾਰਤ ਦੀ ਅਖੰਡਤਾ ਤੇ ਏਕਤਾ ਦਾ ਆਧਾਰ ਹਨ। ਪੰਜਾਬੀ ਬੋਲੀ ਸਿਰਫ ਪੰਜਾਬ ਦੀ ਮਾਂ ਬੋਲੀ ਹੀ ਨਹੀਂ ਸਗੋਂ ਇਹ ਭਾਰਤ ਦੀ ਭਾਈਚਾਰਕ ਸਾਂਝ ਤੇ ਸਮਾਜਿਕ ਏਕਤਾ ਦਾ ਵੀ ਆਧਾਰ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਇਨ੍ਹਾਂ ਸਾਰੇ ਪੱਖਾਂ ਨੂੰ ਉਭਾਰ ਕੇ ਇਕ ਸਰਬ ਸਾਂਝੀਵਾਲਤਾ ਵਾਲਾ ਫਲਸਫਾ ਪੇਸ਼ ਕਰਦੀ ਹੈ।

ਉਨ੍ਹਾਂ ਕਿਹਾ ਕਿ ਯੂ.ਜੀ.ਸੀ. ਦਾ ਪੰਜਾਬੀ ਬੋਲੀ ਨਾਲ ਜੁੜੇ ਦਰਜਨਾਂ ਰਸਾਲਿਆਂ ਦੀ ਪ੍ਰਵਾਨਗੀ ਰੱਦ ਕਰਨ ਦਾ ਫੈਸਲਾ ਮੌਜੂਦਾ ਤੇ ਭਵਿੱਖ ਦੀ ਪੀੜ੍ਹੀ ਨੂੰ ਆਪਣੇ ਸਭਿਆਚਾਰ, ਵਿਰਾਸਤ ਤੇ ਧਾਰਮਿਕ ਅਕੀਦਿਆਂ ਤੋਂ ਦੂਰ ਕਰਨ ਵਾਲਾ ਹੈ, ਕਿਉਂਕਿ ਕਿਸੇ ਵੀ ਖਿੱਤੇ ਦੇ ਲੋਕ ਆਪਣੇ ਇਤਿਹਾਸ ਤੇ ਵਿਰਾਸਤ ਨਾਲ ਆਪਣੀ ਮਾਂ ਬੋਲੀ ਜ਼ਰੀਏ ਹੀ ਜੁੜਦੇ ਹਨ। ਲੌਂਗੋਵਾਲ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਹਰੇਕ ਲਹਿਰ ਵਿਚ ਪੰਜਾਬ ਦਾ ਯੋਗਦਾਨ ਸਭ ਤੋਂ ਵੱਧ ਰਿਹਾ ਹੈ ਤੇ ਭਾਰਤੀ ਸਭਿਆਚਾਰ ਦੀ ਸੁਰੱਖਿਆ ਦੇ ਵੀ ਪੰਜਾਬੀ ਹੀ ਰਾਖੇ ਬਣੇ ਹਨ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਪੰਜਾਬੀ ਬੋਲੀ ਦੇ ਭਾਰਤ ਦੇ ਹਰ ਖੇਤਰ ਵਿਚ ਅਹਿਮ ਯੋਗਦਾਨ ਨੂੰ ਨਜ਼ਰਅੰਦਾਜ਼ ਕਰ ਕੇ ਪੰਜਾਬੀ ਦੇ ਸਾਹਿਤਕ ਤੇ ਧਾਰਮਿਕ ਰਸਾਲਿਆਂ ਦੀ ਪ੍ਰਵਾਨਗੀ ਰੱਦ ਕਰਨਾ ਦੇਸ਼ ਦੇ ਹਿੱਤ ਵਿਚ ਨਹੀਂ।

# ਲਾਡੀ ਸ਼ੇਰੋਵਾਲੀਆ ਦੀ ਚੋਣ ਨੂੰ ਹਾਈ ਕੋਰਟ ਵਿਚ ਚੁਣੌਤੀ

**ਚੰਡੀਗੜ੍ਹ:** ਸ਼ਾਹਕੋਟ ਦੀ ਜ਼ਿਮਨੀ ਚੋਣ ਜਿੱਤ ਕੇ ਪੰਜਾਬ ਵਿਧਾਨ ਸਭਾ 'ਚ ਪੁੱਜੇ ਕਾਂਗਰਸੀ ਵਿਧਾਇਕ ਲਾਡੀ ਸ਼ੇਰੋਵਾਲੀਆ ਦੀ ਚੋਣ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਗਈ ਹੈ। ਜ਼ਿਮਨੀ ਚੋਣ ਲੜਨ ਵਾਲੀ ਪਰਮਜੋਤ ਕੌਰ ਵੱਲੋਂ ਦਾਖਲ ਪਟੀਸ਼ਨ ਦੀ ਛਾਣ ਬੀਣ ਹੋ ਚੁੱਕੀ ਹੈ ਤੇ ਮਾਮਲੇ 'ਚ ਸੁਣਵਾਈ ਪਹਿਲੀ ਅਗਸਤ ਨੂੰ ਹੋਵੇਗੀ।



ਐਡਵੋਕੇਟ ਹਰਿੰਦਰਪਾਲ ਸਿੰਘ ਰਾਹੀਂ ਦਾਖਲ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਸ਼ੇਰੋਵਾਲੀਆ ਨੇ ਰਿਟਰਨਿੰਗ ਅਫਸਰ ਸਾਹਮਣੇ ਦਿੱਤੇ ਹਲਫਨਾਮੇ 'ਚ ਦਿੱਤੀ ਜਾਣਕਾਰੀ ਦੀ ਵੱਖਰੇ ਤੌਰ 'ਤੇ ਵਿਸਥਾਰ ਨਾਲ ਜਾਣਕਾਰੀ ਨਹੀਂ ਦਿੱਤੀ, ਜਦੋਂ ਕਿ ਚੋਣ ਕਮਿਸ਼ਨ ਦੇ ਨਿਯਮਾਂ ਮੁਤਾਬਕ ਵਿਸਥਾਰ ਪੂਰਵਕ ਜਾਣਕਾਰੀ ਦੇਣਾ ਲਾਜ਼ਮੀ ਹੈ। ਇਹ ਦੋਸ਼ ਵੀ ਲਗਾਇਆ ਕਿ ਚੋਣ ਉਤੇ ਕੀਤਾ ਖਰਚਾ ਵੀ ਘੱਟ ਵਿਖਾਇਆ ਗਿਆ।

ਦਲੀਲ ਦਿੱਤੀ ਕਿ ਚੋਣ ਕਮਿਸ਼ਨ ਨੇ ਰਿਕਾਰਡ 'ਚ ਨੋਟ ਕੀਤਾ ਕਿ ਪੋਲਿੰਗ ਬੂਥਾਂ ਦੇ ਬਾਹਰ ਸ਼ੇਰੋਵਾਲੀਆ ਨੇ ਟੈਂਟ ਲਗਾਏ ਪਰ ਇਨ੍ਹਾਂ ਨੂੰ ਖਰਚੇ 'ਚ ਨਹੀਂ ਵਿਖਾਇਆ ਤੇ ਇਥੋਂ ਤੱਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਹਲਕੇ 'ਚ ਕੀਤੇ ਰੋਡ ਸ਼ੋਅ ਦਾ ਖਰਚ ਵੀ ਚੋਣ ਖਰਚ 'ਚ ਨਹੀਂ ਪਾਇਆ ਗਿਆ। ਇਨ੍ਹਾਂ ਤੱਥਾਂ ਨਾਲ ਸ਼ੇਰੋਵਾਲੀਆ ਦੀ ਚੋਣ ਰੱਦ ਕਰਨ ਦੀ ਮੰਗ ਕੀਤੀ ਗਈ ਹੈ।

# ਕਾਰੋਬਾਰੀਆਂ ਨੇ ਪੰਜਾਬ ਤੋਂ ਮੂੰਹ ਫੇਰਿਆ

**ਚੰਡੀਗੜ੍ਹ:** ਕਾਰੋਬਾਰੀਆਂ ਨੂੰ ਸੁਖਾਵਾਂ ਮਾਹੌਲ (ਈਜ਼ ਆਫ ਡੂਇੰਗ ਬਿਜ਼ਨਸ) ਦੇਣ ਦੇ ਮਾਮਲੇ ਵਿਚ ਪੰਜਾਬ 2015 ਵਿਚ ਪਹਿਲੇ ਤੇ 2016 ਵਿਚ ਦੂਜੇ ਨੰਬਰ ਤੋਂ ਹੁਣ 2017 ਵਿਚ 20ਵੇਂ ਸਥਾਨ ਉਤੇ ਪਹੁੰਚ ਗਿਆ ਹੈ। ਪੰਜਾਬ ਵਿਚ ਇਹ ਰੈਂਕਿੰਗ ਡਿੱਗਣ ਪਿੱਛੇ ਸਭ ਤੋਂ ਵੱਡਾ ਕਾਰਨ ਸੂਬਾ ਸਰਕਾਰ ਦਾ ਆਪਣੀਆਂ ਸੇਵਾਵਾਂ ਨੂੰ ਆਨਲਾਈਨ ਪੇਸ਼ ਕਰਨ ਵਿਚ ਅਸਮਰਥ ਹੋਣਾ ਦੱਸਿਆ ਗਿਆ ਹੈ। ਸੂਬੇ ਦੇ ਰੈਂਕਿੰਗ ਡਿੱਗਣ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਆਪਣੀਆਂ ਉਦਯੋਗਿਕ ਨੀਤੀਆਂ ਲਾਗੂ ਕਰਨ ਵਿਚ ਅਸਮਰਥ ਰਹੀ ਹੈ। ਇਸ ਨਾਲ ਸੂਬਾ ਸਰਕਾਰ ਨੂੰ ਵੀ ਝਟਕਾ ਲੱਗਾ ਹੈ, ਜੋ ਸੂਬੇ ਦੀ ਖਰਾਬ ਅਰਥ ਵਿਵਸਥਾ ਨੂੰ ਉਪਰ ਚੁੱਕਣ ਲਈ ਲਗਾਤਾਰ ਨਿਵੇਸ਼ਕਾਰਾਂ ਨੂੰ ਖਿੱਚਣ ਦੀ ਕੋਸ਼ਿਸ਼ ਕਰ ਰਹੀ ਹੈ।

2015 ਵਿਚ ਨਵਾਂ ਕਾਰੋਬਾਰ ਸਥਾਪਤ ਕਰਨ ਦੀ ਸ਼੍ਰੇਣੀ ਵਿਚ ਪੰਜਾਬ ਨੂੰ ਉਤਮ ਸੂਬਿਆਂ ਵਿਚ ਚੁਣਿਆ ਗਿਆ ਸੀ। 2016 ਵਿਚ ਸੂਬੇ ਨੂੰ ਸਿੰਗਲ ਵਿੰਡੋ ਕਲੀਅਰੈਂਸ ਸੁਵਿਧਾ ਲਾਗੂ ਕਰਨ ਲਈ ਦੇਸ਼ ਦੇ ਸਿਖਰਲੇ ਰਾਜਾਂ ਵਿਚ ਸ਼ਾਮਲ ਕੀਤਾ ਗਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਆਸਾਨ ਵਪਾਰ ਦੇ ਮਾਮਲੇ ਵਿਚ ਸੂਬੇ ਦਾ 20ਵੇਂ ਸਥਾਨ ਉਤੇ ਆ ਡਿੱਗਣ ਪਿੱਛੇ ਮੁੱਖ ਵਜ੍ਹਾ ਕਾਰੋਬਾਰ ਕਰਨ ਦੇ ਮਾਪਦੰਡਾਂ ਵਿਚ ਬਦਲਾਅ ਕਰਨਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਨਿਵੇਸ਼ਕਾਂ ਦਾ ਧਿਆਨ ਦੇਣਾ ਸਾਬਤ ਕਰਦਾ ਹੈ ਕਿ ਸੂਬਾ ਅਜੇ ਵੀ ਨਿਵੇਸ਼ ਕਰਨ ਲਈ ਉਤਮ ਮੰਜ਼ਲ ਹੈ।

ਅੰਕੜਿਆਂ ਮੁਤਾਬਕ ਦਸੰਬਰ 2013 ਤੋਂ ਜੂਨ 2018 ਦੌਰਾਨ 433,396 ਕਰੋੜ ਰੁਪਏ ਦੇ ਪ੍ਰਸਤਾਵਿਤ ਨਿਵੇਸ਼ ਨਾਲ 643 ਪ੍ਰਸਤਾਵ ਪ੍ਰਾਪਤ ਹੋਏ। ਅਪਰੈਲ 2017 ਅਤੇ ਜੂਨ 2018 ਦੇ ਵਿਚਕਾਰ, ਕਾਂਗਰਸ ਸਰਕਾਰ ਨੇ ਕਾਰਜਭਾਰ ਸੰਭਾਲਣ ਦੇ ਬਾਅਦ, 8644 ਕਰੋੜ ਰੁਪਏ ਦੇ ਨਿਵੇਸ਼ ਲਈ 161 ਪ੍ਰਸਤਾਵ ਪ੍ਰਾਪਤ ਹੋਏ। ਪੈਪਸੀ (ਵਰੁਣ ਬੈਵਰੇਜਜ਼) 799.7 ਕਰੋੜ ਰੁਪਏ ਦਾ ਨਿਵੇਸ਼ ਕਰ ਰਿਹਾ ਹੈ, ਜਦਕਿ ਕੋਕਾ ਕੋਲਾ (ਲੁਧਿਆਣਾ ਬੀਵਰੇਜਿਸ) ਸੂਬੇ ਵਿਚ 220 ਕਰੋੜ ਰੁਪਏ ਦਾ ਨਿਵੇਸ਼ ਕਰ ਰਿਹਾ ਹੈ। ਉਦਯੋਗ ਵਿਭਾਗ ਦੇ ਇਕ ਸੀਨੀਅਰ ਅਫਸਰ ਨੇ ਕਿਹਾ ਕਿ ਪ੍ਰਸਤਾਵਤ ਕੀਤੇ ਬਹੁਤੇ ਪ੍ਰੋਜੈਕਟ ਮੈਨੂਫੈਕਚਰਿੰਗ, ਐਗਰੋ ਤੇ ਫੂਡ ਪ੍ਰੋਸੈਸਿੰਗ ਸੈਕਟਰਾਂ ਵਿਚ ਹਨ।

## 10 ਸਾਲਾਂ 'ਚ ਉਜੜ ਗਈ ਜਲੰਧਰ ਦੀ ਫੁਟਬਾਲ ਇੰਡਸਟਰੀ

**ਜਲੰਧਰ:** ਜਲੰਧਰ ਦੀ ਖੇਡ ਇੰਡਸਟਰੀ ਬਹੁਤ ਮਾੜੇ ਦੌਰ ਵਿਚੋਂ ਗੁਜ਼ਰ ਰਹੀ ਹੈ। ਕਦੇ ਜਲੰਧਰ ਵਿਚ ਫੁਟਬਾਲ ਦਾ ਕੰਮ ਇੰਨਾ ਸਿਖਰ ਉਤੇ ਸੀ ਕਿ ਸ਼ਹਿਰ ਵਿਚ ਇਕ ਫੁਟਬਾਲ ਚੌਕ ਹੀ ਬਣਾ ਦਿੱਤਾ ਗਿਆ ਪਰ ਕੌਮਾਂਤਰੀ ਮੁਕਾਬਲੇ ਤੇ ਸਰਕਾਰਾਂ ਦੀ ਬੇਰੁਖੀ ਨੇ ਇਸ ਨੂੰ ਮਾੜੇ ਦੌਰ ਵਿਚ ਪਹੁੰਚਾ ਦਿੱਤਾ ਹੈ। ਇੰਡਸਟਰੀ ਲਈ ਵੱਡੇ ਵਾਅਦੇ ਕਰ ਕੇ ਸੱਤਾ ਵਿਚ ਆਈ ਕੈਪਟਨ ਸਰਕਾਰ ਤੋਂ ਵੀ ਫੁਟਬਾਲ ਕਾਰੋਬਾਰੀਆਂ ਨੂੰ ਕਾਫੀ ਉਮੀਦਾਂ ਸਨ ਪਰ ਸਰਕਾਰ ਵੱਲੋਂ ਸਿਰਫ ਵਾਅਦੇ ਹੀ ਕੀਤੇ ਗਏ।

## ਮੈਡਮ ਤੁਸਾਦ ਮਿਊਜ਼ੀਅਮ 'ਚ ਲੱਗੇਗਾ ਦਿਲਜੀਤ ਦਾ ਬੁੱਤ

**ਨਵੀਂ ਦਿੱਲੀ:** ਆਪਣੀ ਗਾਇਕੀ ਅਤੇ ਅਦਾਕਾਰੀ ਨਾਲ ਪੂਰੀ ਦੁਨੀਆਂ 'ਚ ਛਾਏ ਦਿਲਜੀਤ ਦੁਸਾਂਝ ਦਾ ਮੋਮ ਦਾ ਬੁੱਤ ਜਲਦ ਹੀ ਦਿੱਲੀ ਦੇ ਮੈਡਮ ਤੁਸਾਦ ਮਿਊਜ਼ੀਅਮ 'ਚ ਲਗਾਇਆ ਜਾਵੇਗਾ। ਮੈਡਮ ਤੁਸਾਦ ਮਿਊਜ਼ੀਅਮ ਦਿੱਲੀ ਵੱਲੋਂ ਟਵਿੱਟਰ 'ਤੇ ਇਸ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਮਿਊਜ਼ੀਅਮ ਵੱਲੋਂ ਕੀਤੇ ਟਵੀਟ 'ਚ ਲਿਖਿਆ ਹੈ ਕਿ ਜਲਦ ਹੀ 'ਪੰਜਾਬ ਦਾ ਪੁੱਤਰ' ਮੈਡਮ ਤੁਸਾਦ ਦਿੱਲੀ 'ਚ ਸ਼ਾਨ ਵਧਾਏਗਾ। ਇਸ ਟਵੀਟ ਦੇ ਨਾਲ ਹੀ ਦਸਤਾਰ ਤੇ ਚਸ਼ਮੇ ਵਾਲੀ ਫੋਟੋ ਸ਼ੇਅਰ ਕਰਦਿਆਂ ਲਿਖਿਆ ਹੈ ਕਿ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਉਹ ਕਿਹੜਾ ਕਲਾਕਾਰ ਹੈ।

ਜਲੰਧਰ ਜ਼ਿਲ੍ਹੇ ਦੇ ਪਿੰਡ ਦੁਸਾਂਝ ਕਲਾਂ 'ਚ ਜੰਮੇ ਦਿਲਜੀਤ ਦੁਸਾਂਝ ਨੇ ਪੰਜਾਬੀ ਗਾਇਕੀ ਅਤੇ ਪੰਜਾਬੀ ਫਿਲਮਾਂ 'ਚ ਆਪਣੀ ਧਾਕ ਜਮਾਉਣ ਤੋਂ ਬਾਅਦ 2016 ਵਿਚ 'ਉੜਤਾ ਪੰਜਾਬ' ਰਾਹੀਂ ਬਾਲੀਵੁੱਡ 'ਚ ਸ਼ਾਨਦਾਰ ਐਂਟਰੀ ਕੀਤੀ ਸੀ ਅਤੇ ਇਸ ਫਿਲਮ ਨੂੰ ਸਰਬੋਤਮ ਅਦਾਕਾਰ ਦੇ ਫਿਲਮ ਫੇਅਰ ਐਵਾਰਡ ਸਣੇ ਕਈ ਪੁਰਸਕਾਰ ਮਿਲੇ ਸਨ। ਦਿਲਜੀਤ ਦੀ ਹਾਲ ਹੀ 'ਚ ਰਿਲੀਜ਼ ਹੋਈ ਫਿਲਮ 'ਸੂਰਮਾ' ਵੀ ਬਾਕਸ ਆਫਿਸ 'ਤੇ ਧਮਾਲ ਮਚਾ ਰਹੀ ਹੈ। ਇਸ ਦੇ ਇਲਾਵਾ ਫਿਲਮ 'ਸੂਰਮਾ' ਨੂੰ ਲੈ ਕੇ ਬਾਲੀਵੁੱਡ ਦੇ ਕਈ ਸਿਤਾਰਿਆਂ ਨੇ ਵੀ ਸ਼ਾਨਦਾਰ ਪ੍ਰਤੀਕ੍ਰਿਆ ਦਿੱਤੀ ਹੈ।

# ਪੰਚਾਇਤ ਨੇ ਟਟੀਹਰੀ ਦੇ ਆਂਡੇ ਤੋੜਨ ਬਦਲੇ 5 ਸਾਲਾ ਬੱਚੀ ਨੂੰ ਘਰੋਂ ਕੱਢਿਆ

**ਕੋਟਾ:** ਟਟੀਹਰੀ ਦੇ ਆਂਡੇ ਤੋੜਨ ਬਦਲੇ ਪੰਚਾਇਤ ਨੇ ਪੰਜ ਸਾਲ ਦੀ ਬੱਚੀ ਨੂੰ ਜਾਤੀ ਵਿਚੋਂ ਬਾਹਰ ਕਰਦਿਆਂ ਘਰੋਂ ਬਾਹਰ ਕੱਢਣ ਦਾ ਫੈਸਲਾ



ਸੁਣਾ ਦਿੱਤਾ ਪਰ ਜ਼ਿਲ੍ਹਾ ਪ੍ਰਸ਼ਾਸਨ ਨੇ ਬੱਚੀ ਨੂੰ ਇਸ ਅੰਧ ਵਿਸ਼ਵਾਸ ਦਾ ਸ਼ਿਕਾਰ ਹੋਣ ਤੋਂ ਬਚਾਇਆ। ਦਰਅਸਲ, ਬੱਚੀ ਨੇ 2 ਜੁਲਾਈ ਨੂੰ ਆਪਣੇ ਸਕੂਲ 'ਚ ਟਟੀਹਰੀ ਦੇ ਆਂਡੇ ਗਲਤੀ ਨਾਲ ਤੋੜ ਦਿੱਤੇ ਸਨ। ਉਥੋਂ ਦੇ ਸਥਾਨਕ ਵਿਸ਼ਵਾਸ ਮੁਤਾਬਕ ਅਜਿਹਾ ਮੰਨਿਆ ਜਾਂਦਾ ਹੈ ਕਿ ਪੰਛੀ ਮੀਂਹ ਦਾ ਸੂਚਕ ਹੈ ਤੇ ਇਸ ਨੂੰ ਜਾਂ ਇਸ ਦੇ ਆਂਡਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਸਜ਼ਾ ਦਿੱਤੀ ਜਾਂਦੀ ਹੈ।

ਬੱਚੀ ਵੱਲੋਂ ਗਲਤੀ ਨਾਲ ਆਂਡਿਆਂ ਨੂੰ ਨੁਕਸਾਨ ਪਹੁੰਚਾਏ ਜਾਣ ਉਤੇ ਪਿੰਡ ਦੀ ਪੰਚਾਇਤ ਨੇ ਆਂਡੇ ਤੋੜਨ ਦੇ ਪਾਪ ਬਦਲੇ ਬੱਚੀ ਨੂੰ ਜਾਤੀ ਤੋਂ ਬਾਹਰ ਕਰ ਦਿੱਤਾ ਤੇ ਤਿੰਨ ਦਿਨ ਤੱਕ ਘਰ ਵੜਨ ਉਤੇ ਰੋਕ ਲਾ ਦਿੱਤੀ। ਪਹਿਲੀ ਜਮਾਤ 'ਚ ਪੜ੍ਹਨ ਵਾਲੀ ਬੱਚੀ ਨੂੰ ਘਰ ਦੇ ਸਾਹਮਣੇ ਵਾੜੇ 'ਚ ਰਹਿਣ ਦੀ ਇਜਾਜ਼ਤ ਦਿੱਤੀ ਗਈ।

ਬੱਚੀ ਦੇ ਪਿਤਾ ਨੇ ਪੰਚਾਇਤ ਦੇ ਇਸ ਫੈਸਲੇ ਦਾ ਵਿਰੋਧ ਕੀਤਾ। ਉਨ੍ਹਾਂ ਹੰਗਾਮਾ ਕੀਤਾ ਤਾਂ ਪੰਚਾਇਤ ਨੇ ਸਜ਼ਾ ਵਧਾ ਕੇ 11 ਦਿਨ ਕਰ ਦਿੱਤੀ। ਮਾਮਲਾ ਜਦੋਂ ਸਥਾਨਕ ਪ੍ਰਸ਼ਾਸਨ ਦੀ ਜਾਣਕਾਰੀ 'ਚ ਆਇਆ ਤਾਂ ਉਨ੍ਹਾਂ ਪੰਚਾਇਤ ਮੈਂਬਰਾਂ ਨੂੰ ਦੱਸਿਆ ਕਿ ਉਹ ਫੈਸਲਾ ਕਾਨੂੰਨ ਖਿਲਾਫ ਹੈ। ਤਹਿਸੀਲਦਾਰ ਭਗਵਾਨ ਸਿੰਘ ਨੇ ਦੱਸਿਆ ਕਿ ਇਸ ਤੋਂ ਬਾਅਦ ਪੰਚਾਇਤ ਆਪਣਾ ਫੈਸਲਾ ਵਾਪਸ ਲੈਣ ਲਈ ਰਾਜ਼ੀ ਹੋਈ।

# ਜਾਅਲੀ ਡਿਗਰੀ ਨੇ ਕ੍ਰਿਕਟਰ ਹਰਮਨਪ੍ਰੀਤ ਦੀਆਂ ਵਧੀਆਂ ਮੁਸ਼ਕਲਾਂ

**ਚੰਡੀਗੜ੍ਹ:** ਸਟਾਰ ਕ੍ਰਿਕਟਰ ਹਰਮਨਪ੍ਰੀਤ ਕੌਰ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਪੰਜਾਬ ਸਰਕਾਰ ਵੱਲੋਂ ਨਿਯੁਕਤ ਡੀ.ਐਸ.ਪੀ. ਹਰਮਨਪ੍ਰੀਤ ਦੀ ਡਿਗਰੀ ਸਵਾਲਾਂ ਦੇ ਘੇਰੇ ਵਿਚ ਹੈ। ਪੰਜਾਬ ਪੁਲਿਸ ਨੇ ਵੀ ਹਰਮਨਪ੍ਰੀਤ ਨੂੰ ਪੱਤਰ ਲਿਖ ਕੇ ਜਵਾਬ ਮੰਗਿਆ ਹੈ।

ਇਸ ਦੇ ਚੱਲਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਨੇ ਪੰਜਾਬ ਦੇ ਡੀ.ਜੀ.ਪੀ. ਨੂੰ ਸ਼ਿਕਾਇਤ ਕੀਤੀ ਹੈ।

ਵਕੀਲ ਵਿਕਾਸ ਮਲਿਕ ਨੇ ਹਰਮਨਪ੍ਰੀਤ ਖਿਲਾਫ ਧੋਖਾਧੜੀ ਤੇ ਜਾਅਲੀ ਡਿਗਰੀ ਪੇਸ਼ ਕਰਨ ਉਤੇ ਪਰਚਾ ਦਰਜ ਕਰਨ ਦੀ ਮੰਗ ਕੀਤੀ ਹੈ। ਮਲਿਕ ਨੇ ਸ਼ਿਕਾਇਤ ਵਿਚ ਲਿਖਿਆ ਹੈ ਕਿ ਹਰਮਨਪ੍ਰੀਤ ਨੇ ਭਾਰਤੀ ਰੇਲ ਤੇ ਪੰਜਾਬ ਪੁਲਿਸ ਵਿਚ ਨੌਕਰੀ ਲੈਣ ਲਈ ਜਾਅਲੀ ਡਿਗਰੀ ਜਮ੍ਹਾਂ ਕਰਵਾਈ ਹੈ। ਇਸ ਤਹਿਤ ਹਰਮਨਪ੍ਰੀਤ ਖਿਲਾਫ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਵਿਕਾਸ ਮਲਿਕ ਨੇ ਡੀ.ਜੀ.ਪੀ. ਨੂੰ ਆਪਣੀ ਸ਼ਿਕਾਇਤ ਵਿਚ ਇਹ ਵੀ ਲਿਖਿਆ ਹੈ ਕਿ ਇਸ ਸਕੈਮ ਵਿਚ ਹਰਮਨਪ੍ਰੀਤ ਸਮੇਤ ਜਿਸ ਦਾ ਵੀ ਹੱਥ ਹੈ, ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਹਰਮਨਪ੍ਰੀਤ ਨੇ ਆਪਣੀ ਬੀਏ ਦੀ ਡਿਗਰੀ ਚੌਧਰੀ ਚਰਨ ਸਿੰਘ ਯੂਨੀਵਰਸਿਟੀ ਤੋਂ ਕਰਨ ਦਾ ਦਾਅਵਾ ਕੀਤਾ ਸੀ। ਪੰਜਾਬ ਪੁਲਿਸ ਵਿਚ ਬਤੌਰ




ਡੀ.ਐਸ.ਪੀ. ਦਾ ਅਹੁਦਾ ਮਿਲਣ ਤੋਂ ਬਾਅਦ ਜਾਂਚ ਵਿਚ ਡਿਗਰੀ ਦਾ ਰਜਿਸਟ੍ਰੇਸ਼ਨ ਨੰਬਰ ਗਲਤ ਪਾਇਆ ਗਿਆ। ਹਾਲਾਂਕਿ ਪੰਜਾਬ ਸਰਕਾਰ ਨੇ ਹਰਮਨਪ੍ਰੀਤ ਖਿਲਾਫ ਕੋਈ ਵੀ ਸਖਤ ਕਾਰਵਾਈ ਨਹੀਂ ਕੀਤੀ। ਜਦ ਕਿ ਮੁੱਖ ਮੰਤਰੀ ਨੇ ਪੰਜਾਬ ਪੁਲਿਸ ਦੇ ਡੀ.ਜੀ.ਪੀ. ਨੂੰ ਹਰਮਨਪ੍ਰੀਤ ਨੂੰ ਡਿਗਰੀ ਪੂਰੀ ਕਰਨ ਤੱਕ ਬਤੌਰ ਡੀ.ਐਸ.ਪੀ. ਰੱਖਣ ਤੇ ਕਾਨੂੰਨੀ ਰਾਏ ਲੈਣ ਲਈ ਲਿਖਿਆ। ਹਰਮਨਪ੍ਰੀਤ ਦੀ ਫਾਈਲ ਪੰਜਾਬ ਪੁਲਿਸ ਦੇ ਡੀ.ਜੀ.ਪੀ. ਤੇ ਮੁੱਖ ਮੰਤਰੀ ਵਿਚਾਲੇ ਘੁੰਮ ਰਹੀ ਹੈ।

# ਪੰਜਾਬ ਵਿਚ ਨਸ਼ਿਆਂ ਤੋਂ ਮੁਕਤੀ ਕਿਵੇਂ ਹੋਵੇ?

ਪੰਜਾਬ ਵਿਚ ਨਸ਼ਿਆਂ ਦਾ ਦਰਿਆ ਸਾਡੇ ਸਮਾਜਿਕ, ਧਾਰਮਿਕ ਅਤੇ ਸਿਆਸੀ ਜੀਵਨ ਨੂੰ ਤਬਾਹ ਕਰ ਰਿਹਾ ਹੈ। ਸਰਕਾਰਾਂ ਦੇ ਦਾਅਵਿਆਂ ਅਤੇ ਵਾਅਦਿਆਂ ਦੇ ਬਾਵਜੂਦ ਸਾਡੀ ਜਵਾਨੀ ਨਸ਼ਿਆਂ ਦੀ ਲਪੇਟ ਵਿਚ ਆ ਗਈ ਹੈ। ਇਹ ਅਲਾਮਤ ਹੁਣ ਸਾਡੀਆਂ ਧੀਆਂ-ਭੈਣਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਰਹੀ ਹੈ। ਦੂਜੇ ਬੰਨੇ ਸਾਡੀ ਸਰਕਾਰ ਕੋਲ ਇਸ ਸਬੰਧੀ ਕੋਈ ਠੋਸ ਹਾਂ



**ਡਾ. ਸ਼ਵਿੰਦਰ ਸਿੰਘ ਗਿੱਲ**

ਪੱਖੀ ਨੀਤੀ ਨਹੀਂ ਹੈ। ਸਾਡੇ ਕੋਲ ਪਹਿਲਾਂ ਹੀ ਨਸ਼ੇ ਦੀ ਤਸਕਰੀ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਨੂੰਨ ਹਨ, ਜਿਵੇਂ ਨਸ਼ੇ ਦੇ ਤਸਕਰ ਨੂੰ 10 ਸਾਲ ਦੀ ਸਜ਼ਾ ਦਾ ਕਾਨੂੰਨ ਹੈ ਅਤੇ ਉਸ ਨੂੰ ਜੁਰਮਾਨਾ ਵੀ ਇਕ ਲੱਖ ਰੁਪਏ ਹੈ। ਨਸ਼ੇ ਦਾ ਵਪਾਰ ਕਰਨ ਵਾਲੇ ਦੀ ਜ਼ਮਾਨਤ ਵੀ ਨਹੀਂ ਹੁੰਦੀ। ਇਸ ਦੇ ਬਾਵਜੂਦ ਪੁਲਿਸ ਅਤੇ ਸਰਕਾਰ ਇਸ ਨੂੰ ਕਾਬੂ ਕਰਨ ਤੋਂ ਅਸਮਰੱਥ ਹਨ। ਹੁਣ ਕਾਨੂੰਨ ਨੂੰ ਹੋਰ ਸਖ਼ਤ ਕੀਤਾ ਜਾ ਰਿਹਾ ਹੈ। ਇਸ ਦਾ ਨਤੀਜਾ ਵੀ ਪਹਿਲਾਂ ਵਾਲਾ ਹੀ ਹੋਵੇਗਾ। ਪੁਲਿਸ ਵਾਲੇ ਕਾਨੂੰਨ ਨੂੰ ਹੋਰ ਅੱਗੇ ਲੈ ਜਾਂਦੇ ਹਨ; ਡੋਡੇ ਫੜੇ ਜਾਣ 'ਤੇ ਚਿੱਟਾ ਪਾ ਦਿੰਦੇ ਹਨ ਅਤੇ ਘੱਟ ਮਾਤਰਾ ਵਿਚ ਨਸ਼ੀਲੇ ਪਦਾਰਥ ਫੜੇ ਜਾਣ 'ਤੇ ਮਾਤਰਾ ਵਧਾ ਦਿੰਦੇ ਹਨ ਤਾਂ ਜੋ ਉਸ ਦੀ ਜ਼ਮਾਨਤ ਨਾ ਹੋ ਸਕੇ। ਜੇਲ੍ਹਾਂ ਵਿਚ ਨਸ਼ਾ ਆਮ ਮਿਲਦਾ ਹੈ। ਸਿੱਟੇ ਵਜੋਂ ਸੌਫ਼ਟ ਡਰੱਗ ਲੈਣ ਵਾਲਾ ਹਾਰਡ ਡਰੱਗ ਲੈਣ ਲੱਗ ਜਾਂਦਾ ਹੈ।

ਸਾਡੀਆਂ ਟੈਲੀਵਿਜ਼ਨੀ ਬਹਿਸਾਂ ਵਿਚ ਇਕ ਹੀ ਮੁੱਦਾ ਨਜ਼ਰ ਆਉਂਦਾ ਹੈ ਕਿ ਨਸ਼ੇ ਹੁਣ ਜ਼ਿਆਦਾ ਹੋਏ ਹਨ ਜਦੋਂਕਿ ਹਕੀਕਤ ਇਹ ਹੈ ਕਿ ਇਹ ਪਹਿਲੀ ਸਰਕਾਰ ਸਮੇਂ ਵੀ ਜ਼ਿਆਦਾ ਹੀ ਸਨ। ਨਸ਼ਾ ਦੋ ਤਰ੍ਹਾਂ ਦਾ ਹੁੰਦਾ ਹੈ: ਸੌਫ਼ਟ ਡਰੱਗ ਤੇ ਦੂਜਾ ਹਾਰਡ ਡਰੱਗ। ਸਾਡੀ ਸਮੱਸਿਆ ਹਾਰਡ ਡਰੱਗ ਦੀ ਹੈ। ਇਸ ਦੀ ਗਿਣਤੀ-ਮਿਣਤੀ ਤੇ ਮਿਕਦਾਰ ਕੋਈ ਜ਼ਿਆਦਾ ਨਹੀਂ ਹੈ ਪਰ ਜੋ ਵੀ ਹੈ, ਉਹ ਬਹੁਤ ਭਿਆਨਕ ਹੈ। ਸਮੈਕ ਬਹੁਤ ਮਹਿੰਗੀ ਹੈ। ਛੇਤੀ ਆਦਤ ਪੈ ਜਾਂਦੀ ਹੈ। ਸਮੈਕ ਨਾ ਮਿਲੇ ਤਾਂ ਸਰੀਰ ਨੂੰ ਤੋੜ ਲੱਗਦੀ ਹੈ। ਸਮੈਕ ਪੀ ਕੇ ਆਦਮੀ ਜੁਰਮ ਕਰਦਾ ਹੈ ਪਰ ਜਦੋਂ ਉਸ ਨੂੰ ਸਮੈਕ ਨਹੀਂ ਮਿਲਦੀ, ਉਹ ਹੋਰ ਵੀ ਜ਼ਾਲਮ ਹੋ ਜਾਂਦਾ ਹੈ। ਸਮੈਕ ਵਾਲਾ ਹੌਲੀ ਹੌਲੀ ਟੀਕੇ ਲਾਉਣ ਲੱਗ ਜਾਂਦਾ ਹੈ ਤੇ ਉਸ ਨੂੰ ਏਡਜ਼ ਤੇ ਕਾਲਾ ਪੀਲੀਏ ਵਰਗੀਆਂ ਭਿਆਨਕ ਬਿਮਾਰੀਆਂ ਲੱਗ ਜਾਂਦੀਆਂ ਹਨ ਜੋ ਜਾਨਲੇਵਾ ਸਾਬਤ ਹੁੰਦੀਆਂ ਹਨ। ਇਨ੍ਹਾਂ ਬਿਮਾਰੀਆਂ ਦਾ ਇਲਾਜ ਹੋਰ ਵੀ ਮਹਿੰਗਾ ਹੈ ਤੇ ਇਹ ਦੂਜਿਆਂ ਨੂੰ ਵੀ ਫੈਲਦੀਆਂ ਹਨ।

ਇਨ੍ਹਾਂ ਨਸ਼ੀਲੇ ਪਦਾਰਥਾਂ ਦੇ ਵਪਾਰ ਵਿਚ ਪੈਸਾ ਬਹੁਤ ਹੈ। ਨਸ਼ਾ ਜਿੰਨਾ ਮਹਿੰਗਾ ਹੈ, ਮੁਨਾਫ਼ਾ ਓਨਾ ਹੀ ਵੱਧ ਹੁੰਦਾ ਹੈ। ਇਸ ਧੰਦੇ ਵਿਚ ਸਮਗਲਰਾਂ ਸਮੇਤ ਪੁਲਿਸ, ਕੈਮਿਸਟ, ਮੈਡੀਕਲ ਪ੍ਰੈਕਟੀਸ਼ਨਰ ਤੇ ਸਿਆਸਤਦਾਨ ਸਭ ਸ਼ਾਮਿਲ ਹਨ। ਨਸ਼ਾ ਵੇਚਣ ਵਾਲੇ ਪਿੰਡ ਪਿੰਡ ਘੁੰਮ ਰਹੇ ਹਨ ਅਤੇ ਆਮ ਲੋਕਾਂ ਨੂੰ ਭਰਮਾਉਂਦੇ ਹਨ। ਸਿਆਸਤਦਾਨ ਅਤੇ ਪੁਲਿਸ ਉਨ੍ਹਾਂ ਦੀ ਪਿੱਠ 'ਤੇ ਹਨ। ਸਰਕਾਰਾਂ ਸਿਆਸੀ ਗਿਣਤੀਆਂ-ਮਿਣਤੀਆਂ ਕਰਕੇ ਕੁਝ ਵੀ ਠੋਸ ਉਪਰਾਲਾ ਕਰਨਾ ਨਹੀਂ ਚਾਹੁੰਦੀਆਂ। ਸਾਡੇ ਧਾਰਮਿਕ ਲੀਡਰ ਤੇ ਬੁੱਧੀਜੀਵੀ ਵੀ ਚੁੱਪ ਬੈਠੇ ਹਨ। ਉਹ ਨਸ਼ੇ ਦੇ ਵਪਾਰੀਆਂ ਤੋਂ ਡਰਦੇ ਹਨ ਅਤੇ ਕੋਈ ਠੋਸ ਉਪਰਾਲਾ ਕਰਨ ਤੋਂ ਝਿਜਕਦੇ ਹਨ।

ਪੰਜਾਬ ਵਿਚ ਨਸ਼ਾ ਵਧਣ ਦੇ ਹੋਰ ਵੀ ਕਈ ਕਾਰਨ ਹਨ। ਸਾਡੀ ਭੂਗੋਲਿਕ ਹਾਲਤ ਅਜਿਹੀ ਹੈ ਕਿ ਸਾਡੇ ਇਕ ਪਾਸੇ ਪਾਕਿਸਤਾਨ ਦੀ ਹੱਦ ਹੈ। ਨਸ਼ਾ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿਚੋਂ ਆਸਾਨੀ ਨਾਲ ਆ ਰਿਹਾ ਹੈ। ਨਸ਼ੇ ਦੀ ਖੇਤੀ ਰਾਜਸਥਾਨ ਤੇ ਗੁਜਰਾਤ ਵਿਚ ਹੋ ਰਹੀ ਹੈ ਤੇ ਉਥੋਂ ਵੀ ਨਸ਼ਾ ਪੰਜਾਬ ਵਿਚ ਆਉਣ 'ਤੇ ਕੋਈ ਮੁਸ਼ਕਿਲ ਨਹੀਂ ਹੈ। ਪੰਜਾਬ ਵਿਚ ਹਰੀ ਕ੍ਰਾਂਤੀ ਨੂੰ ਅਸੀਂ ਸੰਭਾਲ ਨਹੀਂ ਸਕੇ। ਕੋਈ ਉਸਾਰੂ ਬੁਨਿਆਦੀ ਢਾਂਚਾ ਅਸੀਂ ਖੜ੍ਹਾ ਨਹੀਂ ਕੀਤਾ। ਪਿੰਡਾਂ ਵਿਚ ਪੜ੍ਹਾਈ ਖ਼ਤਮ ਹੋ ਗਈ ਹੈ। ਕਿਸਾਨ ਸਿਰਫ਼ ਕਣਕ ਅਤੇ ਝੋਨੇ ਦੀ ਖੇਤੀ ਕਰਦਾ ਹੈ। ਇਸ ਫ਼ਸਲੀ ਚੱਕਰ ਦੇ ਸਿੱਟੇ ਵਜੋਂ ਉਹ 8-9 ਮਹੀਨੇ ਵਿਹਲਾ ਰਹਿੰਦਾ ਹੈ। ਕਰਜ਼ਾ ਆਰਾਮ ਨਾਲ ਮਿਲ ਰਿਹਾ ਹੈ। ਧਰਮ ਤੋਂ ਅਸੀਂ ਦੂਰ ਚਲੇ ਗਏ ਹਾਂ। ਪਿੰਡਾਂ ਵਿਚੋਂ ਇਮਾਨਦਾਰ ਤੇ ਸਿਰੜੀ ਲੀਡਰ ਲੋਪ ਹੋ ਗਏ ਹਨ। ਪਿੰਡਾਂ ਵਿਚ ਕੈਮਿਸਟਾਂ ਤੇ ਝੋਲਾ ਛਾਪ ਡਾਕਟਰਾਂ ਦਾ ਬੋਲਬਾਲਾ ਹੈ ਜੋ ਗੋਲੀਆਂ ਤੇ ਟੀਕਿਆਂ ਦਾ ਵਪਾਰ ਖੁੱਲ੍ਹ ਕੇ ਕਰਦੇ ਹਨ। ਉਨ੍ਹਾਂ ਨੂੰ ਕੋਈ ਤਾੜਨ-ਘੂਰਨ ਵਾਲਾ ਨਹੀਂ ਹੈ।



**ਨਸ਼ਿਆਂ ਦੀ ਸਮੱਸਿਆ ਸਿਰਫ਼ ਪੰਜਾਬ ਦੀ ਹੀ ਨਹੀਂ ਸਗੋਂ ਸਾਰੀ ਦੁਨੀਆਂ ਦੀ ਹੈ। ਪਾਕਿਸਤਾਨ ਤੇ ਚੀਨ ਵਿਚ ਵੀ ਨਸ਼ਾ ਵਿਕਦਾ ਹੈ। ਯੂਰਪ ਦੇ ਸਾਰੇ ਮੁਲਕ ਇਸ ਦੀ ਲਪੇਟ ਵਿਚ ਹਨ। ਅਮਰੀਕਾ ਨੇ ਵੀ ਨਸ਼ਿਆਂ ਖ਼ਿਲਾਫ਼ ਜੰਗ ਛੇੜੀ ਹੋਈ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਨਸ਼ਿਆਂ ਉਤੇ ਕਾਬੂ ਨਹੀਂ ਪਾਇਆ ਜਾ ਸਕਦਾ। ਪੁਰਤਗਾਲ ਅਜਿਹਾ ਮੁਲਕ ਹੈ ਜੋ ਇਸ 'ਤੇ ਨਕੇਲ ਪਾਉਣ ਵਿਚ ਕਾਮਯਾਬ ਹੋਇਆ ਹੈ।**

ਨਸ਼ਿਆਂ ਦੀ ਸਮੱਸਿਆ ਸਿਰਫ਼ ਪੰਜਾਬ ਦੀ ਹੀ ਨਹੀਂ ਸਗੋਂ ਸਾਰੀ ਦੁਨੀਆਂ ਦੀ ਹੈ। ਪਾਕਿਸਤਾਨ ਤੇ ਚੀਨ ਵਿਚ ਵੀ ਨਸ਼ਾ ਵਿਕਦਾ ਹੈ। ਯੂਰਪ ਦੇ ਸਾਰੇ ਮੁਲਕ ਇਸ ਦੀ ਲਪੇਟ ਵਿਚ ਹਨ। ਅਮਰੀਕਾ ਨੇ ਵੀ ਨਸ਼ਿਆਂ ਖਿਲਾਫ਼ ਜੰਗ ਛੇੜੀ ਹੋਈ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਨਸ਼ਿਆਂ ਉਤੇ ਕਾਬੂ ਨਹੀਂ ਪਾਇਆ ਜਾ ਸਕਦਾ। ਪੁਰਤਗਾਲ ਅਜਿਹਾ ਮੁਲਕ ਹੈ ਜੋ ਇਸ 'ਤੇ ਨਕੇਲ ਪਾਉਣ ਵਿਚ ਕਾਮਯਾਬ ਹੋਇਆ ਹੈ। ਪੁਰਤਗਾਲ ਯੂਰਪ ਦਾ ਛੋਟਾ ਜਿਹਾ ਮੁਲਕ ਹੈ। ਉਥੇ ਲੋਕ ਬਹੁਤ ਅਮੀਰ ਨਹੀਂ। ਸਾਰੇ ਲੋਕ ਇਸਾਈ ਧਰਮ ਨੂੰ ਮੰਨਦੇ ਹਨ। ਉਥੇ ਵੀ ਕਿਸੇ ਵੇਲੇ ਨਸ਼ੇ ਦਾ ਬੜਾ ਵੱਡਾ ਵਪਾਰ ਸੀ। ਨਸ਼ਾ ਬਾਹਰ ਤੋਂ ਆਉਂਦਾ ਸੀ। ਲੋਕ ਸਮੈਕ ਦੇ ਆਦੀ ਬਣ ਗਏ ਸਨ। ਰੇਲਵੇ ਸਟੇਸ਼ਨ, ਬੱਸ ਅੱਡੇ ਅਤੇ ਪਾਰਕ ਨਸ਼ੇੜੀਆਂ ਨਾਲ ਭਰੇ ਪਏ ਸਨ। ਨੌਜਵਾਨ ਨਸ਼ੇ ਦੇ ਟੀਕੇ ਲਾਉਂਦੇ ਸਨ। ਬਹੁਤੇ ਨੌਜਵਾਨਾਂ ਨੂੰ ਏਡਜ਼ ਅਤੇ ਕਾਲਾ ਪੀਲੀਆ ਦੀ ਬਿਮਾਰੀ ਹੋ ਚੁੱਕੀ ਸੀ। ਉਥੇ ਡਰੱਗ ਤਸਕਰਾਂ ਦੇ ਗੈਂਗ ਪੈਦਾ ਹੋ ਗਏ ਸਨ। ਜੁਰਮ ਬਹੁਤ ਵਧ ਗਿਆ ਸੀ। ਇਸ 'ਤੇ ਪੁਲਿਸ ਕਾਬੂ ਪਾਉਣ ਵਿਚ ਸਫ਼ਲ ਨਹੀਂ ਹੋ ਰਹੀ ਸੀ।

ਉਥੋਂ ਦੀ ਸਰਕਾਰ ਨੂੰ ਬੁੱਧੀਜੀਵੀਆਂ ਅਤੇ ਡਾਕਟਰਾਂ ਨੇ ਸਲਾਹ ਦਿੱਤੀ ਕਿ ਨਸ਼ੇੜੀਆਂ ਨੂੰ ਬਿਮਾਰ ਮੰਨ ਕੇ ਇਲਾਜ ਕਰੋ। ਪੁਰਤਗਾਲ ਦੀ ਸਰਕਾਰ ਨੇ ਇਹ ਸਲਾਹ ਮੰਨ ਲਈ ਅਤੇ ਆਪਣੀ ਨੀਤੀ ਵਿਚ ਤਬਦੀਲੀ ਕੀਤੀ। ਸਰਕਾਰ ਨੇ ਮੰਨ ਲਿਆ ਕਿ ਨਸ਼ੇੜੀ ਬਿਮਾਰ ਸ਼ਖ਼ਸ ਹੈ, ਕੋਈ ਅਪਰਾਧੀ ਨਹੀਂ। ਪੁਲਿਸ ਨਸ਼ਈ ਨੂੰ ਫੜ ਕੇ ਜੇਲ੍ਹ ਵਿਚ ਨਹੀਂ ਸੁੱਟ ਸਕਦੀ। ਨਸ਼ਈ ਦੀ ਜਗ੍ਹਾ ਹਸਪਤਾਲ ਹੈ, ਜੇਲ੍ਹ ਨਹੀਂ। ਪੁਲਿਸ ਨਸ਼ਈ ਦੇ ਪਰਿਵਾਰ ਨੂੰ ਜ਼ਲੀਲ ਨਹੀਂ ਕਰ ਸਕਦੀ। ਨਸ਼ਈ ਦੇ ਇਲਾਜ ਲਈ ਹਰ ਸਹੂਲਤ ਮੁਹੱਈਆ ਕਰਵਾਈ ਗਈ। ਨਸ਼ੇੜੀਆਂ ਦੇ ਪਛਾਣ ਪੱਤਰ ਬਣਾਏ ਗਏ। ਸਰਕਾਰ ਵੱਲੋਂ ਉਨ੍ਹਾਂ ਨੂੰ ਚੰਗੀ ਡਰੱਗ ਠੀਕ ਭਾਅ 'ਤੇ ਮੁਹੱਈਆ ਕਰਵਾਈ ਜਾਣ ਲੱਗੀ। ਇਸ ਨਾਲ ਡਰੱਗ ਸਸਤੀ ਹੋ ਗਈ। ਇਸ ਦੇ ਵਪਾਰ ਵਿਚੋਂ ਮੁਨਾਫ਼ਾ ਖ਼ਤਮ ਹੋ ਗਿਆ ਅਤੇ ਵਪਾਰ ਬੰਦ ਹੋ ਗਿਆ। ਨਸ਼ਈਆਂ ਨੂੰ ਸਰਿੰਜਾਂ ਦੀ ਮੁਫ਼ਤ ਸੇਵਾ ਮਿਲਣ ਲੱਗੀ। ਇਸ ਨਾਲ ਨਸ਼ਈਆਂ ਦੀ ਸ਼ਨਾਖ਼ਤ ਹੋਣੀ ਸ਼ੁਰੂ ਹੋ ਗਈ। ਏਡਜ਼ ਤੇ ਕਾਲਾ ਪੀਲੀਏ ਦੇ ਮਰੀਜ਼ ਘਟ ਗਏ। ਜਦੋਂ ਨਸ਼ਾ ਅਪਰਾਧ ਤੋਂ ਬਿਮਾਰੀ ਵਿਚ ਤਬਦੀਲ ਹੋ ਗਿਆ ਤਾਂ ਲੋਕ ਇਲਾਜ ਲਈ ਅੱਗੇ ਆਏ। ਉਨ੍ਹਾਂ ਦੇ ਪਰਿਵਾਰ ਵੀ ਨਸ਼ਈ ਮਰੀਜ਼ਾਂ ਦੇ ਨਾਲ ਖੜ੍ਹੇ ਹੋ ਗਏ।

ਅਫ਼ਸੋਸ ਹੈ ਕਿ ਸਾਡੀਆਂ ਨੀਤੀਆਂ ਇਸ ਦੇ ਉਲਟ ਹਨ। ਸਖ਼ਤ ਸਜ਼ਾਵਾਂ ਤੇ ਸਰਿੰਜਾਂ ਦੀ ਵਿਕਰੀ 'ਤੇ ਰੋਕ ਵਰਗੀਆਂ ਨੀਤੀਆਂ ਪਹਿਲਾਂ ਫੇਲ੍ਹ ਹੋ ਚੁੱਕੀਆਂ ਹਨ। ਸਾਡੇ ਡੋਪ ਟੈਸਟ ਵੀ ਕੋਈ ਚੰਗੇ ਨਤੀਜੇ ਨਹੀਂ ਦੇ ਸਕਣਗੇ। ਨਸ਼ਿਆਂ ਦੇ ਦਰਿਆ ਨੂੰ ਠੱਲ੍ਹ ਪਾਉਣ ਲਈ ਸਾਨੂੰ ਠੋਸ ਨੀਤੀ ਬਣਾਉਣੀ ਚਾਹੀਦੀ ਹੈ। ਪਹਿਲਾਂ ਇਹ ਫ਼ਰਕ ਸਮਝਣਾ ਪਵੇਗਾ ਕਿ ਪੁਲਿਸ ਨੇ ਸਿਰਫ਼ ਹਾਰਡ ਡਰੱਗਜ਼ ਦਾ ਵਪਾਰ ਰੋਕਣਾ ਹੈ ਜੋ ਸਿਰਫ਼ 33 ਫ਼ੀਸਦੀ ਹੀ ਹੈ। ਇਸ ਨਾਲ ਪੁਲਿਸ ਦਾ ਕੰਮ ਘਟ ਜਾਵੇਗਾ। ਸਾਫ਼ਟ ਡਰੱਗਜ਼ ਦੀ ਢਿੱਲ ਦੇਣ ਦੀ ਜ਼ਰੂਰਤ ਹੈ। ਰਾਜਸਥਾਨ ਵਾਂਗ ਇਸ 'ਤੇ ਰੋਕ ਖ਼ਤਮ ਕਰਨੀ ਚਾਹੀਦੀ ਹੈ। ਸਾਨੂੰ ਨਸ਼ਾ ਵੇਚਣ ਵਾਲਿਆਂ ਅਤੇ ਨਸ਼ੇੜੀਆਂ ਵਿਚਕਾਰ ਵੀ ਫ਼ਰਕ ਕਰਨਾ ਪਵੇਗਾ। ਨਸ਼ੇੜੀ ਬੰਦਾ ਤਾਂ ਮਰੀਜ਼ ਹੈ ਜਿਸ ਨੂੰ ਇਲਾਜ ਦੀ ਲੋੜ ਹੈ। ਉਸ ਦੇ ਇਲਾਜ ਲਈ ਸਾਰਾ ਪ੍ਰਬੰਧ ਕਰਨਾ ਪਵੇਗਾ। ਸਰਿੰਜਾਂ 'ਤੇ ਰੋਕ ਲਾਉਣ ਦੀ ਥਾਂ ਲੋੜਵੰਦਾਂ ਨੂੰ ਮੁਫ਼ਤ ਸਰਿੰਜਾਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ। ਇਸ ਨਾਲ ਏਡਜ਼ ਤੇ ਕਾਲਾ ਪੀਲੀਆ ਘਟ ਜਾਵੇਗਾ।

ਨਸ਼ੇੜੀਆਂ ਨੂੰ ਫੜਨ ਦੀ ਨਹੀਂ ਸਗੋਂ ਪਛਾਣ ਕੇ ਇਲਾਜ ਕਰਵਾਉਣ ਦੀ ਜ਼ਰੂਰਤ ਹੈ ਜਦੋਂਕਿ ਗ੍ਰਿਫ਼ਤਾਰੀ ਨਸ਼ਾ ਤਸਕਰਾਂ ਦੀ ਕੀਤੀ ਜਾਣੀ ਲੋੜੀਦੀ ਹੈ। ਧਾਰਮਿਕ ਆਗੂਆਂ, ਸਮਾਜ ਦੇ ਪਤਵੰਤੇ ਸੱਜਣਾਂ, ਬੁੱਧੀਜੀਵੀਆਂ, ਸਭ ਨੂੰ ਨਾਲ ਲੈ ਕੇ ਨਸ਼ਿਆਂ ਖਿਲਾਫ਼ ਪ੍ਰਚਾਰ ਕਰਨਾ ਪਵੇਗਾ। ਨਸ਼ਾ ਵਿਰੋਧੀ ਲਹਿਰ ਪੈਦਾ ਕੀਤੀ ਜਾਣੀ ਚਾਹੀਦੀ ਹੈ। ਸੈਮੀਨਾਰ ਕੀਤੇ ਜਾਣੇ ਚਾਹੀਦੇ ਹਨ। ਨਸ਼ਿਆਂ ਖਿਲਾਫ਼ ਲੜਨ ਲਈ ਡਾਕਟਰਾਂ, ਨਰਸਾਂ ਅਤੇ ਸੋਸ਼ਲ ਵਰਕਰਾਂ ਦੀਆਂ ਟੀਮਾਂ ਬਣਾਉਣੀਆਂ ਚਾਹੀਦੀਆਂ ਹਨ। ਸਭ ਤੋਂ ਵੱਡੀ ਲੋੜ ਇਸ ਵਕਤ ਸਰਕਾਰ ਦੀ ਦਰੁਸਤ ਤੇ ਸਾਫ਼ ਨੀਅਤ ਹੋਣ ਦੀ ਜ਼ਰੂਰਤ ਹੈ। ਜੇ ਨੀਅਤ ਸਾਫ਼ ਹੋਵੇਗੀ ਤਾਂ ਇਸ ਭਿਆਨਕ ਹਾਲਤ 'ਤੇ ਕਾਬੂ ਪਾਇਆ ਜਾ ਸਕਦਾ ਹੈ। ਨਸ਼ਿਆਂ ਦੇ ਵਪਾਰ ਨੂੰ ਖ਼ਤਮ ਕਰਨ ਲਈ ਇਸ ਦੀ ਮੰਗ ਘੱਟ ਕਰਨੀ ਪਵੇਗੀ ਤੇ ਇਸ ਦੀ ਕੀਮਤ ਵੀ ਘੱਟ ਕਰਨੀ ਪਵੇਗੀ। ਨਸ਼ੇੜੀ ਨੂੰ ਲੋੜੀਂਦਾ ਨਸ਼ਾ ਕੰਟਰੋਲ ਰੇਟ 'ਤੇ ਡਾਕਟਰੀ ਸਲਾਹ ਅਨੁਸਾਰ ਦੇਣਾ ਪਵੇਗਾ। ਡੋਪ ਟੈਸਟ ਸਿਰਫ਼ ਲੋੜ ਮੁਤਾਬਿਕ ਕੁਝ ਚੋਣਵੇਂ ਲੋਕਾਂ ਦਾ ਹੀ ਹੋਵੇ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਰੁਜ਼ਗਾਰ ਦੇ ਕੇ ਅਤੇ ਲੋੜਵੰਦ ਕਿੱਤਿਆਂ ਵੱਲ ਪ੍ਰੇਰਨ ਦੀ ਵੀ ਜ਼ਰੂਰਤ ਹੈ ਤਾਂ ਜੋ ਉਹ ਨਸ਼ੇ ਦੇ ਗ਼ਲਤ ਰੁਝਾਨ ਨੂੰ ਨਕਾਰਨ ਦੇ ਯੋਗ ਹੋ ਸਕਣ। ਇਸ ਨੀਤੀ 'ਤੇ ਅਮਲ ਨਾਲ ਅਸੀਂ ਨਸ਼ਿਆਂ ਦੀ ਭਿਆਨਕ ਅਲਾਮਤ ਉਪਰ ਕਾਬੂ ਪਾਉਣ ਵਿਚ ਸਫ਼ਲ ਹੋ ਸਕਦੇ ਹਾਂ।

# ਭਾਜਪਾ ਅਤੇ ਅੰਧ-ਰਾਸ਼ਟਰਵਾਦ

ਲੰਘੇ ਹਫ਼ਤੇ ਕਿਆਸ ਲਗਾਇਆ ਸੀ ਕਿ ਭਾਰਤੀ ਜਨਤਾ ਪਾਰਟੀ 2019 ਦਾ ਮੋਰਚਾ ਜਿੱਤਣ ਲਈ ਰਾਸ਼ਟਰਵਾਦ ਦੀ ਮੁਹਿੰਮ ਪੈਦਾ ਕਰਨ ਦੇ ਜੁਗਾੜ ਵਿਚ ਹੈ। ਨਾਲ ਹੀ ਇਹ ਤਰਕ ਵੀ ਦਿੱਤਾ ਸੀ ਕਿ ਉਹ ਰਾਸ਼ਟਰਵਾਦ ਦੇ ਨਾਲ ਵਿਕਾਸ ਨੂੰ ਵੀ ਜੋੜਨਾ ਚਾਹੇਗੀ, ਭਾਵ ਭਾਜਪਾ ਦੀ ਇਹ ਯੋਜਨਾ ਇਕ ਤਰ੍ਹਾਂ ਨਾਲ ਆਪਣੇ-ਆਪ ਨੂੰ ਤੋਲਣ ਦੇ ਦੌਰ ਵਿਚ ਹੈ। ਹੁਣ ਮੇਰਾ ਇਹ ਕਿਆਸ ਪੱਕਾ ਤਰਕ ਬਣ ਗਿਆ ਹੈ। ਦਰਅਸਲ ਭਾਜਪਾ ਇਸ ਸਮੇਂ ਅਜਿਹੇ

**ਅਭੈ ਕੁਮਾਰ ਦੂਬੇ**

ਮੁੱਦੇ ਦੀ ਤਲਾਸ਼ ਵਿਚ ਹੈ, ਜਿਸ ਰਾਹੀਂ ਉਹ ਇਸ ਯੋਜਨਾ ਨੂੰ ਅੰਜਾਮ ਦੇ ਸਕੇ। ਇਸ ਦਾ ਪ੍ਰਮਾਣ ਪਾਰਟੀ ਪ੍ਰਧਾਨ ਅਮਿਤ ਸ਼ਾਹ ਦੇ ਰਾਮ ਮੰਦਰ ਸਬੰਧੀ ਬਿਆਨ 'ਤੇ ਚੱਲਣ ਵਾਲੀ ਬਹਿਸ ਤੋਂ ਮਿਲਦਾ ਹੈ। ਅਮਿਤ ਸ਼ਾਹ ਨੇ ਇਹ ਬਿਆਨ ਇਸ ਅੰਦਾਜ਼ੇ ਨਾਲ ਦਿੱਤਾ ਹੈ ਕਿ ਜਿਹੋ-ਜਿਹਾ ਹੁਣ ਚੱਲ ਰਿਹਾ ਹੈ, ਉਵੇਂ ਹੀ ਚਲਦਾ ਰਿਹਾ, ਤਾਂ ਰਾਮ ਮੰਦਰ 2019 ਦੀਆਂ ਚੋਣਾਂ ਤੋਂ ਪਹਿਲਾਂ ਹੀ ਬਣਨਾ ਸ਼ੁਰੂ ਹੋ ਜਾਵੇਗਾ। ਜ਼ਾਹਰ ਹੈ ਕਿ ਸਭ ਕੁਝ ਸੰਭਾਵਨਾਵਾਂ ਦੇ ਘੇਰੇ ਵਿਚ ਹੈ। ਇਹ ਵੀ ਕਿਹਾ ਜਾ ਸਕਦਾ ਕਿ ਰਾਮ ਮੰਦਰ ਬਣਨਾ ਸ਼ੁਰੂ ਵੀ ਹੋ ਗਿਆ ਤਾਂ ਉਹ ਰਾਸ਼ਟਰਵਾਦੀ ਭਾਵਨਾਵਾਂ ਨੂੰ ਭੜਕਾ ਕੇ ਵੋਟ ਪਾਉਣ ਦੇ ਔਜ਼ਾਰ ਦਾ ਕੰਮ ਲਾਜ਼ਮੀ ਤੌਰ 'ਤੇ ਕਰ ਵੀ ਸਕੇਗਾ ਜਾਂ ਨਹੀਂ। ਇਹ ਵੀ ਤਾਂ ਹੋ ਸਕਦਾ ਹੈ ਕਿ ਦੇਸ਼ ਵਿਚ ਮੁਸਲਮਾਨਾਂ ਵਲੋਂ ਇਸ ਦਾ ਕੋਈ ਵਿਰੋਧ ਨਾ ਹੋਵੇ (ਜਿਸ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ)। ਅਜਿਹੀ ਹਾਲਤ ਵਿਚ ਰਾਮ ਮੰਦਰ ਨਾਲ ਲੋਕਤੰਤਰ ਅਤੇ ਸਮਾਜ ਦਾ ਬਹੁਗਿਣਤੀਵਾਦੀ ਆਧਾਰ ਤਾਂ ਮਜ਼ਬੂਤ ਹੋਵੇਗਾ ਪਰ ਹਿੰਦੂਆਂ ਦੇ ਵਿਰੁਧ ਘੱਟ-ਗਿਣਤੀਆਂ 'ਚ ਸ਼ਾਇਦ ਪ੍ਰਤੀਕਰਮ ਨਹੀਂ ਹੋਵੇਗਾ। ਭਾਜਪਾ ਨੂੰ ਨਿਸਚਿਤ ਤੌਰ 'ਤੇ ਇਸ ਦਾ ਲਾਭ ਮਿਲੇਗਾ ਪਰ ਇਹ ਲਾਭ ਫ਼ੈਸਲਾਕੁਨ ਨਹੀਂ ਹੋਵੇਗਾ।

ਦਰਅਸਲ ਰਾਮ ਮੰਦਰ ਦਾ ਸਵਾਲ ਹੁਣ ਰਾਜਨੀਤੀ ਦੇ ਜਜ਼ਬਾਤੀ ਦਾਇਰਿਆਂ ਨੂੰ ਛੱਡ ਕੇ ਕਾਨੂੰਨ ਦੇ ਖੇਤਰ 'ਚ ਜਾ ਚੁੱਕਿਆ ਹੈ। ਫਿਰ ਵੀ ਭਾਜਪਾ ਵਲੋਂ ਕਾਨੂੰਨ ਦਾ ਸਹਾਰਾ ਲੈ ਕੇ ਹਿੰਦੂ ਬਹੁਗਿਣਤੀ ਨੂੰ ਬਹੁਗਿਣਤੀਵਾਦ ਵੱਲ ਧੱਕਣ ਦੀ ਕੋਸ਼ਿਸ਼ ਹੋਵੇਗੀ। ਅਯੁੱਧਿਆ ਮਾਮਲੇ ਨਾਲ ਜੁੜੇ ਮੁਕੱਦਮਿਆਂ ਦਾ ਲੰਮੇ ਸਮੇਂ ਤੱਕ ਟੱਕ ਚੱਲਣ ਦਾ ਵੀ ਹਿੰਦੂਤਵਵਾਦੀ ਸ਼ਕਤੀਆਂ ਨੂੰ ਕੁਝ ਫਾਇਦਾ ਹੋ ਸਕਦਾ ਹੈ। ਨਾਰੀਵਾਦੀ ਸਮਾਜ-ਵਿਗਿਆਨਕ ਰਤਨਾ ਕਪੂਰ ਨੇ ਆਪਣੀਆਂ ਦੋ ਵਿਸ਼ਲੇਸ਼ਣਾਤਮਿਕ ਰਚਨਾਵਾਂ ਵਿਚ ਦਿਖਾਇਆ ਹੈ ਕਿ ਭਾਰਤੀ ਉਚ ਅਦਾਲਤਾਂ ਅਤੇ ਸਰਬਉਚ ਅਦਾਲਤ ਦੇ ਕਈ ਫ਼ੈਸਲੇ 60 ਦੇ ਦਹਾਕੇ ਤੋਂ ਬਾਅਦ ਤੋਂ ਹੀ ਦੋ ਰਸਤੇ ਖੋਲ੍ਹਦੇ ਹੋਏ ਦਿਖਾਈ ਦਿੰਦੇ ਹਨ। ਪਹਿਲਾ ਉਹ ਹਿੰਦੂ ਧਰਮ ਨੂੰ ਇਕਰੂਪਤਾ ਵਾਲੇ ਧਰਮ ਵਜੋਂ ਪਰਿਭਾਸ਼ਿਤ ਕਰਨ ਦੀਆਂ ਗੁੰਜਾਇਸ਼ਾਂ ਬਣਾਉਂਦੇ ਹਨ ਅਤੇ ਅਯੁੱਧਿਆ ਮਾਮਲੇ ਤੱਕ ਆਉਂਦੇ-ਆਉਂਦੇ ਇਹ ਪ੍ਰਕਿਰਿਆ ਆਪਣੀ ਉਚਾਈ 'ਤੇ ਪਹੁੰਚ ਕੇ ਹਿੰਦੂਤਵਵਾਦੀ ਦਾਅਵੇਦਾਰੀਆਂ ਨੂੰ ਮਜ਼ਬੂਤ ਕਰਦੀ ਹੋਈ ਦਿਖਾਈ ਦਿੰਦੀ ਹੈ। ਦੂਸਰਾ ਸਾਡੀਆਂ ਉਚ ਅਦਾਲਤਾਂ ਵਿਚ ਧਰਮ ਦੀ ਆਜ਼ਾਦੀ ਦੇ ਸਵਾਲ 'ਤੇ ਹੋਣ ਵਾਲੀ ਬਹਿਸ ਰਾਹੀਂ ਜਾਣੇ-ਅਣਜਾਣੇ ਵਿਚ ਹਿੰਦੂਤਵਵਾਦੀ ਏਜੰਡੇ ਨੂੰ ਮਜ਼ਬੂਤ ਕਰਨ ਦਾ ਮੌਕਾ ਖੁੱਲ੍ਹਦਾ ਹੈ। ਰਤਨਾ ਕਪੂਰ ਨੇ ਬਹੁ-ਚਰਚਿਤ ਹਿੰਦੂਤਵ ਮੁਕੱਦਮੇ ਵਿਚ ਸਰਬਉਚ ਅਦਾਲਤ ਵਲੋਂ ਹਿੰਦੂਤਵ ਅਤੇ ਹਿੰਦੂ ਧਰਮ ਵਿਚਕਾਰ ਫ਼ਰਕ ਕਰਨ ਤੋਂ ਇਨਕਾਰ ਕਰਨ ਸਬੰਧੀ ਖਾਸ ਤੌਰ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅੱਗੇ ਚੱਲ ਕੇ ਅਦਾਲਤਾਂ ਨੇ ਅਯੁੱਧਿਆ ਦੇ ਮਾਮਲੇ 'ਤੇ ਹਿੰਦੂਤਵਵਾਦੀ ਪੱਖ ਦੀ ਇਹ ਦਲੀਲ ਮੰਨ ਲਈ ਹੈ ਕਿ ਹਿੰਦੂਆਂ ਲਈ ਧਾਰਮਿਕ ਆਜ਼ਾਦੀ ਦਾ ਮਤਲਬ ਉਪਾਸਨਾ ਦੀ ਨਿੱਜੀ ਆਜ਼ਾਦੀ ਹੀ ਨਹੀਂ ਹੈ, ਸਗੋਂ ਇਕ ਖਾਸ ਜਗ੍ਹਾ 'ਤੇ ਸਮੂਹਿਕ ਤੌਰ 'ਤੇ ਪੂਜਾ ਕਰਨ ਦਾ ਅਧਿਕਾਰ ਵੀ ਉਨ੍ਹਾਂ ਦੇ ਧਰਮ ਦਾ ਜ਼ਰੂਰੀ ਅੰਗ ਹੈ। ਖਾਸ ਗੱਲ ਇਹ ਹੈ ਕਿ ਘੱਟ-ਗਿਣਤੀ ਵਰਗਾਂ ਦੇ ਪ੍ਰਸੰਗ ਵਿਚ ਹਿੰਦੂਤਵਵਾਦੀ ਤਾਕਤਾਂ ਦੀ ਪਹੁੰਚ ਇਹ ਹੁੰਦੀ ਹੈ ਕਿ ਧਾਰਮਿਕ ਆਜ਼ਾਦੀ ਦਾ ਅਧਿਕਾਰ ਸਮੂਹਿਕ ਨਹੀਂ, ਸਗੋਂ ਨਿੱਜੀ ਹੋਣਾ ਚਾਹੀਦਾ ਹੈ।

ਰਾਮ ਮੰਦਰ ਸਬੰਧੀ ਮੁਕੱਦਮੇ ਦਾ ਕੋਈ ਵੀ ਫ਼ੈਸਲਾ ਇਕ ਹੀ ਦਿਨ ਵਿਚ ਨਹੀਂ ਹੋਵੇਗਾ। ਇਹ ਪ੍ਰਕਿਰਿਆ 80 ਦੇ ਦਹਾਕੇ ਤੋਂ ਚੱਲ ਰਹੀ ਹੈ; ਭਾਵ ਉਦੋਂ ਤੋਂ ਜਦੋਂ ਦੇਸ਼ 'ਤੇ ਰਾਜੀਵ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਦਾ ਸ਼ਾਸਨ ਸੀ ਅਤੇ ਭਾਰਤੀ ਜਨਤਾ ਪਾਰਟੀ ਸੰਸਦ ਵਿਚ ਸਿਰਫ਼ ਦੋ ਸੰਸਦ ਮੈਂਬਰ ਲੈ ਕੇ ਕ੍ਰਿਸ਼ਨ ਲਾਲ ਸ਼ਰਮਾ ਕਮੇਟੀ ਬਣਾ ਕੇ ਆਪਣੀ ਚੋਣਾਵੀ ਹਾਰ ਦੇ ਕਾਰਨਾਂ ਦੀ ਤਲਾਸ਼ ਕਰ ਰਹੀ ਸੀ। ਇਸੇ ਸਮੇਂ ਰਾਜਨੀਤੀ ਵਿਚ ਅਜਿਹੀ ਰੁਝਾਨ ਪੈਦਾ ਹੋਇਆ, ਜਿਹੜਾ ਉਸ ਸਮੇਂ ਜਨਤਕ ਧਰੁਵੀਕਰਨ ਦੀ ਨਜ਼ਰ ਤੋਂ ਦੇਖਣ 'ਤੇ ਚੋਣਾਵੀ ਰਣਨੀਤੀ ਲਗਦਾ ਸੀ ਪਰ ਇਹ ਲੋਕਤੰਤਰ ਦੀ ਬੁਨਿਆਦ ਨੂੰ ਖੋਖਲਾ ਕਰਦਾ ਚਲਾ ਗਿਆ। ਰਜਨੀ ਕੋਠਾਰੀ ਨੇ ਇਸ ਨੂੰ 'ਨਿਰਵੰਸ਼ੀਏ ਗਣਨ ਸ਼ਾਸਤਰ ਦੇ ਆਧਾਰ 'ਤੇ ਕੀਤੀ ਜਾਣ ਵਾਲੀ ਰਾਜਨੀਤੀ' ਦਾ ਨਾਂ ਦਿੱਤਾ ਹੈ, ਭਾਵ ਲੋਕਤੰਤਰ ਵਿਚ ਸੱਤਾ ਹਾਸਲ ਕਰਨ ਵਾਲੀ ਰਣਨੀਤੀ ਦਾ ਮਹਿਜ਼ ਜਾਤੀਆਂ ਦੇ ਜੋੜ-ਤੋੜ ਵਿਚ ਬਦਲਦੇ ਜਾਣਾ। ਇਸ ਨਿਰਵੰਸ਼ੀਏ ਗਣਨ ਸ਼ਾਸਤਰ ਦਾ ਇਸਤੇਮਾਲ ਪਹਿਲਾਂ ਹਿੰਦੂਤਵਵਾਦੀ ਰਾਜਨੀਤੀ ਨੂੰ ਰੋਕਣ ਵਿਚ ਕੀਤਾ ਗਿਆ। ਇਸ ਤੋਂ ਬਾਅਦ ਖ਼ੁਦ ਹਿੰਦੂਤਵਵਾਦੀਆਂ ਵਲੋਂ ਇਸ ਦੀ ਵਰਤੋਂ ਕਰਕੇ ਆਪਣੇ ਵਿਰੋਧੀਆਂ ਨੂੰ ਹਰਾਉਣ ਦਾ ਸਿਲਸਿਲਾ ਸ਼ੁਰੂ ਹੋਇਆ। ਇਹ ਅੱਜ ਤੱਕ ਜਾਰੀ ਹੈ।

ਇਸ ਦੀ ਸ਼ੁਰੂਆਤ ਇਕ ਤਰ੍ਹਾਂ ਨਾਲ 1969 ਵਿਚ ਹੀ ਹੋ ਗਈ ਸੀ। ਕੋਠਾਰੀ ਨੇ ਗਣਨ ਸ਼ਾਸਤਰ ਦੀ ਵਿਆਖਿਆ ਕਰਨ ਲਈ ਜਿਹੜੀਆਂ ਸਮਾਜਿਕ, ਧਾਰਮਿਕ ਪ੍ਰਕਿਰਿਆਵਾਂ ਦਾ ਵਰਨਣ ਕੀਤਾ ਹੈ, ਉਨ੍ਹਾਂ ਸਬੰਧੀ ਇਹ ਮੰਨਿਆ ਜਾ ਸਕਦਾ ਹੈ ਕਿ ਉਹ ਘੱਟੋ-ਘੱਟ 10 ਸਾਲ ਪਹਿਲਾਂ ਸ਼ੁਰੂ ਹੋਈਆਂ ਹੋਣਗੀਆਂ, ਭਾਵ ਇਹ ਅਮਲ 60 ਦੇ ਦਹਾਕੇ ਦੇ ਅਖੀਰ ਅਤੇ 70 ਦੇ ਦਹਾਕੇ ਦੀ ਸ਼ੁਰੂਆਤ ਜਾਂ ਮੱਧ ਤੋਂ ਹੀ ਚੋਣਾਵੀ ਸੰਖਿਆ ਦੀ ਖੇਡ ਵਿਚ ਬਦਲਣ ਲਗਦਾ ਹੈ ਅਤੇ ਹਿੰਦੂਆਂ ਦੀ ਹਰਮਨ-ਪਿਆਰੀ ਵਿਭਿੰਨਤਾ ਰਾਸ਼ਟਰੀ ਸਮਰੂਪੀਕਰਨ ਦੇ ਦੌਰ 'ਚੋਂ ਗੁਜ਼ਰਦੀ ਦਿਖਾਈ ਦਿੰਦੀ ਹੈ। ਕੋਠਾਰੀ ਨੇ ਸਵਾਲ ਪੁੱਛਿਆ ਹੈ: ਕੀ ਚੋਣ ਆਧਾਰਿਤ ਜਨਤੰਤਰ ਅੰਧ ਰਾਸ਼ਟਰਵਾਦੀ ਭਾਵਨਾਵਾਂ ਨੂੰ ਭੜਕਾਉਂਦਾ ਹੈ ਅਤੇ ਫ਼ਿਰਕੂਵਾਦ ਨੂੰ ਉਤਸ਼ਾਹਿਤ ਕਰਦਾ ਹੈ?

ਬਿਨਾਂ ਕਿਸੇ ਸ਼ੱਕ ਦੇ ਕੋਠਾਰੀ 1985 ਵਿਚ ਇਸ ਨਤੀਜੇ 'ਤੇ ਪਹੁੰਚ ਚੁੱਕੇ ਸਨ ਕਿ ਨਾ ਤਾਂ ਚੋਣ ਆਧਾਰਿਤ ਉਦਾਰਤਾਵਾਦੀ ਲੋਕਤੰਤਰ ਅਤੇ ਨਾ ਹੀ ਭਾਰਤ ਦਾ ਸਮਾਜਿਕ ਬਹੁਲਤਾਵਾਦ ਬਹੁਗਿਣਤੀਵਾਦੀ ਅਮਲ ਨੂੰ ਰੋਕਣ ਦੇ ਸਮਰੱਥ ਹਨ। ਇਕ ਤਰ੍ਹਾਂ ਨਾਲ ਉਹ ਉਸ ਨੂੰ ਉਤਸ਼ਾਹਿਤ ਕਰਨ ਦੀ ਜ਼ਮੀਨ ਮੁਹੱਈਆ ਕਰਵਾ ਰਹੇ ਹਨ। ਹਾਲਾਂਕਿ 80 ਦੇ ਦਹਾਕੇ ਵਿਚ ਕੋਠਾਰੀ ਨੂੰ ਸਪਸ਼ਟ ਦਿਖਾਈ ਦੇ ਰਿਹਾ ਸੀ ਕਿ ਕਾਂਗਰਸ ਚੋਣਾਵੀ ਫਾਇਦੇ ਲਈ ਬਹੁਗਿਣਤੀਵਾਦੀ ਲਹਿਰ ਨੂੰ ਹਵਾ ਦੇ ਰਹੀ ਹੈ ਪਰ ਉਹ ਉਸ ਸਮੇਂ ਕਮਜ਼ੋਰ ਲੱਗ ਰਹੇ ਹਿੰਦੂਤਵਵਾਦੀ ਸੰਗਠਨਾਂ ਨੂੰ ਨਜ਼ਰਅੰਦਾਜ਼ ਕਰਨ ਲਈ ਤਿਆਰ ਨਹੀਂ ਸਨ। ਇਸ ਲਈ ਉਨ੍ਹਾਂ ਨੇ ਸਪਸ਼ਟ ਲਿਖਿਆ ਸੀ: 'ਬਹੁਤ ਸਾਰੇ ਕੱਟੜ ਕਿਸਮ ਦੇ ਹਿੰਦੂਵਾਦੀ ਸੰਗਠਨ ਪੈਦਾ ਹੋ ਗਏ ਹਨ, ਜਿਨ੍ਹਾਂ ਦਾ ਉਦੇਸ਼ ਹਿੰਦੂਆਂ ਵਿਚਕਾਰ ਇਸ ਭਾਵਨਾ ਨੂੰ ਪੈਦਾ ਕਰਨਾ ਹੈ ਕਿ ਉਹ ਏਕਤਾਬੱਧ, ਇਕ ਰੂਪ, ਕੇਂਦਰੀਕਰਨ ਪਛਾਣ ਦੇ ਅੰਗ ਹਨ। ਅਜਿਹੇ ਹੀ ਸੰਗਠਨ ਹਨ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਹਿੰਦੂ ਏਕਤਾ ਮੰਚ, ਹਿੰਦੂ ਰੱਖਿਆ ਸਮਿਤੀ, ਪਤਿਤ ਪਾਵਨ ਸੰਗਠਨ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਵਰਗੇ ਪੁਰਾਣੇ ਸੰਗਠਨ, ਜੋ ਕੁਝ ਸਮੇਂ ਲਈ ਰਾਜਨੀਤਕ ਤੌਰ 'ਤੇ ਗਾਇਬ ਸਨ ਪਰ ਅੱਜ ਕਾਫ਼ੀ ਸਰਗਰਮ ਹੋ ਗਏ ਹਨ।'

ਰਾਮ ਮੰਦਰ ਦਾ ਮੁੱਦਾ ਪੁਰਾਣਾ ਹੈ। ਇਹ ਸਿਰਫ਼ ਅੰਧ ਰਾਸ਼ਟਰਵਾਦ ਲਈ ਜ਼ਮੀਨ ਮੁਹੱਈਆ ਕਰਵਾ ਸਕਦਾ ਹੈ, ਜਿਹੜੀ ਇਹ ਨਿਸਚਿਤ ਤੌਰ 'ਤੇ ਕਰਵਾਏਗਾ ਹੀ ਪਰ ਇਸ ਜ਼ਮੀਨ 'ਤੇ ਭਾਜਪਾ ਨੂੰ ਇਕ ਨਵੇਂ ਮੁੱਦੇ ਰਾਹੀਂ ਨਵੀਂ ਇਮਾਰਤ ਖੜ੍ਹੀ ਕਰਨੀ ਪਵੇਗੀ। ਇਹ ਨਵਾਂ ਮੁੱਦਾ ਕਿਤੋਂ ਵੀ ਆ ਸਕਦਾ ਹੈ ਅਤੇ ਅਜਿਹਾ ਨਹੀਂ ਵੀ ਹੋ ਸਕਦਾ। ਕੁੱਲ ਮਿਲਾ ਕੇ ਭਾਜਪਾ ਨੂੰ ਸਿਰਫ਼ ਰਾਮ ਮੰਦਰ ਦੀ ਨਹੀਂ, ਸਗੋਂ ਰਾਮ ਮੰਦਰ ਦੀ ਰਣਨੀਤੀ ਦੀ ਜ਼ਰੂਰਤ ਹੈ। ਇਹ ਵੱਖਰੀ ਗੱਲ ਹੈ ਕਿ ਫਿਲਹਾਲ ਅਜਿਹੀ ਰਣਨੀਤੀ ਦੇ ਉਭਰਨ ਵਿਚ ਕਈ ਤਰ੍ਹਾਂ ਕਿੰਤੂ-ਪ੍ਰੰਤੂ ਦਿਖਾਈ ਦੇ ਰਹੇ ਹਨ।

# ਦਰਦ ਕਿਸਾਨੀ: ਪਿਛੋਕੜ 'ਤੇ ਇਕ ਝਾਤ (ਭਾਗ 6)

ਕਿਸਾਨੀ ਦਰਦ

*ਹਰੇ ਇਨਕਲਾਬ ਨੇ ਭਾਰਤ ਨੂੰ ਅਨਾਜ ਦੀ ਤੋਟ ਤੋਂ ਸੁਰਖਰੂ ਕੀਤਾ ਪਰ ਮੁਲਕ ਨੂੰ ਸਵੈ-ਨਿਰਭਰ ਕਰਨ ਵਾਲਾ ਕਿਸਾਨ ਇਸੇ ਹਰੇ ਇਨਕਲਾਬ ਦੇ ਮਾਰੂ ਸਿੱਟਿਆਂ ਕਾਰਨ ਪੈਰੋਂ ਹਿੱਲ ਗਿਆ। ਉਸ ਦੀ ਬਾਂਹ ਫੜ੍ਹਨ ਵਾਲਾ ਕੋਈ ਨਹੀਂ। ਕਰਜ਼ੇ ਦੀ ਮਾਰ ਹੇਠ ਆਇਆ ਕਿਸਾਨ ਹੁਣ ਖੁਦਕੁਸ਼ੀਆਂ ਦੇ ਰਾਹ ਪੈ ਚੁਕਾ ਹੈ। ਉਸ ਦੀ ਮਦਦ ਲਈ ਕੋਈ ਨਹੀਂ ਬਹੁੜ ਰਿਹਾ। ਇਨ੍ਹਾਂ ਹਾਲਾਤ ਦੇ ਪਿਛੋਕੜ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਦੇ ਲੰਮੇ ਲੇਖ ਦੀ ਪਾਠਕਾਂ ਲਈ ਛੇਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਉਨ੍ਹੀਂ ਦਿਨੀਂ ਲੋਕ ਜੀਰੀ ਦੀ ਪਰਾਲੀ ਫੂਕਣ ਦੀ ਥਾਂ ਟੋਕਾ ਕਰ ਕੇ ਡੰਗਰਾਂ ਨੂੰ ਪਾਉਂਦੇ ਸਨ। ਉਹ ਇਸ ਦੇ ਪੂਲੇ ਇੱਕਠਾ ਕਰ ਕੇ ਰੱਖ ਲੈਂਦੇ ਤੇ ਫਿਰ ਤੂੜੀ ਵਾਂਗ ਹਰੇ ਚਾਰੇ ਵਿਚ ਮਿਲਾ ਕੇ ਚਾਰਦੇ ਰਹਿੰਦੇ। ਇਹ ਚੰਗਾ ਰੁਝਾਨ ਸੀ ਕਿਉਂਕਿ ਇਸ ਨਾਲ ਧੂੰਏਂ ਦਾ ਪ੍ਰਦੂਸ਼ਣ ਨਹੀਂ ਸੀ ਫੈਲਦਾ। ਮੈਨੂੰ ਲਗਦਾ ਕਿ ਹਰਾ ਇਨਕਲਾਬ ਇਸ ਗੱਲ ਵਿਚ ਵੀ ਹੈ ਕਿ ਪਸ਼ੂਆਂ ਲਈ ਚਾਰਾ ਵਾਧੂ ਹੋ ਗਿਆ ਹੈ। ਪਰ ਫਿਰ ਅਫਵਾਹ ਫੈਲਣ ਲੱਗੀ ਕਿ ਪਰਾਲੀ ਖਾਣ ਵਾਲੇ ਪਸ਼ੂਆਂ ਵਿਚ ਅੰਗ ਝੜਨ ਦੀ ਬੀਮਾਰੀ ਪੈ ਜਾਂਦੀ ਹੈ। ਚਰਚਾ ਚਲੀ ਕਿ ਪਰਾਲੀ ਚਾਰਨ ਨਾਲ ਗਾਂਵਾਂ-ਮੱਝਾਂ ਦੇ ਪੂਛ-ਕੰਨ ਆਪੇ ਟੁੱਟ ਕੇ ਡਿੱਗ ਪੈਂਦੇ ਹਨ। ਇਸ ਦਾ ਕੋਈ ਵਿਗਿਆਨਕ ਆਧਾਰ ਸੀ ਜਾਂ ਨਹੀਂ ਪਤਾ ਨਹੀਂ, ਪਰ ਹੌਲੀ


**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**


ਹੌਲੀ ਲੋਕਾਂ ਨੇ ਡੰਗਰਾਂ ਨੂੰ ਪਰਾਲੀ ਪਾਉਣੀ ਬੰਦ ਕਰ ਦਿੱਤੀ। ਕਿਸਾਨ ਮਸ਼ੀਨਾਂ ਨਾਲ ਜੀਰੀ ਉਤੋਂ ਉਤੋਂ ਵਢਵਾਉਣ ਲੱਗੇ ਤੇ ਪਰਾਲੀ ਖੇਤਾਂ ਵਿਚ ਹੀ ਵਾਹੁਣ ਲੱਗੇ। ਜਦੋਂ ਵੱਧ ਲਾਗਤ ਵਾਲਾ ਇਹ ਕੰਮ ਵੀ ਰਾਸ ਨਾ ਆਇਆ ਤਾਂ ਖੇਤਾਂ ਵਿਚ ਹੀ ਫੂਕਣ ਲੱਗੇ। ਪ੍ਰਦੂਸ਼ਣ ਦੀ ਸਮੱਸਿਆ ਕਾਰਨ ਅੱਜ ਕੱਲ ਇਸ ਨੂੰ ਇੱਕਠੀ ਕਰ ਕੇ ਮਿਨੀ ਥਰਮਲ ਪਲਾਂਟਾਂ ਵਿਚ ਭੇਜਣ ਦਾ ਰੁਝਾਨ ਹੈ, ਜੋ ਵਧੇਰੇ ਸਹੀ ਹੈ।

ਖੈਰ, ਪਰਾਲੀ ਪਸ਼ੂਆਂ ਨੂੰ ਚਾਰਨ ਦੇ ਦੌਰ ਵਿਚ ਵੀ ਕਿਉਂਕਿ ਮੈਨੂੰ ਜੀਰੀ ਕੰਬਾਈਨ ਨਾਲ ਵਢਾਉਣੀ ਪਈ ਸੀ, ਮੇਰੀ ਪਰਾਲੀ ਦੇ ਕਰਚੇ ਖੇਤ ਵਿਚ ਹੀ ਖੜ੍ਹੇ ਸਨ। ਇਨ੍ਹਾਂ ਨੂੰ ਚੰਗੀ ਤਰ੍ਹਾਂ ਮਿੱਟੀ ਵਿਚ ਕੁਚਲਣ ਲਈ ਜਮੀਨ ਨੂੰ ਵਾਰ ਵਾਰ ਵਾਹ ਕੇ ਸੁਹਾਗਾ ਮਾਰਨਾ ਪੈਣਾ ਸੀ। ਜੇ ਡਲ਼ੇ ਵੱਡੇ ਹੋਣ, ਜਾਂ ਸਖਤ ਹੋਣ ਕਾਰਨ ਨਾ ਟੁੱਟਦੇ ਹੋਣ, ਤਾਂ ਉਨ੍ਹਾਂ ਨੂੰ ਤੋੜਨ ਲਈ ਖੇਤ 'ਤੇ ਲੱਕੜ ਦਾ ਭਾਰਾ ਵੇਲਣਾ ਵੀ ਚਲਾਇਆ ਜਾਣਾ ਸੀ। ਲੱਕੜ ਦੇ ਇਸ ਸੰਦ ਨੂੰ ਸਾਡੀ ਬੋਲੀ ਵਿਚ ਘਿਰਲਾ ਕਹਿੰਦੇ ਹਨ। ਜਦੋਂ ਤਵੀਆਂ ਦੀ ਕਟਾਈ ਤੇ ਘਿਰਲੇ ਸੁਹਾਗੇ ਨਾਲ ਜਮੀਨ ਪੂਰੀ ਤਰ੍ਹਾਂ ਇੱਕ ਮਿੱਕ ਹੋ ਜਾਂਦੀ ਤਾਂ ਇਸ ਨੂੰ ਇਕ ਦੂਹਰਾ ਸੁਹਾਗਾ ਮਾਰ ਕੇ ਛੱਡ ਦਿੱਤਾ ਜਾਂਦਾ। ਇਸ ਤਰ੍ਹਾਂ ਕਣਕ ਦੀ ਬਿਜਾਈ ਤੀਕ ਜਮੀਨ ਵਿਚ ਗਿੱਲ ਪਈ ਰਹਿੰਦੀ।

ਇਕ ਦਿਨ ਮੈਂ ਜਮੀਨ ਨੂੰ ਦੂਹਰ ਲਾਉਣ ਲਈ ਟਰੈਕਟਰ ਤਿਆਰ ਕਰ ਰਿਹਾ ਹੀ ਸੀ ਕਿ ਨੇੜੇ ਆ ਕੇ ਇਕ ਜੀਪ ਰੁਕੀ। ਦੋ ਬੰਦੇ ਉਤਰੇ ਤੇ ਮੇਰਾ ਨਾਂ ਪੁੱਛ ਕੇ ਕੋਲ ਆ ਗਏ। ਉਨ੍ਹਾਂ ਵਿਚੋਂ ਇਕ ਰਜਿਸਟਰ ਜਿਹਾ ਫਰੋਲ ਕੇ ਬੋਲਿਆ, "ਸਰਦਾਰ ਜੀ, ਤੁਹਾਡੀ ਟਰੈਕਟਰ ਦੇ ਲੋਨ ਦੀ ਕਿਸ਼ਤ ਨਹੀਂ ਪਹੁੰਚੀ?"

ਮੈਂ ਉਨ੍ਹਾਂ ਵੱਲ ਵੇਖਿਆ, ਇਨ੍ਹਾਂ ਵਿਚ ਪਿਛਲੇ ਸਾਲ ਵਾਲਾ ਕੋਈ ਵੀ ਨਹੀਂ ਸੀ। ਅਮਰਾ ਬੋਲਿਆ, "ਨੇਂਹ ਬੈਂਕ ਆਲੇ ਐਂ, ਲਾਣੇਦਾਰ।" ਮੈਂ ਉਨ੍ਹਾਂ ਦੇ ਨੇੜੇ ਜਾ ਕੇ ਸਵਾਲ ਕੀਤਾ, "ਕਿੰਨੀ ਕਿਸ਼ਤ ਹੈ ਜੀ?" ਰਜਿਸਟਰ ਵਾਲੇ ਨੇ ਪੜ੍ਹ ਕੇ ਮੈਨੂੰ ਰਕਮ ਦੱਸੀ। ਮੈਂ ਰਕਮ ਅਦਾ ਕਰਨ ਦੀ ਮਿਤੀ ਪੁੱਛੀ। ਉਸ ਨੇ ਗੱਲ ਗੋਲ ਮੋਲ ਕਰਦਿਆਂ ਕਿਹਾ, "ਫਸਲ ਤੋਂ ਬਾਅਦ ਜਦੋਂ ਵੀ ਅਦਾ ਕਰ ਦਿੱਤੀ ਜਾਵੇ, ਉਹੀ ਮਿਤੀ ਹੁੰਦੀ ਐ ਇਸ ਦੀ।"

ਮੈਨੂੰ ਗੁੱਸਾ ਆਇਆ ਪਰ ਹੱਸ ਕੇ ਬੋਲਿਆ, "ਫਸਲ ਆਉਣ ਦੀ ਕਿਹੜੀ ਮਿਤੀ ਹੈ ਜੀ?" ਮੁਲਾਜ਼ਮ ਥੋੜਾ ਖਰਵਾ ਬੋਲਿਆ, "ਸਰਦਾਰ ਜੀ, ਮਜ਼ਾਕ 'ਚ ਨਾ ਲਓ ਗੱਲ ਨੂੰ। ਇਹ ਤਰੀਕਾਂ ਤਾਂ ਥੋਨੂੰ ਵੀ ਪਤਾ ਨੇ, ਸਾਨੂੰ ਵੀ। ਪਰ ਲੋਨ ਲੈ ਕੇ ਭੁੱਲ ਜਾਂਦੇ ਨੇ ਲੋਕ। ਫਸਲ ਵੇਚ ਪੈਸੇ ਖਰਚਿਆਂ 'ਚ ਵਾੜ ਦਿੰਦੇ ਨੇ। ਕਿਸ਼ਤ ਮੋੜਦੇ ਨੀ ਸਮੇਂ ਸਿਰ, ਪਿਛੋਂ ਕੁਰਕੀ ਆ ਜਾਂਦੀ ਐ। ਫਿਰ ਰੋਂਦੇ ਨੇ।"

ਮੈਂ ਉਸ ਨੂੰ ਤਲਖੀ ਭਰੇ ਲਹਿਜੇ 'ਚ ਕਿਹਾ, "ਕੁਰਕੀ ਤਾਂ ਤੁਸੀਂ ਜੇਬ 'ਚ ਈ ਪਾਈ ਫਿਰਦੇ ਰਹਿੰਦੇ ਓਂ ਜਿਵੇਂ। ਲੈਂਡ ਮਾਰਗੇਜ ਸਹਿਕਾਰੀ ਬੈਂਕ ਦੇ ਮੁਲਾਜ਼ਮ ਹੋ ਕੇ ਕਿਸਾਨਾਂ ਨੂੰ ਧਮਕਾਉਨੇ ਓਂ, ਘਿਰਣਾ ਨੀ ਆਉਂਦੀ?" ਮੁਲਾਜ਼ਮ ਤੈਸ਼ ਵਿਚ ਆ ਗਿਆ ਤੇ ਉਸ ਨੇ ਭੱਬਕੀ ਭਰੇ ਅੰਦਾਜ਼ ਵਿਚ ਮੋੜਵਾਂ ਜਵਾਬ ਦਿੱਤਾ, "ਤੁਸੀਂ ਇਸ ਭਰਮ 'ਚ ਨਾ ਰਿਹੋ ਸਰਦਾਰ ਜੀ, ਇਕ ਕਿਸ਼ਤ ਤੋੜ ਕੇ ਦਿਖਾਓ ਫਿਰ ਦੇਖਿਓ ਤਾਰੇ!" ਉਨ੍ਹਾਂ ਨੂੰ ਗਲੋਂ ਲਾਹੁਣ ਲਈ ਮੈਂ ਕਿਹਾ, "ਬੇਵਕੂਫ ਸਮਝਿਆ ਕਿਸ਼ਤ ਤੋੜਾਂਗਾ ਮੈਂ? ਕਿਸ਼ਤ ਭਰਾਂਗਾ ਪਰ ਤਾਰੀਖ ਆਉਣ 'ਤੇ। ਰੋਜ਼ ਆ ਕੇ ਟਾਇਮ ਖਰਾਬ ਨਾ ਕਰੋ ਆਪਣਾ ਤੇ ਮੇਰਾ।"

ਉਨ੍ਹਾਂ 'ਚੋਂ ਸੀਨੀਅਰ ਲੱਗਦਾ ਮੁਲਾਜ਼ਮ ਬੋਲਿਆ, "ਬੇਵਕੂਫ ਅਸੀਂ ਵੀ ਨੀ ਸਰਦਾਰ ਜੀ ਜੋ ਰੋਜ਼ ਆਵਾਂਗੇ। ਸਾਨੂੰ ਤਾਂ ਬੈਂਕ ਥੋਡੇ ਭਲੇ ਲਈ ਈ ਭੇਜਦੀ ਐ ਬਈ ਕਿਸਾਨ ਵੇਲੇ ਸਿਰ ਕਿਸ਼ਤ ਭਰ ਕੇ ਸੁਰਖਰੂ ਹੋਣ।" ਮੈਨੂੰ ਉਨ੍ਹਾਂ ਦਾ ਬੇਵਕਤ ਆਉਣਾ ਚੁੱਭ ਰਿਹਾ ਸੀ, ਸੋ ਮੈਂ ਨਹੀਂ ਸੀ ਚਾਹੁੰਦਾ ਕਿ ਉਹ ਫਿਰ ਆਉਣ। ਮੈਂ ਜਾਂਦਿਆਂ ਦੇ ਫਿਰ ਮਾਰੀ, "ਬੈਂਕ ਤੁਹਾਨੂੰ ਇਹ ਤਾਂ ਨਹੀਂ ਕਹਿੰਦੀ ਕਿ ਰਾਹੂ ਕੇਤੂ ਵਾਂਗ ਦੇਣਦਾਰੀਆਂ ਦਾ ਡਰ ਪਾ ਕੇ ਖੱਜਲ ਖੁਆਰ ਕਰਦੇ ਫਿਰੋ ਕਿਸਾਨਾਂ ਨੂੰ। ਕੱਲ, ਬੈਂਕ 'ਚ ਜਾ ਕੇ ਕਰਾਂਗਾ ਇਸ ਦੀ ਸ਼ਿਕਾਇਤ।"

ਉਹ ਬੋਲੇ, "ਕਰ ਲਿਓ, ਕਰ ਲਿਓ ਜੋ ਕਰਨਾ ਐ।" ਉਹ ਅੱਖਾਂ ਜਿਹੀਆਂ ਕੱਢਦੇ ਜੀਪ 'ਚ ਬੈਠ ਚਲੇ ਗਏ। ਉਨ੍ਹਾਂ ਦੇ ਜਾਣ ਪਿਛੋਂ ਅਮਰਾ ਕਹਿਣ ਲੱਗਾ, "ਲਾਣੇਦਾਰ, ਬੜਾ ਪੱਕਾ ਬੰਦਾਂ ਤੌਂਹ, ਦਿਆ ਤੈਂ ਅੱਜ ਬੀ ਨੀ ਇਨ੍ਹਾਂ ਨੂੰ ਕੁਸ।" ਮੈਨੂੰ ਪਤਾ ਨਾ ਲੱਗਿਆ ਉਸ ਦੇ ਕਹਿਣ ਵਿਚ ਨਹੋਰਾ ਸੀ ਜਾਂ ਸ਼ਾਬਾਸ਼ੀ, ਮੈਂ ਚੁੱਪ ਰਿਹਾ।

ਸੜਕ 'ਤੇ ਜੀਪ ਖੜ੍ਹੀ ਵੇਖ ਕੇ ਅੱਜ ਵੀ ਲੋਕ ਜੁੜੇ ਪਰ ਕੰਮਾਂ ਕਾਰਾਂ ਦਾ ਸਮਾਂ ਹੋਣ ਕਰਕੇ ਬਹੁਤੇ ਨਹੀਂ। ਫਿਰ ਵੀ ਲੋਕਾਂ ਸਾਹਮਣੇ ਆਪਣੇ ਕਰਜੇ ਦਾ ਕੱਚਾ ਚਿੱਠਾ ਫਰੋਲਿਆ ਜਾਣਾ ਮੇਰੇ ਲਈ ਬੜੀ ਅਸਹਿ ਗੱਲ ਸੀ। ਪਟਿਆਲਿਓਂ ਪਿੰਡ ਆਉਣ ਦਾ ਜਦੋਂ ਵੀ ਖਿਆਲ ਕਰਦਾ, ਭੈ ਆਉਣ ਲਗਦਾ ਕਿ ਕਿਤੇ ਕੋਈ ਉਗਰਾਹੀ ਵਾਲਾ ਹੀ ਨਾ ਟੱਕਰ ਜਾਵੇ ਤੇ ਗੱਲ ਤੂੰ-ਤੂੰ ਮੈਂ-ਮੈਂ ਤੀਕ ਪੁੱਜ ਜਾਵੇ। ਮੈਂ ਅਣਖਸ਼ੀਲ ਹੋਣ ਦੇ ਨਾਲ ਨਾਲ ਸੰਵੇਦਨਸ਼ੀਲ ਵੀ ਬਹੁਤ ਸਾਂ, ਪਰ ਮੈਨੂੰ ਆਪਣੇ ਨਾਲੋਂ ਘੱਟ ਸੰਵੇਦਨਸ਼ੀਲ ਕੋਈ ਵੀ ਨਹੀਂ ਸੀ ਲਗਦਾ। ਸ਼ਾਇਦ ਇਹ ਦੋਵੇਂ ਅਲਾਮਤਾਂ ਅੰਦਰੋਂ ਜੁੜੀਆਂ ਹੁੰਦੀਆਂ ਹਨ ਤੇ ਕੁਦਰਤੀ ਜਾਂ ਦੇਖਾ ਦੇਖੀ ਸਭ ਵਿਚ ਪ੍ਰਗਟ ਹੁੰਦੀਆਂ ਰਹਿੰਦੀਆਂ ਹਨ। ਸਾਧਾਰਨ ਸਵੈਮਾਣ ਤੇ ਅਣਖ ਵਿਚਕਾਰ ਬਹੁਤਾ ਫਰਕ ਨਹੀਂ ਹੁੰਦਾ। ਸਾਧਾਰਨ ਸਵੈਮਾਣ ਹੀ ਆਪਣੇ ਉਗਰ ਰੂਪ ਵਿਚ ਅਣਖ ਅਖਵਾਉਣ ਲੱਗ ਜਾਂਦਾ ਹੈ। ਅਣਖ ਕਸਵੇਂ ਮਿਆਰੀ ਵਿਹਾਰ ਦੀ ਮੰਗ ਕਰਦੀ ਹੈ, ਇਸ ਲਈ ਤੰਗ ਵੀ ਵਧੇਰੇ ਕਰਦੀ ਹੈ। ਰੋਜ ਰੋਜ ਆਪਣੇ ਸਵੈਮਾਣ ਦੀ ਠੇਸ ਨਾ ਸਹਾਰਦਿਆਂ ਮੈਂ ਇਸ ਦੇ ਭੈ ਤੋਂ ਮੁਕਤ ਹੋਣਾ ਚਾਹੁੰਦਾ ਸਾਂ। ਇਸ ਲਈ ਮੈਂ ਘਰ ਜਾ ਕੇ ਟਾਈਪ-ਰਾਈਟਰ ਕੱਢੀ ਤੇ ਬੈਂਕ ਮਨੇਜਰ ਦੇ ਨਾਂ ਇਕ ਚਿੱਠੀ ਲਿਖੀ। ਮੈਂ ਲਿਖਿਆ, ਮੈਨੂੰ ਆਪਣੇ ਕਰਜੇ ਦੀ ਕਿਸ਼ਤ ਭਰਨ ਲਈ ਆਖਰੀ ਮਿਤੀ ਦੱਸੀ ਜਾਵੇ ਤੇ ਉਦੋਂ ਤੀਕ ਉਗਰਾਹੀ ਅਮਲਾ ਭੇਜ ਕੇ ਖੱਜਲ ਖੁਆਰ ਨਾ ਕੀਤਾ ਜਾਵੇ। ਮੈਂ ਖਾਸ ਜ਼ਿਕਰ ਕੀਤਾ ਕਿ ਉਗਰਾਹੀ ਲਈ ਭੇਜੇ ਜਾਂਦੇ ਦਸਤੇ ਕਿਸਾਨਾਂ ਨੂੰ ਜਬਾਨੀ ਕਲਾਮੀ ਧਮਕਾਉਣ ਦਾ ਕੰਮ ਕਰਦੇ ਹਨ, ਇਸ ਲਈ ਇੱਕਲੇ ਇੱਕਲੇ ਕਿਸਾਨ ਕੋਲ ਉਗਰਾਹੀ ਕਰਤਾ ਭੇਜਣ ਦੀ ਥਾਂ ਉਨ੍ਹਾਂ ਨੂੰ ਡਾਕ ਰਾਹੀਂ ਲਿਖਤੀ ਨੋਟਿਸ ਘੱਲ ਕੇ ਆਖਰੀ ਮਿਤੀ ਦਾ ਚੇਤਾ ਕਰਵਾ ਦੇਣਾ ਚਾਹੀਦਾ ਹੈ।



ਅਗਲੇ ਦਿਨ ਖਾਲੀ ਪੀਰੀਅਡ ਵਿਚ ਮੈਂ ਬੈਂਕ ਵਿਚ ਚਿੱਠੀ ਦੇਣ ਗਿਆ। ਅਸਲ ਮੈਨੇਜਰ ਛੁੱਟੀ 'ਤੇ ਹੋਣ ਕਰਕੇ ਮੈਂ ਕਾਰਜਕਾਰੀ ਮੈਨੇਜਰ ਨੂੰ ਮਸਲਾ ਦੱਸ ਕੇ ਚਿੱਠੀ ਦੇ ਦਿੱਤੀ। ਉਸ ਨੇ ਕਾਰਵਾਈ ਦਾ ਭਰੋਸਾ ਦੇ ਕੇ ਅਰਜੀ ਰੱਖ ਲਈ। ਮੈਂ ਸੋਚਿਆ ਮਸਲਾ ਹੱਲ ਹੋ ਗਿਆ।

ਮੈਨੂੰ ਉਨ੍ਹਾਂ ਦਿਨਾਂ ਵਿਚ ਤਾਜ਼ੀ ਤਾਜ਼ੀ ਪੀਐਚ. ਡੀ. ਦੀ ਡਿਗਰੀ ਮਿਲੀ ਸੀ ਤੇ ਮੇਰਾ ਥੀਸਿਸ ਪੰਜਾਬ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਰੱਖਿਆ ਗਿਆ ਸੀ। ਪੰਜਾਬ ਦੀ ਰਾਜਨੀਤੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜਿਆ ਹੋਣ ਕਰਕੇ ਇਹ ਪੰਜਾਬ ਬਾਰੇ ਆਪਣੀ ਕਿਸਮ ਦਾ ਪਹਿਲਾ ਖੋਜ ਕਾਰਜ ਸੀ। ਉਸ ਤੋਂ ਪਹਿਲਾਂ ਪੰਜਾਬ ਰਾਜਨੀਤੀ ਬਾਰੇ ਕੋਈ ਉਚ ਪੱਧਰੀ ਪੁਸਤਕ ਨਹੀਂ ਸੀ। ਅਕਾਦਮਿਕ ਤੇ ਖੋਜ ਪੱਧਰ 'ਤੇ ਕੇਵਲ ਬਲਦੇਵ ਰਾਜ ਨਈਅਰ ਦੀ 1956 ਦੀ ਛਪੀ ਕਿਤਾਬ 'Minority Politics in Punjab' (ਪੰਜਾਬ ਵਿਚ ਘੱਟਗਿਣਤੀ ਦੀ ਸਿਆਸਤ) ਹੀ ਹੁੰਦੀ ਸੀ ਜੋ ਘੱਟ ਵੱਧ ਹੀ ਮਿਲਦੀ ਸੀ। ਸ਼੍ਰੋਮਣੀ ਕਮੇਟੀ ਬਾਰੇ ਤਾਂ ਗਿਆਨ ਦੀ ਹੋਰ ਵੀ ਘਾਟ ਸੀ। ਕੇਵਲ ਨਈਅਰ ਦੀ ਪੁਸਤਕ ਵਿਚ ਹੀ ਇਸ ਦੇ ਕੁਝ ਹਵਾਲੇ ਮਿਲਦੇ ਸਨ। ਪਰ ਇਸ ਧਾਰਮਿਕ ਸੰਸਥਾ ਦੀਆਂ ਕੁਝ ਚਿਰ ਪਹਿਲਾਂ ਹੀ ਤੇਰਾਂ ਸਾਲਾਂ ਬਾਅਦ ਹੋਈਆਂ ਚੋਣਾਂ ਵਿਚ ਸੰਤ ਜਰਨੈਲ ਸਿੰਘ ਦੀ ਭਖਵੀਂ ਸ਼ਮੂਲੀਅਤ ਤੇ ਪੰਜਾਬ ਦੀ ਅਕਾਲੀ ਸਰਕਾਰ ਦੀ ਅਤਿ ਜੋਰ ਗਰਮ-ਜੋਸ਼ੀ ਨੇ ਇਸ ਸੰਸਥਾ ਵਿਚ ਲੋਕਾਂ ਦੀ ਦਿਲਚਸਪੀ ਵਧਾ ਦਿੱਤੀ ਸੀ। ਮਗਰੋਂ ਸੰਤ ਕੁਝ ਵਧੇਰੇ ਗਰਮ ਹੋਣ ਤੇ ਸਰਕਾਰ ਬਿਲਕੁਲ ਠੰਡੀ ਪੈਣ ਨਾਲ ਅਣਕਿਆਸੇ ਰਾਜਨੀਤਕ ਪਲਟੇ ਵੱਜਣ ਲਗ ਪਏ ਸਨ ਜਿਨ੍ਹਾਂ ਕਾਰਨ ਬੌਧਿਕ ਹਲਕਿਆਂ ਵਿਚ ਲੋਕਾਂ ਨੇ ਕੰਨ ਚੁੱਕ ਲਏ ਸਨ। ਇਸ ਸੰਦਰਭ ਵਿਚ ਮੇਰਾ ਖੋਜ ਕਾਰਜ ਵਿਸ਼ੇਸ਼ ਧਿਆਨ ਦਾ ਵਿਸ਼ਾ ਬਣਿਆ ਹੋਇਆ ਸੀ। ਬੁੱਧੀਜੀਵੀਆਂ ਨੂੰ ਕੁਝ ਇਹ ਵੀ ਉਤਸੁਕਤਾ ਸੀ ਕਿ ਮੇਰਾ ਗਾਈਡ ਇਕ ਪੱਕਾ ਹਿੰਦੂ ਸੀ ਤੇ ਮੈਂ ਬੇਝਿਜਕ ਮਾਰਕਸਵਾਦੀ ਸਾਂ। ਉਹ ਸੋਚਦੇ ਸਨ ਕਿ ਪਤਾ ਨਹੀਂ ਅਸੀਂ ਇਸ ਸਿੱਖ ਅਦਾਰੇ ਬਾਰੇ ਕੀ ਖਿਚੜੀ ਪਕਾਵਾਂਗੇ। ਪਰ ਖੋਜ ਤਾਂ ਖੋਜ ਹੀ ਹੁੰਦੀ ਹੈ, ਇਸ ਵਿਚ ਕੋਈ ਹਿੰਦੂ ਜਾਂ ਕੋਈ ਸਿੱਖ ਕੀ ਕਰ ਸਕਦਾ ਸੀ। ਇਸ ਵਿਚ ਤਾਂ ਤਰਕ ਅਤੇ ਅੰਕੜੇ ਬੋਲਣੇ ਸਨ। ਜਿੱਥੇ ਮੈਂ ਗਲਤ ਹੁੰਦਾ, ਮੇਰਾ ਗਾਈਡ ਰੋਕ ਦਿੰਦਾ ਤੇ ਗਾਈਡ ਗਲਤ ਹੁੰਦਾ, ਮੈਂ ਟੋਕ ਦਿੰਦਾ। ਸਾਰਾ ਕੰਮ ਸਾਡੀ ਦੋਹਾਂ ਦੀ ਤਸੱਲੀ ਅਨੁਸਾਰ ਵਿਗਿਆਨਕ ਤੌਰ 'ਤੇ ਪੂਰਾ ਹੋਇਆ। ਇਸ ਦੀ ਸਾਪੇਖਿਅਕਤਾ ਬਾਰੇ ਕਿਸੇ ਨੂੰ ਸ਼ੱਕ ਨਾ ਰਿਹਾ ਜਦੋਂ ਪੰਜਾਬ ਦੇ ਗ੍ਰਹਿ ਸੱਕਤਰ ਕੇ. ਡੀ. ਵਾਸੂਦੇਵ ਨੇ ਮੇਰੇ ਗਾਈਡ ਕੋਲੋਂ ਮੇਰੇ ਖੋਜ-ਗ੍ਰੰਥ ਦੀ ਇਕ ਕਾਪੀ ਕੇਂਦਰ ਦੇ ਗ੍ਰਹਿ-ਸਕੱਤਰ ਟੀ. ਐਨ. ਚਤੁਰਵੇਦੀ ਨੂੰ ਭੇਜਣ ਦੀ ਆਗਿਆ ਮੰਗੀ।

ਮੈਨੂੰ ਲੱਗਾ, ਮੈਂ ਆਪਣੇ ਅਕਾਦਮਿਕ ਜੀਵਨ ਦੇ ਸੁਨਹਿਰੀ ਕਾਲ ਵਿਚੋਂ ਲੰਘ ਰਿਹਾ ਹਾਂ। ਬਾਅਦ ਵਿਚ ਹੋਮ ਸੈਕਟਰੀ ਨੇ ਇਹ ਥੀਸਿਸ ਉਸ ਵੇਲੇ ਦੇ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਦਿਖਾਇਆ। ਮੈਨੂੰ ਇਸ ਸਾਰੀ ਅੰਦਰੂਨੀ ਗੱਲ ਦਾ ਉਦੋਂ ਪਤਾ ਲੱਗਾ ਜਦੋਂ ਪੰਜ ਛੇ ਸਾਲ ਬਾਅਦ ਪ੍ਰੀਤਮ ਸਿੰਘ ਨਾਮੀ ਰਿਟਾਇਰਡ ਆਈ. ਏ. ਐਸ. ਅਫਸਰ ਨੇ ਪੰਜਾਬੀ ਟ੍ਰਿਬਿਊਨ ਵਿਚ ਛਪੇ ਆਪਣੇ ਇਕ ਲੇਖ ਵਿਚ ਇਸ ਦਾ ਖੁਲਾਸਾ ਕੀਤਾ। ਖੈਰ, ਟੀ. ਐਨ. ਚਤੁਰਵੇਦੀ ਨੇ ਬਿਨਾ ਕਹੇ ਆਪਣੇ ਤੌਰ 'ਤੇ ਇਸ ਦਾ ਰੀਵੀਊ ਕਰਕੇ ਮੇਰਾ ਥੀਸਿਸ ਮੇਰੇ ਗਾਈਡ ਨੂੰ ਵਾਪਸ ਘੱਲ ਦਿੱਤਾ। ਬਾਅਦ ਵਿਚ ਜਦੋਂ ਇਸ ਨੂੰ ਮੈਂ ਪੁਸਤਕ ਰੂਪ ਵਿਚ ਛਪਵਾਇਆ ਤਾਂ ਚਤੁਰਵੇਦੀ ਸਾਹਿਬ ਦੇ ਇਸ ਰੀਵੀਊ ਨੂੰ 'ਫੋਰ-ਵਰਡ' ਦੇ ਤੌਰ 'ਤੇ ਵਰਤਿਆ।

ਇਸੇ ਦੌਰਾਨ ਇਹੀ ਥੀਸਿਸ ਇਕ ਜਰਮਨ ਕੁੜੀ ਨੇ ਵੇਖਿਆ। ਅੰਜਲਾ ਨਾਂ ਦੀ ਇਹ ਰਿਸਰਚ ਸਕਾਲਰ ਉਦੋਂ ਜਰਮਨੀ ਦੀ ਕਿਸੇ ਯੂਨੀਵਰਸਿਟੀ ਵਿਚ ਪੰਜਾਬ ਕਲਚਰ ਐਂਡ ਪਾਲੀਟਿਕਸ ਵਿਸ਼ੇ 'ਤੇ ਖੋਜ ਕਰ ਰਹੀ ਸੀ ਤੇ ਪੰਜਾਬ ਆਈ ਵੱਖ ਵੱਖ ਯੂਨੀਵਰਸਿਟੀਆਂ ਵਿਚ ਜਾ ਕੇ ਖੋਜ ਸਮਗਰੀ ਇੱਕਠੀ ਕਰ ਰਹੀ ਸੀ। ਪੰਜਾਬ ਯੂਨੀਵਰਸਿਟੀ 'ਚੋਂ ਮੇਰਾ ਥੀਸਿਸ ਪੜ੍ਹ ਕੇ ਮੇਰੇ ਨਾਲ ਮੁਲਾਕਾਤ ਕਰਨਾ ਚਾਹੁੰਦੀ ਸੀ। ਮੇਰਾ ਪਤਾ ਜਾਣਨ ਲਈ ਮੇਰੇ ਗਾਈਡ ਦੇ ਵਿਭਾਗ ਗਈ ਤੇ ਉਸ ਨੇ ਮੇਰੇ ਕਾਲਜ ਦਾ ਨਾਂ ਦੱਸ ਕੇ ਉਸ ਨੂੰ ਪਟਿਆਲੇ ਭੇਜ ਦਿੱਤਾ। ਉਹ ਕਾਲਜ ਦੇ ਦਫਤਰ ਗਈ ਤੇ ਕਲਰਕ ਨੇ ਉਸ ਨੂੰ ਪ੍ਰਿੰਸੀਪਲ ਦੇ ਦਫਤਰ ਛੱਡ ਦਿਤਾ। ਪ੍ਰਿੰਸੀਪਲ ਨੇ ਚਪੜਾਸੀ ਭੇਜ ਕੇ ਥਾਂ ਥਾਂ ਮੇਰਾ ਪਤਾ ਕਰਵਾਇਆ, ਇਥੋਂ ਤੀਕ ਕਿ ਕਾਲਜ ਦੇ ਦੋ ਉਚੇ ਬੁਰਜਾਂ ਵਿਚ ਵੀ ਬੰਦੇ ਭੇਜੇ, ਪਰ ਮੈਂ ਉਨ੍ਹਾਂ ਨੂੰ ਕਿਤੇ ਨਾ ਮਿਲਿਆ। ਆਖਰ ਉਹ ਇਕ ਪੱਤਰ ਛੱਡ ਕੇ ਚਲੀ ਗਈ ਜਿਸ ਵਿਚ ਉਸ ਨੇ ਆਪਣੇ ਆਉਣ ਦਾ ਮਨੋਰਥ ਦੱਸਿਆ ਹੋਇਆ ਸੀ ਤੇ ਕਦੇ ਫਿਰ ਮਿਲਣ ਦੀ ਗੱਲ ਕਹੀ ਹੋਈ ਸੀ।

ਦਰਅਸਲ ਉਸ ਦਿਨ ਮੈਂ ਹਰ ਰੋਜ਼ ਦੀ ਤਰ੍ਹਾਂ ਆਪਣਾ ਆਖਰੀ ਪੀਰੀਅਡ ਪੜ੍ਹਾ ਕੇ ਦੁਪਹਿਰ ਨੂੰ ਪਿੰਡ ਨਿਕਲ ਗਿਆ ਸਾਂ ਜਿੱਥੇ ਵਾਹੀ ਦੇ ਕੰਮ ਲਈ ਅਮਰਾ ਮੈਨੂੰ ਉਡੀਕ ਰਿਹਾ ਸੀ। ਅਗਲੇ ਦਿਨ ਕਾਲਜ ਗਿਆ ਤਾਂ ਮੈਨੂੰ ਕਈ ਪਾਸਿਆਂ ਤੋਂ 'ਅੰਜਲਾ' ਦੇ ਆਉਣ ਦੀ ਖਬਰ ਮਿਲੀ। ਪ੍ਰਿੰਸੀਪਲ ਨੇ ਸੱਦ ਕੇ ਮੈਨੂੰ ਉਸ ਦਿਨ ਦੀ ਗੈਰ ਹਾਜਰੀ ਦਾ ਸਬੱਬ ਪੁੱਛਿਆ। ਪ੍ਰਿੰਸੀਪਲ ਪੁਰਾਣਾ ਐਨ. ਸੀ. ਸੀ. ਅਫਸਰ ਹੋਣ ਕਰਕੇ ਬੜਾ ਸਖਤ ਤੇ ਰੋਅਬਮਾਰ ਸੀ। ਉਂਜ ਉਹ ਮੇਰਾ ਮੁਰੀਦ ਵੀ ਸੀ ਤੇ ਮੈਂ ਉਸ ਨੂੰ ਇਕ ਕਸੂਤੇ ਸਮੇਂ ਬਚਾਇਆ ਸੀ। ਫਿਰ ਵੀ ਮੈਂ ਘਬਰਾਇਆ ਕਿ ਕਿਤੇ ਲੈਣੇ ਦੇ ਦੇਣੇ ਨਾ ਪੈ ਜਾਣ। ਪਰ ਉਸ ਨੇ ਨਰਮਾਈ ਨਾਲ ਮੇਰਾ ਸਪਸ਼ਟੀਕਰਨ ਸੁਣ ਕੇ ਉਸ ਕੁੜੀ ਦਾ ਖਤ ਮੈਨੂੰ ਦੇ ਦਿੱਤਾ। ਇਹ ਚਿੱਠੀ ਅੱਜ ਵੀ ਮੇਰੀ 'ਪੁਰਾਤਤਵ' ਫਾਈਲ ਵਿਚ ਕਿਤੇ ਪਈ ਹੋਈ ਹੈ।

ਆਪਣੇ ਬੁਲੰਦ ਇਕਬਾਲ ਦੇ ਇਸ ਮਾਹੌਲ ਵਿਚ ਦੋ ਕੁ ਦਿਨਾਂ ਬਾਅਦ ਜਦੋਂ ਮੈਂ ਸਟਾਫ ਰੂਮ ਵਿਚ ਬੈਠਾ ਸਾਂ ਤਾਂ ਚਪੜਾਸੀ ਇਕ ਬੰਦੇ ਨੂੰ ਮੇਰੇ ਕੋਲ ਲੈ ਕੇ ਆਇਆ। ਕਹਿਣ ਲੱਗਾ, "ਸਰ ਜੀ ਇਹ ਤੁਹਾਨੂੰ ਮਿਲਣਾ ਚਾਹੁੰਦੇ ਹਨ।" ਨਾਲ ਬੈਠੇ ਅਧਿਆਪਕ ਵੀ ਚੁਕੰਨੇ ਹੋ ਕੇ ਉਸ ਵੱਲ ਵੇਖਣ ਲੱਗੇ। ਮੈਂ ਉਸ ਨੂੰ ਆਉਣ ਦਾ ਸਬੱਬ ਪੁੱਛਣ ਹੀ ਵਾਲਾ ਸਾਂ ਕਿ ਉਹ ਪਹਿਲਾਂ ਹੀ ਬੋਲ ਪਿਆ, "ਮੈਂ ਜੀ ਲੈਂਡ ਮਾਰਟਗੇਜ਼ ਬੈਂਕ ਵਿਚੋਂ ਕਰਜੇ ਦੀ ਕਿਸ਼ਤ ਬਾਰੇ ਆਇਆ ਹਾਂ।" ਸੁਣ ਕੇ ਮੇਰੇ ਉਤੇ ਸੌ ਘੜ੍ਹਾ ਪਾਣੀ ਦਾ ਪੈ ਗਿਆ। ਮੇਰੀਆਂ ਉਚੀਆਂ ਸੋਚ ਉਡਾਰੀਆਂ ਦੇ ਖੰਭ ਕਤਰੇ ਗਏ। ਨਾਲ ਦੇ ਅਧਿਆਪਕ ਕੀ ਸਮਝਣਗੇ, ਮੈਂ ਕਰਜਾਈ ਹਾਂ! ਸੋਚ ਕੇ ਮੈਂ ਆਪਣੇ ਆਪ ਵਿਚ ਸੁੰਗੜਨ ਲੱਗਾ ਜਿਵੇਂ ਧਰਤੀ ਵਿਚ ਖੁੱਭ ਜਾਵਾਂਗਾ।

ਸ਼ਰਮਸ਼ਾਰ ਹੋਇਆ ਉਠ ਕੇ ਮੈਂ ਉਸ ਨੂੰ ਸਟਾਫ ਰੂਮ ਤੋਂ ਬਾਹਰ ਲੈ ਗਿਆ। ਬਾਹਰ ਦਰਖਤਾਂ ਹੇਠ ਜਾ ਕੇ ਮੈਂ ਉਸ ਨੂੰ ਭੜਕ ਕੇ ਬੋਲਿਆ, "ਸਰਦਾਰ ਜੀ ਇੱਥੇ ਕਿਉਂ ਆਏ ਹੋ, ਇਹ ਕੋਈ ਕਰਜ਼ੇ ਕਿਸਤਾਂ ਮੰਗਣ ਦੀ ਥਾਂ ਹੈ?" ਕਹਿਣ ਲੱਗਾ, "ਜਿੱਥੇ ਤੁਸੀਂ ਮਿਲੋਂਗੇ, ਅਸੀਂ ਤਾਂ ਉਥੇ ਈ ਜਾਣਾ ਐ ਜੀ।" ਮੈਂ ਗੁੱਸੇ ਵਿਚ ਸੂਹਾ ਹੋ ਕੇ ਬੋਲਿਆ, "ਮੈਂ ਤੁਹਾਡੇ ਬੰਦਿਆਂ ਨੂੰ ਸੌ ਵਾਰ ਕਿਹਾ ਐ ਮੇਰੇ ਪਿੱਛੇ ਚੱਕਰ ਨਾ ਮਾਰੋ, ਤੁਸੀਂ ਫਿਰ ਨਹੀਂ ਹਟਦੇ। ਤੁਹਾਡੇ ਦਫਤਰ ਸ਼ਿਕਾਇਤ ਦੇ ਕੇ ਆਇਆ ਹਾਂ ਉਸ ਦਾ ਵੀ ਤੁਹਾਡੇ 'ਤੇ ਕੋਈ ਅਸਰ ਨਹੀਂ ਹੋਇਆ। ਚਾਹੁੰਦੇ ਕੀ ਹੋ ਤੁਸੀਂ, ਲੋਕਾਂ ਦੀਆਂ ਬੇਇੱਜਤੀਆਂ ਕਰ ਕੇ ਵਸੂਲੀਆਂ ਕਰਨਾ?" ਉਹ ਬੋਲਿਆ, "ਸਾਨੂੰ ਬੇਇੱਜਤੀ ਕਰਨ ਦਾ ਕੋਈ ਸ਼ੌਂਕ ਨੀ ਐਂ ਜੀ। ਅਸੀਂ ਤਾਂ ਆਪਣੀ ਡਿਊਟੀ ਕਰਦੇ ਆਂ। ਤੁਹਾਡੀ ਕਿਸ਼ਤ ਰਹਿੰਦੀ ਐ, ਜਮਾਂ ਕਰਾਓ ਆ ਕੇ। ਕਦੋਂ ਕਰਾਓਗੇ ਦਸੋ?"

ਉਸ ਦੇ ਜਵਾਬ-ਤਲਬ ਲਹਿਜੇ ਨੇ ਮੇਰੇ ਤਨ ਬਦਨ ਨੂੰ ਅੱਗ ਲਾ ਦਿਤੀ। ਮੈਂ ਕੜਕ ਕੇ ਕਿਹਾ, "ਜਾਓ ਜਾ ਕੇ ਮੇਰੀ ਚਿੱਠੀ ਪੜ੍ਹੋ, ਆਪਣੇ ਦਫਤਰ ਵਿਚ। ਉਸ ਵਿਚ ਸਭ ਲਿਖਿਆ ਹੈ, ਕਦੋਂ ਕਰਾਵਾਂਗਾ।" ਉਹ ਆਪਣੀ ਗੱਲ 'ਤੇ ਅੜਦਾ ਬੋਲਿਆ, "ਚਿੱਠੀ ਈ ਦੇ ਕੇ ਆਏ ਓ, ਪੈਸੇ ਤਾਂ ਨੀ ਜਮ੍ਹਾਂ ਕਰਵਾ ਕੇ ਆਏ। ਮੈਂ ਪੈਸਿਆਂ ਦੀ ਗੱਲ ਕਰਦਾ ਆਂ।" ਜਵਾਬ ਦੇਣ ਦੀ ਥਾਂ ਮੈਂ ਕਿਹਾ, "ਤੁਸੀਂ ਇਹ ਗਲਤ ਗੱਲ ਗਲਤ ਥਾਂ 'ਤੇ ਆ ਕੇ ਕਰ ਰਹੇ ਹੋ, ਸ੍ਰੀਮਾਨ ਜੀ। ਬਹਿਸ ਵਿਚ ਨਾ ਪਓ, ਇਹ ਚੁਫੇਰੇ ਘੁੰਮਦੇ ਵਿਦਿਆਰਥੀ ਜੇ ਇੱਧਰ ਇੱਕਠੇ ਹੋ ਗਏ ਤਾਂ ਫਿਰ ਤੁਹਾਡੇ ਸਵਾਲਾਂ ਦੇ ਜਵਾਬ ਇਹੀ ਦੇਣਗੇ!" ਕਹੀ ਤਾਂ ਇਹ ਗੱਲ ਮੈਂ ਉਸ ਨੂੰ ਆਪਣੇ ਡਰ ਦੇ ਮਾਰੇ ਨੇ ਸੀ ਪਰ ਉਹ ਇਸ ਤੋਂ ਘਬਰਾ ਜਿਹਾ ਗਿਆ।

"ਚਲੋ ਸਹੀ ਥਾਂ 'ਤੇ ਆ ਕੇ ਸਹੀ ਗੱਲ ਕਰ ਲਾਂਗੇ।" ਇਹ ਆਖ ਉਹ ਚੁਪ-ਚਾਪ ਚਲਾ ਗਿਆ। ਉਸ ਨੂੰ ਖਦੇੜ ਕੇ ਮੈਂ ਮੱਲਕ ਜਿਹੇ ਜਾ ਕੇ ਸਟਾਫ ਰੂਮ ਵਿਚ ਇੰਜ ਬੈਠ ਗਿਆ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਮੇਰੇ ਅੰਦਰ ਤ੍ਰੇਲੀਆਂ ਚਲਦੀਆਂ ਰਹੀਆਂ ਤੇ ਕੰਨ ਲਾਲ ਰਹੇ। ਪਰ ਕਿਸੇ ਨੇ ਇਸ ਪਾਸੇ ਧਿਆਨ ਨਾ ਦਿੱਤਾ ਤੇ ਹੌਲੀ ਹੌਲੀ ਮੈਨੂੰ ਸੌਖਾ ਸਾਹ ਆਉਣ ਲੱਗਾ।

ਪਰ ਇਹ ਨਾਮੋਸ਼ੀ ਵਾਲੀ ਘਟਨਾ ਸਾਰਾ ਦਿਨ ਮੇਰੇ ਅੰਦਰ ਘੁੰਮਦੀ ਰਹੀ। ਮੈਂ ਸੋਚਿਆ ਇਹ ਬੇ-ਮਤਲਬ ਦੇ ਆਦਮੀ ਇਕ ਮਿੰਟ ਵਿਚ ਆ ਕੇ ਮੈਨੂੰ ਅਰਸ਼ ਤੋਂ ਫਰਸ਼ 'ਤੇ ਸੁਟ ਜਾਂਦੇ ਹਨ। ਮੈਂ ਚੰਗਾ ਬਣਨ ਦੀ ਕੋਸ਼ਿਸ਼ ਕਰਦਾ ਹਾਂ ਤੇ ਇਹ ਆ ਕੇ ਮੈਨੂੰ ਮਾੜਾ ਸਾਬਤ ਕਰਦੇ ਹਨ। ਮੈਂ ਪਛੋਤਾਇਆ ਕਿ ਚੰਗਾ ਭਲਾ ਦੋ ਰੋਟੀਆਂ ਖਾਂਦਾ ਮੈਂ ਕਿਹੜੀ ਮੁਸੀਬਤ ਵਿਚ ਫਸ ਗਿਆ ਸਾਂ। ਬਹੁਤ ਸਾਲ ਪਹਿਲਾਂ ਬੇਫਿਕਰੀ ਦੇ ਦੌਰ ਵਿਚ ਪੜ੍ਹੀ ਲਿਓ ਟਾਲਸਟਾਏ ਦੀ ਕਹਾਣੀ "ਮਨੁਖ ਨੂੰ ਕਿੰਨੀ ਕੁ ਜਮੀਨ ਦੀ ਲੋੜ ਹੈ?" (How Much Land does a Man Need?) ਮੇਰੇ ਦਿਮਾਗ ਵਿਚ ਘੁੰਮਣ ਲਗ ਪਈ। ਮੈਨੂੰ ਯਾਦ ਆਇਆ ਇਹ ਕਹਾਣੀ ਮੈਂ ਆਪਣੇ ਖੇਤ ਵਿਚ ਅੰਬ 'ਤੇ ਚੜ੍ਹ ਕੇ ਪੜ੍ਹੀ ਸੀ। ਉਸ ਅੰਬ ਦੇ ਐਨ ਗੁੰਬਦ ਵਿਚ ਦੋ ਤਿੰਨ ਟਾਹਣੇ ਇਕ ਕੁਰਸੀ ਵਾਂਗ ਬਣੇ ਹੋਏ ਸਨ ਜਿੱਥੇ ਛੁਪ ਕੇ ਮੈਂ ਅਕਸਰ ਪੜ੍ਹਿਆ ਕਰਦਾ ਸਾਂ। ਇਸ ਕਹਾਣੀ ਵਿਚ ਪਾਹੋਮ ਨਾਂ ਦਾ ਗਰੀਬ ਕਿਸਾਨ ਕਿਤੋਂ ਇਹ ਸੁਣ ਲੈਂਦਾ ਹੈ ਕਿ ਰੂਸ ਦੇ ਇਕ ਜਿਲ੍ਹੇ ਵਿਚ ਸੌ ਰੂਬਲ ਵਿਚ ਇੰਨੀ ਜਮੀਨ ਮਿਲਦੀ ਹੈ, ਜਿੰਨੀ ਕੋਈ ਬੰਦਾ ਇਕ ਦਿਨ ਵਿਚ ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਛਿਪਣ ਤੀਕ ਭੱਜ ਕੇ ਵਗਲ ਲਵੇ। ਪਰ ਅਸਫਲ ਰਹਿਣ 'ਤੇ ਉਸ ਨੂੰ ਜਮੀਨ ਤੇ ਸ਼ਰਤ-ਦੋਹਾਂ ਤੋਂ ਹੱਥ ਧੋਣੇ ਪੈਣੇ ਸਨ। ਸੁਣ ਕੇ ਉਹ ਕਿਸਾਨ ਉਥੇ ਚਲਾ ਜਾਂਦਾ ਹੈ ਤੇ ਜਮੀਨ ਘੇਰਨ ਦੇ ਸੌ ਰੂਬਲ ਜਮਾਂ ਕਰਵਾ ਦਿੰਦਾ ਹੈ। ਸਵੇਰੇ ਉਠ ਕੇ ਉਹ ਇਕ ਨਿਸ਼ਾਨੀ ਤੋਂ ਦੌੜਨਾ ਸ਼ੁਰੂ ਕਰ ਦਿੰਦਾ ਹੈ ਜਿੱਥੇ ਸੂਰਜ ਛਿਪਣ ਤੋਂ ਪਹਿਲਾਂ ਪਹਿਲਾਂ ਉਸ ਨੇ ਵਾਪਸ ਪਹੁੰਚਣਾ ਹੁੰਦਾ ਹੈ। ਘੇਰੀ ਜਮੀਨ ਦੀ ਨਿਸ਼ਾਨਦੇਹੀ ਲਈ ਉਸ ਨਾਲ ਦੋ ਘੋੜ ਸਵਾਰ ਵੀ ਚਲਦੇ ਜਾਂਦੇ ਹਨ। ਦੌੜਦਾ ਉਹ ਹਰ ਚੰਗੀ ਥਾਂ ਵਗਲਦਾ ਜਾਂਦਾ ਹੈ ਤੇ ਲਾਲਚ-ਵਸ ਇਕ ਬਹੁਤ ਵੱਡਾ ਘੇਰਾ ਘੱਤ ਲੈਂਦਾ ਹੈ। ਦੁਪਹਿਰ ਬਾਅਦ ਉਹ ਟਿੱਲ ਦਾ ਜੋਰ ਲਾ ਕੇ ਦਾਈਏ ਵਲ ਭੱਜਦਾ ਹੈ ਪਰ ਸਮਾਂ ਥੋੜ੍ਹਾ ਰਹਿਣ ਕਾਰਨ ਉਸ ਦੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਸੂਰਜ ਛਿਪਣ ਲਗਦਾ ਹੈ। ਹਫਦਾ ਉਹ ਹੋਰ ਤੇਜ਼ ਦੌੜਦਾ ਹੈ ਤੇ ਰਸਤੇ ਵਿਚ ਹੀ ਫੁੜਕ ਕੇ ਮਰ ਜਾਂਦਾ ਹੈ। ਨਿਸ਼ਾਨਦੇਹੀ ਲਈ ਨਾਲ ਚਲਦੇ ਦੋ ਘੋੜ ਸਵਾਰ ਉਸ ਨੂੰ ਛੇ ਜਰਬ ਚਾਰ ਫੁਟ ਦੀ ਕਬਰ ਪੁੱਟ ਕੇ ਉਥੇ ਹੀ ਧਰਤੀ ਵਿਚ ਦਫਨਾ ਦਿੰਦੇ ਹਨ। ਕਹਾਣੀ ਦੇ ਸਿੱਟੇ ਅਨੁਸਾਰ ਮਨੁਖ ਨੂੰ ਕੇਵਲ ਇੰਨੀ ਹੀ ਜਮੀਨ ਦੀ ਲੋੜ ਹੈ, ਬਾਕੀ ਤਾਂ ਸਭ ਨਾ ਪੂਰੀ ਹੋਣ ਵਾਲੀ ਹਵਸ ਹੈ।

ਮੈਂ ਸੋਚਿਆ, ਉਸ ਮਹਾਨ ਲੇਖਕ ਦੀ ਕਹਾਣੀ ਵਿਚ ਇੰਨਾ ਦਮ ਹੈ ਕਿ ਇਹ ਅੱਜ ਵੀ ਉਨੀ ਹੀ ਸੱਚ ਸੀ ਜਿੰਨੀ ਇਕ ਸਦੀ ਪਹਿਲਾਂ ਜਦੋਂ ਲਿਖੀ ਗਈ ਸੀ। ਇਹ ਜਗਤ ਪ੍ਰਸਿਧ ਰਚਨਾ ਲੋਕਤੰਤਰੀ ਭਾਰਤ ਵਿਚ ਵੀ ਉਨੀ ਹੀ ਨਰੋਈ ਸੀ, ਜਿੰਨੀ ਜਾਰਸ਼ਾਹੀ ਰੂਸ ਵਿਚ।

ਮੈਂ ਪਛੋਤਾਇਆ, "ਫਿਰ ਮੈਂ ਇਸ ਨੂੰ ਧਿਆਨ ਵਿਚ ਕਿਉਂ ਨਾ ਰੱਖਿਆ?" ਸ਼ਾਇਦ ਮਨੁੱਖ ਉਦੋਂ ਵੀ ਇੰਨਾ ਹੀ ਢੀਠ ਸੀ, ਜਿੰਨਾ ਅੱਜ। ਕਹਾਣੀ ਉਦੋਂ ਦੀ ਹੀ ਲਿਖ ਕੇ ਧਰੀ ਪਈ ਸੀ, ਕਈਆਂ ਨੇ ਪੜ੍ਹੀ, ਕਈਆਂ ਨੇ ਸੁਣੀ, ਪਰ ਮੰਨੀ ਕਿਸੇ ਨੇ ਵੀ ਨਾ! ਕਹਾਣੀ ਵਿਚਲਾ ਸੱਚ ਮੇਰੇ ਦਿਲ ਨੂੰ ਮਧਾਣੀ ਵਾਂਗ ਰਿੜਕ ਕੇ ਸਤਾਉਣ ਲੱਗਾ। ਮੈਂ ਆਪਣੇ ਆਪ ਨੂੰ ਇਹ ਪੁੱਛਣ ਲਈ ਮਜ਼ਬੂਰ ਹੋ ਗਿਆ ਕਿ ਕਿਤੇ ਮੈਂ ਦੌੜ ਦੌੜ ਵਿਚ ਲੋੜ ਤੋਂ ਵਧ ਵਗਲਣ ਤਾਂ ਨਹੀਂ ਵਗਲ ਗਿਆ?

**(ਚਲਦਾ)**

# ਖੋਜੀ ਉਪਜੈ ਬਾਦੀ ਬਿਨਸੈ

**ਗੁਰਮਤਿ ਗਿਆਨ**

ਸਿੱਖ ਧਰਮ ਚਿੰਤਨ ਵਿਚ 'ਵਿਚਾਰ' ਜਾਂ ਤਰਕ ਨੂੰ ਬਹੁਤ ਅਹਿਮ ਸਥਾਨ ਪ੍ਰਾਪਤ ਹੈ। ਸਿੱਖ ਗੁਰੂ ਸਾਹਿਬਾਨ ਨੇ ਇਸ ਤੱਥ ਤੇ ਜ਼ੋਰ ਦਿੱਤਾ ਹੈ ਕਿ ਮਨੁੱਖ ਦੇ ਦੁਨਿਆਵੀ ਅਤੇ ਅਧਿਆਤਮਕ ਜੀਵਨ ਵਿਚ 'ਵਿਚਾਰ' ਬਹੁਤ ਅਹਿਮ ਭੂਮਿਕਾ ਨਿਭਾਉਂਦਾ ਹੈ। ਵਿਚਾਰ ਵਿਹੂਣਾ ਮਨੁੱਖ ਵਹਿਮਾਂ-ਭਰਮਾਂ ਦਾ ਸ਼ਿਕਾਰ ਹੋ ਸਕਦਾ ਹੈ। ਇਸ ਲਈ ਅਧਿਆਤਮਕ ਅਨੁਭਵ ਦੇ ਸਫਰ ਦੇ ਆਗਾਜ਼ ਲਈ ਮਨੁੱਖ ਵਾਸਤੇ ਵਿਚਾਰ-ਯੁਕਤ ਹੋਣਾ ਜ਼ਰੂਰੀ ਹੈ ਤਾਂ ਕਿ ਉਹ ਸੱਚ ਦੇ ਸਹੀ ਸੰਦਰਭ ਨੂੰ ਸਮਝ ਸਕੇ। ਗੁਰੂ ਸਾਹਿਬਾਨ ਦਾ ਮੁੱਖ ਟੀਚਾ ਮਨੁੱਖ ਦੀ ਮਾਨਸਿਕਤਾ ਵਿਚ ਅਧਿਆਤਮਕ ਤਬਦੀਲੀ ਲਿਆਉਣਾ ਰਿਹਾ ਹੈ ਤਾਂ ਕਿ ਮਨੁੱਖ ਪਰਮਸਤਿ ਨਾਲ ਇੱਕਸੁਰ ਹੋ ਕੇ ਇਸ ਬ੍ਰਹਿਮੰਡੀ ਸੁਸੰਗਤੀ ਨੂੰ ਸਮਝ ਸਕੇ ਅਤੇ ਇਸ ਨਾਲ ਇੱਕਸੁਰ ਹੋ ਸਕੇ। ਵਿਚਾਰਹੀਣ ਮਨੁੱਖ ਇਸ ਬ੍ਰਹਿਮੰਡੀ ਸੁਸੰਗਤੀ ਨੂੰ ਸਮਝਣ ਵਿਚ ਅਸਫਲ ਹੋ ਜਾਂਦਾ ਹੈ ਅਤੇ ਇਸ ਲਈ



ਡਾ. ਗੁਰਨਾਮ ਕੌਰ, ਕੈਨੇਡਾ

ਸੱਚ ਦੇ ਸੰਦੇਸ਼ ਨੂੰ ਸਹੀ ਸੰਦਰਭ 'ਚ ਨਹੀਂ ਸਮਝ ਸਕਦਾ। ਵਿਚਾਰ ਦਾ ਸਬੰਧ ਤਰਕ ਨਾਲ ਹੈ, ਜੋ ਦੋ ਤਰ੍ਹਾਂ ਨਾਲ ਅਮਲ 'ਚ ਲਿਆਇਆ ਜਾਂਦਾ ਹੈ।

ਸਿੱਖ ਧਰਮ ਦੇ ਬਾਨੀਆਂ ਨੇ ਸਾਡਾ ਧਿਆਨ ਤਰਕ ਦੇ ਬੇਸਿੱਟਾ ਅਮਲ ਵੱਲ ਦੁਆਉਂਦਿਆਂ ਇਸ ਕਿਸਮ ਦੇ ਤਰਕ ਨੂੰ 'ਵਾਦ' ਜਾਂ 'ਬਾਦ' ਕਿਹਾ ਹੈ ਅਤੇ ਇਸ ਦੇ ਹਾਂ-ਪੱਖੀ ਅਮਲ ਨੂੰ ਖੋਜ ਕਿਹਾ ਹੈ। ਇਸ ਲਈ ਉਨ੍ਹਾਂ ਨੇ ਦੁਨਿਆਵੀ ਮਾਮਲਿਆਂ ਨੂੰ ਸਮਝਣ ਲਈ ਅਤੇ ਅਧਿਆਤਮਕ ਵਿਕਾਸ ਲਈ ਤਰਕ ਦੇ ਹਾਂ-ਪੱਖੀ ਅਮਲ 'ਤੇ ਜ਼ੋਰ ਦਿੱਤਾ ਹੈ। ਇਸ ਕਿਸਮ ਦੇ ਤਰਕ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸੋਚ, ਵਿਚਾਰ, ਅਕਲ, ਸਿਆਣਪ ਅਤੇ ਸੋਝੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜੋ ਕਿ ਤਰਕ ਦੇ ਵੱਖ ਵੱਖ ਪੱਧਰਾਂ/ਦਰਜਿਆਂ ਦੇ ਸੂਚਕ ਹਨ। ਇੱਕ ਵਿਚਾਰਵਾਨ ਵਿਅਕਤੀ ਨੂੰ ਸੱਚ ਦੇ ਗਿਆਨ ਦੀ ਜਿਗਿਆਸਾ ਕਰਦਿਆਂ ਇੱਕ ਖੋਜੀ ਦੀ ਭਾਵਨਾ ਨਾਲ ਆਪਣੇ ਸਫਰ 'ਤੇ ਅੱਗੇ ਵਧਣਾ ਪੈਂਦਾ ਹੈ। ਗੁਰੂ ਨੇ ਸਾਨੂੰ ਇਸ ਤੱਥ ਤੋਂ ਚੇਤੰਨ ਕੀਤਾ ਹੈ ਕਿ ਖੋਜੀ ਸਹੀ ਨਤੀਜੇ ਜਾਂ ਗਿਆਨ ਤੱਕ ਪਹੁੰਚ ਸਕਦਾ ਹੈ ਜਦ ਕਿ ਵਾਦੀ ਜਾਂ ਬਾਦੀ ਮਹਿਜ ਆਪਣਾ ਸਮਾਂ ਜ਼ਾਇਆ ਕਰਦਾ ਹੈ। ਆਓ, ਅਸੀਂ ਖੋਜੀ ਦੇ ਸੁਭਾਅ ਦਾ ਵਿਸ਼ਲੇਸ਼ਣ ਕਰੀਏ ਜੋ ਕਿ ਬਾਦੀ ਦੇ ਬਿਲਕੁਲ ਉਲਟ ਸੁਭਾਅ ਹੈ।

ਵਿਚਾਰ (ਰੀਜ਼ਨ) ਦੇ ਬਹੁਤ ਅਹਿਮ ਕਾਰਜਾਂ ਵਿਚੋਂ ਇੱਕ ਹੈ, ਸੱਚ ਦੇ ਗਿਆਨ ਤੱਕ ਪਹੁੰਚਣਾ ਅਤੇ ਇਸ ਦੀ ਛਾਣਬੀਣ ਕਰਨਾ ਜਿਸ ਨੂੰ ਗੁਰੂ ਸਾਹਿਬਾਨ ਨੇ ਖੋਜ ਕਿਹਾ ਹੈ ਤੇ ਇਸ ਰਾਸਤੇ ਚੱਲਣ ਵਾਲੇ ਨੂੰ ਖੋਜੀ ਕਿਹਾ ਹੈ। ਇਸ ਦੇ ਬਿਲਕੁਲ ਉਲਟ ਇੱਕ ਅਜਿਹੇ ਵਿਅਕਤੀ, ਜੋ ਮਹਿਜ ਆਪਣੇ ਨਜ਼ਰੀਏ ਨੂੰ ਸਥਾਪਤ ਕਰਨ ਲਈ ਸੱਚ ਤੋਂ ਪਰ੍ਹੇ ਜਾਣ ਦੀਆਂ ਸਾਰੀਆਂ ਦਲੀਲਾਂ ਘੜ ਲੈਂਦਾ ਹੈ, ਜਿਨ੍ਹਾਂ ਵਿਚੋਂ ਕਈ ਝੂਠੀਆਂ ਵੀ ਹੋ ਸਕਦੀਆਂ ਹਨ, ਨੂੰ ਗੁਰੂ ਸਾਹਿਬ ਨੇ ਵਾਦੀ ਜਾਂ ਬਾਦੀ ਕਿਹਾ ਹੈ। ਇਸ ਤਰ੍ਹਾਂ ਵਾਦ ਜਾਂ ਬਾਦ ਤਾਰਕਿਕ ਯੁਕਤੀਆਂ ਦਾ ਇੱਕ ਸੁਤੰਤਰ ਇਸਤੇਮਾਲ ਹੈ ਜਿਸ ਦੀ ਮਾਨਤਾ ਆਧਾਰ ਵਾਕਾਂ ਵਿਚੋਂ ਕਿਸੇ ਇੱਕ ਦੇ ਝੂਠਾ ਹੋਣ ਨਾਲ ਝੂਠੀ ਵੀ ਹੋ ਸਕਦੀ ਹੈ। ਗਲਤ ਬਿਆਨ ਜਾਂ ਗਲਤ ਵਿਆਖਿਆ ਇੱਕ ਖਾਸ ਨਤੀਜੇ 'ਤੇ ਪਹੁੰਚਣ ਦੀ ਇੱਛਾ ਕਾਰਨ ਹੋ ਸਕਦੀ ਹੈ।

ਬਾਦ ਜਾਂ ਵਾਦ ਦਾ ਹਾਂ-ਵਾਚਕ ਅਮਲ ਵੀ ਹੈ ਅਤੇ ਨਾਂਹ-ਵਾਚਕ ਅਮਲ ਵੀ। ਗੁਰੂ ਸਾਹਿਬਾਨ ਨੇ ਵਾਦ (ਵਿਚਾਰ ਦਾ ਵਿਅਰਥ ਅਮਲ) ਦੀ ਨਿੰਦਾ ਕੀਤੀ ਹੈ ਤੇ ਇਸ ਨੂੰ ਨਕਾਰਿਆ ਹੈ। ਇਸ ਸਬੰਧੀ ਵਾਦ ਪੂਰਬ-ਨਿਰਧਾਰਤ ਯੋਜਨਾ ਸਥਾਪਤ ਕਰਨ ਦੀ ਕੋਸ਼ਿਸ਼ ਨੂੰ ਪ੍ਰਗਟ ਕਰਦਾ ਜਾਪਦਾ ਹੈ। ਵਾਦ, ਜਿਸ ਦਾ ਅਰਥ ਵਿਚਾਰ-ਵਿਮਰਸ਼ ਵੀ ਹੈ, ਸੁਤੰਤਰ ਦਲੀਲਾਂ ਰਾਹੀਂ ਅੱਗੇ ਵਧਦਾ ਹੈ ਅਤੇ ਇਸ ਦਾ ਨਿਸ਼ਾਨਾ ਸੱਚ ਤੱਕ ਪਹੁੰਚਣਾ ਹੁੰਦਾ ਹੈ। ਪ੍ਰੰਤੂ ਅਕਸਰ ਇਹ ਮਹਿਜ ਤਕਰਾਰ ਵਿਚ ਨੀਵਾਂ ਚਲਿਆ ਜਾਂਦਾ ਹੈ, ਜਿਸ ਦਾ ਨਿਸ਼ਾਨਾ ਪ੍ਰਭਾਵ ਪਾਉਣਾ ਅਤੇ ਜਿੱਤ ਪ੍ਰਾਪਤ ਕਰਨਾ ਬਣ ਜਾਂਦਾ ਹੈ, ਅਤੇ ਜਿਸ ਨੂੰ ਦਰਅਸਲ ਨੁਕਤਾਚੀਨੀ ਖਾਤਰ ਹੀ ਨੁਕਤਾਚੀਨੀ ਕਰਨ ਵਿਚ ਖੁਸ਼ੀ ਪ੍ਰਾਪਤ ਹੁੰਦੀ ਹੈ। ਇਸ ਕਿਸਮ ਦੇ ਵਿਅਰਥ ਵਿਚਾਰ-ਵਿਮਰਸ਼ ਦਾ ਅੰਤ ਸਿਰਫ ਆਪਣੇ ਵਿਰੋਧੀ ਨੂੰ ਉਸ ਦੀ ਗਲਤੀ ਮੰਨਵਾ ਕੇ ਅਤੇ ਹਾਰ ਮੰਨਣ ਲਈ ਮਜਬੂਰ ਕਰਕੇ ਹੁੰਦਾ ਹੈ। ਵਾਦ ਅਤੇ ਖੋਜ ਪਰਮਸਤਿ ਦੇ ਗਿਆਨ ਤੱਕ ਪਹੁੰਚਣ ਦੇ ਅਮਲ ਦੇ ਦੋ ਪੱਖ ਹਨ ਅਤੇ ਗਿਆਨ ਦੀ ਜਿਗਿਆਸਾ ਦੇ ਇਹ ਹਾਂ-ਵਾਚਕ ਅਤੇ ਨਾਂਹ-ਵਾਚਕ ਨਿਹਿਤਾਰਥ ਹਨ।

ਪੰਜਾਬੀ ਦਾ ਵਾਦ ਜਿਸ ਨੂੰ ਬਾਦ ਵੀ ਲਿਖਦੇ ਹਨ, ਸੰਸਕ੍ਰਿਤ ਦੇ ਸ਼ਬਦ ਵਾਦ ਤੋਂ ਆਇਆ ਹੈ, ਜਿਸ ਦਾ ਮੂਲ ਵਦ+ਘਨ ਹੈ। ਇਸ ਦਾ ਅਰਥ ਹੈ, ਵਿਚਾਰ-ਵਿਮਰਸ਼ ਜਾਂ ਚਰਚਾ ਕਰਨਾ ਅਰਥਾਤ ਤਾਰਕਿਕ ਵਿਚਾਰ ਅਤੇ ਇਸ ਤਾਰਕਿਕ ਵਿਚਾਰ-ਵਿਮਰਸ਼ ਨੂੰ ਨਿਗਮਾਨਾਤਮਕ ਤਰਕ ਅਤੇ ਅਗਮਾਨਾਤਮਕ ਤਰਕ ਵਿਚ ਵੰਡਿਆ ਜਾਂਦਾ ਹੈ। ਗੁਰੂ ਨਾਨਕ ਅਨੁਸਾਰ ਇਸ ਤਰਕ ਦਾ ਇਹ ਅਮਲ ਵਾਦ ਦਾ ਰੂਪ ਵੀ ਲੈ ਸਕਦਾ ਹੈ ਜੋ ਕਿ ਸਮੇਂ ਦੀ ਬਰਬਾਦੀ ਹੈ। ਗੁਰੂ ਨਾਨਕ ਮਿਸਾਲ ਦਿੰਦੇ ਹਨ ਕਿ ਪੰਡਿਤ ਸਿਮ੍ਰਤੀਆਂ, ਸ਼ਾਸਤਰਾਂ ਤੇ ਪੁਰਾਣਾਂ ਦਾ ਅਧਿਐਨ ਕਰਦਾ ਹੈ ਪਰ ਸਦਾ ਵਾਦ-ਵਿਵਾਦ ਵਿਚ ਹੀ ਪਿਆ ਰਹਿੰਦਾ ਹੈ ਅਤੇ ਅਸਲੀਅਤ ਨੂੰ ਨਹੀਂ ਸਮਝਦਾ, ਸਾਰ ਤੱਤ ਤੱਕ ਨਹੀਂ ਪਹੁੰਚਦਾ। ਕਹਿਣ ਤੋਂ ਭਾਵ ਪੰਡਿਤ ਧਰਮ ਗ੍ਰੰਥਾਂ ਸ਼ਾਸਤਰਾਂ, ਸਿਮ੍ਰਤੀਆਂ ਅਤੇ ਪੁਰਾਣਾਂ ਆਦਿ ਦਾ ਪਠਨ-ਪਾਠਨ ਕਰਦਾ ਹੈ (ਉਸ ਨੂੰ ਵੇਦ ਸ਼ਾਸਤਰ ਜ਼ੁਬਾਨੀ ਵੀ ਯਾਦ ਹੁੰਦੇ ਹਨ, ਬਲਕਿ ਪੁਰਾਣੀ ਪਰੰਪਰਾ ਅਨੁਸਾਰ ਤਾਂ ਵੇਦ ਆਦਿ ਧਰਮ ਗ੍ਰੰਥ ਮੌਖਿਕ ਪਰੰਪਰਾ ਵਿਚ ਹੀ ਇੱਕ ਪੀੜ੍ਹੀ ਤੋਂ ਦੂਜੀ ਤੱਕ ਪਹੁੰਚਦੇ ਸਨ, ਲਿਖਤ ਵਿਚ ਤਾਂ ਬਹੁਤ ਪਿੱਛੋਂ ਆਏ ਹਨ। ਇਸ ਦੇ ਬਾਵਜੂਦ ਪੰਡਿਤ ਉਸ ਗਿਆਨ ਨੂੰ ਸਿਰਫ ਸ਼ਾਸਤਰਾਰਥ ਵਿਚ ਉਲਝੇ ਰਹਿਣ ਤੱਕ ਹੀ ਮਹਿਦੂਦ ਰੱਖਦਾ ਹੈ। ਇਹ ਤੱਥ ਕਿਸੇ ਵੀ ਧਾਰਮਿਕ ਕਹੇ ਜਾਣ ਵਾਲੇ ਆਗੂ 'ਤੇ ਲਾਗੂ ਹੋ ਸਕਦਾ ਹੈ), ਪਰ ਉਸ ਗਿਆਨ ਦੀ ਉਹ ਹਾਂ-ਵਾਚਕ ਵਰਤੋਂ ਨਹੀਂ ਕਰਦਾ ਜਾਂ ਸੱਚ ਨੂੰ ਸਮਝਣ ਤੇ ਉਸ ਤੱਕ ਪਹੁੰਚਣ ਦੇ ਗਿਆਨ ਦੇ ਸਹੀ ਮਕਸਦ ਨੂੰ ਨਹੀਂ ਸਮਝਦਾ (ਧਾਰਮਿਕ ਗਿਆਨ ਦਾ ਸਹੀ ਮਕਸਦ ਉਸ ਪਰਮਸਤਿ ਤੱਕ ਪਹੁੰਚਣਾ ਹੈ) ਅਤੇ ਹੋਰਨਾਂ ਨਾਲ ਵਾਦ-ਵਿਵਾਦ ਜਾਂ ਸ਼ਾਸਤਰਾਰਥ ਕਰਨ ਵਿਚ ਹੀ ਲੱਗਾ ਰਹਿੰਦਾ ਹੈ, ਨਤੀਜੇ ਵੀ ਫਿਰ ਉਸਾਰੂ ਨਹੀਂ ਨਿਕਲਦੇ:

ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ॥
ਵਾਦੁ ਵਖਾਣਹਿ ਤਤੁ ਨ ਜਾਣਾ॥
(ਪੰਨਾ 1032)

ਗੁਰੂ ਨਾਨਕ ਅਨੁਸਾਰ ਵਾਦ-ਵਿਵਾਦ ਵਿਚ ਰੁੱਝੇ ਰਹਿਣਾ ਸਿਆਣਪ ਦਾ ਰਾਹ ਨਹੀਂ ਹੈ। ਇਹ ਸਮਝ ਨੂੰ ਗੁਆਉਣਾ ਤੇ ਸਮੇਂ ਦੀ ਬਰਬਾਦੀ ਹੈ। ਗੁਰੂ ਅਮਰਦਾਸ ਮਨੁੱਖ ਨੂੰ ਚੇਤੰਨ ਕਰਦੇ ਹਨ ਕਿ ਇਸ ਕਿਸਮ ਦਾ ਤਰਕ ਮਨੁੱਖ ਨੂੰ ਕਿਸੇ ਵੀ ਤਰ੍ਹਾਂ ਦੇ ਗਿਆਨ ਤੱਕ ਨਹੀਂ ਪਹੁੰਚਾਉਂਦਾ, ਭਾਵੇਂ ਅਜਿਹੇ ਤਰਕ 'ਚ ਉਲਝਿਆ ਮਨੁੱਖ ਖੁਦ ਨੂੰ ਕਿੰਡਾ ਵੀ ਵੱਡਾ ਗਿਆਨੀ ਅਤੇ ਚਿੰਤਕ ਅਤੇ ਧਰਮ ਗ੍ਰੰਥਾਂ ਦਾ ਵਿਸ਼ਲੇਸ਼ਕ ਤੇ ਗਿਆਤਾ ਸਮਝਦਾ ਹੋਵੇ। ਉਹ ਪੰਡਿਤ ਤੇ ਜੋਤਸ਼ੀ ਆਦਿ ਦੀ ਮਿਸਾਲ ਦਿੰਦੇ ਹਨ ਜੋ ਸ਼ਾਸਤਰਾਂ ਦਾ ਪਠਨ-ਪਾਠਨ ਕਰਕੇ ਸਿਰਫ ਵਾਦ-ਵਿਵਾਦ ਵਿਚ ਹੀ ਉਲਝੇ ਰਹਿੰਦੇ ਹਨ ਅਤੇ ਬੁੱਧੀ ਅਸਲ ਰਾਹ ਤੋਂ ਥਿੜਕੀ ਹੁੰਦੀ ਹੈ, ਮਨ ਅੰਦਰੋਂ ਲੋਭ ਤੇ ਅਹੰਕਾਰ ਆਦਿ ਵਿਕਾਰਾਂ ਨਾਲ ਭਰਿਆ ਹੁੰਦਾ ਹੈ। ਗੁਰੂ ਅਮਰਦਾਸ ਅਨੁਸਾਰ ਤਰਕ ਦੀ ਅਜਿਹੀ ਵਰਤੋਂ ਮਨੁੱਖ ਨੂੰ ਗਿਆਨ ਤੱਕ ਪਹੁੰਚਾਉਣ ਦੀ ਥਾਂ ਉਲਝਣ ਵਿਚ ਪਾਉਂਦੀ ਹੈ:

ਪੜਿ ਪੜਿ ਪੰਡਿਤ ਜੋਤਕੀ
ਵਾਦ ਕਰਹਿ ਬੀਚਾਰੁ॥
ਮਤਿ ਬੁਧਿ ਭਵੀ ਨ ਬੁਝਈ
ਅੰਤਰਿ ਲੋਭ ਵਿਕਾਰੁ॥ (ਪੰਨਾ 27)

ਵੇਦੁ ਪੜੈ ਅਨਦਿਨੁ ਵਾਦ ਸਮਾਲੇ॥
ਨਾਮੁ ਨ ਚੇਤੈ ਬਧਾ ਜਮਕਾਲੇ॥
(ਪੰਨਾ 1066)

ਇਸ ਤਰ੍ਹਾਂ ਵਾਦੀ ਵਿਚਾਰ ਨੂੰ ਲਾਭਦਾਇਕ ਸਿੱਟੇ ਤੱਕ ਲੈ ਜਾਣ ਦੀ ਥਾਂ ਮੁੱਦੇ ਨੂੰ ਮਹਿਜ ਉਲਝਾਉਂਦਾ ਹੈ। ਇਸ ਦੇ ਬਿਲਕੁਲ ਉਲਟ ਗਿਆਨ ਦੀ ਜਿਗਿਆਸਾ ਕਰਨ ਵਾਲਾ ਖੋਜੀ ਮਨੁੱਖ ਵਿਚਾਰ ਦੇ ਰਾਸਤੇ 'ਤੇ ਚੱਲਦਾ ਹੈ ਅਤੇ ਗਿਆਨ ਦੀ ਅਸਲੀਅਤ ਤੱਕ ਪਹੁੰਚਦਾ ਹੈ, ਜਿਸ ਨੂੰ ਗੁਰੂ ਨਾਨਕ ਨੇ 'ਗੁਰਮੁਖਿ ਗਿਆਨੁ ਬੀਚਾਰਾ' ਕਿਹਾ ਹੈ; ਕਿਉਂਕਿ ਗਿਆਨ ਦਾ ਅਸਲੀ ਖੋਜੀ ਜਾਂ ਜਿਗਿਆਸੂ ਵਿਚਾਰ ਰਾਹੀਂ ਅੱਗੇ ਵਧਦਾ ਹੈ ਅਤੇ ਸਹੀ ਗਿਆਨ 'ਤੇ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ਵਾਦੀ ਜਾਂ ਬਾਦੀ ਦਾ ਗਿਆਨ ਝੂਠਾ ਹੁੰਦਾ ਹੈ, ਅਕੱਟ ਜਾਂ ਸੁਸੰਗਤ ਨਹੀਂ ਹੁੰਦਾ। ਅਜਿਹੇ ਗਿਆਨ ਨੂੰ 'ਅਗਿਆਨ' ਜਾਂ 'ਮਨ ਦੀ ਮਤਿ' ਕਿਹਾ ਗਿਆ ਹੈ। ਵਾਦ ਗਿਆਨ ਦੇ ਖੇਤਰ ਨੂੰ ਸੀਮਤ ਕਰ ਦਿੰਦਾ ਹੈ ਜਿਸ ਦੇ ਨਤੀਜੇ ਨਾਂਹਵਾਚੀ ਨਿਕਲਦੇ ਹਨ। ਇਸੇ ਲਈ ਗਿਆਨ ਦੇ ਖੋਜੀ ਲਈ ਵਾਦ ਆਦਰਸ਼ਕ ਕਿਸਮ ਨਹੀਂ ਹੈ। ਵਾਦ ਤਰਕ ਦਾ ਅਹੰਕਾਰ-ਆਧਾਰਤ ਅਤੇ ਤੰਗ ਪਹਿਲੂ ਹੈ। ਇਹ ਬੁੱਧੀ ਦੀ ਮਾੜੀ ਵਰਤੋਂ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਵਾਦੀ ਦੇ ਬਿਲਕੁਲ ਉਲਟ ਮਨੁੱਖ ਨੂੰ ਖੋਜੀ ਹੋਣ ਦੀ ਨਸੀਹਤ ਕੀਤੀ ਹੈ ਤਾਂ ਕਿ ਗਿਆਨ ਦੇ ਮਰਮ ਨੂੰ ਜਾਣਿਆ ਜਾ ਸਕੇ। ਵਾਦ ਤੋੜਦਾ ਹੈ, ਜੋੜਦਾ ਨਹੀਂ, ਮਨੁੱਖ ਨੂੰ ਅਧਿਆਤਮਕਤਾ ਤੋਂ ਦੂਰ ਲੈ ਜਾਂਦਾ ਹੈ। ਖੋਜ ਲਾਭਕਾਰੀ ਅਤੇ ਉਸਾਰੂ ਭੂਮਿਕਾ ਨਿਭਾਉਂਦੀ ਹੈ।

ਪੰਜਾਬੀ ਦਾ ਸ਼ਬਦ 'ਖੋਜੀ' ਸੰਸਕ੍ਰਿਤ ਦੇ 'ਸ਼ੋਧ' ਤੋਂ ਆਇਆ ਹੈ ਜਿਸ ਦਾ ਮੂਲ ਸੁਧ+ਘਨ ਹੈ ਅਤੇ ਅਰਥ ਹੈ-ਸ਼ੁਧ ਕਰਨਾ, ਸਾਫ ਕਰਨਾ, ਠੀਕ ਕਰਨਾ, ਸਹੀ ਕਰਨਾ। ਸ਼ੋਧਕ ਦਾ ਅਰਥ ਹੈ-ਸ਼ੁਧ ਕਰਨ ਵਾਲਾ, ਸਹੀ ਕਰਨ ਵਾਲਾ। ਇਸ ਤੋਂ ਅੱਗੇ ਸ਼ੋਧਨਾ ਦਾ ਪੰਜਾਬੀ ਰੂਪ ਹੈ, ਖੋਜਣਾ ਜਿਸ ਦਾ ਅਰਥ ਹੈ-ਜਾਂਚ ਪੜਤਾਲ ਕਰਨਾ, ਛਾਣਬੀਣ ਕਰਨਾ, ਅਨੁਸੰਧਾਨ ਕਰਨਾ, ਨਿਰੀਖਣ ਕਰਨਾ ਆਦਿ। ਜਿਸ ਤਰ੍ਹਾਂ ਉਪਰ ਦਿੱਤੀ ਵਿਆਖਿਆ ਤੋਂ ਜਾਹਰ ਹੈ, ਸ਼ਬਦ 'ਖੋਜ' ਗਿਆਨ ਦੀ ਜਿਗਿਆਸਾ ਦਾ ਸਾਕਾਰਾਤਮਕ ਪੱਖ ਹੈ। ਇਹ ਸੱਚ ਦੀ ਛਾਣਬੀਣ ਹੈ। ਇਸ ਤਰ੍ਹਾਂ 'ਖੋਜੀ' ਗਿਆਨ ਦਾ ਜਿਗਿਆਸੂ ਹੈ। ਗੁਰੂ ਨਾਨਕ ਨੇ ਰਾਗ ਮਲਹਾਰ ਵਿਚ ਖੋਜੀ ਦੀ ਵਿਆਖਿਆ ਕਰਦਿਆਂ ਖੋਜ ਨੂੰ ਆਤਮ-ਚੀਨਣ ਕਿਹਾ ਹੈ, ਅਰਥਾਤ ਆਤਮ-ਅਨੁਭਵ ਕਰਨਾ ਜਾਂ ਸਵੈ-ਅਨੁਭਵ ਕਰਨਾ। ਗੁਰੂ ਨਾਨਕ ਕਰਤਾਰ ਗੁਰੂ ਦੀ ਅਗਵਾਈ ਵਿਚ ਆਪਣੀ ਸੁਰਤਿ ਨੂੰ ਉਸ ਅਕਾਲ ਪੁਰਖ ਨਾਲ ਇਕਸੁਰ ਕਰਕੇ ਉਸ ਦੇ ਗੁਣਾਂ ਤੇ ਧਿਆਨ ਧਰਨ ਲਈ ਅਰਦਾਸ ਕਰਦੇ ਹਨ ਅਤੇ ਸਪੱਸ਼ਟ ਕਰਦੇ ਹਨ ਕਿ ਜੋ ਮਨੁੱਖ ਅਸਲ ਵਿਚ ਸੱਚ ਦੀ ਖੋਜ ਕਰਦਾ ਹੈ, ਉਸ ਦੇ ਗੁਣਾਂ ਦੀ ਖੋਜ ਕਰਦਾ ਹੈ, ਉਹ ਸੱਚ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ, ਪਰ ਵਾਦ-ਵਿਵਾਦ ਵਿਚ ਪੈਣ ਵਾਲਾ ਬਿਨਸ ਜਾਂਦਾ ਹੈ:

ਸੇਵਾ ਸੁਰਤਿ ਰਹਸਿ ਗੁਣ ਗਾਵਾ
ਗੁਰਮੁਖਿ ਗਿਆਨੁ ਬੀਚਾਰਾ॥
ਖੋਜੀ ਉਪਜੈ ਬਾਦੀ ਬਿਨਸੈ
ਹਉ ਬਲਿ ਬਲਿ ਗੁਰ ਕਰਤਾਰਾ॥
(ਪੰਨਾ 1255)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ 'ਖੋਜ' ਦਾ ਸੰਦਰਭ ਨਿੱਜੀ ਨਾ ਹੋ ਕੇ ਪੂਰਨਤਾ ਲਈ ਬ੍ਰਹਿਮੰਡੀ ਪ੍ਰੇਰਨਾ ਹੈ। ਗੁਰੂ ਸਾਹਿਬਾਨ ਨੇ ਖੋਜੀ ਨੂੰ ਗੁਰਮੁਖਿ ਕਿਹਾ ਹੈ। ਗੁਰਮੁਖਿ ਵਾਸਤੇ ਆਦਰਸ਼ ਗਿਆਨ ਦੀ ਖੋਜ, ਜਿਗਿਆਸਾ ਅਤੇ ਉਸ 'ਤੇ ਵਿਚਾਰ ਕਰਨਾ ਰੱਖਿਆ ਹੈ। ਖੋਜੀ ਨੇ ਆਪਣੇ ਗਿਆਨ ਨੂੰ ਹੋਰਨਾਂ ਨਾਲ ਵੰਡਣਾ ਹੈ ਅਤੇ ਇਸ ਲਈ ਸਮਾਜ ਸੇਵਾ ਦੇ ਕਾਰਜ ਕਰਨੇ ਹਨ। ਸੇਵਾ ਇੱਥੇ ਬਾਹਰੋਂ ਥੋਪਿਆ ਫਰਜ਼ ਨਹੀਂ ਹੈ ਬਲਕਿ ਅੰਦਰੂਨੀ ਅਨੁਭਵ ਅਤੇ ਅਧਿਆਤਮਕ ਵਿਕਾਸ ਦਾ ਸਿੱਟਾ ਹੈ। ਖੋਜੀ ਸ਼ਬਦ ਰਾਹੀਂ ਆਪਣੀ ਅੰਤਰਦ੍ਰਿਸ਼ਟੀ ਅਤੇ ਸੁਰਤਿ ਨੂੰ ਵੀ ਸੁਆਰਦਾ, ਘੜਦਾ ਹੈ। ਅਜਿਹੀ ਖੋਜ ਹੀ ਫਲਦਾਇਕ ਹੁੰਦੀ ਹੈ। ਇਹੀ ਤਰਕਸੰਗਤਿ ਅਤੇ ਸਹੀ ਖੋਜ ਹੈ।

ਗੁਰੂ ਅਮਰਦਾਸ ਨੇ ਖੋਜੀ ਅਤੇ ਬਾਦੀ ਸ਼ਬਦ ਦੀ ਵਰਤੋਂ ਇਕੱਠਿਆਂ ਕੀਤੀ ਹੈ। ਉਨ੍ਹਾਂ ਅਨੁਸਾਰ ਵਿਅਕਤੀ ਸ਼ਬਦ 'ਤੇ ਵਿਚਾਰ ਰਾਹੀਂ ਉਚਤਮ ਗਿਆਨ ਦੀ ਖੋਜ ਕਰਦਾ ਹੈ। ਇਹ ਇਸ ਲਈ ਸੰਭਵ ਹੈ ਕਿਉਂਕਿ ਮਨੁੱਖ ਦੇ ਅੰਦਰ ਪਰਮਾਤਮ-ਨਾਮ ਦਾ ਅੰਮ੍ਰਿਤ ਹੋਣ ਕਰਕੇ ਬੇਹੱਦ ਸੰਭਾਵਨਾ ਹੈ, ਅੰਦਰ ਨਾਮ-ਰੂਪੀ ਅੰਮ੍ਰਿਤ ਭਰਿਆ ਹੋਇਆ ਹੈ ਪਰ ਨਾਮ ਅੰਮ੍ਰਿਤ ਨੂੰ ਗੁਰੂ ਦੇ ਸ਼ਬਦ ਦੀ ਅਗਵਾਈ ਵਿਚ ਪਰਮਾਤਮਾ ਦੇ ਗੁਣਾਂ 'ਤੇ ਵਿਚਾਰ ਕਰਕੇ ਪ੍ਰਾਪਤ ਕਰ ਸਕੀਦਾ ਹੈ। ਸ਼ਬਦ ਦੀ ਵਿਚਾਰ ਰਾਹੀਂ ਜੋ ਪਰਮਾਤਮਾ ਨੂੰ ਖੋਜਦੇ ਹਨ, ਉਹ ਉਸ ਨੂੰ ਪਾ ਲੈਂਦੇ ਹਨ ਤੇ ਦੂਸਰੇ ਆਪਣੇ ਅਹੰਕਾਰ ਦੇ ਕਾਰਨ ਆਤਮਕ ਮੌਤ ਮਰ ਜਾਂਦੇ ਹਨ। ਵਾਦ-ਵਿਵਾਦ ਵਿਚ ਪੈਣ ਵਾਲੇ ਮਨੁੱਖ ਬਿਨਸ ਜਾਂਦੇ ਹਨ ਤੇ ਗੁਰੂ ਦੇ ਸੇਵਕ ਗੁਰੂ ਰਾਹੀਂ ਮਿਲੇ ਪ੍ਰੇਮ ਸਦਕਾ ਪਰਮਾਤਮਾ ਦੀ ਸੇਵਾ ਵਿਚ ਲੱਗੇ ਰਹਿੰਦੇ ਹਨ:

ਕਾਇਆ ਅੰਮ੍ਰਿਤਿ ਰਹੀ ਭਰਪੂਰੇ
ਪਾਈਐ ਸਬਦਿ ਵੀਚਾਰੀ॥19॥
ਜੋ ਪ੍ਰਭੁ ਖੋਜਹਿ ਸੇਈ ਪਾਵਹਿ
ਹੋਰਿ ਫੂਟਿ ਮੂਏ ਅਹੰਕਾਰੀ॥20॥
ਬਾਦੀ ਬਿਨਸਹਿ ਸੇਵਕ ਸੇਵਹਿ
ਗੁਰ ਕੈ ਹੇਤਿ ਪਿਆਰੀ॥21॥ (ਪੰਨਾ 911)

ਚੌਥੀ ਨਾਨਕ ਜੋਤਿ ਗੁਰੂ ਰਾਮਦਾਸ ਨੇ ਸਪਸ਼ਟ ਕੀਤਾ ਹੈ ਕਿ ਉਚਤਮ ਗਿਆਨ ਦੀ ਖੋਜ ਦਾ ਸਬੰਧ ਮਨੁੱਖ ਦੇ ਮਨ ਅਤੇ ਸਰੀਰ-ਦੋਵਾਂ ਨਾਲ ਹੈ, ਅਰਥਾਤ ਇਹ ਇੰਦਿਰਿਆਵੀ ਗਿਆਨ ਵੀ ਹੈ ਅਤੇ ਅੰਤਰੀਵੀ ਗਿਆਨ ਵੀ। 'ਭਾਲਿ ਭਲਾਈ' ਵਿਚ ਭਾਲ ਕਰਨੀ ਅਤੇ ਭਾਲ ਕਰਵਾਉਣੀ-ਦੋਵੇਂ ਸ਼ਾਮਲ ਹਨ। ਇਹ ਸਿੱਖ ਧਰਮ-ਚਿੰਤਨ ਵਿਚ ਪ੍ਰਾਪਤ ਸੰਗਤੀ ਮਾਡਲ ਵੱਲ ਇਸ਼ਾਰਾ ਹੈ ਕਿ ਉਸ ਉਚਤਮ ਸੱਚ ਦਾ ਗਿਆਨ ਪ੍ਰਾਪਤ ਕਰਨ ਲਈ ਦੂਸਰਿਆਂ ਪਾਸੋਂ ਮਦਦ ਲਈ ਜਾ ਸਕਦੀ ਹੈ। ਅੱਗੇ ਇਹ ਵੀ ਦੱਸ ਦਿੱਤਾ ਹੈ ਕਿ ਇਹ ਰਾਸਤਾ ਸਤਿਸੰਗਤਿ 'ਚ ਲੱਭਣਾ ਹੈ ਕਿਉਂਕਿ ਸਤਿਸੰਗਤਿ ਵਿਚ ਪਰਮਾਤਮਾ ਆਪ ਵੱਸਦਾ ਹੈ। 'ਭਾਲ ਭਲਾਈ' ਦਾ ਇਸ਼ਾਰਾ ਦੱਸਦਾ ਹੈ ਕਿ ਇਹ ਵਿਅਕਤੀਗਤ ਅਮਲ ਨਹੀਂ ਹੈ ਬਲਕਿ ਇਸ ਵਿਚ ਸੰਗਤੀ ਉਦਮ ਸ਼ਾਮਲ ਹੈ, ਇਸ ਵਿਚ ਦੂਸਰਿਆਂ ਦੀ ਮਦਦ ਲੈਣੀ ਹੈ। ਸਿੱਖ ਧਰਮ-ਚਿੰਤਨ ਦਾ ਸੰਗਤੀ ਮਾਡਲ ਇਸ ਗੱਲ ਦਾ ਵੀ ਸੰਕੇਤਕ ਹੈ ਕਿ ਉਚਤਮ ਗਿਆਨ ਦੀ ਖੋਜ ਜਾਂ ਪ੍ਰਾਪਤੀ ਕਿਸੇ ਇਕੱਲੇ-ਕਹਿਰੇ ਬੰਦੇ ਜਾਂ ਵਰਗ ਦੀ ਇਜਾਰੇਦਾਰੀ ਨਹੀਂ ਹੈ ਜਿਵੇਂ ਕਿ ਇਹ ਹਿੰਦੂ ਧਰਮ ਪਰੰਪਰਾ 'ਚ ਰਹੀ ਹੈ, ਇਸ ਦਾ ਰਾਸਤਾ ਹਰ ਇੱਕ ਲਈ ਖੁੱਲ੍ਹਾ ਹੈ ਜੋ ਵੀ ਇਸ ਨੂੰ ਖੋਜਣਾ ਚਾਹੇ:

ਹਉ ਮਨੁ ਤਨੁ ਖੋਜੀ ਭਾਲਿ ਭਲਾਈ॥
ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ॥
ਮਿਲਿ ਸਤਸੰਗਤਿ ਖੋਜੁ ਦਸਾਈ
ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥
(ਪੰਨਾ 94)

ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਦੇਵ ਨੇ ਖੋਜੀ ਦੇ ਸੰਕਲਪ 'ਤੇ ਭਰਪੂਰ ਚਰਚਾ ਕੀਤੀ ਹੈ। ਉਨ੍ਹਾਂ ਨੇ ਇਸ ਸ਼ਬਦ ਦੀ ਵਰਤੋਂ ਦੋ ਦ੍ਰਿਸ਼ਟੀਕੋਣਾਂ ਤੋਂ ਕੀਤੀ ਹੈ, ਪਹਿਲਾ, 'ਲਧਮ' ਅਤੇ ਦੂਜਾ, 'ਉਜੜ'। ਬੇਸ਼ੱਕ ਇੱਥੇ 'ਬਾਦੀ' ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ ਪ੍ਰੰਤੂ ਜਿਵੇਂ ਪਹਿਲਾਂ ਦੇਖਿਆ ਹੈ, ਖੋਜ ਦਾ ਇੱਕ ਪੱਖ ਬਾਦ ਵੀ ਹੈ। ਮਨੁੱਖ ਵਿਚ ਆਪਣੀ ਅਸਲੀ ਸੰਭਾਵਨਾ ਤੋਂ ਵਾਂਝੇ ਹੋ ਜਾਣ ਦੀ ਪ੍ਰਵਿਰਤੀ ਹੈ, ਖਾਸ ਕਰ ਜਦੋਂ ਉਸ ਦੀ ਅਗਵਾਈ ਮਹਿਜ ਇੰਦ੍ਰਿਆਵੀ ਗਿਆਨ ਕਰਦਾ ਹੈ। ਪ੍ਰੰਤੂ ਜਦੋਂ ਉਹ ਇਸ ਤੱਤ ਬਾਰੇ ਸਪੱਸ਼ਟ ਹੋ ਜਾਂਦਾ ਹੈ ਤਾਂ ਉਚਾ ਗਿਆਨ ਪ੍ਰਾਪਤ ਕਰ ਸਕਦਾ ਹੈ। ਇਹ ਸਪੱਸ਼ਟਤਾ ਗੁਰੂ ਅਰਜਨ ਦੇਵ ਅਨੁਸਾਰ ਖੋਜ ਰਾਹੀਂ ਆਉਂਦੀ ਹੈ। ਇੱਥੇ ਖੋਜੀ ਗੁਰੂ ਹੈ ਜੋ ਉਚੇ ਗਿਆਨ ਦਾ ਰਸਤਾ ਦੱਸਦਾ ਹੈ। ਇਸ ਤਰ੍ਹਾਂ ਗੁਰੂ ਖੋਜੀ ਵੀ ਹੈ ਅਤੇ ਅਗਵਾਈ ਕਰਨ ਵਾਲਾ ਵੀ ਹੈ:

ਖੋਜੀ ਲਧਮੁ ਖੋਜੁ ਛਡੀਆ ਉਜਾੜਿ॥
ਤੈ ਸਹਿ ਦਿਤੀ ਵਾੜਿ
ਨਾਨਕ ਖੇਤੁ ਨ ਛਿਜਈ॥ (ਪੰਨਾ 521)

ਗੁਰੂ ਅਰਜਨ ਦੇਵ ਅਨੁਸਾਰ ਗਿਆਨ ਦੀ ਖੋਜ ਕਰਨ ਦਾ ਦੂਸਰਾ ਸਾਧਨ 'ਸੰਤ' ਹਨ (ਅੱਜ ਕੱਲ ਦੇ ਡੇਰਿਆਂ ਦੇ ਸੰਤ ਬਿਲਕੁਲ ਨਹੀਂ; ਇੱਥੇ ਸੰਤ ਤੋਂ ਭਾਵ ਰੱਬ ਦੇ ਉਨ੍ਹਾਂ ਭਗਤਾਂ ਤੋਂ ਹੈ ਜਿਨ੍ਹਾਂ ਨੇ ਅਧਿਆਤਮਕ ਗਿਆਨ ਪ੍ਰਾਪਤ ਕਰ ਲਿਆ ਹੈ)। ਇੱਥੇ ਸੱਚੇ ਗਿਆਨ ਨੂੰ ਉਨ੍ਹਾਂ ਨੇ 'ਰਤਨ' ਕਿਹਾ ਹੈ (ਰਤਨ ਬਹੁਤ ਕੀਮਤੀ ਹੁੰਦਾ ਹੈ)। ਇਸੇ ਤਰ੍ਹਾਂ ਗਿਆਨ ਦੀ ਖੋਜ ਜਾਂ ਪ੍ਰਾਪਤੀ ਦੇ ਤਰੀਕੇ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਹੈ ਕਿ ਤਰੀਕਾ ਉਹ ਹੀ ਸਹੀ ਹੈ ਜੋ ਸੱਚੇ ਗਿਆਨ ਵੱਲ ਲੈ ਜਾਂਦਾ ਹੈ ਅਤੇ ਇਹ ਤਰੀਕਾ ਸੰਗਤੀ ਹੈ:

ਭਇਆ ਸਮਾਹੜਾ
ਹਰਿ ਰਤਨੁ ਵਿਸਾਹਾ ਰਾਮ॥
ਖੋਜੀ ਖੋਜਿ ਲਧਾ
ਹਰਿ ਸੰਤਨ ਪਾਹਾ ਰਾਮ॥ (ਪੰਨਾ 845)

ਜਿਵੇਂ ਪਹਿਲਾਂ ਵੀ ਕਿਹਾ ਹੈ ਕਿ ਸਿੱਖ ਧਰਮ ਚਿੰਤਨ ਵਿਚ ਸੱਚੇ ਗਿਆਨ ਦੀ ਪ੍ਰਾਪਤੀ ਕੋਈ ਵਿਅਕਤੀਗਤ ਕਾਰਜ ਨਹੀਂ ਹੈ ਕਿਉਂਕਿ ਵਿਅਕਤੀ ਵਿਚ ਗਲਤੀ ਕਰ ਲੈਣ ਦੀ ਪ੍ਰਵਿਰਤੀ ਦੀ ਸੰਭਾਵਨਾ ਬਣੀ ਰਹਿੰਦੀ ਹੈ। ਵਿਅਕਤੀ ਨਾ ਹੀ ਸੰਪੂਰਨ ਹੈ ਅਤੇ ਨਾ ਹੀ ਅੰਤਿਮ। ਇਸ ਲਈ ਸਾਂਝਾ ਉਦਮ ਜਾਂ ਸੰਗਤੀ ਉਦਮ ਹੀ ਸਮਰੱਥ ਸਾਧਨ ਹੈ।

# ਹਰਿ ਹਰਿ ਨਾਮੁ ਜਪਹੁ ਮੇਰੇ ਮੀਤ

**ਗੁਰਬਾਣੀ ਗਿਆਨ**

**ਗੋਂਡ ਮਹਲਾ ੫**
ਹਰਿ ਹਰਿ ਨਾਮੁ ਜਪਹੁ ਮੇਰੇ ਮੀਤ॥
ਨਿਰਮਲ ਹੋਇ ਤੁਮ੍ਹਾਰਾ ਚੀਤ॥
ਮਨ ਤਨ ਕੀ ਸਭ ਮਿਟੈ ਬਲਾਇ॥
ਦੂਖੁ ਅੰਧੇਰਾ ਸਗਲਾ ਜਾਇ॥
ਹਰਿ ਗੁਣ ਗਾਵਤ ਤਰੀਐ ਸੰਸਾਰੁ॥
ਵਡ ਭਾਗੀ ਪਾਈਐ ਪੁਰਖੁ ਅਪਾਰੁ॥ ਰਹਾਉ॥
ਜੋ ਜਨੁ ਕਰੈ ਕੀਰਤਨੁ ਗੋਪਾਲ॥
ਤਿਸ ਕਉ ਪੋਹਿ ਨ ਸਕੈ ਜਮਕਾਲੁ॥
ਜਗ ਮਹਿ ਆਇਆ ਸੋ ਪਰਵਾਣੁ॥
ਗੁਰਮੁਖਿ ਅਪਨਾ ਖਸਮੁ ਪਛਾਣੁ॥
ਹਰਿ ਗੁਨ ਗਾਵੈ ਸੰਤ ਪ੍ਰਸਾਦਿ॥
ਕਾਮ ਕ੍ਰੋਧ ਮਿਟਹਿ ਉਨਮਾਦ॥
ਸਦਾ ਹਜੂਰਿ ਜਾਣੁ ਭਗਵੰਤ॥
ਪੂਰੇ ਗੁਰ ਕਾ ਪੂਰਨ ਮੰਤ॥
ਹਰਿ ਧਨੁ ਖਾਟਿ ਕੀਏ ਭੰਡਾਰ॥
ਮਿਲਿ ਸਤਿਗੁਰ ਸਭਿ ਕਾਜ ਸਵਾਰ॥
ਹਰਿ ਕੇ ਨਾਮ ਰੰਗ ਸੰਗਿ ਜਾਗਾ॥
ਹਰਿ ਚਰਣੀ ਨਾਨਕ ਮਨੁ ਲਾਗਾ॥

ਰਹਾਉ ਦੀ ਪੰਕਤੀ ਵਿਚ ਗੁਰੂ ਅਰਜਨ ਦੇਵ ਉਪਦੇਸ਼ ਦਿੰਦੇ ਹਨ, ਹੇ ਭਾਈ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦਿਆਂ ਵਿਕਾਰਾਂ ਨਾਲ ਭਰੇ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ; ਸੁੱਤੇ ਭਾਗ ਜਾਗ ਪੈਂਦੇ ਹਨ, ਵੱਡੇ ਭਾਗਾਂ ਨਾਲ ਉਹ ਜ਼ੱਰੇ ਜ਼ੱਰੇ ਵਿਚ ਵੱਸਦਾ ਬੇਅੰਤ ਪਰਮਾਤਮਾ ਵੀ ਸਹਿਜੇ ਹੀ ਆ ਮਿਲਦਾ ਹੈ।

ਹਰਿ ਹਰਿ ਨਾਮੁ ਜਪਹੁ ਮੇਰੇ ਮੀਤ॥
ਨਿਰਮਲ ਹੋਇ ਤੁਮ੍ਹਾਰਾ ਚੀਤ॥
ਮਨ ਤਨ ਕੀ ਸਭ ਮਿਟੈ ਬਲਾਇ॥
ਦੂਖੁ ਅੰਧੇਰਾ ਸਗਲਾ ਜਾਇ॥

ਗੁਰਦੇਵ ਕਹਿੰਦੇ ਹਨ, ਹੇ ਮੇਰੇ ਮਿੱਤਰ! ਪ੍ਰਭੂ ਦਾ ਨਾਮ ਸਦਾ ਹੀ ਜਪਿਆ ਕਰ। ਨਾਮ ਜਪਦੇ ਜਪਦੇ ਤੇਰਾ ਮਨ ਨਿਰਮਲ ਹੋ ਜਾਵੇਗਾ। ਪ੍ਰਭੂ ਦਾ ਨਾਮ ਜਪਣ ਨਾਲ ਮਨ ਅਤੇ ਤਨ ਦੀ ਸਾਰੀ ਬਿਪਤਾ ਮਿਟ ਜਾਂਦੀ ਹੈ, ਸਾਰਾ ਦੁਖ ਅਤੇ ਮਾਇਆ ਦੇ ਮੋਹ ਦਾ ਸਾਰਾ ਹਨੇਰਾ ਵੀ ਖਤਮ ਹੋ ਜਾਂਦਾ ਹੈ।

ਜੋ ਜਨੁ ਕਰੈ ਕੀਰਤਨੁ ਗੋਪਾਲ॥
ਤਿਸ ਕਉ ਪੋਹਿ ਨ ਸਕੈ ਜਮਕਾਲੁ॥
ਜਗ ਮਹਿ ਆਇਆ ਸੋ ਪਰਵਾਣੁ॥
ਗੁਰਮੁਖਿ ਅਪਨਾ ਖਸਮੁ ਪਛਾਣੁ॥

ਸਤਿਗੁਰੂ ਆਖਦੇ ਹਨ, ਜੋ ਮਨੁੱਖ ਉਸ ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਦੀ ਸਿਫਤ ਸਾਲਾਹ ਕਰਦਾ ਰਹਿੰਦਾ ਹੈ, ਉਸ ਨੂੰ ਮੌਤ ਦਾ ਡਰ ਪੋਹ ਵੀ ਨਹੀਂ ਸਕਦਾ ਤੇ ਉਸ ਦਾ ਇਸ ਸੰਸਾਰ ਵਿਚ ਆਉਣਾ ਸਫਲ ਹੋ ਜਾਂਦਾ ਹੈ। ਹੇ ਭਾਈ ਤੂੰ ਵੀ ਗੁਰੂ ਦੀ ਸ਼ਰਨ ਪੈ ਕੇ ਆਪਣੇ ਮਾਲਕ ਪ੍ਰਭੂ ਨਾਲ ਜਾਣ-ਪਛਾਣ ਬਣਾਈ ਰੱਖ।

ਹਰਿ ਗੁਣ ਗਾਵੈ ਸੰਤ ਪ੍ਰਸਾਦਿ॥
ਕਾਮ ਕ੍ਰੋਧ ਮਿਟਹਿ ਉਨਮਾਦ॥
ਸਦਾ ਹਜੂਰਿ ਜਾਣੁ ਭਗਵੰਤ॥
ਪੂਰੇ ਗੁਰ ਕਾ ਪੂਰਨ ਮੰਤ॥

ਇਨ੍ਹਾਂ ਪੰਕਤੀਆਂ ਵਿਚ ਗੁਰਦੇਵ ਆਖਦੇ ਹਨ, ਹੇ ਮੀਤਾ! ਜੋ ਮਨੁੱਖ ਗੁਰੂ ਦੀ ਮੱਤ ਲੈ ਕੇ ਗੁਰੂ ਦੀ ਕਿਰਪਾ ਨਾਲ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸ ਦੇ ਅੰਦਰੋਂ ਕਾਮ ਕ੍ਰੋਧ ਜਿਹੇ ਝੱਲਪੁਣੇ ਆਪੇ ਹੀ ਮਿਟ ਜਾਂਦੇ ਹਨ। ਤੂੰ ਭੀ ਗੁਰੂ ਦਾ ਸੱਚਾ ਉਪਦੇਸ਼ ਲੈ ਕੇ ਉਸ ਉਪਦੇਸ਼ 'ਤੇ ਤੁਰ ਅਤੇ ਦੁਨੀਆਂ ਦੇ ਮਾਲਕ ਭਗਵਾਨ ਨੂੰ ਸਦਾ ਹੀ ਆਪਣੇ ਅੰਗ-ਸੰਗ ਵੱਸਦਾ ਸਮਝਿਆ ਕਰ।

ਹਰਿ ਧਨੁ ਖਾਟਿ ਕੀਏ ਭੰਡਾਰ॥
ਮਿਲਿ ਸਤਿਗੁਰ ਸਭਿ ਕਾਜ ਸਵਾਰ॥
ਹਰਿ ਕੇ ਨਾਮ ਰੰਗ ਸੰਗਿ ਜਾਗਾ॥
ਹਰਿ ਚਰਣੀ ਨਾਨਕ ਮਨੁ ਲਾਗਾ॥

ਸਤਿਗੁਰੂ ਆਖਦੇ ਹਨ, ਹੇ ਭਾਈ ਜਿਸ ਵਡਭਾਗੇ ਮਨੁੱਖ ਨੇ ਹਰੀ ਨਾਮ ਰੂਪੀ ਧਨ ਖੱਟ ਕੇ ਖਜ਼ਾਨੇ ਭਰ ਲਏ, ਗੁਰੂ ਨੂੰ ਮਿਲ ਕੇ ਉਸ ਨੇ ਆਪਣੇ ਸਾਰੇ ਹੀ ਕਾਰਜ ਸਵਾਰ ਲਏ। ਦਾਸ ਨਾਨਕ ਆਖਦਾ ਹੈ ਕਿ ਹਰਿ ਨਾਮ ਦੇ ਪ੍ਰੇਮ ਦੀ ਬਰਕਤ ਨਾਲ ਗੁਰੂ ਦਾ ਮਨ ਜਾਗ ਪਿਆ ਹੈ ਤੇ ਵਿਸ਼ੇ ਵਿਕਾਰਾਂ ਵਲੋਂ ਸੁਚੇਤ ਹੋ ਕੇ ਪਰਮਾਤਮਾ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

## ਸਾਡਾ ਵਿਰਸਾ ਸਾਡਾ ਮਾਣ

# ਗਾਈਆਂ ਵਾਲੇ ਖਬਰਦਾਰ ਹੋਵੋ

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਮਿਲਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ 'ਸੁਦੇਸ਼ ਸੇਵਕ' (1909 ਤੋਂ 1911 ਤੱਕ ਛਪਿਆ) ਅਤੇ 'ਸੰਸਾਰ' (ਸਤੰਬਰ 1912 ਤੋਂ ਜੁਲਾਈ 1914 ਤੱਕ ਛਪਿਆ) ਵਿਚ ਛਪੀਆਂ ਲਿਖਤਾਂ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ। ਇਨ੍ਹਾਂ ਲਿਖਤਾਂ ਵਿਚ ਉਸ ਵਕਤ ਪਰਦੇਸ ਪੁੱਜੇ ਜਿਉੜਿਆਂ ਵੱਲੋਂ ਹੰਢਾਈਆਂ ਮੁਸੀਬਤਾਂ ਦਾ ਜ਼ਿਕਰ ਹੈ। ਇਨ੍ਹਾਂ ਲਿਖਤਾਂ ਦੇ ਸ਼ਬਦ-ਜੋੜ ਅਤੇ ਵਾਕ ਬਣਤਰ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰੇ ਹੋ ਸਕਣ। -ਸੰਪਾਦਕ***

ਸ਼ਹਿਰ ਵਿਕਟੋਰੀਏ ਵਿਚ ਦੁੱਧ ਦੀ ਬਾਬਤ ਕੁਝ ਚਿਰ ਤੋਂ ਘੁਸਰ-ਘੁਸਰ ਹੋ ਰਹੀ ਸੀ ਤੇ ਜਦ ਭੀ ਇਹ ਸਵਾਲ ਕਿਤੇ ਛਿੜਿਆ ਹੈ ਜਾਂ ਅਖਬਾਰਾਂ ਵਿਚ ਛਪਿਆ ਹੈ ਤਾਂ ਅਸੀਂ ਕੋਈ ਨਾ ਕੋਈ ਤਰਕ ਹਿੰਦੂਆਂ ਦੇ ਦੁੱਧ ਨੂੰ ਨਿੰਦਣ ਦੀ ਹੀ ਦੇਖੀ ਹੈ। ਸਾਨੂੰ ਸ਼ੱਕ ਹੈ, ਹਿੰਦੂਆਂ ਦੇ ਵਿਕਟੋਰੀਏ ਜਾਂ ਨੇੜੇ ਤੇੜੇ ਦੇ ਡੇਅਰੀਆਂ ਦੇ ਵਪਾਰ ਨੂੰ ਤੋੜਨ ਲਈ ਖਾਸ ਯਤਨ ਹੋ ਰਹੇ ਹਨ। ਅਸੀਂ ਆਪਣੇ ਵਿਕਟੋਰੀਏ ਵਿਚ ਦੇ ਜਾਂ ਨੇੜੇ ਦੇ ਗਾਈਆਂ ਰੱਖਣ ਵਾਲੇ ਭਰਾਵਾਂ ਨੂੰ ਖਬਰਦਾਰ ਕਰਦੇ ਹਾਂ ਕਿ ਤੁਸੀਂ ਝਟਪਟ ਆਪਣੀ ਇਕ ਜਥੇਬੰਦੀ ਬਣਾਓ। ਹਰ ਇਕ ਗਾਈਆਂ ਵਾਲਾ ਹਿੰਦੁਸਤਾਨੀ ਭਾਈ ਉਸ ਦਾ ਮੈਂਬਰ ਬਣੋ ਤੇ ਜੇ ਕੋਈ ਦੁੱਧ ਦੇ ਬਾਰੇ ਤੁਹਾਡੇ ਉਤੇ ਅਵੈੜਾ ਹੱਲਾ ਹੋਵੇ ਤਾਂ ਉਸ ਦੀ ਚੰਗੀ ਤਰ੍ਹਾਂ ਪੁੱਛਗਿਛ ਕਰਾਉ ਅਤੇ ਆਪਣਾ ਬਚਾਉ ਕਰੋ, ਨਹੀਂ ਤਾਂ ਥੋੜ੍ਹੇ ਚਿਰ ਵਿਚ ਹੀ ਹੱਥ ਮਲਦੇ ਰਹਿ ਜਾਉਗੇ।

ਸ਼ਹਿਰ ਦੀ ਕੌਂਸਲ ਵਿਚ ਦੁੱਧ ਦੀ ਬਾਬਤ ਇਕ ਨਵਾਂ ਕਾਨੂੰਨ ਪਾਸ ਹੋਣ ਲੱਗਾ ਹੈ। 2 ਅਪ੍ਰੈਲ ਦੀ ਰਾਤ ਨੂੰ ਵਿਕਟੋਰੀਏ ਦੇ ਲੋਕਾਂ ਨੂੰ ਦੁੱਧ ਦੇਣ ਵਾਲੇ ਕੁਲ ਗੋਰੇ ਸ਼ਹਿਰ ਦੇ ਹੈਲਥ ਅਫਸਰ ਤੇ ਹੈਲਥ ਕਮੇਟੀ ਨੂੰ ਇਕੱਠੇ ਹੋ ਕੇ ਉਸ ਬਣਨ ਵਾਲੇ ਕਾਨੂੰਨ 'ਤੇ ਵਿਚਾਰ ਕਰਨ ਲਈ ਮਿਲੇ ਹਨ। ਇਸ ਇਕੱਠ ਵਿਚ ਕੋਬਲਬੇ ਤਕ ਤੇ ਸੇਨਚ ਦੇ ਭੀ ਦੁੱਧ ਵਾਲੇ ਹਾਜ਼ਰ ਸਨ। ਇਸ ਇਕੱਠ ਵਿਚ ਨਵੇਂ ਕਾਇਦੇ ਦੇ ਪਾਸ ਹੋਣ ਦਾ ਫੈਸਲਾ ਹੋ ਗਿਆ ਹੈ ਤੇ ਇਹ ਕਾਇਦਾ ਸ਼ਹਿਰ ਦੀ ਵੱਡੀ ਕੌਂਸਲ ਦੇ ਹੋਣ ਵਾਲੇ ਅਗਲੇ ਇਕੱਠ ਵਿਚ ਪਾਸ ਹੋਣ ਲਈ ਪੇਸ਼ ਹੋਵੇਗਾ।

ਇਸ ਨਵੇਂ ਪਾਸ ਹੋਣ ਵਾਲੇ ਕਾਇਦੇ ਦੀਆਂ ਕਈ ਸ਼ਰਤਾਂ ਹਨ ਜਿਨ੍ਹਾਂ ਵਿਚੋਂ ਬਹੁਤ ਹੀ ਜ਼ਰੂਰੀ ਇਹ ਹਨ ਕਿ ਲਾਇਸੈਂਸ ਲਏ ਤੋਂ ਬਿਨਾਂ ਵਿਕਟੋਰੀਆ ਸ਼ਹਿਰ ਵਿਚ ਕੋਈ ਆਦਮੀ ਦੁੱਧ ਨਾ ਵੇਚ ਸਕੇ। ਲਾਇਸੈਂਸ ਵਿਚ ਖੋਲ੍ਹ ਕੇ ਦੱਸਣਾ ਪਵੇਗਾ ਕਿ ਡੇਅਰੀ ਦੀ ਜਗ੍ਹਾ ਕਿਥੇ ਹੈ, ਮਕਾਨ ਕਿਹੋ ਜਿਹੀ ਜਗ੍ਹਾ ਹੈ, ਗਾਈਆਂ ਕਿਤਨੀਆਂ ਹਨ ਤੇ ਹੋਰ ਕਈ ਜ਼ਰੂਰੀ ਗੱਲਾਂ ਹੋਣਗੀਆਂ। ਅੱਗੇ ਨੂੰ ਗੋਰੇ ਹਿੰਦੂਆਂ ਤੋਂ ਦੁੱਧ ਲੈ ਕੇ ਸ਼ਹਿਰ ਵਿਚ ਨਹੀਂ ਵੇਚ ਸਕਣਗੇ ਕਿਉਂਕਿ ਇਸ ਕਾਇਦੇ ਦੇ ਮੁਜ਼ਬ ਹਰ ਇਕ ਦੁੱਧ ਵੇਚਣ ਵਾਲੇ ਨੂੰ ਆਪਣੀਆਂ ਬੋਤਲਾਂ, ਕੇਨਾਂ ਜਾਂ ਹੋਰ ਬਰਤਨਾਂ 'ਤੇ ਆਪਣੀ ਡੇਅਰੀ ਦਾ ਨਾਂ ਲਿਖਣਾ ਪਵੇਗਾ। ਜੋ ਵੀ ਲਾਇਸੈਂਸ ਵਾਲਾ ਆਦਮੀ ਦੁੱਧ ਵੇਚੇਗਾ, ਉਹ ਸਾਰਾ ਉਸ ਦੀ ਆਪਣੀ ਡੇਅਰੀ ਦਾ ਹੋਵੇਗਾ ਤੇ ਇਸ ਕਾਇਦੇ 'ਤੇ ਲਾਇਸੈਂਸ ਦੀਆਂ ਸ਼ਰਤਾਂ ਅਨੁਸਾਰ ਹੋਵੇਗਾ। ਇਸ ਕਾਇਦੇ ਦੇ ਬਣਾਉਣ ਦੀ ਕਿਉਂ ਲੋੜ ਪਈ? ਇਸ ਦੀ ਬਾਬਤ ਇਹ ਵੀ ਕਿਹਾ ਗਿਆ ਹੈ ਕਿ ਕਈ ਗੋਰੇ ਹਿੰਦੂਆਂ ਤੋਂ ਦੁੱਧ ਲੈ ਕੇ ਆਪਣਾ ਕਹਿ ਕੇ ਵੇਚਦੇ ਸਨ। ਇਸ ਲਈ ਹੁਣ ਉਹ ਅੱਗੇ ਤੋਂ ਹਿੰਦੂਆਂ ਤੋਂ ਲੈ ਕੇ ਨਾ ਵੇਚ ਸਕਣ।

ਪਤਾ ਨਹੀਂ, ਹਿੰਦੂਆਂ ਤੋਂ ਦੁੱਧ ਲੈਣ ਵਾਲੇ ਗੋਰਿਆਂ ਨੂੰ ਰੋਕਣ ਦੀ ਕਿਉਂ ਲੋੜ ਪਈ ਹੈ। ਉਮੀਦ ਹੈ, ਸਾਡੇ ਗਾਈਆਂ ਵਾਲੇ ਹਿੰਦੁਸਤਾਨੀ ਭਰਾ ਇਨ੍ਹਾਂ ਲਫਜ਼ਾਂ ਨੂੰ ਅੱਖਾਂ ਖੋਲ੍ਹ ਕੇ ਪੜ੍ਹਨਗੇ। ਯਾਦ ਰੱਖੋ! ਤੁਸੀਂ ਜਦ ਤਕ ਪੂਰੀ ਜਥੇਬੰਦੀ ਨਹੀਂ ਕਰਦੇ, ਪ੍ਰਦੇਸਾਂ ਵਿਚ ਨਿੱਕੇ ਤੋਂ ਨਿੱਕਾ ਕੰਮ ਵੀ ਨਹੀਂ ਕਰ ਸਕੋਗੇ। ਇਸੇ ਤਰ੍ਹਾਂ ਰੁਲ ਖੁਲ ਕੇ ਮਰੋਗੇ। ਆਪ ਦੇ ਸੇਵਕ 'ਸੰਸਾਰ' ਨੇ ਆਪ ਨੂੰ ਹਰ ਕਿਸਮ ਦੇ ਖਤਰਿਆਂ ਤੋਂ ਖਬਰਦਾਰ ਕਰਨ ਲਈ ਫੇਰ ਕਮਰ ਕੱਸਾ ਕੀਤਾ ਹੈ, ਜੁੜ ਜਾਉ ਤੇ ਹਰ ਕੰਮ ਵਿਚ ਜਥੇਬੰਦੀ ਕਰਕੇ ਕਮੇਟੀਆਂ ਬਣਾ ਕੇ ਕਾਇਦੇ ਨਾਲ, ਜੁਗਤ ਨਾਲ ਚਲੋ। ਉਮੀਦ ਹੈ, ਸਭ ਗਾਈਆਂ ਵਾਲੇ ਭਰਾ ਸਾਡੀ ਇਸ ਬੇਨਤੀ ਨੂੰ ਪੜ੍ਹ ਕੇ ਝਟਪਟ ਇਕੱਠ ਕਰਨਗੇ ਤੇ ਆਪਣੇ ਵਪਾਰ ਦੇ ਵਾਧੇ ਤੇ ਬਚਾਉ ਦੀਆਂ ਜੁਗਤਾਂ ਸੋਚਣਗੇ।

'ਸੰਸਾਰ' ਦੇ ਦਫਤਰ ਵਿਚ ਆਪ ਸਲਾਹ ਕਰਕੇ ਇਕੱਠੇ ਹੋ ਸਕਦੇ ਹੋ। ਅਸੀਂ ਤੁਹਾਨੂੰ ਕਈ ਕਿਸਮ ਦੀਆਂ ਸਲਾਹਾਂ ਦੇ ਸਕਦੇ ਤੇ ਕੁੱਲ ਹਾਲ ਸਮਝਾ ਸਕਦੇ ਹਾਂ ਤੇ ਤੁਸੀਂ ਸਭ ਭਾਈ ਆਪਣੀ ਕਮੇਟੀ ਬਣਾ ਕੇ ਹਰ ਗੱਲ ਦਾ ਬਚਾਉ ਕਰ ਸਕਦੇ ਹੋ। ਜੋ ਘੌਲ ਕਰੋਗੇ ਤਾਂ ਤੁਹਾਡੇ ਬਣੇ ਬਣਾਏ ਵਪਾਰ ਥੋੜ੍ਹੇ ਦਿਨਾਂ ਵਿਚ ਹੀ ਟੁੱਟ ਜਾਣਗੇ ਕਿਉਂਕਿ ਦੁੱਧ ਵਾਲੇ ਗੋਰਿਆਂ ਦੀ ਇਕ ਕਮੇਟੀ ਤੇ ਇਕ ਸਲਾਹ ਹੈ। ਇਸ ਦੇਸ਼ ਵਿਚ ਇਕ ਯੁੱਗ ਤੇ ਇਕ ਜਥੇ ਪਰੋ ਹੋਏ ਤੋਂ ਬਿਨਾਂ ਕੋਈ ਕੰਮ ਵੀ ਸਿਰੇ ਨਹੀਂ ਚੜ੍ਹ ਸਕਦਾ ਕਿਉਂਕਿ ਇਥੇ ਹਰ ਕੰਮ ਦੇ ਯੂਨੀਅਨ ਹਨ। ਇਸ ਲਈ ਇਸ ਵਕਤ ਤੁਹਾਨੂੰ ਭੀ ਆਪਣੇ ਬਿਜਨਸ ਦੇ ਬਚਾਉ ਲਈ ਝਟ ਲਾਇਕ ਜਥੇ ਵਿਚ ਪਰੋ ਹੋ ਕੇ ਚਲਣਾ ਜ਼ਰੂਰੀ ਹੈ।

### ਸਾਡੀ ਇੱਜ਼ਤ ਨੂੰ ਵੱਟਾ

ਹਿੰਦੁਸਤਾਨੀਆਂ ਦੀ ਦੁਰਦਸ਼ਾ ਦੀ ਤਾਂ ਕਿਸ ਨੂੰ ਆਸ ਨਹੀਂ ਹੋ ਸਕਦੀ। ਜੋ ਆਪਣੀ ਕੌਮੀ ਤਾਕਤ ਬਣਾਉਣ ਵਲੋਂ ਡਾਢੇ ਗਾਫਲ ਹਨ। ਕਿਤੇ ਤਾੜੀਂਦੇ ਹਨ। ਕਿਤੇ ਪੀੜੀਂਦੇ ਹਨ, ਪਰ ਕੋਈ ਇਨ੍ਹਾਂ ਦੀ ਪੁੱਛਗਿਛ ਕਰਨ ਵਾਲਾ ਨਹੀਂ ਹੈ ਕਿਉਂਕਿ ਇਹ ਆਪ ਆਪਣੀ ਪੁੱਛਗਿਛ ਕਰਨ ਲਈ ਤਿਆਰ ਨਹੀਂ ਹਨ। ਹਿੰਦੁਸਤਾਨੀ ਕਿਸੇ ਦੇਸ਼ ਜਾਂ ਕੌਮ ਦਾ ਕੁਝ ਵਿਗਾੜਨ ਵਾਲੇ ਨਹੀਂ ਹਨ, ਸਗੋਂ ਜਿਥੇ ਗਏ ਹਨ, ਇਨ੍ਹਾਂ ਨੇ ਦੁਨੀਆਂ ਦਾ ਕੁਝ ਨਾ ਕੁਝ ਸੁਆਰਿਆ ਹੀ ਹੈ, ਪਰ ਅੰਗਰੇਜ਼ੀ ਮੁਲਕਾਂ ਵਿਚ ਇਨ੍ਹਾਂ ਦੀ ਜੋ ਦੁਰਦਸ਼ਾ ਹੋ ਰਹੀ ਹੈ, ਜਿਸ ਤਰ੍ਹਾਂ ਇਨ੍ਹਾਂ ਨੂੰ ਅੰਗਰੇਜ਼ੀ ਹੱਦ ਵਿਚ ਹੀਣੇ ਤੋਂ ਹੀਣੇ ਗੁਲਾਮ ਬਣਾਇਆ ਗਿਆ ਹੈ ਤੇ ਹਰ ਇਕ ਗੱਲ ਤਾਂ ਸਾਰੀਆਂ ਗੱਲਾਂ ਵਿਚ ਅਸੀਂ ਪੂਰੇ ਨੌਂ ਬਰ ਨੌਂ ਹਾਂ। ਸਿਰਫ ਪੂਰੇ ਹੀ ਨਹੀਂ ਸਗੋਂ ਕਈ ਕੌਮਾਂ ਨਾਲੋਂ ਵਧ ਕੇ ਹਾਂ, ਪਰ ਸਾਨੂੰ ਅਮਰੀਕਾ ਇਸ ਕਰਕੇ ਆਪਣੇ ਆਜ਼ਾਦ ਬੂਹੇ ਤੋਂ ਧੱਕਾ ਦਿੰਦਾ ਹੈ ਕਿ ਉਸ ਦੇ ਦਿਲ ਵਿਚ ਭੀ ਕੁਝ ਰੰਗ ਦੀ ਨਫਰਤ ਦੀ ਜ਼ਹਿਰ ਫੁਟ ਪਈ ਹੈ। ਉਸ ਨੂੰ ਭੀ ਵਾਧੂ ਭਰਮ ਪੈ ਗਏ ਹਨ। ਉਹ ਇਸ ਕਰਕੇ ਸਾਨੂੰ ਆਪਣੇ ਦੇਸ਼ ਵਿਚੋਂ ਕੱਢ ਦੇਣ ਲਈ ਤਿਆਰ ਹੋ ਗਿਆ ਹੈ ਕਿ ਹਿੰਦੁਸਤਾਨੀ ਨਖਸਮੇ ਹਨ। ਸਾਡੀ ਕੋਈ ਤਾਕਤ ਨਹੀਂ। ਅਸੀਂ ਪ੍ਰਾਧੀਨ ਹਾਂ।

ਸਾਡੀ ਅੰਗਰੇਜ਼ੀ ਦੇਸ਼ਾਂ ਵਿਚ ਗੋਰੇ ਬਹੁਤ




*ਵੈਨਕੂਵਰ ਵਿਚ ਦੁੱਧ ਸਪਲਾਈ ਦੀ ਝਲਕ।*

ਵਿਚ ਇਨ੍ਹਾਂ ਨੂੰ ਗੋਰੇ ਤੇ ਕਾਲੇ ਦਾ ਫਰਕ ਪਾ ਕੇ ਰੋਲਿਆ ਜਾ ਰਿਹਾ ਹੈ, ਡੰਗਰਾਂ ਨਾਲ ਭੀ ਕਾਨੂੰਨੀ ਇਨਸਾਫ ਠੀਕ ਚਲਦਾ ਹੈ, ਪਰ ਇਨ੍ਹਾਂ ਨੂੰ ਹਰ ਇਕ ਗੱਲ ਵੱਲੋਂ ਜਵਾਬ ਮਿਲਿਆ ਹੈ। ਇਸ ਵਰਤਾਓ ਨੇ ਹਿੰਦੀ ਕੌਮ ਦੀ ਪਵਿੱਤਰ ਇੱਜ਼ਤ ਨੂੰ ਦੁਨੀਆਂ ਦੀਆਂ ਅੱਖਾਂ ਦੇ ਸਾਹਮਣੇ ਗਿਰਾ ਦਿੱਤਾ ਹੈ। ਹਿੰਦੁਸਤਾਨੀਆਂ ਦੇ ਬੇਸ਼ੁਮਾਰ ਗੁਣਾਂ ਨੂੰ ਹੋਰ ਕੌਮਾਂ ਸਿਰਫ ਇਸ ਟਪਲੇ 'ਤੇ ਹੀ ਭੁੱਲ ਰਹੀਆਂ ਹਨ ਕਿ ਜਦ ਅੰਗਰੇਜ਼ੀ ਹੱਦ ਵਿਚ ਇਹ ਪਸ਼ੂਆਂ ਦੇ ਬਰਾਬਰ ਸਮਝੇ ਜਾ ਰਹੇ ਹਨ ਤਾਂ ਉਸ ਤੋਂ ਬਾਹਰ ਇਨ੍ਹਾਂ ਲਈ ਚੰਗਾ ਵਰਤਾਉ ਮੁਸ਼ਕਿਲ ਹੈ। ਇਸੇ ਭਰਮ ਨੇ ਤੇ ਇਨ੍ਹਾਂ 'ਤੇ ਹੋ ਰਹੇ ਜ਼ੁਲਮਾਂ ਨੇ ਜਿਨ੍ਹਾਂ ਨੂੰ ਸਹਾਰਦਿਆਂ ਇਨ੍ਹਾਂ ਨੂੰ ਦੇਰ ਹੋ ਗਈ ਹੈ, ਯੂਨਾਈਟਿਡ ਸਟੇਟਸ ਅਮਰੀਕਾ ਵਰਗੇ ਦੇਸ਼ ਦੇ ਆਜ਼ਾਦ ਗੋਰਿਆਂ ਨੇ ਭੀ ਇਨ੍ਹਾਂ ਨੂੰ ਆਪਣੇ ਦੇਸ਼ ਵਿਚੋਂ ਕੱਢ ਦੇਣ ਲਈ ਮਤੇ ਪਕਾ ਲਏ ਹਨ। ਰੰਗ ਦੀ ਸੜਾਂਦ ਤੇ ਵਾਧੂ ਜ਼ਿਦਬਾਜ਼ੀ ਜਿਸ ਦੀ ਆਸ ਅਮਰੀਕਾ ਵੱਲੋਂ ਅਣਹੋਣੀ ਜਾਪਦੀ ਸੀ, ਸਾਡੇ ਲਈ ਉਹ ਭੀ ਪ੍ਰਤੱਖ ਉਗਮ ਪਈ ਹੈ। ਅਮਰੀਕਾ ਦੀ ਕਾਂਗਰਸ ਵਿਚ ਬਿਲ ਪੇਸ਼ ਹੈ ਤੇ ਅੱਜ ਕਲ੍ਹ ਪਾਸ ਹੋਣ ਵਾਲਾ ਹੈ ਜੋ ਕਿ ਸਾਡਾ ਯੂਨਾਈਟਿਡ ਸਟੇਟਸ ਵਿਚੋਂ ਖੁਰਾ ਖੋਜ ਮਿਟਾ ਦੇਵੇਗਾ, ਜਿਸ ਦੇ ਅਸਰ ਨਾਲ ਅਸੀਂ ਅਮਰੀਕਾ ਵਿਚੋਂ ਕੱਢੇ ਜਾਵਾਂਗੇ। ਇਸ ਕਰਕੇ ਨਹੀਂ ਕਿ ਸਾਡੇ ਵਿਚ ਕੋਈ ਔਗੁਣ ਹੈ, ਇਸ ਕਰਕੇ ਭੀ ਨਹੀਂ ਕਿ ਸਾਡੀ ਨਸਲ ਅਮਰੀਕਾ ਵਾਲਿਆਂ ਨਾਲੋਂ ਵੱਖਰੀ ਹੈ, ਇਸ ਕਰਕੇ ਭੀ ਨਹੀਂ ਕਿ ਸਾਡੇ ਵਿਚ ਇਲਮ ਦਾ ਤੋੜਾ ਹੈ, ਇਸ ਕਰਕੇ ਭੀ ਨਹੀਂ ਕਿ ਸਾਨੂੰ ਧਰਮ ਦੀ ਸੂਝ ਨਹੀਂ, ਇਹ ਭੀ ਨਹੀਂ ਕਿ ਸਾਡੇ ਮਿਹਨਤੀਪੁਣੇ 'ਤੇ ਕੋਈ ਸ਼ੱਕ ਹੈ, ਇਹ ਭੀ ਨਹੀਂ ਕਿ ਸਾਡੇ ਸਰੀਰਾਂ ਵਿਚ ਕੋਈ ਕਮਜ਼ੋਰੀ ਹੈ, ਇਨ੍ਹਾਂ ਦੁਰਦਸ਼ਾ ਕਰਦੇ ਹਨ। ਯੂਨਾਈਟਿਡ ਸਟੇਟਸ ਵਿਚ ਸਾਡੇ ਉਲਟ ਕਿਸ ਤਰ੍ਹਾਂ ਨਫਰਤ ਪੈਦਾ ਕੀਤੀ ਗਈ ਹੈ। ਬਗੈਰ ਕਿਸੇ ਵਕੀਲ ਦੇ, ਬਗੈਰ ਕਿਸੇ ਪੁੱਛ ਦੇ, ਬਗੈਰ ਕਿਸੇ ਦਲੀਲ ਦੇ ਉਹ ਕੌਮ ਅਮਰੀਕਾ ਵਿਚੋਂ ਕੱਢੀ ਜਾਣ ਲੱਗੀ ਹੈ, ਜਿਸ ਦੇ ਵੱਡੇ-ਵੱਡੇ ਵਿਦਵਾਨਾਂ ਦਾ ਹਿੱਤ ਪਿਆਰ ਦੁਨੀਆਂ ਵਿਚ ਉੱਘਾ ਹੋ ਚੁੱਕਾ ਸੀ। ਇਹ ਨਫਰਤ ਤੇ ਵਿਰੋਧ ਦੀ ਹਵਾ ਜੋ ਪਿਛਲੇ ਛੇ ਮਹੀਨਿਆਂ ਤੋਂ ਯੂਨਾਈਟਿਡ ਸਟੇਟਸ ਵਿਚ ਵਗੀ ਹੈ, ਇਸ ਦਾ ਇਹ ਸਿੱਟਾ ਨਿਕਲਣ ਦੇ ਨੇੜੇ ਹੈ ਕਿ ਹਿੰਦੁਸਤਾਨੀਆਂ ਦਾ ਜਿਨ੍ਹਾਂ ਨੂੰ ਆਜ਼ਾਦ ਅਮਰੀਕਾ ਵਾਲਿਆਂ ਤੋਂ ਆਪਣੀ ਕੌਮੀ ਉਸਾਰੀ ਵਿਚ ਮਦਦ ਤੇ ਪ੍ਰੇਮ ਦੀ ਡਾਢੀ ਆਸ ਸੀ, ਸਦਾ ਦੇ ਲਈ ਸਬੰਧ ਟੁੱਟਦਾ ਹੈ ਤੇ ਇਸ ਗੱਲ ਦਾ ਦੁਨੀਆਂ ਦੇ ਸਾਹਮਣੇ ਸਬੂਤ ਆਉਂਦਾ ਹੈ ਕਿ ਉਹ ਅੱਗੇ ਤੋਂ ਜੋ ਹਿੰਦੀਆਂ ਨੂੰ ਕੁਝ ਨਹੀਂ ਸਿੱਖਣ ਦਿੰਦੀ, ਜੋ ਹਿੰਦੀਆਂ ਨੂੰ ਉਠਣ ਨਹੀਂ ਦਿੰਦੀ, ਜਿਸ ਨਾਲ ਹਿੰਦੀ ਸੜ ਰਹੇ ਹਨ। ਜੇ ਮੌਕਾ ਮਿਲੇ ਤਾਂ ਅਮਰੀਕਾ ਆਪਣੇ ਸੁਭਾ ਅਨੁਸਾਰ ਉਸ ਤੇ ਠੰਢੇ ਪਾਣੀ ਦਾ ਕਟੋਰਾ ਪਾਉਣ ਦੀ ਥਾਂ ਉਸ ਵਲੋਂ ਅੱਖ ਮੀਟਣ ਨੂੰ ਤਿਆਰ ਹੈ।

> ***ਕਿਸੇ ਆਦਮੀ ਦੀਆਂ ਅੱਖਾਂ ਕੱਢੀਆਂ ਜਾਣ, ਲੱਤਾਂ ਜਕੜੀਆਂ ਜਾਣ, ਬਾਹਾਂ ਨਰੜੀਆਂ ਜਾਣ ਤੇ ਫੇਰ ਮਗਰੋਂ ਕਰਾਰਾ ਜਿਹਾ ਠੁੱਡ ਲਾ ਕੇ ਹੱਥ ਜੋੜ ਕੇ ਅਧੀਨਗੀ ਨਾਲ ਕਿਹਾ ਜਾਵੇ ਕਿ ਭਾਈ ਸਾਹਿਬ, ਆਪ ਖੂਬ ਚੰਗੀ ਤਰ੍ਹਾਂ ਤੁਰੋ- ਇਹ ਹਾਲਤ ਕੈਨੇਡਾ ਦੇ ਹਿੰਦੁਸਤਾਨੀਆਂ ਦੀ ਹੋ ਰਹੀ ਹੈ। ਜਹਾਜ਼ੀ ਕੰਪਨੀਆਂ ਟਿਕਟ ਨਾ ਵੇਚਣ, ਜੇ ਭੱਜ ਟੁੱਟ ਕੇ ਇਹ ਨਖਸਮੇ ਇਥੇ ਆ ਭੀ ਪੁੱਜਣ ਤਾਂ ਪਿਛਾਂਹਾਂ ਨੂੰ ਧੱਕੇ ਜਾਣ।***

### ਅਫਰੀਕਾ ਵਿਚ ਕਹਿਰ

ਅਫਰੀਕਾ ਦੇ ਭਰਾਵਾਂ ਦੇ ਦੁਖੜੇ ਤੇ ਉਨ੍ਹਾਂ 'ਤੇ ਬੀਤੇ ਰਹੇ ਜ਼ੁਲਮ ਸੁਣ ਕੇ ਕੁਲ ਦੁਨੀਆਂ ਤ੍ਰਾਹਮਾਨ-ਤ੍ਰਾਹਮਾਨ ਕਹਿ ਉਠੀ ਹੈ। ਅਫਰੀਕਾ ਅੰਗਰੇਜ਼ੀ ਬਸਤੀ ਹੈ, ਉਥੇ ਦੀ ਸਰਕਾਰ ਹੱਤਿਆ ਦੀ ਤਲਵਾਰ ਫੜੀ ਖੜ੍ਹੀ ਹੈ। ਹਿੰਦੁਸਤਾਨੀ ਮਰਦ, ਇਸਤਰੀਆਂ ਤੇ ਬੱਚੇ ਦੁੱਖਾਂ ਵਿਚ ਕੋਹੇ ਜਾਂਦੇ ਹਨ। ਇੰਗਲੈਂਡ ਦੀ ਸਰਕਾਰ ਇਸ ਨੂੰ ਦੇਖ ਕੇ ਅੱਖਾਂ ਮੀਟਦੀ ਹੈ ਤੇ ਹਿੰਦੁਸਤਾਨ ਦੀ ਪ੍ਰਜਾ ਪਾਲਕ ਸਦਾਉਣ ਵਾਲੀ ਗਵਰਨਮੈਂਟ ਆਪਣੇ ਆਪ ਨੂੰ ਕਮਜ਼ੋਰ ਦੱਸ ਰਹੀ ਹੈ। ਇਸ ਹਾਲਤ ਵਿਚ ਹਿੰਦੁਸਤਾਨੀਆਂ ਦਾ ਬਚਣਾ ਕਠਿਨ ਜਾਪਦਾ ਹੈ। ਜ਼ਾਲਮ, ਜ਼ੁਲਮ ਤੋਂ ਹਟਣ ਲਈ ਤਿਆਰ ਨਹੀਂ। ਅੰਗਰੇਜ਼ੀ ਗਵਰਨਮੈਂਟ ਉਸ ਨੂੰ ਜ਼ੋਰ ਨਾਲ ਹਟਾਉਣਾ ਚਾਹੁੰਦੀ ਨਹੀਂ ਤੇ ਜੋ ਦੁਖੀ ਹਨ, ਉਨ੍ਹਾਂ ਦੀ ਕੌਮ ਗੁਲਾਮ ਹੈ। ਜਦ ਉਨ੍ਹਾਂ ਵਿਚ ਕੋਈ ਤਾਕਤ ਨਹੀਂ ਤਾਂ ਉਨ੍ਹਾਂ ਦੀ ਸਦਾਉਣ ਵਾਲੀ ਗਵਰਨਮੈਂਟ ਭੀ ਜੋ ਕੁਝ ਮਰਜ਼ੀ ਹੈ, ਕਹਿ ਸਕਦੀ ਹੈ। ਕੁਝ ਦਿਨਾਂ ਤੋਂ ਅਫਰੀਕਾ ਤੋਂ ਤਾਰ ਖਬਰਾਂ ਆਉਣੀਆਂ ਬੰਦ ਹਨ, ਪਰ ਅਖਬਾਰਾਂ ਵਿਚ ਜੋ ਪਤਾ ਆਇਆ ਹੈ, ਉਹ ਇਹ ਹੈ ਕਿ ਸਟਰਾਇਕ ਹੜਤਾਲ ਕਰਨ ਵਾਲੇ ਹਜ਼ਾਰਾਂ ਹਿੰਦੀਆਂ ਨੂੰ ਕੋਲੇ ਦੀਆਂ ਖਾਣਾਂ ਵਿਚ ਬੰਦ ਕੀਤਾ ਗਿਆ ਹੈ ਤੇ ਉਹ ਖਾਣਾਂ ਉਨ੍ਹਾਂ ਦੇ ਜੇਲ੍ਹਖਾਨੇ ਹਨ। ਖਾਣਾਂ ਦੇ ਮਾਲਕਾਂ ਨੂੰ ਕਾਨੂੰਨੀ ਅਖਤਿਆਰ ਦਿੱਤੇ ਗਏ ਹਨ ਤੇ ਹਿੰਦੀਆਂ ਨੂੰ ਉਨ੍ਹੀਂ ਹੀ ਜਗ੍ਹੀਂ ਕੰਮ 'ਤੇ ਲਾਇਆ ਗਿਆ ਹੈ। ਨਾਂਹ ਕਰਨ 'ਤੇ ਭਾਰਤ ਵਰਸ਼ ਦੇ ਦੁਲਾਰਿਆਂ ਨੂੰ ਹਾਂ ਲਿਖਦਿਆਂ ਜਿਗਰ ਪਾਟਦਾ ਹੈ। ਕੋਰੜੇ ਮਾਰ-ਮਾਰ ਕੇ ਸੁਜਾਇਆ ਗਿਆ ਹੈ। ਇਕ ਖਬਰ ਹੈ ਕਿ ਕੋਰੜਿਆਂ ਦੀ ਮਾਰ ਨਾਲ ਇਕ ਸਰੀਰ ਸ਼ਹੀਦ ਭੀ ਹੋ ਗਿਆ ਹੈ। ਰੇਲ 'ਤੇ ਕੰਮ ਕਰਨ ਵਾਲਿਆਂ ਹਿੰਦੀਆਂ ਦੇ ਮਗਰ ਹਬਸ਼ੀਆਂ ਤੇ ਗੋਰਿਆ ਦੀ ਖਾਸ ਪੁਲਿਸ ਪਾਈ ਗਈ ਹੈ ਤੇ ਉਨ੍ਹਾਂ ਨੂੰ ਇਸ ਪੁਲਿਸ ਨੇ ਬਾਰਕਾਂ ਵਿਚੋਂ ਕੱਢ ਕੇ ਠੁੱਡੇ ਲਾਏ ਤੇ ਜ਼ਮੀਨ ਤੇ ਘੜੀਸਿਆ ਹੈ। ਦੋ ਸੌ ਨੂੰ ਕੈਦ ਵਿਚ ਸੁਟਿਆ ਗਿਆ ਹੈ। ਸ੍ਰੀਮਾਨ ਗਾਂਧੀ, ਮਿਸਟਰ ਪੋਲਕ, ਮਿਸਟਰ ਕਲੇਨਬਚ ਆਗੂ ਤੇ ਹੋਰ ਪ੍ਰਸਿਧ ਦਰਦੀ ਜੇਲ੍ਹ ਵਿਚ ਹਨ। ਮਰਦ, ਇਸਤਰੀਆਂ ਜੇਲ੍ਹਾਂ ਵਿਚ ਹਨ। ਹਜ਼ਾਰਾਂ ਬੁੱਢੇ ਰੁਲ ਰਹੇ ਹਨ ਤੇ ਅਣਗਿਣਤ ਟੱਬਰ ਜਿਨ੍ਹਾਂ 'ਤੇ ਭੁੱਖ ਪਿਆਸ ਦੇ ਦੁੱਖ ਤੋਂ ਬਿਨਾਂ ਹੋਰ ਅਨੇਕ ਆਫਤਾਂ ਆਣ ਟੁੱਟੀਆਂ ਹਨ। ਧਰਮ ਨਾਲ ਰਲੇ ਹੋਏ ਕੁਰਬੁਲਾਹਟ ਵਿਚ ਦੁਨੀਆਂ ਨੂੰ ਆਪਣੀ ਦਸ਼ਾ ਦੱਸ ਰਹੇ ਹਨ।

### ਟਿਕਟ ਤੋਂ ਨਾਂਹ

ਕਿਸੇ ਆਦਮੀ ਦੀਆਂ ਅੱਖਾਂ ਕੱਢੀਆਂ ਜਾਣ, ਲੱਤਾਂ ਜਕੜੀਆਂ ਜਾਣ, ਬਾਹਾਂ ਨਰੜੀਆਂ ਜਾਣ ਤੇ ਫੇਰ ਮਗਰੋਂ ਕਰਾਰਾ ਜਿਹਾ ਠੁੱਡ ਲਾ ਕੇ ਹੱਥ ਜੋੜ ਕੇ ਅਧੀਨਗੀ ਨਾਲ ਕਿਹਾ ਜਾਵੇ ਕਿ ਭਾਈ ਸਾਹਿਬ, ਆਪ ਖੂਬ ਚੰਗੀ ਤਰ੍ਹਾਂ ਤੁਰੋ- ਇਹ ਹਾਲਤ ਕੈਨੇਡਾ ਦੇ ਹਿੰਦੁਸਤਾਨੀਆਂ ਦੀ ਹੋ ਰਹੀ ਹੈ। ਜਹਾਜ਼ੀ ਕੰਪਨੀਆਂ ਟਿਕਟ ਨਾ ਵੇਚਣ, ਜੇ ਭੱਜ ਟੁੱਟ ਕੇ ਇਹ ਨਖਸਮੇ ਇਥੇ ਆ ਭੀ ਪੁੱਜਣ ਤਾਂ ਪਿਛਾਂਹਾਂ ਨੂੰ ਧੱਕੇ ਜਾਣ। ਜੇ ਕੁਝ ਆਪਣੇ ਦੁੱਖਾਂ ਦੀ ਹਾਲ ਦੁਹਾਈ ਕਰਨ ਤਾਂ ਜ਼ਬਰਦਸਤੀ ਇਥੋਂ ਕੱਢੇ ਜਾਣ। ਸਿੰਘਣੀਆਂ, ਬੱਚੇ ਇਨ੍ਹਾਂ ਦੇ ਨਾ ਆ ਸਕਣ। ਇਥੇ ਨਾਮੁਰਾਦ ਬਿਮਾਰੀਆਂ ਨਾਲ ਸੜ ਜਾਣ। ਇਨ੍ਹਾਂ ਦੇ ਬੁਰੇ ਹਾਲ ਤੇ ਬਾਂਕੇ ਦਿਹਾੜੇ। ਅਜੇ ਭੀ ਕੈਨੇਡਾ ਅੰਗਰੇਜ਼ੀ ਰਾਜ ਦਾ ਚਮਕਦਾ ਹੀਰਾ ਤੇ ਕੈਨੇਡਾ ਦੀ ਸਰਕਾਰ ਸ਼ੀਂਹ ਬੱਕਰੀ ਨੂੰ ਇਕ ਘਾਟ ਪਾਣੀ ਪਿਲਾਉਂਦੀ ਹੈ। ਜਦ ਕੈਨੇਡਾ ਦੇ ਹਿੰਦੀਆਂ ਨੇ ਆਪਣੀ ਸੁਰਤ ਵਿਚ ਸ਼ੀਂਹ ਬੱਕਰੀ ਨੂੰ ਪਾੜਦਾ ਹੀ ਡਿੱਠਾ ਤੇ ਸੁਣਿਆ ਹੋਵੇ ਤਾਂ ਉਹਨੂੰ ਤਾਂ ਇਹ ਯਕੀਨ ਆਉਣਾ ਔਖਾ ਹੀ ਹੈ। 'ਸੰਸਾਰ' ਦੇ ਪਾਠਕਾਂ ਨੂੰ ਪਤਾ ਹੀ ਹੈ ਕਿ ਇਸ ਗੱਲ ਨੂੰ ਪਰਤਾਉਣ ਲਈ ਕਿ ਕੰਪਨੀਆਂ ਕਿਸ ਦਲੀਲ 'ਤੇ ਹਿੰਦੁਸਤਾਨੀਆਂ ਨੂੰ ਕਲਕੱਤੇ ਤੋਂ ਵਿਕਟੋਰੀਏ ਦਾ ਟਿਕਟ ਨਹੀਂ ਦਿੰਦੀਆਂ। ਨਿਪਨ ਯੂਸ਼ਨ ਕੈਸ਼ਾ ਕੰਪਨੀ 'ਤੇ ਮੁਕੱਦਮਾ ਕੀਤਾ ਗਿਆ ਸੀ। ਇਹ ਗੱਲ ਹਿੰਦੁਸਤਾਨੀ ਭਰਾ ਤਾਂ ਚੰਗੀ ਤਰ੍ਹਾਂ ਜਾਣਦੇ ਹੀ ਹਨ ਕਿ ਜਾਪਾਨੀ ਕੰਪਨੀ ਨਿਪਨ ਯੂਸ਼ਨ ਕੈਸ਼ਾ ਦੇ ਜਹਾਜ਼ਾਂ ਵਿਚ ਕਲਕੱਤੇ ਤੋਂ ਹਾਂਗਕਾਂਗ ਤਕ ਸਦਾ ਹੀ ਮੁਸਾਫਰ ਆਉਂਦੇ ਹਨ ਤੇ ਅੱਗੇ ਇਸ ਕੰਪਨੀ ਨੇ ਕਲਕੱਤੇ ਤੋਂ ਸਿੱਧੇ ਵਿਕਟੋਰੀਏ ਦੇ ਟਿਕਟ ਦਿੱਤੇ ਸਨ ਜਿਨ੍ਹਾਂ 'ਤੇ ਆਏ ਹੋਏ ਭਾਈ ਬਗੈਰ ਕਿਸੇ ਰੋਕ ਦੇ ਉਤਰ ਗਏ ਸਨ, ਪਰ ਜਦ ਫੇਰ ਇਸ ਕੰਪਨੀ ਤੋਂ ਟਿਕਟ ਮੰਗੇ ਗਏ ਤਾਂ ਇਸ ਦੇ ਏਜੰਟਾਂ ਨੇ ਸਾਫ ਜਵਾਬ ਦਿੱਤਾ ਕਿ ਅਸੀਂ ਤੁਹਾਨੂੰ ਟਿਕਟ ਨਹੀਂ ਵੇਚਦੇ। ਬਹੁਤ ਪੱਕੀ ਗਵਾਹੀ ਤੇ ਸਬੂਤ 'ਤੇ ਭਾਈ ਬਿਸ਼ਨ ਸਿੰਘ ਵਲੋਂ ਕੰਪਨੀ 'ਤੇ ਮੁਕੱਦਮਾ ਕੀਤਾ ਗਿਆ ਕਿ ਮੇਰੀ ਸਿੰਘਣੀ ਦੇ ਵਾਸਤੇ ਟਿਕਟ ਦੁਆਇਆ ਜਾਵੇ। ਭਾਈ ਹਰੀ ਸਿੰਘ, ਜਵਾਲਾ ਸਿੰਘ, ਪੂਰਨ ਸਿੰਘ ਤੇ ਨੌਰੰਗ ਸਿੰਘ, ਇਨ੍ਹਾਂ ਸਾਰਿਆਂ ਨੇ ਗਵਾਹੀਆਂ ਦਿੱਤੀਆਂ ਕਿ ਅਸੀਂ ਕਲਕੱਤੇ ਤੋਂ ਹਾਂਗਕਾਂਗ ਤਾਈਂ ਨਿਪਨ ਯੂਸ਼ਨ ਕੈਸ਼ਾ ਜਾਪਾਨੀ ਕੰਪਨੀ ਦੇ ਜਹਾਜ਼ 'ਤੇ ਆਏ ਹਾਂ। ਹੋਰ ਵੀ ਅਨੇਕਾਂ ਗਵਾਹੀਆਂ ਹੋ ਸਕਦੀਆਂ ਹਨ ਕਿਉਂਕਿ ਕਲਕੱਤੇ ਤੋਂ ਹਾਂਗਕਾਂਗ ਤਾਈਂ ਜਾਪਾਨੀ ਜਹਾਜ਼ਾਂ ਵਿਚ ਬਹੁਤ ਮੁਸਾਫਰ ਆਉਂਦੇ ਜਾਂਦੇ ਹਨ, ਪਰ ਉਸ ਕੰਪਨੀ ਦੇ ਸੀਆਟਲ ਦੇ ਏਜੰਟ ਨੇ ਕਿਹਾ ਕਿ ਸਾਡੀ ਕੰਪਨੀ ਕਲਕੱਤੇ ਤੋਂ ਹਾਂਗਕਾਂਗ ਤਕ ਮੁਸਾਫਰ ਨਹੀਂ ਲਿਆਉਂਦੀ ਤੇ ਅੱਗੇ ਜੋ ਅਸੀਂ ਇਥੇ ਟਿਕਟ ਦਿੱਤੇ ਸਨ, ਉਹ ਭੁਲੇਖੇ ਵਿਚ ਦਿੱਤੇ ਗਏ ਸਨ।

ਹਿੰਦੁਸਤਾਨ ਤੋਂ ਅਜੇ ਦੋ ਤਿੰਨ ਮਹੀਨੇ ਦਾ ਆਇਆ ਹੋਇਆ ਆਦਮੀ ਗਵਾਹੀ ਦਿੰਦਾ ਹੈ ਕਿ ਮੈਂ ਕਲਕੱਤੇ ਤੋਂ ਹਾਂਗਕਾਂਗ ਤਾਈਂ ਇਸ ਕੰਪਨੀ ਦੇ ਜਹਾਜ਼ ਵਿਚ ਚੜ੍ਹ ਕੇ ਆਇਆ ਹਾਂ। ਹੁਣ ਹੋਰ ਮੁਸਾਫਰ ਆ ਰਹੇ ਹਨ, ਪਰ ਇਨ੍ਹਾਂ ਸਾਰੀਆਂ ਗਵਾਹੀਆਂ ਦੇ ਹੁੰਦੇ ਹੋਏ ਭੀ ਜੱਜ ਨੇ ਕਿਹਾ ਕਿ ਇਹ ਕੰਪਨੀ ਕਲਕੱਤੇ ਤੋਂ ਹਾਂਗਕਾਂਗ ਤਾਈਂ ਮੁਸਾਫਰ ਨਹੀਂ ਲਿਆਉਂਦੀ। ਇਸ ਲਈ ਇਹ ਮੁਕੱਦਮਾ ਖਾਰਜ ਕਰ ਦਿੱਤਾ। ਕਲਕੱਤੇ ਤੋਂ ਹਾਂਗਕਾਂਗ ਤਾਈਂ ਇਸ ਕੰਪਨੀ ਦੇ ਜਹਾਜ਼ਾਂ ਵਿਚ ਮੁਸਾਫਰ ਆਉਂਦੇ ਰਹੇ ਹਨ ਤੇ ਆ ਰਹੇ ਹਨ, ਸਬੂਤ ਤੇ ਗਵਾਹੀਆਂ ਪੂਰੀਆਂ ਹਨ, ਪਰ ਜੇ ਫੇਰ ਇਹ ਹੁਕਮ ਮਿਲੇ ਤਾਂ ਇਸ ਦਾ ਅਰਥ ਤੁਸੀਂ ਆਪ ਹੀ ਲੱਭ ਲਵੋ। ਦੁੱਧ ਦਾ ਦੁੱਧ, ਪਾਣੀ ਦਾ ਪਾਣੀ, ਇਨਸਾਫ ਇਸੇ ਦਾ ਨਾਮ ਹੈ। ਗਰੀਬ ਤੇ ਕਮਜ਼ੋਰ ਪਰਜਾ ਦੀ ਰੱਖਿਆ ਕਰਨੀ ਇਸ ਨੂੰ ਕਹਿੰਦੇ ਹਨ। ਭਰਾਵੋ, ਹੁਣ ਤਾਂ ਕੁਝ ਵਿਚਾਰੋ।

### ਵੋਟ ਲਈ ਟਾਕਰਾ

ਅਸੀਂ ਇਕ ਦੋ ਸੱਜਣਾਂ ਤੋਂ ਇਹ ਸੁਣ ਕੇ ਬਹੁਤ ਖੁਸ਼ ਹੋਏ ਹਾਂ ਕਿ ਕਈ ਭਾਈ ਇਸ ਗੱਲ ਦਾ ਨਤਾਰਾ ਕਰਾਉਣ ਲਈ ਕਾਨੂੰਨੀ ਲੜਾਈ ਲੜਨ ਲਈ ਤਿਆਰੀ ਕਰ ਰਹੇ ਹਨ ਕਿ ਕਿਸ ਕਰਕੇ ਬ੍ਰਿਟਿਸ਼ ਕੋਲੰਬੀਆ ਵਿਚ ਟੈਕਸ ਭਰਨ ਵਾਲੇ ਹਿੰਦੁਸਤਾਨੀਆਂ ਨੂੰ ਵੋਟ ਦਾ ਹੱਕ ਨਹੀਂ ਹੈ। ਤਵਾਰੀਖ ਦੱਸਦੀ ਹੈ ਕਿ ਕੋਈ ਵੀ ਮਾਲਕ ਕਦੀ ਵੀ ਕਿਸੇ ਕੌਮ ਦੇ ਦਬਾਏ ਹੋਏ ਹੱਕ ਔਖਿਆਈ ਤੋਂ ਬਿਨਾਂ ਨਹੀਂ ਛੱਡਦਾ। ਸਾਡਾ ਧਰਮ ਹੈ ਕਿ ਆਪਣੇ 'ਤੇ ਹੋ ਰਹੀ ਧੱਕੇਬਾਜ਼ੀ ਨੂੰ ਆਪਣੀ ਪੂਰੀ ਵਾਹ ਲਾ ਕੇ ਦੁਨੀਆਂ ਵਿਚ ਉਜਾਗਰ ਕਰੀਏ। ਟੈਕਸ ਨਾ ਦੇ ਕੇ ਵੋਟ ਦਾ ਹੱਕ ਮੰਗਣਾ ਤੇ ਕਾਨੂੰਨੀ ਲੜਾਈ ਲੜਨੀ, ਇਸ ਤਰ੍ਹਾਂ ਇਸ ਦਾ ਨਤਾਰਾ ਸਾਨੂੰ ਪਹਿਲਾਂ ਕਰਾਉਣਾ ਚਾਹੀਦਾ ਹੈ। ਪਿਛਲੇ ਪਰਚੇ ਵਿਚ ਆਪ ਨੇ ਪੜ੍ਹਿਆ ਹੋਵੇਗਾ ਕਿ ਪ੍ਰਿੰਸਸ ਸੋਫੀਆ ਦਲੀਪ ਸਿੰਘ ਨੇ ਜਦ ਤਕ ਵੋਟ ਨਾ ਮਿਲੇ ਟੈਕਸ ਭਰਨ ਤੋਂ ਜਵਾਬ ਦੇ ਦਿੱਤਾ ਹੈ। ਇਸ ਦੀ ਤਰ੍ਹਾਂ ਨਿਊ ਯਾਰਕ ਦੀਆਂ ਗੋਰੀਆਂ ਝਗੜ ਰਹੀਆਂ ਹਨ। ਜੇ ਅਸੀਂ ਤੀਵੀਆਂ ਜਿਤਨਾ ਵੀ ਉਦਮ ਨਹੀਂ ਕਰ ਸਕਦੇ ਤਾਂ ਧਿਰਕਾਰ ਹੈ ਸਾਡੇ ਆਦਮੀਪੁਣੇ 'ਤੇ।

ਹੋਰ ਜਗ੍ਹਾ ਦੇ ਸੱਜਣਾਂ ਨੂੰ ਵੀ ਇਸ ਗੱਲ 'ਤੇ ਵਿਚਾਰ ਕਰਕੇ ਇਕ ਜੱਥਾ ਬਣਾਉਣਾ ਚਾਹੀਦਾ ਹੈ ਜਿਸ ਵਿਚ ਜ਼ਮੀਨਾਂ ਮਲਕੀਅਤ ਵਾਲੇ ਭਰਾ ਹੋਣ ਤੇ ਜੋ ਰਲ ਕੇ ਇਸ ਗੱਲ ਦਾ ਨਤਾਰਾ ਕਰਵਾ ਕੇ ਇਸ ਧੱਕੇਬਾਜ਼ੀ ਦਾ ਸਬੱਬ ਸਾਫ ਪਤਾ ਲੈ ਕੇ ਆਪਣੇ ਦੇਸ਼ਵਾਸੀਆਂ ਨੂੰ ਦੱਸਣ। ਕੁਲ ਮੁਲਕਾਂ ਦਾ ਕਾਨੂੰਨ ਹੈ ਕਿ ਜਿਸ ਨੂੰ ਵੋਟ ਦੇਣ ਦਾ ਹੱਕ ਨਾ ਹੋਵੇ, ਉਹ ਹਾਲਾ ਭੀ ਨਹੀਂ ਦੇ ਸਕਦਾ।

# ਸਮਾਜਵਾਦ ਹੀ ਕਿਉਂ?

***ਪੂੰਜੀਵਾਦ ਯਾਨਿ ਸਾਮਰਾਜ ਦਾ ਇਕੋ ਇਕ ਮਨੋਰਥ ਪੈਸਾ ਕਮਾਉਣਾ ਹੁੰਦਾ ਹੈ ਅਤੇ ਇਸ ਖਾਤਰ ਇਸ ਨੂੰ ਗਰੀਬ ਤੇ ਮਜ਼ਦੂਰ ਦਾ ਸੋਸ਼ਣ ਕਰਨ ਵਿਚ ਕੋਈ ਸ਼ਰਮ ਨਹੀਂ ਆਉਂਦੀ। ਆਮ ਲੋਕ ਦੁਖੀ ਹੁੰਦੇ ਰਹਿਣ, ਸਾਮਰਾਜ ਨੂੰ ਕੋਈ ਫਰਕ ਨਹੀਂ ਪੈਂਦਾ। ਮਹਾਨ ਸਾਇੰਸਦਾਨ ਅਲਬਰਟ ਆਈਨਸਟਾਈਨ ਨੇ ਆਪਣੀ ਇਸ ਲਿਖਤ ਵਿਚ ਇਨ੍ਹਾਂ ਹੀ ਗੱਲਾਂ ਦਾ ਜ਼ਿਕਰ ਕੀਤਾ ਹੈ। ਇਹ ਲਿਖਤ ਦੂਜੀ ਸਾਮਰਾਜੀ ਸੰਸਾਰ ਜੰਗ ਦੇ ਖਤਮ ਹੋਣ ਤੋਂ ਫੌਰੀ ਬਾਅਦ ਮਈ 1949 ਵਿਚ ਲਿਖੀ ਗਈ ਸੀ। ਸੰਨ 2008 ਤੋਂ ਨਿਰੰਤਰ ਚਲੇ ਆ ਰਹੇ ਮੌਜੂਦਾ ਆਲਮੀ ਆਰਥਕ ਸੰਕਟ ਦੇ ਪ੍ਰਸੰਗ ਵਿਚ ਇਸ ਲਿਖਤ ਦੀ ਖਾਸ ਅਹਿਮੀਅਤ ਹੈ। -ਸੰਪਾਦਕ***

**ਅਲਬਰਟ ਆਈਨਸਟਾਈਨ**
**ਅਨੁਵਾਦ: ਗੁਰਬਚਨ ਸਿੰਘ**
**ਫੋਨ: 91-98156-98451**

ਜੋ ਬੰਦਾ ਆਰਥਕ ਤੇ ਸਮਾਜੀ ਮਸਲਿਆਂ ਦਾ ਮਾਹਿਰ ਨਹੀਂ, ਕੀ ਉਸ ਲਈ ਜਾਇਜ਼ ਹੈ ਕਿ ਉਹ ਸਮਾਜਵਾਦ ਬਾਰੇ ਆਪਣੇ ਵਿਚਾਰ ਪ੍ਰਗਟ ਕਰੇ? ਕਈ ਕਾਰਨਾਂ ਕਰਕੇ ਮੇਰਾ ਇਹ ਯਕੀਨ ਹੈ ਕਿ ਇਹ ਜਾਇਜ਼ ਹੈ।

ਆਓ, ਸਭ ਤੋਂ ਪਹਿਲਾ ਸਾਇੰਸ ਦੇ ਗਿਆਨ ਦੇ ਨੁਕਤਾ-ਨਜ਼ਰ ਤੋਂ ਇਸ ਸੁਆਲ ਨੂੰ ਸਮਝੀਏ। ਮੈਨੂੰ ਜਾਪਦਾ ਹੈ ਕਿ ਖਗੋਲ ਤੇ ਅਰਥਚਾਰੇ ਵਿਚਾਲੇ ਵਿਧੀ-ਵਿਧਾਨ ਪੱਖੋਂ ਕੋਈ ਲਾਜ਼ਮੀ ਵਖਰੇਵਾਂ ਨਹੀਂ। ਦੋਹਾਂ ਖੇਤਰਾਂ ਦੇ ਸਾਇੰਸਦਾਨ ਇਕ ਸੀਮਤ ਘੇਰੇ ਦੇ ਵਰਤਾਰਿਆਂ ਬਾਰੇ ਆਮ ਸਹਿਮਤੀ ਦੇ ਨੇਮਾਂ ਦੀ ਖੋਜ ਕਰਨ ਦਾ ਯਤਨ ਕਰਦੇ ਹਨ ਤਾਂ ਕਿ ਇਨ੍ਹਾਂ ਦੇ ਅੰਤਰ-ਸਬੰਧਾਂ ਨੂੰ ਵਧ ਤੋਂ ਵਧ ਸੰਭਵ ਹੱਦ ਤਕ ਸਮਝਣ ਯੋਗ ਬਣਾਇਆ ਜਾ ਸਕੇ। ਪਰ ਹਕੀਕਤ ਵਿਚ ਵਿਧੀ-ਵਿਧਾਨ ਦੇ ਅਜਿਹੇ ਵਖਰੇਵੇਂ ਹੋਂਦ ਰੱਖਦੇ ਹਨ। ਆਰਥਕ ਵਰਤਾਰਿਆਂ ਦੀ ਪਰਖ ਕਰਨ ਵਾਲਿਆਂ ਹਾਲਤਾਂ ਆਰਥਕ ਖੇਤਰ ਵਿਚਲੇ ਆਮ ਨੇਮਾਂ ਦੀ ਖੋਜ ਨੂੰ ਔਖਾ ਬਣਾ ਦਿੰਦੀਆਂ ਹਨ। ਕਿਉਂਕਿ ਇਨ੍ਹਾਂ ਨੂੰ ਅਕਸਰ ਪ੍ਰਭਾਵਿਤ ਕਰਨ ਵਾਲੇ ਪੱਖਾਂ ਨੂੰ ਵੱਖ-ਵੱਖ ਤੌਰ 'ਤੇ ਅੰਗਣਾਂ ਬਹੁਤ ਔਖਾ ਹੁੰਦਾ ਹੈ। ਇਸ ਤੋਂ ਵੀ ਵੱਧ ਮਨੁਖੀ ਇਤਿਹਾਸ ਦੇ ਕਥਿਤ ਸਭਿਅਕ ਦੌਰ ਦੇ ਅਰੰਭ ਤੋਂ ਹੀ ਆਰਥਕ ਵਰਤਾਰੇ ਬਹੁਤਾ ਉਨ੍ਹਾਂ ਕਾਰਨਾਂ ਤੋਂ ਪ੍ਰਭਾਵਿਤ ਹੋਏ, ਜੋ ਖਾਸੀਅਤ ਪੱਖੋਂ ਸਿਰਫ ਆਰਥਕ ਨਹੀਂ ਸਨ। ਮਿਸਾਲ ਵਜੋਂ ਵੱਡੇ ਰਾਜ ਜਿੱਤਾਂ ਨਾਲ ਬਣੇ। ਜੇਤੂ ਲੋਕਾਂ ਨੇ ਜਿੱਤੇ ਹੋਏ ਦੇਸ਼ਾਂ ਵਿਚ ਆਪਣੇ ਆਪ ਨੂੰ ਕਾਨੂੰਨੀ ਅਤੇ ਆਰਥਕ ਤੌਰ 'ਤੇ ਖਾਸ ਸਹੂਲਤਾਂ ਪ੍ਰਾਪਤ ਵਰਗ ਵਜੋਂ ਸਥਾਪਿਤ ਕਰ ਲਿਆ। ਉਨ੍ਹਾਂ ਨੇ ਜਮੀਨ ਮਾਲਕੀ ਦੀ ਅਜਾਰੇਦਾਰੀ ਹਥਿਆਉਣ ਦੇ ਨਾਲ ਹੀ ਆਪਣੀਆਂ ਸਫਾਂ ਵਿਚੋਂ ਪੁਜਾਰੀ ਵਰਗ ਕਾਇਮ ਕੀਤਾ। ਵਿਦਿਆ ਨੂੰ ਕਾਬੂ ਕਰੀ ਬੈਠੇ ਪੁਜਾਰੀ ਸਮਾਜ ਦੀ ਜਮਾਤੀ ਵੰਡ ਨੂੰ ਇਕ ਸਥਾਈ ਸੰਸਥਾ ਵਿਚ ਬਦਲ ਦਿੰਦੇ ਹਨ ਅਤੇ ਇਕ ਅਜਿਹਾ ਕਦਰ ਪ੍ਰਬੰਧ ਸਿਰਜਦੇ ਹਨ, ਜੋ ਅਚੇਤ ਰੂਪ ਵਿਚ ਬਹੁਤੇ ਲੋਕਾਂ ਦੇ ਸਮਾਜੀ ਵਿਹਾਰ ਨੂੰ ਅਗਵਾਈ ਦਿੰਦਾ ਹੈ।

ਪਰ ਬੀਤੇ ਦੀ ਇਤਿਹਾਸਕ ਪਰੰਪਰਾ ਵਿਚ ਥੋਰਸ ਵੈਬਲਨ, ਜਿਸ ਨੂੰ ਮਨੁੱਖੀ ਵਿਕਾਸ ਦਾ 'ਲੁਟੇਰਾ ਪੜਾਅ' ਕਹਿੰਦਾ ਹੈ, ਤੋਂ ਕਿਤੇ ਵੀ ਅਸੀਂ ਛੁਟਕਾਰਾ ਨਹੀਂ ਪਾ ਸਕੇ। ਉਸ ਪੜਾਅ ਨਾਲ ਸਬੰਧਤ ਆਰਥਕ ਤੱਥ ਅਤੇ ਇਨ੍ਹਾਂ ਤੱਥਾਂ ਵਿਚੋਂ ਘੜੇ ਨੇਮ ਦੂਜੇ ਪੜਾਵਾਂ ਵਿਚ ਲਾਗੂ ਨਹੀਂ ਹੁੰਦੇ, ਪਰ ਸਮਾਜਵਾਦ ਦਾ ਅਸਲੀ ਮੰਤਵ ਨਿਸ਼ਚਿਤ ਰੂਪ ਵਿਚ ਮਨੁੱਖੀ ਵਿਕਾਸ ਦੇ ਲੁਟੇਰੇ ਪੜਾਅ ਤੋਂ ਅੱਗੇ ਵਧਣਾ ਹੈ। ਇਸ ਲਈ ਆਪਣੀ ਮੌਜੂਦਾ ਹਾਲਤ ਵਿਚ ਆਰਥਕ ਸਾਇੰਸ ਭਵਿੱਖ ਦੇ ਸਮਾਜਵਾਦੀ ਸਮਾਜ ਬਾਰੇ ਬਹੁਤੀ ਰੌਸ਼ਨੀ ਨਹੀਂ ਪਾ ਸਕਦੀ।

ਦੂਜਾ, ਸਮਾਜਵਾਦ ਦਾ ਨਿਸ਼ਾਨਾ ਸਮਾਜੀ-ਸਦਾਚਾਰ ਵੱਲ ਸੇਧਤ ਹੈ। ਪਰ ਸਾਇੰਸ ਨਿਸ਼ਾਨੇ ਨਹੀਂ ਮਿਥਦੀ ਅਤੇ ਨਾ ਹੀ ਉਨ੍ਹਾਂ ਨੂੰ ਮਨੁੱਖੀ ਮਨਾਂ ਵਿਚ ਭਰਦੀ ਹੈ। ਸਾਇੰਸ ਵਧ ਤੋਂ ਵਧ ਕੁਝ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਲਈ ਸਾਧਨ ਮੁਹੱਈਆ ਕਰ ਸਕਦੀ ਹੈ। ਪਰ ਖੁਦ ਨਿਸ਼ਾਨੇ ਉਚੇ ਸਦਾਚਾਰੀ ਆਦਰਸ਼ਾਂ ਨਾਲ ਪੈਦਾ ਹੋਈਆਂ ਹਸਤੀਆਂ ਦੇ ਸੰਕਲਪ ਘੜਦੇ ਹਨ ਅਤੇ ਜੇ ਇਹ ਨਿਸ਼ਾਨੇ ਮੁਰਦਾ ਨਾ ਹੋਣ ਸਗੋਂ ਜੀਵੰਤ ਤੇ ਬਲਵਾਨ ਹੋਣ, ਤਾਂ ਬਹੁਤ ਸਾਰੇ ਲੋਕ ਅਰਧ ਅਚੇਤ ਮਨਾਂ ਨਾਲ ਇਨ੍ਹਾਂ ਨਿਸ਼ਾਨਿਆਂ ਨੂੰ ਅਪਨਾ ਲੈਂਦੇ ਹਨ, ਤੇ ਅੱਗੇ ਲੈ ਜਾਂਦੇ ਹਨ। ਇੰਜ ਸਮਾਜ ਦੇ ਸਹਿਜ ਵਿਕਾਸ ਦਾ ਆਧਾਰ ਬਣਦੇ ਹਨ। ਇਨ੍ਹਾਂ ਕਾਰਨਾਂ ਕਰਕੇ ਸਾਨੂੰ ਇਹ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਅਸੀਂ ਮਨੁੱਖੀ ਮਸਲਿਆਂ ਬਾਰੇ ਗੱਲ ਕਰਦਿਆਂ ਸਾਇੰਸ ਅਤੇ ਸਾਇੰਸ ਦੀਆਂ ਵਿਧੀਆਂ ਨੂੰ ਵਧਾ ਕੇ ਨਾ ਵੇਖੀਏ ਤੇ ਨਾ ਹੀ ਇਹ ਸੋਚੀਏ ਕਿ ਸਮਾਜੀ ਜਥੇਬੰਦੀ ਨੂੰ ਪ੍ਰਭਾਵਿਤ ਕਰਨ ਵਾਲੇ ਮਸਲਿਆਂ ਬਾਰੇ ਸਿਰਫ ਮਾਹਿਰ ਹੀ ਗੱਲ ਕਰ ਸਕਦੇ ਹਨ।

ਅੱਜ ਅਣਗਿਣਤ ਆਵਾਜ਼ਾਂ ਉਠ ਰਹੀਆਂ ਹਨ ਕਿ ਅਜੋਕਾ ਮਨੁੱਖੀ ਸਮਾਜ ਇਕ ਸੰਕਟ ਭਰੇ ਦੌਰ ਵਿਚੋਂ ਗੁਜਰ ਰਿਹਾ ਹੈ ਅਤੇ ਸਮਾਜ ਦੀ ਸਥਿਰਤਾ ਨੂੰ ਗੰਭੀਰ ਖਤਰਾ ਹੈ। ਅਜੋਕੇ ਸਮੇਂ ਦੀ ਇਹ ਖਾਸੀਅਤ ਹੈ ਕਿ ਵਿਅਕਤੀ ਜਿਸ ਸਮੂਹ ਨਾਲ ਸਬੰਧ ਰਖਦਾ ਹੈ, ਸਮੂਹ ਵੱਡਾ ਹੋਵੇ ਜਾਂ ਛੋਟਾ, ਪ੍ਰਤੀ ਬੇਗਾਨਗੀ ਜਾਂ ਵਿਰੋਧ ਦੀ ਭਾਵਨਾ ਰਖਦਾ ਹੈ। ਇਸ ਨੁਕਤੇ ਨੂੰ ਸਪਸ਼ਟ ਕਰਨ ਲਈ ਇਥੇ ਮੈਂ ਆਪਣਾ ਇਕ ਨਿੱਜੀ ਤਜਰਬਾ ਸਾਂਝਾ ਕਰਨਾ ਚਾਹੁੰਦਾ ਹਾਂ। ਹੁਣੇ ਜਿਹੇ ਮੈਂ ਇਕ ਅਕਲਮੰਦ ਤੇ ਨੇਕ ਸੁਭਾਅ ਦੇ ਮਨੁੱਖ ਨਾਲ ਇਕ ਹੋਰ ਜੰਗ ਦੇ ਖਤਰੇ ਬਾਰੇ ਚਰਚਾ ਕਰ ਰਿਹਾ ਸਾਂ, ਜੋ ਮੇਰੇ ਖਿਆਲ ਵਿਚ ਮਨੁੱਖ ਜਾਤੀ ਦੀ ਹੋਂਦ ਨੂੰ ਹੀ ਖਤਰੇ ਵਿਚ ਪਾ ਦੇਵੇਗੀ ਅਤੇ ਮੈਂ ਦਸਿਆ ਕਿ ਕੌਮਾਂ ਤੋਂ ਉਪਰ ਉਠ ਕੇ ਇਕ ਆਲਮੀ ਜਥੇਬੰਦੀ ਹੀ ਇਸ ਖਤਰੇ ਤੋਂ ਸਾਨੂੰ ਬਚਾ ਸਕਦੀ ਹੈ। ਇਸ ਬਾਰੇ ਮੇਰੇ ਮਿੱਤਰ ਨੇ ਸ਼ਾਂਤ ਅਤੇ ਸਹਿਜ ਸੁਭਾਅ ਟਿੱਪਣੀ ਕੀਤੀ, "ਤੂੰ ਮਨੁੱਖੀ ਨਸਲ ਦੇ ਅਲੋਪ ਹੋਣ ਬਾਰੇ ਏਨਾ ਫਿਕਰਮੰਦ ਕਿਉਂ ਹੈ?"

ਮੈਨੂੰ ਯਕੀਨ ਹੈ ਕਿ ਘਟੋ-ਘਟ ਇਕ ਸਦੀ ਪਹਿਲਾਂ ਕੋਈ ਵੀ ਮਨੁੱਖ ਇਸ ਕਿਸਮ ਦੀ ਹਲਕੀ ਟਿੱਪਣੀ ਕਰਨ ਦੀ ਜੁਰਅਤ ਨਹੀਂ ਸੀ ਕਰ ਸਕਦਾ। ਇਹ ਉਸ ਮਨੁੱਖ ਦਾ ਬਿਆਨ ਹੈ, ਜੋ ਬੜੀ ਸ਼ਿੱਦਤ ਨਾਲ ਆਪਣੇ ਅੰਦਰਲੇ (ਮਨ) ਨਾਲ ਸੰਤੁਲਨ ਬਿਠਾਉਣ ਦੇ ਯਤਨ ਕਰ ਰਿਹਾ ਹੈ ਅਤੇ ਵੱਧ-ਘੱਟ ਹੱਦ ਤਕ ਇਨ੍ਹਾਂ ਯਤਨਾਂ ਵਿਚ ਸਫਲ ਹੋਣ ਦੀ ਉਮੀਦ ਲਾਹ ਬੈਠਾ ਹੈ। ਇਹ ਇਕਲਾਪੇ ਅਤੇ ਬੇਗਾਨਗੀ ਦੀ ਭਾਵਨਾ ਦਾ ਬੜਾ ਦੁਖਦਾਈ ਪ੍ਰਗਟਾਵਾ ਹੈ। ਜਿਸ ਭਾਵਨਾ ਨਾਲ ਇਨ੍ਹਾਂ ਦਿਨਾਂ ਵਿਚ ਬਹੁਤ ਸਾਰੇ ਲੋਕ ਪੀੜਤ ਹਨ। ਕਾਰਨ ਕੀ ਹੈ? ਕੀ ਇਸ ਅਵਸਥਾ ਵਿਚੋਂ ਬਾਹਰ ਨਿਕਲਣ ਦਾ ਕੋਈ ਰਾਹ ਹੈ?

ਅਜਿਹੇ ਸੁਆਲ ਕਰਨਾ ਸੌਖਾ ਹੈ ਪਰ ਕਿਸੇ ਹੱਦ ਤਕ ਇਨ੍ਹਾਂ ਦੇ ਤਸੱਲੀਬਖਸ਼ ਜੁਆਬ ਦੇਣਾ ਬੜਾ ਔਖਾ ਹੈ। ਫਿਰ ਵੀ ਜਿੰਨੀ ਚੰਗੀ ਤਰ੍ਹਾਂ ਕਰ ਸਕਦਾ ਹਾਂ, ਮੈਂ ਇਨ੍ਹਾਂ ਸੁਆਲਾਂ ਦੇ ਜੁਆਬ ਦੇਣ ਦੀ ਕੋਸ਼ਿਸ਼ ਕਰਾਂਗਾ। ਭਾਵੇਂ ਮੈਂ ਇਸ ਸੱਚ ਪ੍ਰਤੀ ਬਹੁਤ ਸੁਚੇਤ ਹਾਂ ਕਿ ਸਾਡੀਆਂ ਭਾਵਨਾਵਾਂ ਅਤੇ ਸਾਡੇ ਯਤਨ ਅਕਸਰ ਵਿਰੋਧੀ ਅਤੇ ਧੁੰਦਲੇ ਹੁੰਦੇ ਹਨ ਤੇ ਇਹ ਆਮ ਗੁਰਬੰਦੀਆਂ ਵਿਚ ਪ੍ਰਗਟ ਨਹੀਂ ਕੀਤੇ ਜਾ ਸਕਦੇ।

ਇਕੋ ਵੇਲੇ ਮਨੁੱਖ ਇਕੱਲਾ ਵੀ ਹੈ ਅਤੇ ਸਮਾਜੀ ਵੀ। ਇਕ ਇਕੱਲੀ ਹੋਂਦ ਵਜੋਂ ਉਹ ਆਪਣੀ ਅਤੇ ਆਪਣੇ ਨੇੜਲਿਆਂ ਦੀ ਰਾਖੀ ਕਰਨ ਦੇ ਯਤਨ ਕਰਦਾ ਹੈ। ਉਹ ਆਪਣੀਆਂ ਨਿੱਜੀ ਇੱਛਾਵਾਂ ਨੂੰ ਸੰਤੁਸ਼ਟ ਕਰਨ ਅਤੇ ਕੁਦਰਤੀ ਯੋਗਤਾਵਾਂ ਨੂੰ ਵਿਕਸਿਤ ਕਰਨ ਦੇ ਯਤਨ ਕਰਦਾ ਹੈ। ਇਕ ਸਮਾਜੀ ਹੋਂਦ ਵਜੋਂ ਉਹ ਆਪਣੀਆਂ ਖੁਸ਼ੀਆਂ ਅਤੇ ਆਪਣੇ ਦੁਖ-ਸੁਖ ਸਾਂਝੇ ਕਰਨ ਲਈ ਤੇ ਆਪਣੀਆਂ ਜੀਵਨ ਹਾਲਤਾਂ ਸੁਧਾਰਨ ਵਾਸਤੇ ਆਪਣੇ ਸੰਗੀ-ਸਾਥੀਆਂ ਤੋਂ ਆਪਣੀ ਪਛਾਣ ਅਤੇ ਪਿਆਰ ਭਾਲਦਾ ਹੈ। ਇਨ੍ਹਾਂ ਵੱਖ-ਵੱਖ ਪਰ ਟਕਰਾਵੇਂ ਯਤਨਾਂ ਦੀ ਹੋਂਦ ਹੀ ਇਕ ਮਨੁੱਖ ਦਾ ਵਿਸ਼ੇਸ਼ ਗੁਣ ਹੈ ਅਤੇ ਇਨ੍ਹਾਂ ਗੁਣਾਂ ਦੀ ਖਾਸ ਸਾਂਝ ਹੀ ਇਹ ਫੈਸਲਾ ਕਰਦੀ ਹੈ ਕਿ ਕੋਈ ਵਿਅਕਤੀ ਕਿੰਨਾ ਕੁ ਆਪਣੇ (ਮਨ) ਅੰਦਰਲਾ ਸਹਿਜ ਪ੍ਰਾਪਤ ਕਰ ਸਕਦਾ ਹੈ ਤੇ ਸਮਾਜ ਦੀ ਭਲਾਈ ਵਿਚ ਆਪਣਾ ਕਿੰਨਾ ਕੁ ਹਿੱਸਾ ਪਾ ਸਕਦਾ ਹੈ। ਇਹ ਵੀ ਸੰਭਾਵਨਾ ਹੈ ਕਿ ਇਨ੍ਹਾਂ ਦੋ ਮਨੁੱਖੀ ਬਿਰਤੀਆਂ ਦੀ ਅਨੁਪਾਤਕ ਤਾਕਤ ਦਾ ਫੈਸਲਾ ਮੁਖ ਰੂਪ ਵਿਚ ਮਨੁੱਖ ਦਾ ਵਿਰਸਾ ਕਰੇ। ਪਰ ਅੰਤਿਮ ਰੂਪ ਵਿਚ ਮਨੁੱਖ ਦੀ ਜੋ ਸ਼ਖਸੀਅਤ ਉਭਰਦੀ ਹੈ, ਉਹ ਜ਼ਿਆਦਾਤਰ ਮਨੁੱਖ ਦੇ ਚੌਗਿਰਦੇ ਦੀ ਸਿਰਜਣਾ ਹੁੰਦੀ ਹੈ। ਆਪਣੇ ਵਿਕਾਸ ਦੌਰਾਨ ਮਨੁੱਖ ਜਿਸ ਚੌਗਿਰਦੇ ਵਿਚ ਵਿਚਰਦਾ ਹੈ, ਉਸ ਦੀ ਸ਼ਖਸੀਅਤ ਸਮਾਜ ਦੀ ਉਹ ਬਣਤਰ ਘੜਦੀ ਹੈ, ਜਿਸ ਵਿਚ ਮਨੁੱਖ ਵਧਦਾ-ਫੁਲਦਾ ਹੈ, ਉਸ ਸਮਾਜ ਦਾ ਵਿਰਸਾ ਘੜਦਾ ਹੈ ਅਤੇ ਕਿਸੇ ਖਾਸ ਕਿਸਮ ਦੇ ਵਿਹਾਰ ਪ੍ਰਤੀ ਉਸ ਦੀ ਪਸੰਦਗੀ ਘੜਦੀ ਹੈ।

'ਸਮਾਜ' ਦੇ ਅਮੂਰਤ ਸੰਕਲਪ ਦਾ ਭਾਵ ਹੈ, ਕਿਸੇ ਮਨੁੱਖ ਦਾ ਸਮੁੱਚੇ ਰੂਪ ਵਿਚ ਆਪਣੇ ਸਮਕਾਲੀਆਂ ਨਾਲ ਸਿੱਧਾ-ਅਸਿੱਧਾ ਰਿਸ਼ਤਾ ਤੇ ਆਪਣੇ ਤੋਂ ਪਹਿਲੀਆਂ ਸਾਰੀਆਂ ਪੀੜ੍ਹੀਆਂ ਦੇ ਲੋਕਾਂ ਨਾਲ ਰਿਸ਼ਤਾ। ਇਸ ਕਾਰਨ ਹੀ ਵਿਅਕਤੀ ਸੋਚਣ, ਮਹਿਸੂਸ ਕਰਨ, ਜ਼ਿੰਦਗੀ ਦਾ ਸੰਘਰਸ਼ ਕਰਨ ਤੇ ਕੰਮ ਕਰਨ ਦੇ ਯੋਗ ਬਣਦਾ ਹੈ। ਆਪਣੀ ਸਰੀਰਕ, ਬੌਧਿਕ ਤੇ ਜਜ਼ਬਾਤੀ ਹੋਂਦ ਲਈ ਮਨੁੱਖ ਸਮਾਜ ਉਤੇ ਏਨਾ ਨਿਰਭਰ ਹੁੰਦਾ ਹੈ ਕਿ ਸਮਾਜ ਦੇ ਚੌਖਟੇ ਤੋਂ ਬਾਹਰ ਨਿਕਲ ਕੇ ਉਸ ਬਾਰੇ ਸੋਚਣਾ-ਸਮਝਣਾ ਅਸੰਭਵ ਹੈ। ਇਹ ਸਮਾਜ ਹੀ ਹੈ, ਜੋ ਮਨੁੱਖ ਨੂੰ ਭੋਜਨ ਕੱਪੜਾ ਅਤੇ ਘਰ (ਕੁੱਲੀ-ਗੁੱਲੀ-ਜੁੱਲੀ), ਕੰਮ ਦੇ ਸੰਦ, ਭਾਸ਼ਾ, ਸੋਚ ਦੇ ਰੂਪ ਅਤੇ ਜ਼ਿਆਦਾਤਰ ਸੋਚ ਦਾ ਤੱਤ ਦਿੰਦਾ ਹੈ। ਬੀਤੇ ਤੇ ਵਰਤਮਾਨ ਦੇ ਕਰੋੜਾਂ ਲੋਕਾਂ, ਜੋ 'ਸਮਾਜ' ਸ਼ਬਦ ਦੇ ਪਿੱਛੇ ਲੁਕੇ ਹੋਏ ਹਨ, ਦੀ ਕਿਰਤ ਰਾਹੀਂ ਉਸ ਦੀ ਜ਼ਿੰਦਗੀ ਨੂੰ ਸੰਭਵ ਬਣਾਉਂਦਾ ਹੈ। ਸੋ, ਸਪਸ਼ਟ ਹੈ, ਹਰ ਵਿਅਕਤੀ ਦੀ ਸਮਾਜ ਉਤੇ ਨਿਰਭਰਤਾ ਇਕ ਕੁਦਰਤੀ ਸੱਚਾਈ ਹੈ। ਕੀੜੀਆਂ ਤੇ ਮਖੀਲ ਦੀ ਤਰ੍ਹਾਂ ਜਿਸ ਨੂੰ ਮਿਟਾਇਆ ਨਹੀਂ ਜਾ ਸਕਦਾ। ਫਿਰ ਵੀ ਜਦੋਂ ਕਿ ਕੀੜੀਆਂ ਅਤੇ ਮਖੀਲ ਦਾ ਸਮੁੱਚਾ ਵਰਤਾਰਾ ਬਾਰੀਕ ਤੋਂ ਬਾਰੀਕ ਵੇਰਵੇ ਦੀ ਸੀਮਾ ਤਕ ਉਨ੍ਹਾਂ ਦੇ ਵਿਰਸੇ ਵਲੋਂ ਨਿਯਤ ਹੁੰਦਾ ਹੈ, ਮਨੁੱਖੀ ਹੋਂਦਾਂ ਦੇ ਆਪਸੀ ਰਿਸਤੇ ਤੇ ਸਮਾਜੀ ਬਣਤਰ ਬਹੁਤ ਵੱਖਰੇ ਅਤੇ ਤਬਦੀਲੀ ਯੋਗ ਹੁੰਦੇ ਹਨ। ਯਾਦ ਸ਼ਕਤੀ, ਨਵੇਂ ਜੁਟ ਬਣਾਉਣ ਦੀ ਯੋਗਤਾ ਤੇ ਜ਼ੁਬਾਨੀ ਸੰਚਾਰ ਦੇ ਮਿਲੇ ਵਰਦਾਨ ਨੇ ਉਸ ਵਿਕਾਸ ਨੂੰ ਸੰਭਵ ਬਣਾਇਆ ਹੈ, ਜਿਸ ਦਾ ਫੈਸਲਾ ਸਰੀਰਕ ਲੋੜਾਂ ਨਹੀਂ ਕਰਦੀਆਂ। ਅਜਿਹਾ ਸਹਿਜ ਵਿਕਾਸ



ਪਰੰਪਰਾਵਾਂ ਵਿਚ, ਸਭਾਵਾਂ ਅਤੇ ਜਥੇਬੰਦੀਆਂ ਵਿਚ, ਸਾਹਿਤ ਵਿਚ, ਸਾਇੰਸ ਵਿਚ, ਵੱਖ-ਵੱਖ ਕਲਾਵਾਂ ਅਤੇ ਇਮਾਰਤਸਾਜੀ ਤੇ ਸ਼ਿਲਪ ਦੀਆਂ ਪ੍ਰਾਪਤੀਆਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਇਸ ਨੁਕਤੇ ਦੀ ਵਿਆਖਿਆ ਕਰਦਾ ਹੈ ਕਿ ਕਿਵੇਂ ਮਨੁੱਖ ਕੁਝ ਸੀਮਾ ਤਕ ਆਪਣੇ ਹੀ ਵਿਹਾਰ ਰਾਹੀਂ ਆਪਣੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਸਕਦਾ ਭਾਵ ਬਦਲ ਸਕਦਾ ਹੈ। ਇਸ ਵਰਤਾਰੇ ਵਿਚ ਚੇਤੰਨ ਸੋਚ ਤੇ ਲੋੜਾਂ (ਥੁੜ੍ਹਾਂ) ਆਪਣਾ ਰੋਲ ਨਿਭਾਉਂਦੀਆਂ ਹਨ।

ਮਨੁੱਖ ਆਪਣੇ ਜਨਮ ਵੇਲੇ ਹੀ ਵਿਰਸੇ ਵਿਚ ਆਪਣੀ ਇਕ ਸਰੀਰਕ ਬਣਤਰ ਪ੍ਰਾਪਤ ਕਰਦਾ ਹੈ, ਜੋ ਨਿਸ਼ਚਿਤ ਤੇ ਨਾ-ਬਦਲਣਯੋਗ ਹੁੰਦੀ ਹੈ। ਇਨ੍ਹਾਂ ਵਿਚ ਕੁਦਰਤੀ ਮਨੁੱਖੀ ਬਿਰਤੀਆਂ ਵੀ ਸ਼ਾਮਿਲ ਹਨ, ਜੋ ਮਨੁੱਖੀ ਨਸਲ ਦਾ ਗੁਣ ਹਨ। ਇਸ ਤੋਂ ਬਿਨਾ ਆਪਣੀ ਜ਼ਿੰਦਗੀ ਦੌਰਾਨ ਮਨੁੱਖ ਸਮਾਜ ਕੋਲੋਂ ਸੰਚਾਰ ਅਤੇ ਹੋਰਨਾਂ ਪ੍ਰਭਾਵਾਂ ਰਾਹੀਂ ਸਭਿਆਚਾਰਕ ਬਣਤਰ ਪ੍ਰਾਪਤ ਕਰਦਾ ਹੈ। ਇਹ ਸਭਿਆਚਾਰਕ ਬਣਤਰ ਹੀ ਹੈ, ਜੋ ਸਮੇਂ ਦੇ ਬੀਤਣ ਨਾਲ ਤਬਦੀਲੀ ਯੋਗ ਹੈ, ਜਿਸ ਦਾ ਫੈਸਲਾ ਵਿਅਕਤੀ ਅਤੇ ਸਮਾਜ ਦੇ ਰਿਸ਼ਤੇ ਕਰਦੇ ਹਨ। ਅਜੋਕੀ ਮਨੁੱਖੀ ਭਲਾਈ ਦੀ ਸਾਇੰਸ (ਮਨੁੱਖੀ ਵਿਕਾਸ) ਨੇ ਕਥਿਤ ਪ੍ਰਾਚੀਨ ਸਭਿਆਚਾਰਾਂ ਦੀ ਤੁਲਨਾਤਮਕ ਖੋਜ ਰਾਹੀਂ ਸਾਨੂੰ ਸਿਖਾਇਆ ਹੈ ਕਿ ਮਨੁੱਖ ਦਾ ਸਮਾਜੀ ਵਿਹਾਰ, ਜਿਸ ਨੂੰ ਆਪਣੇ ਵੇਲੇ ਦਾ ਭਾਰੂ ਸਭਿਆਚਾਰ ਨਿਸ਼ਚਿਤ ਕਰਦਾ ਹੈ, ਤਤਕਾਲੀ ਸਭਿਆਚਾਰਕ ਪੱਧਰ 'ਤੇ ਜਥੇਬੰਦੀ ਦੀ ਕਿਸਮ ਅਨੁਸਾਰ ਬਹੁਤ ਵਖਰਾ ਹੋ ਸਕਦਾ ਹੈ। ਜੋ ਮਨੁੱਖੀ ਜ਼ਿੰਦਗੀ ਨੂੰ ਸੁਧਾਰਨਾ ਚਾਹੁੰਦੇ ਹਨ, ਉਨ੍ਹਾਂ ਵਾਸਤੇ ਇਹੀ ਖੇਤਰ ਹੈ ਜਿਸ ਵਿਚ ਉਹ ਕੁਝ ਖਾਸ ਕਰ ਸਕਦੇ ਹਨ।

ਆਪਣੀ ਸਰੀਰਕ ਬਣਤਰ ਕਾਰਨ ਇਕ-ਦੂਜੇ ਨੂੰ ਖਤਮ ਕਰਨ ਜਾਂ ਸਵੈ-ਮੜ੍ਹੀ ਜਾਲਮ ਕਿਸਮਤ ਕਾਰਨ ਮਨੁੱਖੀ ਹੋਂਦ ਦੀ ਨਿਖੇਧੀ ਨਹੀਂ ਹੋਣੀ ਚਾਹੀਦੀ। ਜੇ ਅਸੀਂ ਆਪਣੇ ਆਪ ਨੂੰ ਪੁਛੀਏ ਕਿ ਸਮਾਜੀ ਬਣਤਰ ਅਤੇ ਮਨੁੱਖੀ ਵਿਹਾਰ ਕਿਵੇਂ ਬਦਲਿਆ ਜਾਵੇ ਕਿ ਮਨੁੱਖੀ ਜ਼ਿੰਦਗੀ ਨੂੰ ਸੰਭਵ ਹੱਦ ਤਕ ਤਸੱਲੀਬਖਸ਼ ਬਣਾਇਆ ਜਾ ਸਕੇ? ਤਾਂ ਸਾਨੂੰ ਨਿਰੰਤਰ ਇਸ ਸੱਚਾਈ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ ਕਿ ਕੁਝ ਨਿਸ਼ਚਿਤ ਹਾਲਤਾਂ ਹਨ, ਜਿਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁਕਾ ਹੈ ਕਿ ਹਰੇਕ ਵਿਹਾਰੀ ਪੱਖ ਤੋਂ ਮਨੁੱਖ ਦੀ ਸਰੀਰਕ ਬਣਤਰ ਬਦਲੀ ਨਹੀਂ ਜਾ ਸਕਦੀ। ਇਸੇ ਤਰ੍ਹਾਂ ਪਿਛਲੀਆਂ ਕੁਝ ਸਦੀਆਂ ਵਿਚ ਹੋਏ ਤਕਨੀਕੀ ਅਤੇ ਇਲਾਕਾਈ ਵਿਕਾਸ ਨੇ ਕੁਝ ਹਾਲਤਾਂ ਪੈਦਾ ਕੀਤੀਆਂ ਹਨ, ਜਿਨ੍ਹਾਂ ਨੇ ਇਵੇਂ ਹੀ ਬਣੇ ਰਹਿਣਾ ਹੈ। ਸੰਘਣੀ ਵਸੋਂ, ਵਸਤੂਆਂ ਜੋ ਨਿਰੰਤਰ ਮਨੁੱਖੀ ਹੋਂਦ ਲਈ ਨਿਹਾਇਤ ਜਰੂਰੀ ਹਨ, ਅਤਿ ਦੀ ਕਿਰਤ ਵੰਡ ਅਤੇ ਵੱਡੀ ਪੱਧਰ 'ਤੇ ਕੇਂਦਰਿਤ ਪੈਦਾਵਾਰੀ ਢਾਂਚਾ ਇਸ ਦੀ ਕਤੱਈ ਲੋੜ ਹਨ। ਪਿਛੇ ਮੁੜਨ ਦਾ ਸਮਾਂ, ਜੋ ਬੜਾ ਆਦਰਸ਼ਵਾਦੀ ਜਾਪਦਾ ਹੈ, ਜਦੋਂ ਕਿ ਵਿਅਕਤੀ ਜਾਂ ਛੋਟੇ ਸਮੂਹ ਪੂਰਨ ਰੂਪ ਵਿਚ ਆਤਮ ਨਿਰਭਰ ਹੁੰਦੇ ਸਨ, ਸਦਾ ਲਈ ਲੰਘ ਗਿਆ ਹੈ। ਇਹ ਕਹਿਣਾ ਕੁਝ ਵਧਵਾਂ ਲਗ ਸਕਦਾ ਹੈ ਕਿ ਸਮੁੱਚੀ ਮਨੁੱਖ ਜਾਤੀ ਹੁਣ ਪੈਦਾਵਾਰ ਤੇ ਖਪਤਕਾਰੀ ਲਈ ਇਕ ਸਰਬ-ਸੰਸਾਰੀ ਭਾਈਚਾਰਾ ਬਣ ਗਿਆ ਹੈ।

ਮੈਂ ਹੁਣ ਇਸ ਨੁਕਤੇ ਉਤੇ ਪਹੁੰਚ ਗਿਆ ਹਾਂ, ਜਿਥੇ ਪਹੁੰਚ ਕੇ ਸੰਖੇਪ ਵਿਚ ਸਾਡੇ ਸਮਿਆਂ ਦੇ ਸੰਕਟ ਦੇ ਤੱਤ ਵੱਲ ਇਸ਼ਾਰਾ ਕਰ ਸਕਦਾ ਹਾਂ। ਇਹ ਵਿਅਕਤੀ ਅਤੇ ਸਮਾਜ ਦੇ ਰਿਸ਼ਤੇ ਨਾਲ ਸਬੰਧਤ ਹੈ। ਸਮਾਜ ਉਤੇ ਆਪਣੀ ਨਿਰਭਰਤਾ ਬਾਰੇ ਵਿਅਕਤੀ ਪਹਿਲਾਂ ਦੇ ਸਮਿਆਂ ਨਾਲੋਂ ਕਿਤੇ ਵਧੇਰੇ ਸੁਚੇਤ ਹੋਇਆ ਹੈ, ਪਰ ਉਸ ਨੇ ਆਪਣੀ ਇਸ ਨਿਰਭਰਤਾ ਨੂੰ ਇਕ ਹਾਂ-ਪੱਖੀ ਗੁਣ ਵਜੋਂ, ਇਕ ਜੀਵੰਤ ਰਿਸ਼ਤੇ ਵਜੋਂ, ਇਕ ਸੁਰੱਖਿਅਤ ਸ਼ਕਤੀ ਵਜੋਂ ਨਹੀਂ ਲਿਆ, ਸਗੋਂ ਆਪਣੇ ਕੁਦਰਤੀ ਹੱਕਾਂ ਨੂੰ ਖਤਰਾ ਤੇ ਇਥੋਂ ਤਕ ਕਿ ਆਪਣੀ ਆਰਥਕ ਹੋਂਦ ਨੂੰ ਦਰਪੇਸ਼ ਇਕ ਖਤਰੇ ਵਜੋਂ ਸਮਝ ਲਿਆ ਹੈ। ਇਸ ਤੋਂ ਵੀ ਵਧੇਰੇ, ਸਮਾਜ ਵਿਚ ਉਸ ਦਾ ਇਕ ਅਜਿਹਾ ਦਰਜਾ ਨਿਸ਼ਚਿਤ ਹੈ ਕਿ ਹੰਕਾਰੀ ਅਤੇ ਸੁਆਰਥੀ (ਹਉਮੈ ਗ੍ਰਸਤ) ਧੁੱਸ ਉਸ ਦੀ ਮਾਨਸਿਕ ਬਣਤਰ ਉਤੇ ਲਗਾਤਾਰ ਭਾਰੂ ਹੁੰਦੀ ਜਾਂਦੀ ਹੈ। ਜਦੋਂ ਕਿ ਸਮਾਜੀ ਧੁੱਸ, ਜੋ ਸੁਭਾਵਿਕ ਹੀ ਕਮਜੋਰ ਹੁੰਦੀ ਹੈ, ਲਗਾਤਾਰ ਖੁਰਦੀ ਜਾਂਦੀ ਹੈ। ਅਜੋਕੇ ਸਾਰੇ ਮਨੁੱਖ, ਭਾਵੇਂ ਉਨ੍ਹਾਂ ਦੀ ਸਮਾਜ ਵਿਚ ਕੋਈ ਵੀ ਥਾਂ ਹੋਵੇ, ਇਸ ਵਰਤਾਰੇ ਨਾਲ ਪੀੜਤ ਹਨ। ਅਣਜਾਣੇ ਵਿਚ ਆਪਣੀ ਹਉਮੈ ਦੇ ਕੈਦੀ ਬਣੇ ਉਹ ਹਰ ਵੇਲੇ ਆਪਣੇ ਆਪ ਨੂੰ ਅਣਸੁਰੱਖਿਅਤ ਤੇ ਇਕੱਲੇ ਮਹਿਸੂਸ ਕਰਦੇ ਹਨ ਅਤੇ ਇਸ ਤਰ੍ਹਾਂ ਜ਼ਿੰਦਗੀ ਦੇ ਭਰਪੂਰ ਸਹਿਜ ਤੇ ਨਿਸ਼ਕਪਟ ਅਨੰਦ ਤੋਂ ਵਿਰਵੇ ਰਹਿੰਦੇ ਹਨ। ਸਿਰਫ ਆਪਣੇ ਆਪ ਨੂੰ ਸਮਾਜ ਅੱਗੇ ਸਮਰਪਿਤ ਕਰਕੇ ਹੀ ਮਨੁੱਖ ਆਪਣੀ ਸੀਮਤ ਤੇ ਜੋਖਮ ਭਰੀ ਜ਼ਿੰਦਗੀ ਵਿਚ ਕੋਈ ਅਰਥ ਭਰ ਸਕਦਾ ਹੈ।

ਮੇਰੇ ਖਿਆਲ ਵਿਚ ਅਜੋਕੇ ਪੂੰਜੀਵਾਦੀ ਸਮਾਜ ਵਿਚਲੀ ਆਰਥਕ ਅਰਾਜਕਤਾ ਹੀ ਬੁਰਾਈ ਦਾ ਅਸਲੀ ਸੋਮਾ ਹੈ। ਅਸੀਂ ਆਪਣੀਆਂ ਅੱਖਾਂ ਸਾਹਮਣੇ ਵੇਖ ਰਹੇ ਹਾਂ ਕਿ ਕਿਵੇਂ ਪੈਦਾਵਾਰ ਕਰਨ ਵਾਲਿਆਂ ਦਾ ਵੱਡਾ ਭਾਈਚਾਰਾ ਇਕ-ਦੂਜੇ ਨੂੰ ਆਪਣੀ ਸਮੂਹਕ ਕਿਰਤ ਦੇ ਫਲ ਤੋਂ ਵਿਰਵੇ ਰਖਣ ਲਈ ਨਿਰੰਤਰ ਯਤਨਸ਼ੀਲ ਹੈ। ਉਹ ਇਹ

(ਬਾਕੀ ਅਗਲੇ ਸਫੇ 'ਤੇ)

***ਮੈਂ ਹੁਣ ਇਸ ਨੁਕਤੇ ਉਤੇ ਪਹੁੰਚ ਗਿਆ ਹਾਂ, ਜਿਥੇ ਪਹੁੰਚ ਕੇ ਸੰਖੇਪ ਵਿਚ ਸਾਡੇ ਸਮਿਆਂ ਦੇ ਸੰਕਟ ਦੇ ਤੱਤ ਵੱਲ ਇਸ਼ਾਰਾ ਕਰ ਸਕਦਾ ਹਾਂ। ਇਹ ਵਿਅਕਤੀ ਅਤੇ ਸਮਾਜ ਦੇ ਰਿਸ਼ਤੇ ਨਾਲ ਸਬੰਧਤ ਹੈ। ਸਮਾਜ ਉਤੇ ਆਪਣੀ ਨਿਰਭਰਤਾ ਬਾਰੇ ਵਿਅਕਤੀ ਪਹਿਲਾਂ ਦੇ ਸਮਿਆਂ ਨਾਲੋਂ ਕਿਤੇ ਵਧੇਰੇ ਸੁਚੇਤ ਹੋਇਆ ਹੈ, ਪਰ ਉਸ ਨੇ ਆਪਣੀ ਇਸ ਨਿਰਭਰਤਾ ਨੂੰ ਇਕ ਹਾਂ-ਪੱਖੀ ਗੁਣ ਵਜੋਂ, ਇਕ ਜੀਵੰਤ ਰਿਸ਼ਤੇ ਵਜੋਂ, ਇਕ ਸੁਰੱਖਿਅਤ ਸ਼ਕਤੀ ਵਜੋਂ ਨਹੀਂ ਲਿਆ, ਸਗੋਂ ਆਪਣੇ ਕੁਦਰਤੀ ਹੱਕਾਂ ਨੂੰ ਖਤਰਾ ਤੇ ਇਥੋਂ ਤਕ ਕਿ ਆਪਣੀ ਆਰਥਕ ਹੋਂਦ ਨੂੰ ਦਰਪੇਸ਼ ਇਕ ਖਤਰੇ ਵਜੋਂ ਸਮਝ ਲਿਆ ਹੈ। ਇਸ ਤੋਂ ਵੀ ਵਧੇਰੇ, ਸਮਾਜ ਵਿਚ ਉਸ ਦਾ ਇਕ ਅਜਿਹਾ ਦਰਜਾ ਨਿਸ਼ਚਿਤ ਹੈ ਕਿ ਹੰਕਾਰੀ ਅਤੇ ਸੁਆਰਥੀ (ਹਉਮੈ ਗ੍ਰਸਤ) ਧੁੱਸ ਉਸ ਦੀ ਮਾਨਸਿਕ ਬਣਤਰ ਉਤੇ ਲਗਾਤਾਰ ਭਾਰੂ ਹੁੰਦੀ ਜਾਂਦੀ ਹੈ। ਜਦੋਂ ਕਿ ਸਮਾਜੀ ਧੁੱਸ, ਜੋ ਸੁਭਾਵਿਕ ਹੀ ਕਮਜੋਰ ਹੁੰਦੀ ਹੈ, ਲਗਾਤਾਰ ਖੁਰਦੀ ਜਾਂਦੀ ਹੈ। ਅਜੋਕੇ ਸਾਰੇ ਮਨੁੱਖ, ਭਾਵੇਂ ਉਨ੍ਹਾਂ ਦੀ ਸਮਾਜ ਵਿਚ ਕੋਈ ਵੀ ਥਾਂ ਹੋਵੇ, ਇਸ ਵਰਤਾਰੇ ਨਾਲ ਪੀੜਤ ਹਨ। ਅਣਜਾਣੇ ਵਿਚ ਆਪਣੀ ਹਉਮੈ ਦੇ ਕੈਦੀ ਬਣੇ ਉਹ ਹਰ ਵੇਲੇ ਆਪਣੇ ਆਪ ਨੂੰ ਅਣਸੁਰੱਖਿਅਤ ਤੇ ਇਕੱਲੇ ਮਹਿਸੂਸ ਕਰਦੇ ਹਨ ਅਤੇ ਇਸ ਤਰ੍ਹਾਂ ਜ਼ਿੰਦਗੀ ਦੇ ਭਰਪੂਰ ਸਹਿਜ ਤੇ ਨਿਸ਼ਕਪਟ ਅਨੰਦ ਤੋਂ ਵਿਰਵੇ ਰਹਿੰਦੇ ਹਨ।***

# ਕੀ ਨਿਰਭਯਾ ਨੂੰ ਇਨਸਾਫ ਮਿਲਿਆ?

ਸੁਪਰੀਮ ਕੋਰਟ ਨੇ ਵਹਿਸ਼ੀਆਨਾ ਅਤੇ ਹੱਦ ਦਰਜੇ ਦੀ ਦਰਿੰਦਗੀ ਵਾਲੇ ਨਿਰਭਯਾ ਸਮੂਹਿਕ ਬਲਾਤਕਾਰ ਕੇਸ ਦੇ ਤਿੰਨ ਦੋਸ਼ੀਆਂ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਦੀ ਪਟੀਸ਼ਨ ਖਾਰਜ ਕਰਦਿਆਂ ਫਾਂਸੀ ਦੀ ਸਜ਼ਾ ਬਹਾਲ ਰੱਖੀ ਹੈ ਜਦਕਿ ਚੌਥੇ ਦੋਸ਼ੀ ਅਕਸ਼ੈ ਨੇ ਪਟੀਸ਼ਨ ਦਾਖਲ ਹੀ ਨਹੀਂ ਸੀ ਕੀਤੀ। ਫੈਸਲੇ ਦੇ ਸਮੇਂ ਨਿਰਭਯਾ ਦੇ ਪਰਿਵਾਰ ਦੇ ਜੀਅ ਹਾਜ਼ਰ ਸਨ। ਉਨ੍ਹਾਂ ਨੇ ਫੈਸਲੇ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਸਾਨੂੰ ਦੇਸ਼ ਦੀ ਨਿਆਂਪਾਲਿਕਾ ਉਤੇ ਭਰੋਸਾ ਸੀ। ਪੀੜਤਾ ਦੇ ਪਿਤਾ ਨੇ ਕਿਹਾ, ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ।

16 ਦਸੰਬਰ 2012 ਦੀ ਰਾਤ ਨਿਰਭਯਾ ਲਈ ਬੇਹੱਦ ਦਰਿੰਦਗੀ ਅਤੇ ਮੌਤ ਦਾ ਪੈਗਾਮ ਲੈ ਕੇ ਆਈ ਸੀ। ਨਿਰਭਯਾ ਆਪਣੇ ਦੋਸਤ ਨਾਲ 8:30 ਵਜੇ ਫਿਲਮ ਦੇਖ ਕੇ ਵਾਪਸ ਘਰ ਨੂੰ

**ਡਾ. ਗੁਰਿੰਦਰ ਕੌਰ***
**ਫੋਨ: 424-362-8759**

ਜਾਣ ਲਈ ਜਿਸ ਬੱਸ ਵਿਚ ਚੜ੍ਹੀ, ਉਸ ਵਿਚ ਬੈਠੇ ਵਿਅਕਤੀਆਂ ਨੇ ਉਸ ਅਤੇ ਉਸ ਦੇ ਦੋਸਤ ਨੂੰ ਗਾਲ੍ਹਾਂ ਕੱਢਣ ਪਿਛੋਂ ਲੋਹੇ ਦੀ ਰਾਡ ਨਾਲ ਮਾਰ-ਕੁਟਾਈ ਕੀਤੀ। ਨਿਰਭਯਾ ਨਾਲ ਸਮੂਹਿਕ ਬਲਾਤਕਾਰ ਪਿਛੋਂ ਦੋਹਾਂ ਨੂੰ ਨਿਰਵਸਤਰ ਸੜਕ 'ਤੇ ਸੁੱਟ ਦਿੱਤਾ। ਸਮੂਹਿਕ ਬਲਾਤਕਾਰ ਦੀ ਇਸ ਦਿਲ ਕੰਬਾਊ ਅਤੇ ਦਰਿੰਦਗੀ ਭਰੀ ਘਟਨਾ ਨੇ ਦੇਸ਼ ਦੇ ਕਰੀਬ ਹਰ ਵਾਸੀ ਦਾ ਹਿਰਦਾ ਵਲੂੰਧਰ ਸੁੱਟਿਆ ਅਤੇ ਦੇਸ਼ ਦੀ ਜ਼ਮੀਰ ਨੂੰ ਇਸ ਕਦਰ ਹਲੂਣ ਕੇ ਰੱਖ ਦਿੱਤਾ ਕਿ ਥਾਂ ਥਾਂ ਰੋਸ ਮੁਜ਼ਾਹਰੇ ਹੋਏ। ਲੋਕਾਂ ਦੇ ਰੋਹ ਅਤੇ ਮੌਕੇ ਦੀ ਨਜ਼ਾਕਤ ਸਮਝਦਿਆਂ ਸਰਕਾਰ ਨੇ ਅਜਿਹੀਆਂ ਵਹਿਸ਼ੀਆਨਾ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਔਰਤਾਂ ਦੀ ਸੁਰੱਖਿਆ ਲਈ ਇੱਕ ਸਖਤ ਕਾਨੂੰਨ ਵੀ ਬਣਾਇਆ।

ਇਸ ਘਟਨਾ ਤੋਂ ਕਰੀਬ ਨੌਂ ਮਹੀਨੇ ਬਾਅਦ 13 ਸਤੰਬਰ 2013 ਨੂੰ ਫਾਸਟ ਟਰੈਕ ਕੋਰਟ ਨੇ ਚਾਰ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇ ਹੁਕਮ ਸੁਣਾ ਦਿੱਤੇ, ਜਿਸ 'ਤੇ ਦਿੱਲੀ ਹਾਈਕੋਰਟ ਨੇ ਛੇ ਮਹੀਨੇ ਬਾਅਦ 13 ਮਾਰਚ 2014 ਨੂੰ ਮੋਹਰ ਲਾ ਦਿੱਤੀ। ਬਾਕੀ ਦੋ ਦੋਸ਼ੀਆਂ ਵਿਚੋਂ ਇੱਕ ਨੇ ਤਿਹਾੜ ਜੇਲ੍ਹ ਵਿਚ 11 ਮਾਰਚ 2013 ਨੂੰ ਖੁਦਕੁਸ਼ੀ ਕਰ ਲਈ ਅਤੇ ਦੂਜਾ ਨਾਬਾਲਗ ਹੋਣ ਕਾਰਨ 3 ਸਾਲ ਦੀ ਸਜ਼ਾ ਤੋਂ ਬਾਅਦ 2015 ਵਿਚ ਰਿਹਾ ਕਰ ਦਿੱਤਾ ਗਿਆ। ਦਿੱਲੀ ਹਾਈ ਕੋਰਟ ਦੇ ਫੈਸਲੇ ਪਿਛੋਂ ਬਾਕੀ ਚਾਰਾਂ ਦੋਸ਼ੀਆਂ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਦਿੱਤੀ। 5 ਮਈ 2017 ਨੂੰ ਸੁਪਰੀਮ ਕੋਰਟ ਨੇ ਵੀ ਮੌਤ ਦੀ ਸਜ਼ਾ ਬਰਕਰਾਰ ਰੱਖਦਿਆਂ ਫੈਸਲਾ ਦੇ ਦਿੱਤਾ, ਪਰ ਚਾਰਾਂ ਵਿਚੋਂ ਤਿੰਨ ਦੋਸ਼ੀਆਂ ਨੇ ਫਾਂਸੀ ਦੀ ਸਜ਼ਾ ਦੇਣ ਨੂੰ ਦੋਸ਼ੀਆਂ ਉਤੇ ਬੇਰਹਿਮੀ ਵਾਲਾ ਫੈਸਲਾ ਦੱਸਦਿਆਂ ਇਸ ਉਤੇ ਮੁੜ ਵਿਚਾਰ ਲਈ ਸੁਪਰੀਮ ਕੋਰਟ ਵਿਚ ਅਰਜ਼ੀ ਦੇ ਦਿੱਤੀ ਜਿਸ ਦੀ ਸੁਣਵਾਈ ਲਈ ਕਾਫੀ ਸੋਚ-ਵਿਚਾਰ ਪਿਛੋਂ ਸੁਪਰੀਮ ਕੋਰਟ ਨਵੰਬਰ 2017 ਵਿਚ ਰਾਜ਼ੀ ਹੋ ਗਈ ਸੀ।

ਹੁਣ ਉਸੇ ਅਰਜ਼ੀ ਸਬੰਧੀ 9 ਜੁਲਾਈ 2018 ਨੂੰ ਸੁਪਰੀਮ ਕੋਰਟ ਨੇ ਕੇਸ ਦੇ ਵੱਖ ਵੱਖ ਪਹਿਲੂਆਂ ਅਤੇ ਦੋਸ਼ੀਆਂ ਦੇ ਵਿਹਾਰ ਨਾਲ ਜੁੜੇ ਤੱਥਾਂ ਨੂੰ ਚੰਗੀ ਤਰ੍ਹਾਂ ਵਿਚਾਰਨ ਪਿਛੋਂ ਫੈਸਲਾ ਦਿੱਤਾ ਹੈ ਕਿ ਕੇਸ ਵਿਚ ਅਜਿਹਾ ਕੁਝ ਵੀ ਨਹੀਂ ਹੈ ਜਿਸ ਨਾਲ ਦੋਸ਼ੀਆਂ ਉਤੇ ਰਹਿਮ ਕੀਤਾ ਜਾ ਸਕੇ ਅਤੇ ਉਨ੍ਹਾਂ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਜਾਵੇ। ਇਸ ਫੈਸਲੇ ਦਾ ਪੀੜਤਾ ਦੇ ਮਾਂ-ਬਾਪ ਸਮੇਤ ਦੇਸ਼ ਭਰ ਦੇ ਲੋਕਾਂ ਨੇ ਸੁਆਗਤ ਕਰਦਿਆਂ ਕਿਹਾ ਹੈ ਕਿ ਪੀੜਤਾ ਨੂੰ ਇਨਸਾਫ ਮਿਲ ਗਿਆ ਹੈ।

ਕੀ ਪੀੜਤਾ ਨੂੰ ਸੱਚਮੁੱਚ ਇਨਸਾਫ ਮਿਲ ਗਿਆ ਹੈ ਜਾਂ ਨਹੀਂ? ਇਹ ਤਾਂ ਵਾਰਦਾਤ ਦੇ ਦਿਨ ਤੋਂ ਹੀ ਸਾਫ ਹੋ ਗਿਆ ਸੀ ਕਿ ਇਨ੍ਹਾਂ ਛੇ ਵਿਅਕਤੀਆਂ ਨੇ ਘੋਰ ਦਰਿੰਦਗੀ ਨਾਲ ਇੱਕ ਲੜਕੀ ਨਾਲ ਬਲਾਤਕਾਰ ਹੀ ਨਹੀਂ ਕੀਤਾ, ਉਸ ਦੇ ਸਰੀਰ ਨੂੰ ਕਰੂਰਤਾ ਨਾਲ ਨੋਚਿਆ, ਕੋਹਿਆ, ਕੁੱਟਿਆ ਅਤੇ ਫਿਰ ਬੇਦਰਦੀ ਨਾਲ ਉਸ ਦੇ ਅੰਦਰ ਲੋਹੇ ਦੀ ਰਾਡ ਪਾ ਕੇ ਉਸ ਦੀਆਂ ਅੰਤੜੀਆਂ ਤੱਕ ਬਾਹਰ ਕੱਢ ਦਿੱਤੀਆਂ, ਅੱਖ ਕੱਢ ਦਿੱਤੀ, ਫਿਰ ਉਸ ਨੂੰ ਲਹੂ-ਲੁਹਾਣ ਹੋਈ ਨੂੰ ਮਾਰਨ ਦੀ ਨੀਅਤ ਨਾਲ ਚੱਲਦੀ ਬੱਸ ਵਿਚੋਂ ਸੜਕ 'ਤੇ ਸੁੱਟ ਦਿੱਤਾ। ਘਟਨਾ ਇੰਨੀ ਦਰਿੰਦਗੀ ਵਾਲੀ ਸੀ ਕਿ ਇੱਕ ਵਾਰ ਤਾਂ ਸਾਰਾ ਦੇਸ਼ ਹਿੱਲ ਗਿਆ ਸੀ। ਸਕਤੇ ਵਿਚ ਆਈ ਸਰਕਾਰ ਨੇ ਸਥਿਤੀ ਨੂੰ ਸੰਭਾਲਣ ਲਈ ਔਰਤਾਂ ਦੀ ਸੁਰੱਖਿਆ ਲਈ ਸਖਤ ਕਾਨੂੰਨ ਅਤੇ ਅਜਿਹੇ ਕੇਸਾਂ ਦਾ ਨਿਪਟਾਰਾ ਕਰਨ ਲਈ ਫਾਸਟ ਟਰੈਕ ਅਦਾਲਤਾਂ ਵੀ ਬਣਾ ਦਿੱਤੀਆਂ ਪਰ ਜੇ ਇੰਨੀ ਦਰਿੰਦਗੀ ਵਾਲੇ ਬਲਾਤਕਾਰ ਕੇਸ ਲਈ ਫਾਸਟ ਟਰੈਕ ਅਦਾਲਤਾਂ ਹੋਣ ਦੇ ਬਾਵਜੂਦ ਸੁਪਰੀਮ ਕੋਰਟ ਦਾ ਫੈਸਲਾ ਆਉਣ ਨੂੰ 5 ਸਾਲ 7 ਮਹੀਨੇ ਲੱਗ ਗਏ ਤਾਂ ਸੋਚੋ ਪੀੜਤ ਪਰਿਵਾਰ ਅਤੇ ਪੀੜਤਾ ਨੂੰ ਕੀ ਇਨਸਾਫ ਮਿਲਿਆ? ਇੰਨੀ ਦੇਰ ਨਾਲ ਮਿਲੇ ਨਿਆਂ ਦਾ ਤਾਂ ਮਹੱਤਵ ਹੀ ਘੱਟ ਜਾਂਦਾ ਹੈ। ਇਸ ਤਰ੍ਹਾਂ ਦੇ ਕੇਸਾਂ ਵਿਚ ਜੇ ਇੰਨਾ ਸਮਾਂ ਲੱਗਦਾ ਹੈ ਤਾਂ ਆਮ ਕੇਸਾਂ ਦਾ ਨਿਪਟਾਰਾ ਹੁੰਦੇ ਕਿੰਨਾ ਸਮਾਂ ਲੱਗ ਸਕਦਾ ਹੈ, ਅੰਦਾਜ਼ਾ ਲਾਉਣਾ ਵੀ ਮੁਸ਼ਕਿਲ ਹੈ।

ਭਾਰਤ ਵਿਚ ਔਰਤਾਂ ਦੀ ਸੁਰੱਖਿਆ ਲਈ ਕਾਨੂੰਨ ਤਾਂ ਪਹਿਲਾਂ ਵੀ ਬਹੁਤ ਹਨ, ਪਰ ਉਨ੍ਹਾਂ 'ਤੇ ਅਕਸਰ ਅਮਲ ਨਹੀਂ ਹੁੰਦਾ। ਇਸ ਕੇਸ ਵਿਚ ਦੋਸ਼ੀਆਂ ਨੂੰ ਆਪਣਾ ਪੱਖ ਰੱਖਣ ਲਈ ਵਾਰ ਵਾਰ ਮੌਕਾ ਦਿੱਤਾ ਗਿਆ ਜਿਸ ਦੀ ਸ਼ੁਰੂਆਤ ਫਾਸਟ ਟਰੈਕ ਅਦਾਲਤ ਤੋਂ ਬਾਅਦ ਹਾਈ ਕੋਰਟ ਹੁੰਦੀ ਹੋਈ, ਸੁਪਰੀਮ ਕੋਰਟ ਅਤੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਰਹਿਮ ਦੇ ਆਧਾਰ ਉਤੇ ਦੋਸ਼ੀਆਂ ਨੇ ਫਿਰ ਸੁਪਰੀਮ ਕੋਰਟ ਵਿਚ ਫਾਂਸੀ ਦੀ ਸਜ਼ਾ ਘਟਾ ਕੇ ਉਮਰ ਕੈਦ ਵਿਚ ਬਦਲਣ ਦੀ ਅਪੀਲ ਤੱਕ ਕਰ ਦਿੱਤੀ। ਇਸ ਤੋਂ ਬਾਅਦ ਵੀ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਕਰਨ ਦਾ ਇੱਕ ਹੋਰ ਮੌਕਾ ਅਪਰਾਧੀਆਂ ਕੋਲ ਹੈ।

ਇਸ ਫੈਸਲੇ ਨਾਲ ਪੀੜਤ ਲੜਕੀ ਨੂੰ ਤਾਂ ਕੀ ਇਨਸਾਫ ਮਿਲਣਾ ਸੀ, ਕਿਉਂਕਿ ਉਹ ਤਾਂ ਇਸ ਦੁਨੀਆਂ ਵਿਚ ਹੈ ਹੀ ਨਹੀਂ, ਉਸ ਦੇ ਘਰਦਿਆਂ ਨੂੰ ਵੀ ਹਾਲੇ ਤੱਕ ਇਨਸਾਫ ਨਹੀਂ ਮਿਲਿਆ। ਇਸੇ ਲਈ ਹੀ ਪੀੜਤਾ ਦੀ ਮਾਂ ਨੇ ਕਿਹਾ ਹੈ ਕਿ ਹੁਣ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਫਾਂਸੀ ਦਿੱਤੀ ਜਾਵੇ ਕਿਉਂਕਿ ਪਹਿਲਾਂ ਹੀ ਬਹੁਤ ਦੇਰ ਹੋ ਚੁਕੀ ਹੈ।

ਇਸ ਤੋਂ ਇਲਾਵਾ ਇਸ ਕੇਸ ਵਿਚਲੇ ਨਾਬਾਲਗ ਲੜਕੇ ਨੂੰ ਬਲਾਤਕਾਰ ਅਤੇ ਕਤਲ ਵਰਗੇ ਘਿਨੌਣੇ ਅਪਰਾਧ ਕਰਨ ਤੋਂ ਬਾਅਦ ਵੀ ਤਿੰਨ ਸਾਲ ਦੀ ਮਾਮੂਲੀ ਸਜ਼ਾ ਦੇ ਕੇ ਛੱਡ ਦਿੱਤਾ ਗਿਆ। ਸੋਚਣਾ ਬਣਦਾ ਹੈ, ਇੰਨਾ ਘਿਨੌਣਾ ਅਪਰਾਧ ਕਰਨ ਵੇਲੇ ਉਹ ਕਿਵੇਂ ਵੱਡੀ ਉਮਰ ਦੇ ਬੰਦਿਆਂ ਤੋਂ ਵੀ ਅੱਗੇ ਲੰਘ ਗਿਆ? ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਨਾਬਾਲਗ ਨੇ ਹੀ ਇਸ ਘਟਨਾ ਦੀ ਵਿਉਂਤ ਬਣਾ ਕੇ ਉਸ ਨੂੰ ਅੰਜਾਮ ਦਿੱਤਾ ਸੀ। ਉਸੇ ਨੇ ਹੀ ਪੀੜਤ ਲੜਕੀ ਅਤੇ ਉਸ ਦੇ ਦੋਸਤ ਨੂੰ ਬੱਸ ਵਿਚ ਬੈਠਾਇਆ, ਕਿਰਾਇਆ ਲਿਆ; ਫਿਰ ਭੱਦੇ ਵਿਅੰਗ ਕਰਕੇ ਉਨ੍ਹਾਂ ਨੂੰ ਲੜਨ ਲਈ ਉਕਸਾਇਆ ਅਤੇ ਲੋਹੇ ਦੀ ਰਾਡ ਨਾਲ ਕੁੱਟਿਆ ਵੀ। ਇਸੇ ਲੜਕੇ ਨੇ ਨਿਰਭਯਾ ਦਾ ਇੱਕ ਵਾਰ ਜਦੋਂ ਉਹ ਹੋਸ਼ ਵਿਚ ਸੀ ਅਤੇ ਦੂਜੀ ਵਾਰ ਜਦੋਂ ਉਹ ਬੇਹੋਸ਼ ਸੀ, ਸਰੀਰਕ ਸ਼ੋਸਣ ਕੀਤਾ। ਬਾਅਦ ਵਿਚ ਇਸੇ ਦੋਸ਼ੀ ਨੇ ਬੜੇ ਜ਼ਾਲਮਾਨਾ ਢੰਗ ਨਾਲ ਲੜਕੀ ਦੀਆਂ ਅੰਤੜੀਆਂ ਬਾਹਰ ਕੱਢ ਦਿੱਤੀਆਂ ਅਤੇ ਉਸ ਨੂੰ ਚੱਲਦੀ ਬੱਸ ਵਿਚੋਂ ਸੜਕ ਉਤੇ ਵਗਾਹ ਮਾਰਿਆ। ਹੁਣ ਉਹ ਦੋਸ਼ੀ ਖੁਲ੍ਹੇਆਮ ਘੁੰਮਦਾ ਫਿਰਦਾ ਹੈ। ਇਨਸਾਫ ਅਤੇ ਸੁਰੱਖਿਆ, ਪੀੜਤ ਲੜਕੀ ਨੂੰ ਮਿਲਣ ਦੀ ਥਾਂ, ਦੋਸ਼ੀ ਨੂੰ ਮਿਲ ਗਈ। ਪੀੜਤ ਲੜਕੀ ਆਪਣੀ ਜਾਨ ਤੋਂ ਗਈ ਅਤੇ ਦੋਸ਼ੀ ਲੜਕਾ ਆਪਣੀ ਜ਼ਿੰਦਗੀ ਜੀਅ ਰਿਹਾ ਹੈ।

ਇਸ ਤਰ੍ਹਾਂ ਦੇ ਘਿਨੌਣੇ ਅਪਰਾਧ ਕਰਨ ਵਾਲੇ ਦੋਸ਼ੀਆਂ ਉਤੇ ਰਹਿਮ ਕਰਕੇ ਅਸੀਂ ਸਮਾਜ




ਵਿਚ ਅਪਰਾਧੀ ਪ੍ਰਵਿਰਤੀ ਵਾਲੇ ਵਿਅਕਤੀਆਂ ਨੂੰ ਅਣਜਾਣੇ ਹੀ ਹੋਰ ਅਪਰਾਧ ਕਰਨ ਦਾ ਮੌਕਾ ਦੇ ਰਹੇ ਹੁੰਦੇ ਹਾਂ ਕਿਉਂਕਿ ਉਹ ਸਮਝਦੇ ਹਨ ਕਿ ਕਾਨੂੰਨ ਪੀੜਤ ਦੀ ਨਹੀਂ, ਦੋਸ਼ੀ ਦੀ ਹਿਫਾਜ਼ਤ ਕਰ ਰਿਹਾ ਹੈ। ਇਸ ਨਾਲ ਅਪਰਾਧਾਂ ਵਿਚ ਹੋਰ ਵਾਧਾ ਹੁੰਦਾ ਰਹਿੰਦਾ ਹੈ। ਦਿੱਲੀ ਪੁਲਿਸ ਵਿਭਾਗ ਦੀ ਹਾਲ ਹੀ ਵਿਚ ਜਾਰੀ ਕੀਤੀ ਗਈ ਇੱਕ ਰਿਪੋਰਟ ਇਸ ਤੱਥ ਦੀ ਸਾਫ ਪੁਸ਼ਟੀ ਕਰਦੀ ਹੈ। ਰਿਪੋਰਟ ਅਨੁਸਾਰ ਸਾਲ 2018 ਦੇ ਜੂਨ ਮਹੀਨੇ ਤੱਕ ਦਿੱਲੀ ਵਿਚ ਹਰ ਰੋਜ਼ 17 ਔਰਤਾਂ ਜਿਣਸੀ ਸੋਸ਼ਣ ਦਾ ਸ਼ਿਕਾਰ ਹੋਈਆਂ ਹਨ, ਜਦਕਿ ਸਾਲ 2012 ਵਿਚ ਇਨ੍ਹਾਂ ਦੀ ਗਿਣਤੀ ਸਿਰਫ ਚਾਰ ਜਾਂ ਪੰਜ ਸੀ ਅਤੇ ਇਸੇ ਅਰਸੇ ਦੌਰਾਨ ਇਕੱਲੇ ਬਲਾਤਕਾਰਾਂ ਵਿਚ 250 ਫੀਸਦ ਦਾ ਵਾਧਾ ਹੋਇਆ ਹੈ।

ਸਾਫ ਜਾਹਰ ਹੈ ਕਿ ਸਖਤ ਕਾਨੂੰਨਾਂ ਦੇ ਹੁੰਦਿਆਂ ਵੀ ਬਲਾਤਕਾਰਾਂ ਅਤੇ ਔਰਤਾਂ ਨਾਲ ਹੋਣ ਵਾਲੇ ਹੋਰ ਜ਼ੁਰਮਾਂ ਵਿਚ ਵਾਧੇ ਲਈ ਦੋਸ਼ੀਆਂ ਨੂੰ ਦੇਰ ਨਾਲ ਅਤੇ ਬਹੁਤ ਥੋੜ੍ਹੀ ਸਜ਼ਾ ਮਿਲਣਾ, ਵੱਡਾ ਕਾਰਨ ਹੈ। ਦੋਸ਼ੀਆਂ ਨੂੰ ਸਜ਼ਾ ਇਕੱਲੇ ਦੇਰ ਨਾਲ ਹੀ ਨਹੀਂ ਮਿਲਦੀ, ਸਗੋਂ ਮਿਲਦੀ ਵੀ ਬਹੁਤ ਘੱਟ ਦੋਸ਼ੀਆਂ ਨੂੰ ਹੈ। ਸਾਲ 1973 ਵਿਚ ਬਲਾਤਕਾਰ ਦੇ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਦਰ 44.28 ਫੀਸਦ ਸੀ, ਜੋ 2016 ਵਿਚ ਘਟ ਕੇ ਸਿਰਫ 25 ਫੀਸਦ ਰਹਿ ਗਈ ਭਾਵ ਚਾਰ ਵਿਚੋਂ ਸਿਰਫ ਇੱਕ ਦੋਸ਼ੀ ਨੂੰ ਹੀ ਸਜ਼ਾ ਮਿਲੀ।

ਜੇ ਨਿਰਭਯਾ ਕੇਸ ਦੇ ਦੋਸ਼ੀਆਂ ਨੂੰ ਸਜ਼ਾ ਵਕਤ ਸਿਰ ਮਿਲੀ ਹੁੰਦੀ ਤਾਂ ਦਿੱਲੀ ਵਿਚ ਔਰਤਾਂ ਨਾਲ ਹੁੰਦੇ ਜ਼ੁਰਮਾਂ ਵਿਚ ਵਾਧਾ ਹੋਣ ਦੀ ਥਾਂ, ਤੇਜ਼ੀ ਨਾਲ ਘੱਟਦੇ। ਸਾਡਾ ਕਾਨੂੰਨ ਦੋਸ਼ੀਆਂ ਨੂੰ ਵਾਰ-ਵਾਰ ਮੌਕਾ ਇਸ ਲਈ ਵੀ ਦੇ ਰਿਹਾ ਹੁੰਦਾ ਹੈ ਕਿ ਸ਼ਾਇਦ ਉਹ ਆਪਣੀ ਗਲਤੀ ਸੁਧਾਰ ਕੇ ਇੱਕ ਚੰਗੇ ਇਨਸਾਨ ਬਣ ਜਾਣ, ਪਰ ਸਾਲ 2015 ਵਿਚ ਬੀ. ਬੀ. ਸੀ. ਨੂੰ ਨਿਰਭਯਾ ਦੋਸ਼ੀਆਂ ਦੀ ਦਿੱਤੀ ਗਈ ਇੱਕ ਇੰਟਰਵਿਊ ਤੋਂ ਉਨ੍ਹਾਂ ਦੀ ਗੰਦੀ, ਸੌੜੀ ਅਤੇ ਜ਼ਿੰਦਗੀ ਵਿਚ ਕਦੇ ਵੀ ਨਾ ਸੁਧਰਨ ਵਾਲੀ ਮਾਨਸਿਕਤਾ ਦਾ ਪਤਾ ਲੱਗਦਾ ਹੈ। ਦੋਸ਼ੀਆਂ ਦੇ ਵਿਚਾਰ ਅਨੁਸਾਰ ਇਸ ਘਿਨੌਣੇ ਬਲਾਤਕਾਰ ਵਿਚ ਉਹ ਕਸੂਰਵਾਰ ਹੈ ਹੀ ਨਹੀਂ, ਲੜਕੀ ਹੀ ਕਸੂਰਵਾਰ ਸੀ ਕਿਉਂਕਿ ਉਹ ਹੀ ਰਾਤ ਨੂੰ ਬਾਹਰ ਘੁੰਮਣ ਆਈ ਸੀ।

ਇੱਕ ਦਾ ਤਾਂ ਕਹਿਣਾ ਸੀ ਕਿ ਲੜਕੀ ਨੂੰ ਬਲਾਤਕਾਰ ਦਾ ਵਿਰੋਧ ਨਹੀਂ ਕਰਨਾ ਚਾਹੀਦਾ ਸੀ ਸਗੋਂ ਚੁੱਪ ਰਹਿ ਕੇ ਰਜਾਮੰਦੀ ਦੇਣੀ ਚਾਹੀਦੀ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ ਤਾਂ ਆਉਣ ਵਾਲੇ ਸਮੇਂ ਵਿਚ ਬਲਾਤਕਾਰ ਤੋਂ ਪੀੜਤ ਲੜਕੀਆਂ ਲਈ ਹੋਰ ਵੀ ਵੱਧ ਖਤਰਾ ਹੋਵੇਗਾ। ਅਜਿਹੀ ਸੋਚ ਅਤੇ ਵਿਚਾਰਾਂ ਵਾਲੇ ਵਿਅਕਤੀਆਂ ਉਤੇ ਰਹਿਮ ਕਰਨਾ, ਘੋਰ ਅਪਰਾਧ ਹੈ, ਪਰ ਸਾਡਾ ਸਮਾਜ ਅਤੇ ਕਾਨੂੰਨ ਇਸ ਦੀ ਆਗਿਆ ਦਿੰਦਾ ਹੈ ਕਿਉਂਕਿ ਸਾਡਾ ਸਮਾਜ 21ਵੀਂ ਸਦੀ ਵਿਚ ਵੀ ਪਛੜੀ ਸੋਚ ਵਾਲਾ ਅਤੇ ਪੁਰਸ਼-ਪ੍ਰਧਾਨ ਹੈ। ਇਸ ਕੇਸ ਦੇ ਦੋਸ਼ੀਆਂ ਦੇ ਵਕੀਲ ਨੇ ਵੀ ਇਕ ਡਾਕੂਮੈਂਟਰੀ ਫਿਲਮ ਲਈ ਇੰਟਰਵਿਊ ਵਿਚ ਭਾਰਤੀ ਕੁੜੀਆਂ ਨੂੰ ਭੋਜਨ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਸੜਕਾਂ ਉਤੇ ਨਹੀਂ ਛੱਡਿਆ ਜਾ ਸਕਦਾ। ਇਸੇ ਲਈ ਸਾਡੇ ਦੇਸ਼ ਵਿਚ ਔਰਤਾਂ ਨਾਲ ਹੋ ਰਹੇ ਜ਼ੁਰਮਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਹਾਲ ਹੀ ਵਿਚ ਆਈ ਥਾਮਸਨ ਰਿਊਟਰਜ਼ ਫਾਊਂਡੇਸ਼ਨ ਦੀ ਇੱਕ ਰਿਪੋਰਟ ਨੇ ਭਾਰਤ ਨੂੰ ਔਰਤਾਂ ਲਈ ਦੁਨੀਆਂ ਦਾ ਸਭ ਤੋਂ ਅਸੁਰੱਖਿਅਤ ਦੇਸ਼ ਐਲਾਨਿਆ ਹੈ, ਜਿਸ ਵਿਚ ਕੋਈ ਅਤਿਕਥਨੀ ਨਹੀਂ ਹੈ। ਜੇ ਅਸੀਂ ਆਪਣੇ ਦੇਸ਼ ਵਿਚ ਔਰਤਾਂ ਦੀ ਸੁਰੱਖਿਆ ਚਾਹੁੰਦੇ ਹਾਂ ਤਾਂ ਸਾਨੂੰ ਔਰਤਾਂ ਪ੍ਰਤੀ ਸੋਚ ਬਦਲਣੀ ਪਵੇਗੀ। ਪੀੜਤ ਲੜਕੀਆਂ ਨੂੰ ਇਨਸਾਫ ਦਿਵਾਉਣ ਲਈ ਸਮਾਜ ਦੇ ਹਰ ਵਰਗ ਨੂੰ ਆਵਾਜ਼ ਬੁਲੰਦ ਕਰਨ ਦੇ ਨਾਲ ਨਾਲ ਸਮਾਜ ਦੇ ਅਖੌਤੀ ਠੇਕੇਦਾਰਾਂ ਤੋਂ ਡਰ ਕੇ ਪਿੱਛੇ ਹਟਣ ਦੀ ਥਾਂ ਕਠੂਆ ਦੀ ਅੱਠ ਸਾਲਾ ਪੀੜਤ ਬੱਚੀ ਦੀ ਵਕੀਲ ਦੀ ਤਰ੍ਹਾਂ ਅੱਗੇ ਆ ਕੇ ਮਦਦ ਕਰਨੀ ਚਾਹੀਦੀ ਹੈ।

---

****ਪ੍ਰੋਫੈਸਰ, ਜਿਓਗਰੈਫੀ ਵਿਭਾਗ*
*ਪੰਜਾਬੀ ਯੂਨੀਵਰਸਿਟੀ, ਪਟਿਆਲਾ।*

# ਸਮਾਜਵਾਦ ਹੀ ਕਿਉਂ?

***(ਪਿਛਲੇ ਸਫੇ ਦੀ ਬਾਕੀ)***

ਸਾਰਾ ਕੁਝ ਤਾਕਤ ਨਾਲ ਨਹੀਂ ਸਗੋਂ ਪੂਰਨ ਰੂਪ ਵਿਚ ਸਮਰਪਿਤ ਹੋ ਕੇ ਸਥਾਪਤ ਕਾਨੂੰਨੀ ਨੇਮਾਂ ਅਧੀਨ ਕਰਦਾ ਹੈ। ਇਸ ਪ੍ਰਸੰਗ ਵਿਚ ਇਹ ਅਹਿਸਾਸ ਕਰਨਾ ਅਹਿਮ ਹੈ ਕਿ ਪੈਦਾਵਾਰ ਦੇ ਸਾਧਨ ਭਾਵ ਖਪਤਕਾਰੀ ਵਸਤੂਆਂ ਪੈਦਾ ਕਰਨ ਤੇ ਸਮੁਚੀ ਪੈਦਾਵਾਰੀ ਸਮਰੱਥਾ ਵੱਧ-ਘੱਟ ਹੱਦ ਤਕ ਕਾਨੂੰਨੀ ਤੌਰ 'ਤੇ ਇਕ ਵਿਅਕਤੀ ਦੀ ਨਿੱਜੀ ਜਾਇਦਾਦ ਹੈ।

ਸਾਦੇ ਸ਼ਬਦਾਂ ਵਿਚ ਜਿਵੇਂ ਇਸ ਚਰਚਾ ਵਿਚ ਸਪਸ਼ਟ ਹੋਇਆ ਕਿ ਉਹ ਸਾਰੇ, ਜੋ ਪੈਦਾਵਾਰੀ ਸਾਧਨਾਂ ਵਿਚ ਹਿੱਸੇਦਾਰ ਨਹੀਂ ਹਨ, 'ਕਿਰਤੀ' ਹਨ, ਭਾਵੇਂ ਕਿਰਤੀ ਸ਼ਬਦ ਦੀ ਰਵਾਇਤੀ ਵਰਤੋਂ ਨਾਲ ਇਹ ਮੇਲ ਨਹੀਂ ਖਾਂਦਾ। ਪੈਦਾਵਾਰੀ ਸਾਧਨਾਂ ਦਾ ਮਾਲਕ ਕਿਰਤੀ ਦੀ ਕਿਰਤ ਸ਼ਕਤੀ ਖਰੀਦਣ ਦੀ ਹਾਲਤ ਵਿਚ ਹੈ। ਪੈਦਾਵਾਰੀ ਸਾਧਨਾਂ ਦੀ ਵਰਤੋਂ ਕਰਕੇ ਕਿਰਤੀ ਨਵੀਆਂ ਵਸਤੂਆਂ ਪੈਦਾ ਕਰਦਾ ਹੈ, ਜੋ ਪੂੰਜੀਪਤੀ ਦੀ ਜਾਇਦਾਦ ਬਣ ਜਾਂਦੀਆਂ ਹਨ। ਇਸ ਵਰਤਾਰੇ ਵਿਚਲਾ ਜਰੂਰੀ ਨੁਕਤਾ ਉਹ ਰਿਸ਼ਤਾ ਹੈ, ਜਿਸ ਅਨੁਸਾਰ ਕਿਰਤੀ ਪੈਦਾਵਾਰ ਕਰਦਾ ਹੈ ਅਤੇ ਇਵਜ਼ਾਨੇ ਵਿਚ ਉਸ ਨੂੰ ਜੋ ਮਿਲਦਾ ਹੈ, ਕੀ ਦੋਵੇਂ ਆਪਣੀ ਅਸਲੀ ਕੀਮਤ ਅਨੁਸਾਰ ਮਿਣੇ ਜਾਂਦੇ ਹਨ? ਭਾਵੇਂ ਕਿਰਤ ਦਾ ਕੀਤਾ ਜਾਂਦਾ ਠੇਕਾ 'ਆਜ਼ਾਦ' ਹੈ, ਪਰ ਕਿਰਤੀ ਜੋ ਪ੍ਰਾਪਤ ਕਰਦਾ ਹੈ, ਉਹ ਅਸਲੀ ਕੀਮਤ ਨਹੀਂ ਹੁੰਦੀ, ਸਗੋਂ ਇਸ ਦਾ ਫੈਸਲਾ ਉਸ ਦੀਆਂ ਸੀਮਤ ਲੋੜਾਂ ਤੇ ਪੂੰਜੀਪਤੀ ਦੀ ਕਿਰਤ ਸ਼ਕਤੀ ਦੀ ਲੋੜ ਤੇ ਰੁਜਗਾਰ ਲਈ ਮੁਕਾਬਲੇ ਵਿਚ ਸ਼ਾਮਿਲ ਕਿਰਤੀਆਂ ਦੀ ਗਿਣਤੀ ਕਰਦੀ ਹੈ। ਇਹ ਸਮਝਣਾ ਹੋਰ ਵੀ ਜਰੂਰੀ ਹੈ ਕਿ ਸਿਧਾਂਤਕ ਪੱਧਰ 'ਤੇ ਵੀ ਕਿਰਤੀਆਂ ਨੂੰ ਦਿੱਤੀ ਜਾਂਦੀ ਉਜ਼ਰਤ ਦਾ ਫੈਸਲਾ ਉਸ ਦੀ ਪੈਦਾਵਾਰ ਦੀ ਕੀਮਤ ਨਹੀਂ ਕਰਦੀ।

ਨਿੱਜੀ ਪੂੰਜੀ ਕੁਝ ਹੱਥਾਂ ਵਿਚ ਕੇਂਦਰਿਤ ਹੋਣ ਦਾ ਗੁਣ ਰੱਖਦੀ ਹੈ। ਕੁਝ ਪੂੰਜੀਪਤੀਆਂ ਵਿਚਾਲੇ ਮੁਕਾਬਲੇਬਾਜੀ ਕਰਕੇ ਅਤੇ ਕੁਝ ਤਕਨੀਕੀ ਵਿਕਾਸ ਤੇ ਕਿਰਤ ਦੀ ਵਧੇਰੇ ਵੰਡ ਹੋਣ ਕਰਕੇ, ਛੋਟੀਆਂ ਇਕਾਈਆਂ ਦੀ ਕੀਮਤ ਉਤੇ ਪੂੰਜੀ ਵੱਡੇ ਪੈਦਾਵਾਰੀ ਅਦਾਰਿਆਂ ਨੂੰ ਸਿਰਜਦੀ ਹੈ। ਸਿਟੇ ਵਜੋਂ ਨਿੱਜੀ ਪੂੰਜੀ ਦੇ ਵੱਡੇ-ਵੱਡੇ ਗ੍ਰਹਿ ਪੈਦਾ ਹੋ ਜਾਂਦੇ ਹਨ, ਜਿਨ੍ਹਾਂ ਦੀ ਵਸੀਹ ਸ਼ਕਤੀ ਨੂੰ ਜਮਹੂਰੀ ਤੌਰ 'ਤੇ ਜਥੇਬੰਦ ਰਾਜਸੀ ਸਮਾਜ ਵੀ ਕਾਬੂ ਵਿਚ ਨਹੀਂ ਰਖ ਸਕਦੇ। ਇਹੀ ਠੋਸ ਸੱਚਾਈ ਹੈ। ਕਿਉਂਕਿ ਚੁਣੇ ਹੋਏ ਅਦਾਰਿਆਂ ਦੇ ਮੈਂਬਰਾਂ ਦੀ ਚੋਣ ਰਾਜਸੀ ਪਾਰਟੀਆਂ ਕਰਦੀਆਂ ਹਨ, ਜਿਨ੍ਹਾਂ ਦਾ ਵਧੇਰੇ ਖਰਚਾ ਨਿੱਜੀ ਪੂੰਜੀਪਤੀ ਕਰਦੇ ਹਨ ਤੇ ਜਿਨ੍ਹਾਂ ਨੂੰ ਹੋਰਨਾਂ ਢੰਗਾਂ ਨਾਲ ਵੀ ਉਹ ਪ੍ਰਭਾਵਿਤ ਕਰਦੇ ਹਨ। ਸਿੱਟੇ ਵਜੋਂ ਲੋਕਾਂ ਦੇ ਚੁਣੇ ਪ੍ਰਤੀਨਿਧ ਜਨਤਾ ਦੇ ਪੱਛੜੇ ਵਰਗਾਂ ਦੇ ਹਿਤਾਂ ਦੀ ਰਾਖੀ ਨਹੀਂ ਕਰ ਸਕਦੇ। ਇਸ ਤੋਂ ਵੀ ਵਧੇਰੇ ਮੌਜੂਦਾ ਹਾਲਤਾਂ ਵਿਚ ਨਿੱਜੀ ਪੂੰਜੀਪਤੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਜਾਣਕਾਰੀ ਦੇ ਮੁਖ ਸੋਮਿਆਂ (ਅਖਬਾਰਾਂ, ਰੇਡੀਓ, ਵਿਦਿਆ) ਉਤੇ ਕਾਬਜ ਹਨ। ਇਸ ਲਈ ਇਹ ਬਹੁਤ ਹੀ ਮੁਸ਼ਕਿਲ ਬਲਕਿ ਅਸੰਭਵ ਹੈ ਕਿ ਕੋਈ ਸ਼ਹਿਰੀ ਜਾਤੀ ਤੌਰ 'ਤੇ ਕਿਸੇ ਸਹੀ ਬਾਹਰਮੁਖੀ ਸਿੱਟੇ ਉਤੇ ਪਹੁੰਚ ਕੇ ਵੀ ਪੂਰੀ ਅਕਲਮੰਦੀ ਨਾਲ ਆਪਣੇ ਰਾਜਸੀ ਹਿਤਾਂ ਦੀ ਵਰਤੋਂ ਕਰ ਸਕੇ।

ਇਸ ਤਰ੍ਹਾਂ ਪੂੰਜੀ ਦੀ ਨਿੱਜੀ ਮਾਲਕੀ ਉਤੇ ਆਧਾਰਤ ਮੌਜੂਦਾ ਹਾਲਤਾਂ ਵਿਚ ਦੋ ਮੁਖ ਨੇਮ ਨਿਸ਼ਚਿਤ ਹਨ: ਪਹਿਲਾ, ਪੈਦਾਵਾਰੀ ਸਾਧਨਾਂ (ਪੂੰਜੀ) ਦੀ ਮਾਲਕੀ ਨਿੱਜੀ ਹੱਥਾਂ ਵਿਚ ਹੈ ਅਤੇ ਮਾਲਕ ਉਨ੍ਹਾਂ ਨੂੰ ਆਪਣੀ ਮਰਜੀ ਨਾਲ ਵਰਤ ਸਕਦਾ ਹੈ; ਦੂਜਾ, ਕਿਰਤ ਦੀ ਠੇਕੇਦਾਰੀ ਆਜ਼ਾਦ ਹੈ। ਭਾਵੇਂ ਇਸ ਸਮਝ ਅਨੁਸਾਰ ਸ਼ੁੱਧ ਪੂੰਜੀਵਾਦੀ ਸਮਾਜ ਦੀ ਕਿਤੇ ਵੀ ਹੋਂਦ ਨਹੀਂ, ਪਰ ਸਮੁੱਚੇ ਰੂਪ ਵਿਚ ਵੇਖਿਆਂ ਅਜੋਕਾ ਅਰਥਚਾਰਾ 'ਸ਼ੁਧ' ਪੂੰਜੀਵਾਦ ਤੋਂ ਕੋਈ ਬਹੁਤਾ ਵੱਖਰਾ ਨਹੀਂ। ਖਾਸ ਕਰਕੇ ਇਥੇ ਇਹ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਕਿਰਤੀਆਂ ਨੇ ਆਪਣੇ ਲੰਬੇ ਅਤੇ ਔਖੇ ਰਾਜਸੀ ਸੰਘਰਸ਼ਾਂ ਰਾਹੀਂ ਕੁਝ ਖਾਸ ਵਰਗਾਂ ਦੇ ਕਿਰਤੀਆਂ ਵਾਸਤੇ 'ਕਿਰਤ ਦੀ ਆਜ਼ਾਦ ਠੇਕੇਦਾਰੀ' ਦੇ ਰੂਪ ਵਿਚ ਕੁਝ ਸੁਧਾਰ ਹਾਸਲ ਕੀਤੇ ਹਨ।

ਪਰ ਇਸ ਦੇ ਬਾਵਜੂਦ ਪੈਦਾਵਾਰ ਵਰਤੋਂ ਲਈ ਨਹੀਂ ਸਗੋਂ ਮੁਨਾਫੇ ਲਈ ਕੀਤੀ ਜਾਂਦੀ ਹੈ। ਅਜਿਹਾ ਕੋਈ ਢੰਗ ਨਹੀਂ ਕਿ ਯੋਗ ਅਤੇ ਇੱਛਾਵਾਨ ਸਾਰੇ ਲੋਕ ਰੁਜ਼ਗਾਰ ਪ੍ਰਾਪਤ ਕਰ ਸਕਣ। ਇਸ ਕਰਕੇ ਹਰ ਵੇਲੇ ਬੇਰੁਜ਼ਗਾਰਾਂ ਦੀ ਫੌਜ ਮੌਜੂਦ ਰਹਿੰਦੀ ਹੈ। ਕਿਰਤੀ ਲਗਾਤਾਰ ਨੌਕਰੀ ਖੁਸ ਜਾਣ ਦੇ ਡਰ ਹੇਠ ਜਿਉਂਦੇ ਹਨ। ਕਿਉਂਕਿ ਬੇਰੁਜ਼ਗਾਰੀ ਤੇ ਘੱਟ ਉਜ਼ਰਤੀ ਮਜਦੂਰ ਲਾਹੇਵੰਦ ਮੰਡੀ ਮੁਹੱਈਆ ਨਹੀਂ ਕਰਦੇ, ਇਸ ਲਈ ਖਪਤਕਾਰੀ ਵਸਤੂਆਂ ਦੀ ਪੈਦਾਵਾਰ ਰੁਕ ਜਾਂਦੀ ਹੈ। ਸਿੱਟੇ ਵਜੋਂ ਗੰਭੀਰ ਮੁਸੀਬਤਾਂ ਦਾ ਦੌਰ ਅਰੰਭ ਹੁੰਦਾ ਹੈ। ਤਕਨੀਕੀ ਵਿਕਾਸ ਸਭ 'ਤੇ ਕੰਮ ਦਾ ਬੋਝ ਘਟਾਉਣ ਦੀ ਥਾਂ ਲਗਾਤਾਰ ਬੇਰੁਜ਼ਗਾਰੀ ਹੋਰ ਵਧਾਉਂਦਾ ਹੈ। ਮੁਨਾਫੇਖੋਰੀ ਅਤੇ ਪੂੰਜੀਪਤੀਆਂ ਵਿਚਲੀ ਮੁਕਾਬਲੇਬਾਜ਼ੀ ਰਲ ਕੇ ਪੂੰਜੀ ਦੀ ਵਰਤੋਂ ਤੇ ਕੇਂਦਰੀਕਰਨ ਦੀ ਸਮਸਿਆ ਨੂੰ ਹੋਰ ਵਧਾਉਂਦੇ ਹਨ ਅਤੇ ਅਸਥਿਰਤਾ ਪੈਦਾ ਕਰਦੇ ਹਨ। ਸਿੱਟਾ ਗੰਭੀਰ ਮੰਦਵਾੜੇ ਵਿਚ ਨਿਕਲਦਾ ਹੈ। ਜ਼ਿੰਦਗੀ ਦੇ ਹਰ ਪੱਖ ਵਿਚ ਅਸੀਮ ਮੁਕਾਬਲਾ ਵੱਡੀ ਪੱਧਰ ਉਤੇ ਕਿਰਤ ਸ਼ਕਤੀ ਦੀ ਬਰਬਾਦੀ ਕਰਦਾ ਹੈ ਅਤੇ ਵਿਅਕਤੀ ਦੀ ਸਮਾਜੀ ਚੇਤਨਾ ਨੂੰ ਖੋਰ ਦਿੰਦਾ ਹੈ, ਜਿਸ ਦਾ ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ।

ਵਿਅਕਤੀ ਦੀ ਸਮਾਜੀ ਚੇਤਨਾ ਨੂੰ ਖੋਰਨਾ ਪੂੰਜੀਵਾਦ ਦੀ ਸਭ ਤੋਂ ਭਿਆਨਕ ਅਲਾਮਤ ਹੈ। ਸਾਡਾ ਸਮੁੱਚਾ ਵਿਦਿਅਕ ਢਾਂਚਾ ਇਸ ਬੁਰਾਈ ਦਾ ਸ਼ਿਕਾਰ ਹੈ। ਵਿਦਿਆਰਥੀਆਂ ਦੇ ਮਨਾਂ ਵਿਚ ਮੁਕਾਬਲੇਬਾਜ਼ੀ ਦੀ ਭਰੀ ਗਈ ਬੇਲੋੜੀ ਭਾਵਨਾ ਉਨ੍ਹਾਂ ਨੂੰ ਭਵਿਖ ਦੇ ਰੁਜ਼ਗਾਰ ਲਈ ਸਫਲਤਾ ਉਤੇ ਕਬਜਾ ਕਰਨ ਦੀ ਦੌੜ ਵਿਚ ਸ਼ਾਮਲ ਕਰ ਦਿੰਦੀ ਹੈ। ਮੈਂ ਸਹਿਮਤ ਹਾਂ ਕਿ ਇਸ ਭਿਆਨਕ ਰੋਗ ਦਾ ਇਕੋ-ਇਕ ਇਲਾਜ ਸਮਾਜਵਾਦੀ ਅਰਥਚਾਰੇ ਦੀ ਸਥਾਪਤੀ ਨਾਲ ਹੀ ਹੋ ਸਕਦਾ ਹੈ। ਸਮਾਜੀ ਨਿਸ਼ਾਨਿਆਂ ਵੱਲ ਸੇਧਤ ਵਿਦਿਅਕ ਪ੍ਰਬੰਧ ਜਿਸ ਦਾ ਸਹਾਇਕ ਹੋਵੇ।

ਅਜਿਹੇ ਅਰਥਚਾਰੇ ਵਿਚ ਪੈਦਾਵਾਰ ਦੇ ਸਾਰੇ ਸਾਧਨ ਸਮੁੱਚੇ ਸਮਾਜ ਦੀ ਮਲਕੀਅਤ ਹੋਣ ਅਤੇ ਉਨ੍ਹਾਂ ਦੀ ਵਰਤੋਂ ਯੋਜਨਾਬੱਧ ਢੰਗ ਨਾਲ ਹੋਵੇ। ਇਕ ਯੋਜਨਾਬੱਧ ਅਰਥਚਾਰਾ, ਜੋ ਪੈਦਾਵਾਰ ਨੂੰ ਸਮੁੱਚੇ ਭਾਈਚਾਰੇ ਦੀਆਂ ਲੋੜਾਂ ਮੁਤਾਬਕ ਵਿਉਂਤੇ ਤੇ ਸਾਰੇ ਯੋਗ ਵਿਅਕਤੀਆਂ ਲਈ ਕੰਮ ਦੀ ਵੰਡ ਕਰੇ ਅਤੇ ਸਾਰੇ ਮਰਦ, ਔਰਤਾਂ ਤੇ ਬੱਚਿਆਂ ਦੀ ਰੋਜੀ-ਰੋਟੀ ਯਕੀਨੀ ਬਣਾਵੇ। ਵਿਦਿਆ ਹਰ ਵਿਅਕਤੀ ਦੀਆਂ ਕੁਦਰਤੀ ਯੋਗਤਾਵਾਂ ਨੂੰ ਵਿਕਸਿਤ ਕਰੇ ਪਰ ਨਾਲ ਹੀ ਉਸ ਦੇ ਮਨ ਵਿਚ ਆਪਣੇ ਨਾਲ ਦੇ ਸਾਥੀਆਂ ਲਈ ਜਿੰਮੇਵਾਰੀ ਦੀ ਭਾਵਨਾ ਭਰੇ, ਨਾ ਕਿ ਵਿਦਿਆ ਮੌਜੂਦਾ ਤਰਜ ਦੀ ਨਿੱਜੀ ਸਫਲਤਾ ਤੇ ਰੁਤਬੇ ਦੀ ਪ੍ਰਾਪਤੀ ਦੇ ਗੁਣਗਾਣ ਕਰੇ।

ਬੇਸ਼ਕ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਯੋਜਨਾਬੱਧ ਅਰਥਚਾਰਾ ਆਪਣੇ ਆਪ ਵਿਚ ਸਮਾਜਵਾਦ ਨਹੀਂ ਹੈ, ਇਕ ਯੋਜਨਾਬੱਧ ਅਰਥਚਾਰਾ ਆਪਣੇ ਆਪ ਵਿਚ ਵਿਅਕਤੀ ਦੀ ਪੂਰਨ ਗੁਲਾਮੀ ਵੀ ਹੋ ਸਕਦਾ ਹੈ। ਸਮਾਜਵਾਦ ਦੀ ਸਿਰਜਣਾ ਵਾਸਤੇ ਕੁਝ ਬਹੁਤ ਮੁਸ਼ਕਿਲ ਸਮਾਜੀ-ਰਾਜਸੀ ਸਮੱਸਿਆਵਾਂ ਦੇ ਹੱਲ ਦੀ ਲੋੜ ਹੈ। ਰਾਜਸੀ ਅਤੇ ਆਰਥਕ ਸ਼ਕਤੀ ਦੇ ਅਤਿ ਕੇਂਦਰੀਕਰਨ ਦੀ ਹਾਲਤ ਵਿਚ ਅਫਸਰਸ਼ਾਹੀ ਨੂੰ ਸਰਬਸ਼ਕਤੀਮਾਨ ਤੇ ਘੁਮੰਡੀ ਬਣਨ ਤੋਂ ਕਿਵੇਂ ਰੋਕਿਆ ਜਾਵੇ? ਹਰ ਵਿਅਕਤੀ ਦੇ ਹੱਕ ਸੁਰੱਖਿਅਤ ਰਹਿਣ ਅਤੇ ਅਫਸਰਸ਼ਾਹੀ ਦੇ ਜਮਹੂਰੀ ਤਾਕਤਾਂ ਦੇ ਅਧੀਨ ਰਹਿਣ ਨੂੰ ਯਕੀਨੀ ਬਣਾਇਆ ਜਾਵੇ।

ਤਬਦੀਲੀ ਦੇ ਇਸ ਦੌਰ ਵਿਚ ਸਮਾਜਵਾਦ ਦੀਆਂ ਸਮੱਸਿਆਵਾਂ ਤੇ ਮੰਤਵਾਂ ਬਾਰੇ ਸਪਸ਼ਟਤਾ ਪ੍ਰਾਪਤ ਕਰਨੀ ਸਭ ਤੋਂ ਅਹਿਮ ਕਾਰਜ ਹੈ। ਕਿਉਂਕਿ ਮੌਜੂਦਾ ਹਾਲਤਾਂ ਵਿਚ ਇਨ੍ਹਾਂ ਸਮੱਸਿਆਵਾਂ ਬਾਰੇ ਨਿਰਪੱਖ ਤੇ ਬੇਰੋਕ ਬਹਿਸ ਉਤੇ ਸ਼ਕਤੀਸ਼ਾਲੀ ਧਾਰਮਿਕ ਤੇ ਸਮਾਜੀ ਰੋਕਾਂ ਲੱਗੀਆਂ ਹੋਈਆਂ ਹਨ।

# ਪੰਜਾਬੀਓ ! ਮਸਲੇ ਵਿਚਾਰੋ, ਕੀ ਹੋਵੇ 'ਏਜੰਡਾ ਪੰਜਾਬ'

*ਅੱਜ ਪੰਜਾਬ ਨਿਘਾਰ ਵੱਲ ਵਧਦਾ ਜਾ ਰਿਹਾ ਹੈ। ਰੰਗਲਾ ਪੰਜਾਬ ਕੰਗਲਾ ਪੰਜਾਬ ਤੇ ਚਿੱਟਾ ਪੰਜਾਬ ਬਣਦਾ ਜਾ ਰਿਹਾ ਹੈ। ਪੰਜਾਬ ਦੀ ਇਹ ਹਾਲਤ ਕਿਉਂ ਹੋਈ ਹੈ? ਪੰਜਾਬੀਆਂ ਦੇ ਹੱਥੋਂ ਕਿਉਂ ਗੁਆਚ ਗਈ 'ਸਰਬੱਤ ਦੇ ਭਲੇ' ਵਾਲੀ ਮਾਨਸਿਕਤਾ? ਰੰਗਲੇ ਪੰਜਾਬ ਨੂੰ 'ਚਿੱਟਾ' ਕਿਹੜੀਆਂ ਸ਼ਕਤੀਆਂ ਨੇ ਕੀਤਾ? ਜਿਨ੍ਹਾਂ ਦੇ ਜ਼ਿੰਮੇ ਰੋਕਣ ਦੀ ਜ਼ਿੰਮੇਵਾਰੀ ਸੀ, ਉਨ੍ਹਾਂ ਨੇ ਕਿਉਂ ਨਾ ਰੋਕਿਆ? ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵੇਲੇ ਸਾਨੂੰ ਬਾਬੇ ਨਾਨਕ ਦੇ ਬੋਲ 'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਕਿਉਂ ਚੇਤੇ ਨਹੀਂ ਰਹਿੰਦੇ? ਨਿਰੋਲ ਮੁਨਾਫੇ ਖਾਤਰ 'ਹਲਵਾਈਆਂ' ਦੀਆਂ 'ਯੂਨੀਵਰਸਿਟੀਆਂ' ਕਿਹੜੇ ਜੀਨੀਅਸ ਪੈਦਾ ਕਰਨਗੀਆਂ? ਅਜਿਹੇ ਬਹੁਤ ਸਾਰੇ ਸਵਾਲ ਹਨ, ਜੋ ਕੇਹਰ ਸ਼ਰੀਫ ਨੇ ਆਪਣੇ ਇਸ ਲੇਖ ਵਿਚ ਉਠਾਏ ਹਨ। ਸਿਰਫ ਸਵਾਲ ਹੀ ਨਹੀਂ ਉਠਾਏ ਸਗੋਂ ਹੱਲ ਵੀ ਸੁਝਾਏ ਹਨ ਅਤੇ ਸੱਦਾ ਦਿੱਤਾ ਹੈ, "ਪੰਜਾਬ ਦੇ ਸੂਝਵਾਨੋਂ! ਪੰਜਾਬ ਦੇ ਦਰਦੀ ਪੰਜਾਬੀਓ! ਪੰਜਾਬ ਦੀ ਧਰਤੀ ਨੂੰ ਪਿਆਰ ਕਰਨ ਵਾਲਿਓ! ਮੁਹੱਬਤੀ ਪੰਜਾਬ ਦੀ ਮੁੜ ਸਿਰਜਣਾ ਵਾਸਤੇ ਇਕੱਠੇ ਹੋ ਕੇ ਲੱਕ ਬੰਨੇ ਬਿਨਾ ਨਹੀਂ ਸਰਨਾ।" -ਸੰਪਾਦਕ*

**ਕੇਹਰ ਸ਼ਰੀਫ**
ਫੋਨ: 0049 173 3546050
Email : ksharif@arcor.de

ਬਚਪਨ ਤੋਂ ਗੱਲਾਂ/ਗੀਤ ਸੁਣਦੇ ਆ ਰਹੇ ਹਾਂ, ਰੰਗਲੇ ਪੰਜਾਬ ਦੀਆਂ। ਪਰ ਹੁਣ ਇਸ ਰੰਗਲੇ ਪੰਜਾਬ ਨੂੰ 'ਕੰਗਲੇ ਪੰਜਾਬ' (ਜਿਵੇਂ ਹੁਣ ਕਿਹਾ ਜਾਂਦਾ ਹੈ) ਵਿਚ ਬਦਲਣ ਦਾ ਦੋਸ਼ੀ ਕੌਣ ਹੈ? ਇਹ ਸਫਰ ਬਹੁਤ ਲੰਬਾ ਹੈ। ਦੋਸ਼ੀ ਬਹੁਤ ਸਾਰੀਆਂ ਧਿਰਾਂ ਹੋ ਸਕਦੀਆਂ ਹਨ, ਪਰ ਸੋਚਣਾ ਤਾਂ ਪਵੇਗਾ ਹੀ ਕਿ ਇਹ 'ਭਾਣਾ' ਕਿਵੇਂ ਤੇ ਕਿਉਂ ਵਾਪਰਿਆ? ਪੰਜਾਬ ਚੌਤਰਫੇ ਹਮਲੇ ਥੱਲੇ ਕਿਵੇਂ ਅੱਪੜਿਆ? ਆਈ ਬਿਪਤਾ ਦੇਖ ਕੇ ਵੀ ਪੰਜਾਬੀ ਸਮੇਂ ਸਿਰ ਜਾਗਣ ਤੋਂ ਅਵੇਸਲੇ ਕਿਉਂ ਰਹੇ? ਸਾਡੇ ਬੁੱਧੀਜੀਵੀ ਕੱਛੂਕੁੰਮੇ ਦੀ ਜੂਨੇ ਪੈ ਕੇ ਆਪਣੀ 'ਅਣਖੀ ਗਰਦਨ' ਲੁਕੋ ਕੇ ਕਿਉਂ ਜੀਵਨ ਬਸਰ ਕਰਨ ਲੱਗੇ ਕਿ ਉਨ੍ਹਾਂ ਨੂੰ 'ਤੱਤੀ ਵਾਅ' ਨਾ ਲੱਗੇ? ਜਿਨ੍ਹਾਂ ਲੋਕਾਂ ਨੇ ਪੰਜਾਬੀਆਂ ਨੂੰ ਸੁਚੇਤ ਕਰਦਿਆਂ, ਪੰਜਾਬ ਨੂੰ ਜਗਾ ਕੇ ਮਸਲੇ ਹੱਲ ਕਰਨ ਦਾ ਰਾਹ ਦੱਸਣਾ ਸੀ, ਉਹ ਅਵੇਸਲੇ ਕਿਉਂ ਹੋ ਗਏ, ਲੋਕਾਂ ਨੂੰ ਜਗਾਇਆ ਕਿਉਂ ਨਾ ਤੇ ਖੁਦ ਜਾਗੇ ਕਿਉਂ ਨਾ? ਆਮ ਲੋਕਾਂ, ਕਿਰਤੀਆਂ-ਮਿਹਨਤਕਸ਼ਾਂ ਦੇ ਭਲੇ ਵਾਸਤੇ ਲੜਨ ਵਾਲੀਆਂ ਖੱਬੀਆਂ ਧਿਰਾਂ ਆਪਸ ਵਿਚ ਹੀ ਕਿਉਂ ਉਲਝੀਆਂ ਰਹੀਆਂ? ਕਾਮੇ ਕਿਰਤੀਆਂ ਦੀ ਕੋਈ ਵੀ ਸਾਂਝੀ ਲੋਕ ਲਹਿਰ ਕਿਉਂ ਨਾ ਉਸਾਰ ਸਕੀਆਂ? ਆਪ ਵੀ ਇਕੱਠੀਆਂ ਨਾ ਹੋ ਸਕੀਆਂ। ਪੰਜਾਬ ਲੁੱਟਿਆ/ਕੁੱਟਿਆ ਜਾਂਦਾ ਰਿਹਾ ਪਰ ਰਾਖੀ ਕਰਨ ਵਾਲੀਆਂ ਲੋਕ ਧਿਰਾਂ ਇਕ ਦੂਜੇ ਦਾ ਵਿਰੋਧ ਕਰਦੀਆਂ ਰਹੀਆਂ।

ਦਰਅਸਲ ਇਹ ਪੰਜਾਬ ਵਾਸਤੇ, ਆਪਣੇ ਹੱਕਾਂ ਖਾਤਰ ਲੜਾਕੂ ਸੁਭਾਅ ਵਾਲੇ ਰਵਾਇਤੀ ਪੰਜਾਬੀ ਸੁਭਾਅ ਦੇ ਹਾਣ ਦੇ ਨਾ ਹੋ ਸਕੇ। ਸਮਾਂ, ਅਜੇ ਵੀ ਪੰਜਾਬ ਖਾਤਰ ਲੜਨ ਵਾਲੇ ਲੋਕਾਂ ਵਲ ਦੇਖ ਰਿਹਾ ਹੈ। ਕਿਸੇ ਵੀ ਸਾਂਝੀ ਲੋਕ ਲਹਿਰ ਦੇ ਆਸਰੇ ਹੱਕਾਂ ਖਾਤਰ ਲੜੇ ਬਿਨਾ ਪੰਜਾਬ ਨੇ ਮੁੜ ਟਹਿਕਣਾ ਨਹੀਂ। ਇਹ ਕੰਮ ਸਿਰਫ ਸਰਕਾਰ ਦਾ ਹੀ ਨਹੀਂ, ਹਰ ਪੰਜਾਬੀ ਆਪਣੇ ਢੰਗ ਨਾਲ ਸ਼ਾਮਲ ਹੋਵੇ, ਤੇ ਸਰਕਾਰ ਲੋਕਾਂ ਦੀ ਮਦਦ ਲਵੇ।

ਪੰਜਾਬ 'ਚ ਲੰਬੇ ਸਮੇਂ ਤੋਂ ਲੋਕਤੰਤਰੀ ਪ੍ਰਣਾਲੀ ਰਾਹੀਂ ਚੁਣੇ ਜਾਣ ਪਿੱਛੋਂ ਜਿੱਤਦੇ ਸਿਆਸੀ ਨੇਤਾ ਅਤੇ ਸਿਆਸੀ ਪਾਰਟੀਆਂ ਆਮ ਕਰਕੇ ਆਪਣੇ ਤੇ ਆਪਣੇ 'ਕੋੜਮੇ' ਦਾ ਬਹੁਤਾ ਫਿਕਰ ਕਰਦੇ ਰਹੇ ਹਨ। ਇਹੀ ਪਾਰਟੀਆਂ ਪੰਜਾਬ ਨੂੰ ਇੱਥੋਂ ਤੱਕ ਪਹੁੰਚਾਉਣ ਦੀਆਂ ਮੁੱਖ ਦੋਸ਼ੀ ਹਨ। ਲੋਕਾਂ ਨਾਲ ਕੀਤੇ ਵਾਅਦੇ ਵਫਾ ਨਾ ਹੋਏ, ਸਗੋਂ ਉਨ੍ਹਾਂ ਨੂੰ 'ਸੇਵਾ' ਦੇ ਫਰੇਬ ਥੱਲੇ ਦੱਬੀ ਰੱਖਿਆ। ਪੰਜਾਬੀਆਂ ਦੇ ਹੱਥੋਂ ਕਿਉਂ ਗੁਆਚ ਗਈ 'ਸਰਬੱਤ ਦੇ ਭਲੇ' ਵਾਲੀ ਮਾਨਸਿਕਤਾ? ਇਸ ਕਰਕੇ ਹੀ ਪੰਜਾਬ ਆਪਣੀ ਟਹਿਕ ਗੁਆ ਗਿਆ ਤੇ ਲੋਕ ਇਸ ਨੂੰ ਫਿਲਮਾਂ ਰਾਹੀਂ 'ਉਡਤਾ ਪੰਜਾਬ' ਕਹਿਣ ਤੱਕ ਪਹੁੰਚ ਗਏ। ਜਿਸ ਨਾਲ ਪੰਜਾਬ ਦਾ ਸਿਰ ਝੁਕਿਆ, ਨੀਵਾਂ ਹੋਇਆ। ਪੰਜਾਬ ਦੇ ਸਿਰ ਨਸ਼ੇੜੀ ਹੋਣ ਦਾ ਕਲੰਕ ਲਾ ਦਿੱਤਾ ਗਿਆ। ਇਸ ਦਾ ਜ਼ਿੰਮੇਵਾਰ ਕੌਣ ਸੀ, ਇਸ ਵਿਚ ਕਿੰਨਾ ਸੱਚ ਤੇ ਕਿੰਨਾ ਝੂਠ ਸੀ, ਨਿਖੇੜਿਆ ਨਾ ਗਿਆ। ਹਾਕਮਾਂ ਨੂੰ ਇਹ ਤਾਂ ਦੱਸਣਾ ਹੀ ਪਵੇਗਾ ਕਿ ਰੰਗਲੇ ਪੰਜਾਬ ਨੂੰ 'ਚਿੱਟਾ' ਕਿਹੜੀਆਂ ਸ਼ਕਤੀਆਂ ਨੇ ਕੀਤਾ? ਜਿਨ੍ਹਾਂ ਦੇ ਜ਼ਿੰਮੇ ਰੋਕਣ ਦੀ ਜ਼ਿੰਮੇਵਾਰੀ ਸੀ, ਉਨ੍ਹਾਂ ਨੇ ਕਿਉਂ ਨਾ ਰੋਕਿਆ? ਪੰਜਾਬ ਦੇ ਪੁੱਤਾਂ ਦੀਆਂ ਜਾਨਾਂ ਅਜਾਈਂ ਕਿਉਂ ਗਵਾ ਦਿੱਤੀਆਂ?

ਪਿਛਲੇ ਲੰਬੇ ਸਮੇਂ ਤੋਂ ਅਜਿਹਾ ਕਿਉਂ ਹੋਇਆ ਕਿ ਪੰਜਾਬ ਤੇ ਇਥੋਂ ਦੇ ਮਿਹਨਤੀ ਲੋਕ ਗਰੀਬ ਹੁੰਦੇ ਗਏ ਤੇ ਸਿਆਸਤਦਾਨ ਅਮੀਰ ਤੋਂ ਅਮੀਰ ਹੁੰਦੇ ਗਏ? ਇਹ ਸਭ ਕੁਝ ਬਿਨਾ ਰੋਕ ਜਾਰੀ ਰਿਹਾ। ਚੋਰ ਤੇ ਕੁੱਤੀ ਰਲੇ ਹੋਏ ਸਨ। ਇਸ ਬਾਰੇ ਕੋਈ ਨਿਰਪੱਖ ਕਮਿਸ਼ਨ ਬਣੇ ਜੋ 6 ਮਹੀਨੇ ਤੋਂ ਇਕ ਸਾਲ ਦੇ ਅੰਦਰ ਅੰਦਰ ਪਿਛਲੇ 15 ਕੁ ਸਾਲ ਦੇ ਸਮੇਂ 'ਚ ਆਮਦਨ ਤੋਂ ਸੈਕੜੇ ਗੁਣਾ ਵੱਧ ਜਾਇਦਾਦ ਬਣਾਉਣ ਵਾਲੇ ਪੰਜਾਬ ਦੇ ਸਿਆਸਤਦਾਨਾਂ/ਅਫਸਰਸ਼ਾਹਾਂ ਤੇ ਹੋਰ ਵੀ ਕਈਆਂ ਦੀਆਂ ਜਾਇਦਾਦਾਂ ਨੂੰ ਲੱਭ (ਜੋ ਔਖਾ ਕੰਮ ਨਹੀਂ) ਕੇ ਸਾਰੀਆਂ ਜਾਇਦਾਦਾਂ ਨੀਲਾਮ ਕਰੇ, ਇਸ ਨਾਲ ਪੰਜਾਬ ਦਾ ਸਾਰਾ ਕਰਜਾ ਉਤਰ ਸਕਦਾ ਹੈ। ਵਿਧਾਨਕਾਰਾਂ ਵਾਸਤੇ ਸਾਲ ਮਗਰੋਂ ਨਹੀਂ, ਹਰ 6 ਮਹੀਨੇ ਬਾਅਦ ਆਮਦਨ ਖਰਚ ਦਾ ਹਿਸਾਬ ਪੇਸ਼ ਕਰਨਾ ਲਾਜ਼ਮੀ ਹੋਵੇ। ਜਿਸ ਦੀ ਜਾਂਚ ਕਰਕੇ ਰਿਪੋਰਟ ਜਨਤਕ ਵੀ ਕੀਤੀ ਜਾਵੇ।

ਪੰਜਾਬ ਨੂੰ ਪਿਆਰ ਕਰਨ ਵਾਲੇ ਸੂਝਵਾਨ, ਜਾਗਰੂਕਾਂ ਨੇ ਹੁਣੇ ਜਿਹੇ 'ਚਿੱਟੇ ਦੇ ਵਿਰੋਧ ਵਿਚ ਕਾਲਾ ਹਫਤਾ: ਮਰੋ ਜਾਂ ਵਿਰੋਧ ਕਰੋ' ਦਾ ਸੱਦਾ ਦਿੱਤਾ। ਨਸ਼ਾ ਵਿਰੋਧੀ ਇਹ ਲਹਿਰ ਅੱਗੇ ਵਧਦੀ ਵੇਖ ਸਰਕਾਰ ਨੇ ਵਿਚੇ ਹੀ 'ਡੋਪ ਟੈਸਟ' ਦਾ 'ਜੁਮਲਾ' ਰੋੜ੍ਹ ਦਿੱਤਾ। ਸਰਕਾਰ ਨੂੰ ਚਾਹੀਦਾ ਹੈ ਕਿ 'ਠੇਕੇ ਦੀਆਂ ਬੋਤਲਾਂ' ਵਿਚੋਂ ਮਿਲਦੇ ਟੈਕਸ ਨਾਲ ਸਾਹ ਨਾ ਲਵੇ, ਠੇਕਿਆਂ 'ਤੇ ਵਿਕਦਾ ਨਸ਼ਾ ਵੀ ਬੰਦ ਕਰਨ ਦਾ ਸੋਚੇ। ਨਹੀਂ ਤਾਂ ਡੋਪ ਟੈਸਟ ਦਾ ਅਰਥ ਹੀ ਕੋਈ ਨਹੀਂ। ਨਸ਼ਿਆਂ ਖਿਲਾਫ ਉਠੀ ਲਹਿਰ ਜਾਰੀ ਰਹੇ ਤਾਂ ਪੰਜਾਬ ਦੇ ਉਜਲੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ। ਅਗਲਾ ਫੌਰੀ ਚੁੱਕਣ ਵਾਲਾ ਕਦਮ ਹੈ, ਨਸ਼ਿਆਂ ਦੇ ਸਮਗਲਰਾਂ ਦੀਆਂ ਜਾਇਦਾਦਾਂ ਦੀ ਤੇਜੀ ਨਾਲ ਘੋਖ ਪੜਤਾਲ ਕੀਤੀ ਜਾਵੇ ਅਤੇ ਇਹ ਸਾਬਤ ਹੋ ਜਾਣ 'ਤੇ ਕਿ ਜਾਇਦਾਦਾਂ ਮਾੜੇ ਧੰਦਿਆਂ ਨਾਲ ਬਣਾਈਆਂ ਗਈਆਂ ਹਨ, ਤੁਰੰਤ ਜਬਤ ਕੀਤੀਆਂ ਜਾਣ।

ਪੰਜਾਬੀਆਂ ਨੇ ਬਹੁਤ ਸਮਾਂ ਗੁਜ਼ਾਰ ਦਿੱਤਾ ਹੈ, ਹਾਕਮਾਂ ਦੇ ਝੂਠੇ ਅਤੇ ਧੋਖੇ ਭਰੇ ਲਾਰਿਆਂ ਵੱਲ ਦੇਖਦਿਆਂ। ਲੋਕਾਂ ਦੀ ਦਿੱਤੀ ਰਾਜ ਸ਼ਕਤੀ ਹੱਥਾਂ ਵਿਚ ਹੋਣ ਕਰਕੇ ਹਾਕਮ ਤਾਂ ਮਾਲਾ ਮਾਲ ਹੋ ਗਏ, ਪੰਜਾਬ ਅਤੇ ਪੰਜਾਬੀ ਲੁੱਟੇ ਗਏ, ਗਰੀਬ ਹੋ ਗਏ। ਪੰਜਾਬ ਦੀ ਨੌਜਵਾਨ ਪੀੜ੍ਹੀ ਠੱਗੀ ਗਈ। ਕਿਸਾਨ, ਮਜ਼ਦੂਰ, ਮੁਲਾਜ਼ਮ ਹਰ ਤਬਕੇ ਨੂੰ ਬਰਬਾਦੀ ਵਾਲੇ ਰਾਹ ਵੱਲ ਧੱਕ ਦਿੱਤਾ ਗਿਆ। ਭ੍ਰਿਸ਼ਟਾਚਾਰ ਹਾਕਮਾਂ ਦੀ ਹਿੱਸੇਦਾਰੀ ਤੋਂ ਬਿਨਾ ਕਦੀ ਨਹੀਂ ਚੱਲ ਸਕਦਾ। ਅਫਸਰ ਕਦੇ ਵੀ ਭ੍ਰਿਸ਼ਟ ਨਹੀਂ ਹੋ ਸਕਦਾ ਜੇ ਉਸ ਦਾ ਸਿਆਸੀ ਆਕਾ ਹਿੱਸਾ-ਪੱਤੀ ਮੰਗਣ ਵਾਲਾ ਨਾ ਹੋਵੇ। ਮੰਤਰੀਆਂ-ਸੰਤਰੀਆਂ ਦੀ ਇਸ ਹਿੱਸੇਦਾਰੀ ਨੂੰ ਸਮਝ ਕੇ ਲੋਕਾਂ ਨੂੰ ਵੀ ਸਮਝਾਉਣਾ ਪਵੇਗਾ, ਜਾਗਣਾ ਪਵੇਗਾ।

*'ਸੇਵਾ' ਦੀ ਝੂਠੀ ਡੌਂਡੀ ਪਿੱਟਣ ਅਤੇ ਹਕੂਮਤ ਕਰਨ ਵਾਲੇ ਸਿਆਸੀ ਲੋਕਾਂ ਨੇ ਆਪਣੇ ਕੀਤੇ ਵਾਅਦੇ ਨਾ ਨਿਭਾਏ। ਲੰਡੂ ਕਿਸਮ ਦੇ ਗੀਤਕਾਰਾਂ/ਗਾਇਕਾਂ ਜਿਨ੍ਹਾਂ ਨੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੇ ਹਿੰਸਾ ਦੇ ਰਾਹ ਤੋਰਨ ਵਾਲੇ ਕੁਕਰਮ ਵਿਚ ਬਹੁਤ ਵਾਧਾ ਕੀਤਾ, ਇਨ੍ਹਾਂ ਦੇ ਬਣੇ ਮਹੱਲਾਂ ਦੀਆਂ ਨੀਂਹਾਂ ਵਿਚ ਹਿੰਸਾ ਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਨ ਵਾਸਤੇ ਕੀਤੀ ਕਮਾਈ ਸ਼ਾਮਲ ਹੈ। ਇਨ੍ਹਾਂ ਪੈਸੇ ਦੇ ਲੋਭੀਆਂ ਨੇ ਪੰਜਾਬ ਦੇ ਖਿਲਾਫ ਗੁਨਾਹ/ਪਾਪ ਕੀਤਾ ਹੈ। ਮਾਇਆ ਮਗਰ ਦੌੜਨ ਵਾਲੇ ਅਜਿਹੇ ਲੋਕਾਂ ਬਾਰੇ ਬਾਬੇ ਨਾਨਕ ਨੇ ਸਾਨੂੰ ਕੀ ਆਖਿਆ ਹੈ, 'ਪਾਪਾਂ ਬਾਝੋਂ ਹੋਇ ਨਾਹੀਂ ਮੋਇਆਂ ਸਾਥ ਨਾ ਜਾਈ॥' ਪੈਸੇ ਦੀ ਅੰਨ੍ਹੀ ਦੌੜ ਵਿਚ ਗੁਆਚਿਆਂ ਵਿਚੋਂ, ਹੈ ਕਿਸੇ ਨੂੰ ਚੇਤਾ ਬਾਬੇ ਦੇ ਬੋਲਾਂ ਦਾ? ਬਿਲਕੁਲ ਨਹੀਂ।*

ਹਰ ਵਾਰ ਹੀ ਚੋਣਾਂ ਲੰਘਾ ਕੇ ਅਗਲੀਆਂ ਚੋਣਾਂ ਦੀ ਉਡੀਕ ਕਰਨ ਲੱਗ ਪੈਣਾ ਇਹ ਭਲਾਂ ਕਿੱਥੋਂ ਦਾ ਲੋਕ ਰਾਜ ਕਿਹਾ ਜਾ ਸਕਦਾ ਹੈ? ਲੋਕ ਰਾਜ ਤਾਂ ਲੋਕਾਂ ਦੀ ਰਾਜ-ਕਾਜ ਵਿਚ ਰੋਜ਼ਾਨਾ ਦੀ ਸ਼ਮੂਲੀਅਤ ਹੀ ਹੋ ਸਕਦੀ ਹੈ। ਆਜ਼ਾਦੀ ਤੋਂ ਅੱਜ ਤੱਕ ਇਸ ਪਾਸੇ ਕੋਈ ਕਦਮ ਨਹੀਂ ਪੁੱਟਿਆ ਗਿਆ। ਆਮ ਲੋਕ ਵੋਟ ਬਾਰੇ ਕਿੰਨਾ ਜਾਣਦੇ ਹਨ? ਸਿਆਸੀ ਪਾਰਟੀਆਂ ਇਸ ਬਾਰੇ ਲੋਕਾਂ ਨੂੰ ਸੁਚੇਤ ਹੋਣ ਹੀ ਨਹੀਂ ਦੇਣਾ ਚਾਹੁੰਦੀਆਂ। ਹਰ ਵਾਰ ਪਿਛਲੀਆਂ ਚੋਣਾਂ ਵਿਚ ਕੀਤੇ ਵਾਅਦੇ ਭੁੱਲ ਕੇ ਨਵੇਂ ਨਾਅਰੇ ਘੜ ਕੇ ਵੋਟਾਂ 'ਲੁੱਟਣਾ' ਹੀ ਸਿਆਸੀ ਪਾਰਟੀਆਂ ਦਾ 'ਧਰਮ' (ਤੇ ਸ਼ੁਗਲ) ਹੋ ਗਿਆ ਜਾਪਦਾ ਹੈ। ਇਸ ਨੂੰ ਬਦਲੇ ਬਿਨਾ ਲੋਕਤੰਤਰ ਦੀ ਰਾਖੀ ਨਹੀਂ ਹੋ ਸਕਦੀ। ਸਵਾਲ ਹੈ, ਰਾਖੀ ਕਰੇਗਾ ਕੌਣ? ਜਵਾਬ ਹੈ, ਤੁਸੀਂ ਲੋਕ!

ਲੋਕ ਰਾਜ ਹਾਕਮਾਂ ਦਾ ਨਹੀਂ, ਲੋਕਾਂ ਦਾ ਹੁੰਦਾ ਹੈ। ਹਾਕਮ ਥੋੜ ਚਿਰੇ, ਕੱਚੇ ਸੇਵਾਦਾਰ ਹੁੰਦੇ ਹਨ। ਸੋਚਣ ਦੀ ਗੱਲ ਹੈ ਕਿ ਕੋਈ ਵਿਅਕਤੀ 30-35 ਜਾਂ ਇਸ ਤੋਂ ਵੀ ਵੱਧ ਸਾਲ ਕੰਮ ਕਰਦਾ ਹੈ, ਸੇਵਾਮੁਕਤੀ ਤੋਂ ਬਾਅਦ ਉਸ ਨੂੰ ਪੈਨਸ਼ਨ ਕਿਉਂ ਨਾ ਮਿਲੇ? ਜਦੋਂ ਕਿ ਕਿਸੇ ਵਿਧਾਇਕ ਜਾਂ ਸੰਸਦ ਮੈਂਬਰ, ਜੋ ਸਰਕਾਰੀ ਮੁਲਾਜ਼ਮ ਵੀ ਨਹੀਂ ਹੁੰਦਾ, ਸਮਾਂਬੱਧ ਸੇਵਾਦਾਰ ਹੁੰਦਾ ਹੈ, ਉਹ ਕਿਸੇ ਵਿਧਾਨ ਸਭਾ ਜਾਂ ਪਾਰਲੀਮੈਂਟ ਵਿਚ ਸਿਰਫ ਪੰਜ ਸਾਲ ਬੈਠ ਕੇ ਕਿਉਂ ਤੇ ਕਿਵੇਂ ਜ਼ਿੰਦਗੀ ਭਰ ਵਾਸਤੇ ਮੋਟੀ ਰਕਮ ਦੇ ਰੂਪ ਵਿਚ ਪੈਨਸ਼ਨ ਲੈਣ ਦਾ ਹੱਕਦਾਰ ਬਣ ਜਾਂਦਾ ਹੈ? ਲੋਕਾਂ ਨੂੰ ਇਹ ਵੀ ਦੱਸਿਆ ਜਾਵੇ ਕਿ ਉਹ ਆਪਣੀਆਂ ਤਨਖਾਹਾਂ-ਭੱਤਿਆਂ ਵਿਚੋਂ ਕਿੰਨੇ ਪੈਸੇ ਆਪਣੀ ਪੈਨਸ਼ਨ ਦੇ ਕਟਵਾਉਂਦੇ ਹਨ? ਅਜਿਹੇ 'ਸੇਵਾਦਾਰ' ਕਿਉਂ ਆਪਣੀ ਤਨਖਾਹ ਜਾਂ ਹੋਰ ਸੁੱਖ-ਸਹੂਲਤਾਂ ਵੀ ਆਪ ਹੀ ਮਿੱਥਣ? ਅਜਿਹੇ ਕੱਚੇ ਸੇਵਾਦਾਰਾਂ ਵਾਸਤੇ ਕਿਉਂ ਨਾ ਕੋਈ ਤਨਖਾਹ/ਭੱਤਾ ਕਮਿਸ਼ਨ ਜਾਂ ਅਜਿਹੀ ਸੰਸਥਾ ਹੋਵੇ ਜੋ ਉਨ੍ਹਾਂ ਨੂੰ ਮਿਲਣ ਵਾਲੇ 'ਸੇਵਾ ਫਲ' ਦਾ ਫੈਸਲਾ ਕਰੇ। ਚੋਣਾਂ ਲੜਨ ਵਾਲੇ ਲੋਕ ਸੇਵਾ ਕਰਨ ਦਾ ਵਚਨ ਦੇ ਕੇ ਚੋਣਾਂ ਲੜਦੇ ਹਨ। ਚੋਣਾਂ ਜਿੱਤਦਿਆਂ ਹੀ ਉਨ੍ਹਾਂ ਦੇ ਰੰਗ-ਢੰਗ ਬਦਲ ਜਾਂਦੇ ਹਨ। ਲੋਕਾਂ ਨੂੰ ਪੁੱਛੇ ਬਿਨਾ ਹੀ ਸਭ ਤੋਂ ਵੱਧ ਸਹੂਲਤਾਂ ਪ੍ਰਾਪਤ ਕਰਦੇ ਹਨ। ਦੁਨੀਆਂ ਦੀ ਹਰ ਸਹੂਲਤ ਉਹ ਮਾਣਦੇ ਹਨ। ਕਿਉਂ? ਕੀ ਹਰ ਮਿਹਨਤਕਸ਼ ਨਾਗਰਿਕ ਨੂੰ ਉਹ ਸਹੂਲਤਾਂ ਪ੍ਰਾਪਤ ਹਨ ਜੋ 'ਅਖੌਤੀ ਸੇਵਾਦਾਰ' ਮਾਣਦੇ ਹਨ?

ਵਿਧਾਨਕਾਰ 'ਮਨਮਰਜ਼ੀ' ਪੱਧਰ ਦੀਆਂ ਸਿਹਤ ਸੇਵਾਵਾਂ ਕਿਉਂ ਮਾਣਦੇ ਹਨ? ਕਿਉਂ ਉਨ੍ਹਾਂ ਨੂੰ ਦੇਸ-ਪਰਦੇਸ, ਜਿੱਥੇ ਉਹ ਚਾਹੁਣ, ਇਲਾਜ ਕਰਵਾਉਣ ਦੀਆਂ ਸਹੂਲਤਾਂ ਮਿਲਦੀਆਂ ਹਨ? ਕੀ ਹਰ ਨਾਗਰਿਕ ਲਈ ਇਹ ਸਹੂਲਤਾਂ ਹਨ? ਵਿਧਾਨਕਾਰਾਂ ਵਾਸਤੇ ਇਹ ਲਾਜ਼ਮੀ ਕੀਤਾ ਜਾਵੇ ਕਿ ਬੀਮਾਰੀ ਵੇਲੇ ਉਨ੍ਹਾਂ ਦਾ ਇਲਾਜ ਵੀ ਆਮ ਨਾਗਰਿਕਾਂ ਵਾਂਗ ਸਿਰਫ ਸਰਕਾਰੀ ਹਸਪਤਾਲ ਵਿਚ ਹੀ ਹੋਵੇ, ਕਿਉਂਕਿ ਸੰਵਿਧਾਨ ਹਰ ਸ਼ਹਿਰੀ ਨੂੰ ਬਰਾਬਰ ਸਮਝਦਾ ਹੈ। ਜੇ ਉਹ ਪ੍ਰਾਈਵੇਟ ਹਸਪਤਾਲ ਜਾਂ ਪਰਦੇਸ ਵਿਚ ਇਲਾਜ ਕਰਵਾਉਣਾ ਚਾਹੁਣ ਤਾਂ ਲੋਕਾਂ ਦੇ ਪੈਸੇ ਨਾਲ ਨਹੀਂ, ਆਪਣੇ ਪੈਸੇ ਨਾਲ ਕਰਵਾਉਣ।

ਹਾਕਮਾਂ ਨੂੰ ਚਾਹੀਦਾ ਹੈ ਕਿ ਚੋਣਾਂ ਵੇਲੇ ਕੀਤੇ ਵਾਅਦੇ ਨਿਭਾਉਣ। ਇਹ ਉਨ੍ਹਾਂ ਦੀ ਕਾਨੂੰਨੀ ਤੇ ਇਖਲਾਕੀ ਜ਼ਿੰਮੇਵਾਰੀ ਬਣਦੀ ਹੈ। ਜੇ ਉਹ ਅਜਿਹਾ ਨਹੀਂ ਕਰਦੇ ਜਾਂ ਆਪਣੇ ਹੀ ਕੀਤੇ ਵਾਅਦੇ ਨੂੰ 'ਜੁਮਲਾ' ਆਖ ਕੇ ਲੋਕਾਂ ਨੂੰ ਟਰਕਾ ਦਿੰਦੇ ਹਨ ਤਾਂ ਅਜਿਹੀ ਸਥਿਤੀ ਵਿਚ ਕੋਈ ਨਾ ਕੋਈ ਕਾਨੂੰਨੀ ਨਿਯਮ ਬਣਾਉਣੇ ਚਾਹੀਦੇ ਹਨ ਕਿ ਕੋਈ ਵੀ ਸਿਆਸੀ ਧਿਰ ਅਜਿਹਾ ਨਾ ਕਰ ਸਕੇ। ਬੁੱਧੀਜੀਵੀ ਵਰਗ ਨੂੰ ਇਸ ਬਾਰੇ ਗੰਭੀਰਤਾ ਨਾਲ ਬਹਿਸ ਛੇੜਨੀ ਚਾਹੀਦੀ ਹੈ।

ਵਿਰੋਧੀ ਸਿਆਸੀ ਪਾਰਟੀਆਂ ਨੇ ਹਕੂਮਤ ਦੇ ਗਲਤ ਫੈਸਲਿਆਂ ਦਾ ਵਿਰੋਧ ਹੀ ਨਹੀਂ ਕਰਨਾ ਹੁੰਦਾ ਸਗੋਂ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਵਿਰੋਧ ਵਿਚ ਲੋਕ ਪੱਖੀ ਬਦਲਵੀਆਂ ਨੀਤੀਆਂ ਦਾ ਖਾਕਾ ਵੀ ਲੋਕਾਂ ਅਤੇ ਸਰਕਾਰਾਂ ਅੱਗੇ ਪੇਸ਼ ਕਰਨਾ ਹੁੰਦਾ ਹੈ ਤਾਂ ਜੋ ਲੋਕ ਪੱਖੀ, ਲੋਕਤੰਤਰੀ ਨੀਤੀਆਂ ਬਣਾਉਣ ਵਿਚ ਮਦਦ ਮਿਲ ਸਕੇ। ਹੁਣ ਮਸਲਿਆਂ ਦੀ ਸਿਰਫ ਚਿੰਤਾ ਹੀ ਕਾਫੀ ਨਹੀਂ ਸਗੋਂ ਚਿੰਤਨ ਕਰਨਾ ਤੇ ਹੱਲ ਦੱਸਣਾ ਵੀ ਜਰੂਰੀ ਹੈ। ਪਰ ਰਿਵਾਜ਼ ਹੀ ਪੈ ਗਿਆ ਹੈ ਕਿ ਵਿਰੋਧ ਭਰਿਆ ਬਿਆਨ ਜਾਂ ਦੋ-ਚਾਰ ਲੀਰਾਂ ਦੇ ਪੁਤਲੇ ਬਣਾ ਕੇ ਕਿਸੇ ਲੀਡਰ ਦਾ ਨਾਂ ਰੱਖ ਕੇ ਫੂਕ ਦੇਣ ਨਾਲ ਹੀ ਸਬਰ ਕਰ-ਕਰਾ ਲਿਆ ਜਾਂਦਾ ਹੈ। ਇਹ ਰਾਹ ਆਪਣੇ ਆਪ ਨਾਲ ਧੋਖਾ ਹੈ। ਲੋਕਾਂ ਨੂੰ ਲੋਕਤੰਤਰ ਬਾਰੇ ਸਿੱਖਿਅਤ ਹੋਣਾ ਪਵੇਗਾ।

ਕਿਸਾਨੀ ਸੰਕਟ ਵਿਚੋਂ ਗੁਜ਼ਰ ਰਹੀ ਹੈ। ਲੰਬੇ ਸਮੇਂ ਤੋਂ ਕਰਜ਼ਾ ਮਾਰੇ ਕਿਸਾਨ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਪਰਿਵਾਰਾਂ ਦੀਆਂ ਮੁਸੀਬਤਾਂ ਪਹਿਲਾਂ ਤੋਂ ਵੀ ਵਧ ਗਈਆਂ ਹਨ। ਖੁਦਕੁਸ਼ੀਆਂ ਵਾਲੇ ਪਾਸੇ ਜਾਣ ਤੋਂ ਕਿਸਾਨਾਂ ਨੂੰ ਰੋਕਣ ਵਾਸਤੇ ਬਹੁਤੇ ਗੰਭੀਰ ਜਤਨ ਨਹੀਂ ਹੋਏ, ਜੋ ਹੋਣੇ ਚਾਹੀਦੇ ਹਨ। ਸਰਕਾਰਾਂ ਔਖੀਆਂ ਹਾਲਤਾਂ ਹੰਢਾ ਰਹੇ ਕਿਸਾਨਾਂ ਦੀਆਂ ਮਦਦਗਾਰ ਹੋਣ। ਸਰਕਾਰੀ ਬਿਆਨਾਂ ਨੂੰ ਅਮਲ ਵਿਚ ਵੀ ਲਿਆਉਣਾ ਚਾਹੀਦਾ ਹੈ। ਕਿਸਾਨ-ਮਜਦੂਰ ਰਲ ਕੇ ਬਹੁਤ ਮਿਹਨਤ ਕਰਦੇ ਹਨ ਪਰ ਫਸਲ-ਮਿਹਨਤ ਦਾ ਪੂਰਾ ਮੁੱਲ ਨਹੀਂ ਮਿਲ ਰਿਹਾ। ਚਾਹੀਦਾ ਹੈ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਮੁੱਲ ਮਿਲੇ ਤੇ ਜਿਉਣ ਯੋਗ ਹਾਲਤਾਂ ਵੀ ਮਿਲਣ। ਸਮਾਜਕ ਪੱਖੋਂ ਹਾਲਾਤ ਬਦਲਣ ਲਈ ਕਿਸਾਨ ਆਪ ਵੀ ਯਤਨ ਕਰਨ। ਸਮਾਜਕ ਕਾਰਜਾਂ (ਵਿਆਹਾਂ, ਮਰਨਿਆਂ/ਪਰਨਿਆਂ 'ਤੇ) ਦੇ ਖਰਚੇ ਘਟਾਉਣੇ ਪੈਣਗੇ। ਵਿਆਹਾਂ ਨੂੰ ਮੇਲੇ ਨਹੀਂ, ਪਰਿਵਾਰਕ ਕਾਰਜ ਹੀ ਰੱਖਣਾ ਚਾਹੀਦਾ ਹੈ। ਇਸ ਵਾਸਤੇ ਮੈਰਿਜ ਪੈਲੇਸਾਂ ਦੇ ਖਰਚੇ ਛੱਡ ਕੇ ਜੰਜ ਘਰਾਂ ਦੀ ਵਰਤੋਂ ਹੋ ਸਕਦੀ ਹੈ, ਜੋ ਸਸਤੀ ਪਵੇਗੀ।

ਧਰਤੀ ਅਤੇ ਵਾਤਾਵਰਣ ਨੂੰ ਬਚਾਉਣ ਵਾਸਤੇ ਕਿਸੇ ਪਾਸਿਓਂ ਕੋਈ ਚੰਗੀ ਅਗਵਾਈ ਨਹੀਂ ਮਿਲ ਰਹੀ। ਪੰਜਾਬ ਅੰਦਰ ਪਾਣੀ ਦਾ ਸੰਕਟ ਹਰ ਰੋਜ਼ ਬਦ ਤੋਂ ਬਦਤਰ ਹੁੰਦਾ ਜਾ ਰਿਹਾ ਹੈ। ਯੂਨੈਸਕੋ, ਜਿਸ ਦਾ ਭਾਰਤ ਵੀ ਮੈਂਬਰ ਹੈ, ਸਰਕਾਰਾਂ ਵਲੋਂ ਨਾਗਰਿਕਾਂ ਲਈ ਦਿੱਤਾ ਜਾਣ ਵਾਲਾ ਸਾਫ ਤੇ ਸ਼ੁੱਧ ਪਾਣੀ ਵੀ ਮਨੁੱਖੀ ਅਧਿਕਾਰਾਂ ਵਿਚ ਗਿਣਦੀ ਹੈ। ਕੀ ਸਰਕਾਰਾਂ ਆਪਣੇ ਨਾਗਰਿਕਾਂ ਨੂੰ ਪ੍ਰਦੂਸ਼ਿਤ, ਜ਼ਹਿਰਾਂ ਰਲਿਆਂ ਪਾਣੀ ਦੇ ਕੇ ਮਨੁੱਖੀ ਹੱਕਾਂ ਦਾ ਉਲੰਘਣ ਨਹੀਂ ਕਰ ਰਹੀਆਂ? ਇਸ ਬਾਰੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੂੰ ਵੀ ਸਰਗਰਮ ਹੋ ਕੇ ਲੋਕਾਂ ਨਾਲ ਖੜ੍ਹਨਾ ਪਵੇਗਾ ਤੇ ਸਰਕਾਰਾਂ ਨੂੰ ਇਸ ਬਿਪਤਾ ਤੋਂ ਨਿਜਾਤ ਪਾਉਣ ਵਾਸਤੇ ਸੁਝਾਅ ਦੇਣੇ ਚਾਹੀਦੇ ਹਨ। ਫੇਰ ਸਰਕਾਰਾਂ ਉਨ੍ਹਾਂ ਸੁਝਾਵਾਂ 'ਤੇ ਅਮਲ ਕਰਨ।

ਨਾਲ ਹੀ ਕਿਸਾਨੀ ਨੇ ਜੇ ਪੰਜਾਬ ਨੂੰ ਬੰਜਰ ਹੋਣੋਂ ਬਚਾਉਣਾ ਹੈ ਤਾਂ ਝੋਨਾ ਲਾਉਣਾ ਉਦੋਂ ਤੱਕ ਬੰਦ ਕਰਨਾ ਚਾਹੀਦਾ ਹੈ, ਜਦੋਂ ਤੱਕ ਘੱਟ ਤੋਂ ਘੱਟ ਪਾਣੀ ਨਾਲ ਝੋਨਾ ਪਾਲਣ ਵਾਲਾ ਕੋਈ ਬੀਜ ਜਾਂ ਤਕਨੀਕ ਨਹੀਂ ਆ ਜਾਂਦੀ। ਅਗਲੀਆਂ ਪੀੜ੍ਹੀਆਂ ਨੂੰ ਪਾਣੀ ਤੋਂ ਮਹਿਰੂਮ ਨਾ ਕਰੋ। ਨਾਲ ਹੀ ਸਰਕਾਰ ਫਸਲਾਂ ਬਾਰੇ ਬਦਲਵੀਂ ਕਿਸਾਨ ਪੱਖੀ ਨੀਤੀ ਬਣਾਵੇ ਕਿ ਜੋ ਕਿਸਾਨ ਬਦਲਵੀਆਂ ਫਸਲਾਂ ਬੀਜਣ, ਉਨ੍ਹਾਂ ਫਸਲਾਂ ਦੀ ਖਰੀਦਦਾਰੀ ਦੀ ਸਰਕਾਰ ਵਲੋਂ 100 ਫੀਸਦੀ ਗਾਰੰਟੀ ਹੋਵੇ। ਬਦਲਵੀਂ ਫਸਲ ਵਿਚ ਘਾਟਾ ਪੈਣ ਦੀ ਸੂਰਤ ਵਿਚ ਸਰਕਾਰ ਕੋਈ ਫੰਡ ਕਾਇਮ ਕਰਕੇ ਕਿਸਾਨਾਂ ਦਾ ਘਾਟਾ ਪੂਰਾ ਕਰੇ, ਇਸ ਨਾਲ ਪੰਜਾਬ ਵਿਚ ਲਗਾਤਾਰ ਪੈਦਾ ਹੁੰਦੇ ਜਾ ਰਹੇ ਪਾਣੀ ਦੇ ਸੰਕਟ ਤੋਂ ਬਚਣ ਦਾ ਰਾਹ ਵੀ ਮਿਲ ਸਕਦਾ ਹੈ।

ਭਾਰਤ ਵਿਚ ਜੁਰਮਾਂ ਨਾਲ ਸਿੱਝਣ ਵਾਸਤੇ ਬਿਨਾ ਸੋਚੇ ਹੀ ਮੰਗ ਕਰ ਦਿੱਤੀ ਜਾਂਦੀ ਹੈ, 'ਇਹਦੇ ਵਾਸਤੇ ਮੌਤ ਦੀ ਸਜ਼ਾ ਦਾ ਕਾਨੂੰਨ ਬਣਾਉ।' ਇਹ ਗਲਤ ਰਾਹ ਹੀ ਕਿਹਾ ਜਾ ਸਕਦਾ ਹੈ। ਦੁਨੀਆਂ ਵਿਚ ਮੌਤ ਦੀ ਸਜ਼ਾ ਖਤਮ ਕਰਨ ਦੀ ਲਹਿਰ ਚੱਲ ਰਹੀ ਹੈ। ਮੌਤ ਦੀ ਸਜ਼ਾ ਕਿਸੇ ਮਸਲੇ ਦਾ ਹੱਲ ਨਹੀਂ। 'ਸਟੇਟ' ਨੂੰ ਕਿਸੇ ਦੀ ਜਾਨ ਲੈਣ ਦਾ ਹੱਕ ਵੀ ਨਹੀਂ ਹੋਣਾ ਚਾਹੀਦਾ। ਅਸੀਂ ਮੱਧਯੁੱਗ ਵਿਚ ਨਹੀਂ ਰਹਿ ਰਹੇ। ਇਹ 21ਵੀਂ ਸਦੀ ਅਤੇ ਸੱਭਿਆ ਸਮਾਜ ਦੀ ਨਿਸ਼ਾਨੀ ਵੀ ਨਹੀਂ ਕਹੀ ਜਾ ਸਕਦੀ। ਹਾਂ, ਸਰਕਾਰ ਅਜਿਹੀਆਂ ਖੋਖਲੀਆਂ ਗੱਲਾਂ ਕਰਕੇ ਲੋਕਾਂ 'ਚ ਭੰਬਲਭੂਸਾ ਪੈਦਾ ਕਰ ਸਕਦੀ ਹੈ। ਮਸਲੇ ਤਾਂ ਸਾਹਮਣੇ ਹਨ, ਹੱਲ ਸੱਭਿਅਕ ਹੋਣਾ ਚਾਹੀਦਾ ਹੈ। ਮੌਤ ਦੀ ਸਜ਼ਾ ਦੀ ਥਾਂ ਉਮਰ ਭਰ ਵਾਸਤੇ ਸਖਤੀ ਵਾਲੀ ਲਟਕਵੀਂ ਕੈਦ ਕਿਉਂ ਨਹੀਂ ਸੋਚੀ ਜਾ ਸਕਦੀ? ਮੁਜਰਮ ਵੀ ਤਿਲ ਤਿਲ ਹੋ ਕੇ ਮਰੇ, ਕੀਤੇ ਜੁਰਮ ਦੀ ਸਜ਼ਾ ਭੁਗਤੇ।

ਲੋਕੋ ਜਾਗੋ! ਆਪਣਾ ਏਕਾ ਕਰੋ! ਫਰਜ਼ ਤਾਂ ਤੁਸੀਂ ਨਿਭਾ ਰਹੇ ਹੋ, ਆਪਣੇ ਹੱਕਾਂ ਬਾਰੇ ਵੀ ਜਾਣੋ ਤੇ ਸੁਚੇਤ ਹੋਵੋ। ਵਿਚਾਰੋ ਇਨ੍ਹਾਂ ਗੱਲਾਂ ਨੂੰ,

-ਪੰਜਾਬੀਆਂ ਨੂੰ ਪੰਜਾਬੀ ਤੇ ਪੰਜਾਬੀਅਤ (ਪੰਜਾਬ ਦੀ ਹਸਤੀ) ਨਾਲੋਂ ਤੋੜਨ ਦੇ ਜਤਨ ਹੋ ਰਹੇ ਹਨ। ਪੰਜਾਬ ਵਿਚ ਪੂਰਨ ਤੌਰ 'ਤੇ ਪੰਜਾਬੀ ਬੋਲੀ ਤੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰਨ ਵਾਸਤੇ, ਪੰਜਾਬੀ ਭਾਸ਼ਾ ਐਕਟ ਪੂਰਨ ਤੌਰ 'ਤੇ ਲਾਗੂ ਕਰਵਾਉਣ ਦੇ ਜਤਨ ਕਰਨੇ।

-ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਵਿਗਿਆਨਕ ਤਰੀਕੇ ਨਾਲ ਪੰਜਾਬੀ ਭਾਸ਼ਾ ਵਿਚ ਮਿਆਰੀ ਸਿੱਖਿਆ ਦਾ ਪ੍ਰਬੰਧ ਕਰਨਾ। ਹੱਥੀਂ ਕੰਮ ਕਰਨ ਵਾਲੀ ਤਕਨੀਕ ਦਾ ਗਿਆਨ ਦੇਣਾ। ਸਭ ਤੋਂ ਵੱਡੀ ਗੱਲ ਕਿ ਕੰਮ ਦਾ ਸੱਭਿਆਚਾਰ ਮੁੜ ਪੈਦਾ ਕਰਨਾ ਹੈ।

-ਸਮਾਜ ਦੇ ਹਰ ਵਿਅਕਤੀ ਵਾਸਤੇ ਬਰਾਬਰ ਵਿਦਿਆ+ਸਿਹਤ ਤੇ ਹੋਰ ਜਿਉਣਯੋਗ ਸਹੂਲਤਾਂ ਦੇਣ ਦਾ ਪ੍ਰਬੰਧ ਕਰਨਾ।

-ਪੜ੍ਹਾਈ ਖਤਮ ਹੁੰਦਿਆਂ ਹੀ ਹਰ ਕਿਸੇ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਦੇਣਾ ਲਾਜ਼ਮੀ ਹੋਵੇ। ਰੁਜ਼ਗਾਰ ਨਾ ਮਿਲਣ 'ਤੇ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਇਸ ਨਾਲ ਨੌਜਵਾਨ ਬੇਗਾਨਗੀ ਦੀ ਭਾਵਨਾ ਦੇ ਸ਼ਿਕਾਰ ਹੋਣੋਂ ਬਚ ਜਾਣਗੇ।

-ਕਿਸਾਨਾਂ-ਮਜ਼ਦੂਰਾਂ ਭਾਵ ਹਰ ਮਿਹਨਤਕਸ਼ ਨੂੰ ਮਿਹਨਤ ਦਾ ਪੂਰਾ ਮੁੱਲ ਦੇਣਾ। ਬਾਅਦ ਵਿਚ ਹਰ ਕਾਮੇ ਨੂੰ ਪੈਨਸ਼ਨ ਮਿਲੇ ਤਾਂ ਕਿ ਕਿਸੇ ਨੂੰ ਵੀ ਬੁਢਾਪੇ ਵਿਚ ਆਪਣੇ ਹੀ ਬੱਚਿਆਂ ਜਾਂ ਕਿਸੇ ਦੂਸਰੇ ਦੇ ਹੱਥਾਂ ਵਲ ਦੇਖਣਾ ਨਾ ਪਵੇ, ਭਾਵ ਵੈਲਫੇਅਰ ਸਟੇਟ ਹੋਵੇ।

-ਹਰ ਕਾਮੇ ਲਈ ਪੈਨਸ਼ਨ ਦਾ ਪ੍ਰਬੰਧ ਕਰਨ ਨਾਲ ਭ੍ਰਿਸ਼ਟਾਚਾਰ ਵੀ ਘੱਟ ਕੀਤਾ ਜਾ ਸਕਦਾ ਹੈ। ਫੇਰ ਕਿਸੇ ਨੂੰ ਗਲਤ ਰਾਹ ਅਪਨਾ ਕੇ ਸੇਵਾ ਮੁਕਤੀ ਤੋਂ ਬਾਅਦ ਦੇ ਸਮੇਂ ਵਾਸਤੇ ਗਲਤ ਢੰਗਾਂ ਨਾਲ ਮਾਇਆ ਇਕੱਠੀ ਨਹੀਂ ਕਰਨੀ ਪਵੇਗੀ।

-ਟਰਾਂਸਪੋਰਟ ਅਜਿਹਾ ਖੇਤਰ ਹੈ ਜਿੱਥੋਂ ਸਰਕਾਰ ਨੂੰ ਬਹੁਤ ਆਮਦਨ ਹੋ ਸਕਦੀ ਹੈ, ਪਰ ਪਹਿਲਾਂ ਟਰਾਂਸਪੋਰਟ ਦੀ ਨੀਤੀ ਬਦਲ ਕੇ 90 ਫੀਸਦੀ ਸਰਕਾਰੀ ਅਤੇ 10 ਫੀਸਦੀ ਪ੍ਰਾਈਵੇਟ ਵਾਲੀ ਵੰਡ ਕਰਨੀ ਬਹੁਤ ਜਰੂਰੀ ਹੈ। ਸਰਕਾਰ ਸਿਰਫ ਧਨਾਢਾਂ ਨੂੰ ਪਾਲਣਾ ਬੰਦ ਕਰੇ।

-ਪੰਜਾਬ ਅੰਦਰ ਭਾਰੀ ਸਨਅਤ ਦੇ ਨਾਲ ਹੀ ਖੇਤੀਬਾੜੀ ਆਧਾਰਤ ਸਨਅਤ ਦਾ ਨਿਰਮਾਣ ਤੇ ਪਸਾਰ ਖੇਤੀ ਸੰਕਟ ਤੋਂ ਬਾਹਰ ਨਿਕਲਣ ਵਿਚ ਸਹਾਈ ਹੋ ਸਕਦਾ ਹੈ। ਲੋੜ ਹੈ, ਸਰਕਾਰ ਵਲੋਂ ਲੋਕਾਂ ਦੇ ਭਲੇ ਵਾਲੀ ਇੱਛਾ ਸ਼ਕਤੀ ਦੀ।

ਪੰਜਾਬੀਆਂ ਨੇ ਬਹੁਤ ਸਮਾਂ ਗੁਜ਼ਾਰ ਲਿਆ ਹੈ, ਹਾਕਮਾਂ ਦੇ ਝੂਠੇ ਤੇ ਧੋਖੇ ਭਰੇ ਲਾਰਿਆਂ ਵੱਲ ਦੇਖਦਿਆਂ, ਜਿਸ ਸਮੇਂ ਅੰਦਰ ਰਾਜ ਸ਼ਕਤੀ ਹੱਥਾਂ ਵਿਚ ਹੋਣ ਕਰਕੇ ਹਾਕਮ ਤਾਂ ਮਾਲਾ ਮਾਲ ਹੋ ਗਏ, ਪੰਜਾਬ ਅਤੇ ਪੰਜਾਬੀ ਲੁੱਟੇ ਗਏ। ਪੰਜਾਬ ਦੀ ਨੌਜਵਾਨ ਪੀੜ੍ਹੀ ਠੱਗੀ ਗਈ, ਬਰਬਾਦੀ ਦੇ ਰਾਹੇ ਪਾਈ ਗਈ। ਭ੍ਰਿਸ਼ਟ ਹਾਕਮ ਹਿੱਸਾ ਲੈਣਾ ਬੰਦ ਕਰ ਦੇਣ ਤਾਂ ਇਸ ਸਮੱਸਿਆ ਦੇ ਹੱਲ ਵੱਲ ਵਧਿਆ ਜਾ ਸਕਦਾ ਹੈ। ਜਿਸ ਮਹਿਕਮੇ ਵਿਚ ਭ੍ਰਿਸ਼ਟਾਚਾਰ ਹੋਵੇ, ਉਸ ਮਹਿਕਮੇ ਦੇ ਮੰਤਰੀ ਨੂੰ ਇਸ ਦਾ ਜ਼ਿੰਮੇਵਾਰ ਸਮਝਿਆ ਜਾਵੇ।

'ਸੇਵਾ' ਦੀ ਝੂਠੀ ਡੌਂਡੀ ਪਿੱਟਣ ਅਤੇ ਹਕੂਮਤ ਕਰਨ ਵਾਲੇ ਸਿਆਸੀ ਲੋਕਾਂ ਨੇ ਆਪਣੇ ਕੀਤੇ ਵਾਅਦੇ ਨਾ ਨਿਭਾਏ। ਲੰਡੂ ਕਿਸਮ ਦੇ ਗੀਤਕਾਰਾਂ/ਗਾਇਕਾਂ ਜਿਨ੍ਹਾਂ ਨੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੇ ਹਿੰਸਾ ਦੇ ਰਾਹ ਤੋਰਨ ਵਾਲੇ ਕੁਕਰਮ ਵਿਚ ਬਹੁਤ ਵਾਧਾ ਕੀਤਾ, ਇਨ੍ਹਾਂ ਦੇ ਬਣੇ ਮਹੱਲਾਂ ਦੀਆਂ ਨੀਂਹਾਂ ਵਿਚ ਹਿੰਸਾ ਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਨ ਵਾਸਤੇ ਕੀਤੀ ਕਮਾਈ ਸ਼ਾਮਲ ਹੈ। ਇਨ੍ਹਾਂ ਪੈਸੇ ਦੇ ਲੋਭੀਆਂ ਨੇ ਪੰਜਾਬ ਦੇ ਖਿਲਾਫ ਗੁਨਾਹ/ਪਾਪ ਕੀਤਾ ਹੈ। ਮਾਇਆ ਮਗਰ ਦੌੜਨ ਵਾਲੇ ਅਜਿਹੇ ਲੋਕਾਂ ਬਾਰੇ

*(ਬਾਕੀ ਅਗਲੇ ਸਫੇ 'ਤੇ)*

# ਬਚਾਓ, ਪੰਜਾਬ ਬਚਾਓ!

ਅਸੀਂ ਸਾਰੇ ਚਾਹੁੰਦੇ ਹਾਂ ਕਿ ਪੰਜਾਬ ਨੂੰ ਬਚਾਇਆ ਜਾਵੇ, ਪਰ ਕਿਵੇਂ? ਇਹ ਨਹੀਂ ਜਾਣਦੇ। ਪੰਜਾਬ ਨੂੰ ਬਚਾਉਣ ਦਾ ਅਰਥ ਕਦਾਚਿਤ ਇਹ ਨਹੀਂ ਕਿ ਇੱਥੇ ਕਿਸੇ ਵਿਸ਼ੇਸ਼ ਪਾਰਟੀ ਦੀ ਸਰਕਾਰ ਜਾਂ ਰਾਜ ਹੋਵੇ। ਪੰਜਾਬ ਨੂੰ ਬਚਾਉਣ ਦਾ ਅਰਥ ਹੈ, ਇੱਥੋਂ ਦੇ ਲੋਕਾਂ ਨੂੰ ਅਤੇ ਇੱਥੋਂ ਦੇ ਜਲਵਾਯੂ, ਪੌਣ-ਪਾਣੀ ਜਾਂ ਆਬੋ ਹਵਾ ਨੂੰ ਬਚਾਉਣਾ।

ਇਹ ਸਾਰਾ ਕੁਝ ਕਿਸੇ ਸਰਕਾਰ ਜਾਂ ਰਾਜ ਨੇ ਨਹੀਂ, ਸਗੋਂ ਲੋਕਾਂ ਨੇ ਬਚਾਉਣਾ ਹੈ। ਅਗਲਾ ਸਵਾਲ ਹੈ ਕਿ ਪੰਜਾਬ ਦੇ ਲੋਕਾਂ ਨੂੰ ਅਤੇ ਇੱਥੋਂ ਦੇ ਪੌਣ-ਪਾਣੀ ਨੂੰ ਕਿਨ੍ਹਾਂ ਤੋਂ ਬਚਾਉਣਾ ਹੈ। ਜਵਾਬ ਹੈ, ਲੋਕਾਂ ਨੇ ਖੁਦ ਨੂੰ ਖੁਦ ਤੋਂ ਬਚਾਉਣਾ ਹੈ।

ਸਰਕਾਰ ਦਾ ਕੁਝ ਹੱਦ ਤੱਕ ਲੋਕਾਂ 'ਤੇ ਕਾਬੂ ਹੁੰਦਾ ਹੈ, ਪੌਣ-ਪਾਣੀ 'ਤੇ ਨਹੀਂ। ਸਾਡੀ ਸਰਕਾਰ ਦਾ ਕੰਮ ਟੈਕਸ ਵਧਾਉਣਾ, ਉਗਰਾਹੁਣਾ ਤੇ ਉਸ ਨੂੰ ਹੜੱਪਣਾ ਰਹਿ ਗਿਆ ਹੈ।




ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਲੋਕ ਤਾਂ ਸੱਭਿਅਤਾ ਅਤੇ ਸੱਭਿਆਚਾਰ ਉਸਾਰਦੇ ਹਨ ਤੇ ਸੱਭਿਆਚਾਰ ਪੌਣ-ਪਾਣੀ 'ਤੇ ਅਸਰ ਪਾਉਂਦਾ ਹੈ। ਅੱਛੇ ਸਭਿਆਚਾਰ ਜਾਂ ਸਭਿਅਤਾ ਦੀ ਉਸਾਰੀ ਲਈ ਲੋਕਾਂ ਦਾ ਪੜ੍ਹੇ-ਲਿਖੇ ਹੋਣਾ ਬੇਹੱਦ ਜ਼ਰੂਰੀ ਹੈ। ਇੱਥੇ ਪੜ੍ਹੇ ਲਿਖੇ ਦਾ ਅਰਥ ਸਰਟੀਫਿਕੇਟ ਧਾਰਕ ਜਾਂ ਡਿਗਰੀ ਹੋਲਡਰ ਬਿਲਕੁਲ ਨਹੀਂ ਹੈ।

ਸਾਡੇ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਡਿਗਰੀਆਂ ਦਿੰਦੀਆਂ ਹਨ, ਸਿੱਖਿਆ ਨਹੀਂ। ਉਹ ਡਿਗਰੀਆਂ ਕਿਸੇ ਨੂੰ ਵੀ ਅੱਛਾ ਇਨਸਾਨ ਨਹੀਂ ਬਣਾਉਂਦੀਆਂ ਤੇ ਨਾ ਹੀ ਕੋਈ ਕਾਬਲੀਅਤ ਪੈਦਾ ਕਰਦੀਆਂ ਹਨ। ਇਨ੍ਹਾਂ 'ਚੋਂ ਕੋਈ ਟਾਵਾਂ ਹੀ ਸਿੱਖਿਆ ਗ੍ਰਹਿਣ ਕਰਦਾ ਹੈ। ਕਿਸੇ ਨੂੰ ਕਾਸੇ ਦੇ ਕਾਬਲ ਬਣਾਉਣਾ ਹੋਰ ਗੱਲ ਹੈ; ਕੇਵਲ ਕਾਗਜ਼ੀ ਸ਼ਰਤਾਂ ਪੂਰੀਆਂ ਕਰਾਉਣੀਆਂ ਹੋਰ ਗੱਲ। ਇਹ ਸਿੱਖਿਆ ਦੇ ਨਾਂ 'ਤੇ ਹੋ ਰਿਹਾ ਜਾਂ ਕੀਤਾ ਜਾ ਰਿਹਾ ਬਹੁਤ ਵੱਡਾ ਵਪਾਰ, ਦਗਾ, ਧੋਖਾ ਜਾਂ ਠੱਗੀ ਹੈ।

ਜਿਵੇਂ ਨਿੱਕੀਆਂ ਵੱਡੀਆਂ ਕੰਪਨੀਆਂ, ਮਸ਼ਹੂਰੀਆਂ ਰਾਹੀਂ, ਕਾਮਯਾਬ, ਸੋਹਣੇ, ਸੁਨੱਖੇ ਅਤੇ ਸਿਹਤਮੰਦ ਦਿਖਣ ਦੀ ਲਲਕ ਪੈਦਾ ਕਰਕੇ ਆਪਣੀਆਂ ਚੀਜ਼ਾਂ ਵੇਚਦੀਆਂ ਹਨ ਅਤੇ ਅਰਬਾਂ-ਖਰਬਾਂ ਦਾ ਵਪਾਰ ਕਰਦੀਆਂ ਹਨ, ਉਵੇਂ ਸਾਡੇ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਵੀ ਉਸੇ ਰਾਹ ਪੈ ਗਈਆਂ ਹਨ।

ਇਹੀ ਹਾਲ ਹਸਪਤਾਲਾਂ ਦਾ ਹੈ। ਹਸਪਤਾਲਾਂ ਦੇ ਇਸ਼ਤਿਹਾਰ ਖਲਕਤ ਨੂੰ ਗੁਮਰਾਹ ਕਰਦੇ ਹਨ। ਮੇਰਾ ਖਿਆਲ ਹੈ ਕਿ ਜਾਲ੍ਹਸਾਜ਼ੀ, ਝੂਠ, ਠੱਗੀ, ਮੱਕਾਰੀ ਤੇ ਹਰਾਮਖੋਰੀ ਦੇ ਮਾਮਲੇ ਵਿਚ ਹਸਪਤਾਲਾਂ ਦਾ ਹੁਣ ਕੋਈ ਸਾਨੀ ਨਹੀਂ ਰਿਹਾ। ਕਿਸੇ ਦੀ ਕਿਡਨੀ ਕੱਢ ਕੇ ਕਿਸੇ ਦੇ ਫਿੱਟ ਕਰ ਦਿੰਦੇ ਹਨ। ਕਿਸੇ ਗਰੀਬ ਕਿਰਤੀ ਨੂੰ ਮਰਨ ਜੋਗਾ ਕਰਕੇ, ਕਿਸੇ ਅਮੀਰ ਵਿਹਲੜ ਨੂੰ ਮੁੜ ਗੰਦਗੀ ਫੈਲਾਉਣ ਜੋਗਾ ਕਰ ਦੇਣਾ, ਕਿਧਰ ਦੀ ਇਨਸਾਨੀਅਤ ਹੈ! ਇਸ ਬਦਰਾਹ ਤੋਂ ਪਿੱਛੇ ਮੁੜਨ ਦਾ ਕੋਈ ਹੀਲਾ ਵਸੀਲਾ ਨਜ਼ਰ ਨਹੀਂ ਆਉਂਦਾ।




ਪ੍ਰੋ. ਹਰਜੀਤ ਗਿੱਲ

ਪੰਜਾਬ ਕਿਵੇਂ ਸੰਭਲੇ, ਕਿਵੇਂ ਆਪਣੇ ਪੈਰਾਂ 'ਤੇ ਹੋਵੇ, ਇਹ ਵੱਡਾ ਅਤੇ ਅਸਲ ਸਵਾਲ ਹੈ, ਜਿਸ ਦਾ ਜਵਾਬ ਕਿਸੇ ਸੰਤ, ਬਾਬੇ, ਮਾਂਦਰੀ ਜਾਂ ਮਦਾਰੀ ਕੋਲ ਨਹੀਂ ਹੈ। ਮੇਰੇ ਕੋਲ ਵੀ ਇਸ ਸਵਾਲ ਦਾ ਕੋਈ ਜਵਾਬ ਨਹੀਂ, ਹਾਂ, ਸੁਝਾਅ ਜ਼ਰੂਰ ਹੈ, ਜਿਸ ਨੂੰ ਸੁਣ ਕੇ ਬਹੁਤੇ ਲੋਕ ਹੈਰਾਨ ਹੋਣਗੇ ਤੇ ਸ਼ਾਇਦ ਹੱਸਣਗੇ ਵੀ। ਪਰ, ਮੇਰਾ ਵਿਸ਼ਵਾਸ ਹੈ ਕਿ ਜੇ ਇਸ ਰਾਹ ਤੁਰਿਆ ਜਾਵੇ ਤਾਂ ਕੋਈ ਕਾਰਗਰ ਹੱਲ ਲੱਭ ਸਕਦਾ ਹੈ।


ਪੰਜਾਬ ਵਿਚ ਦੋ ਵਿਦਵਾਨ ਹਨ, ਜਿਨ੍ਹਾਂ ਨੂੰ ਮਿਲ ਕੇ, ਦੇਖ ਕੇ ਅਤੇ ਸੁਣ ਕੇ ਵਿਦਵਾਨ ਦੀ ਪਰਿਭਾਸ਼ਾ ਸਮਝ ਆਉਂਦੀ ਹੈ। ਮੇਰੀ ਸਮਝ ਅਨੁਸਾਰ ਪੰਜਾਬ ਦੀ ਸ਼ਿਰੋਮਣੀ ਵਿਦਵਤਾ ਦੇ ਇਤਿਹਾਸ ਦੀ ਨਿਰੰਤਰਤਾ ਪ੍ਰੋ. ਜੇ. ਪੀ. ਐਸ. ਓਬਰਾਏ ਵਿਚ ਦੇਖੀ ਜਾ ਸਕਦੀ ਹੈ। ਉਨ੍ਹਾਂ ਨੂੰ ਮਿਲਣਾ ਰਤਾ ਮੁਸ਼ਕਿਲ ਹੈ, ਨਾਮੁਮਕਿਨ ਨਹੀਂ।

ਪ੍ਰੋ. ਓਬਰਾਏ ਨੇ ਆਪਣੀਆਂ ਲਿਖਤਾਂ ਵਿਚ ਪੰਜਾਬ ਦੇ ਸਿਰਫ ਦੋ ਵਿਦਵਾਨਾਂ ਦਾ ਜ਼ਿਕਰ ਕੀਤਾ ਹੈ। ਇੱਕ ਹਨ ਪ੍ਰੋ. ਮਿਨਹਾਸ, ਜੋ ਸਮਾਜ ਵਿਗਿਆਨ ਦੇ ਵੱਡੇ ਅਤੇ ਸਮਰੱਥ ਵਿਦਵਾਨ ਹਨ, ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਗੁਮਨਾਮੀ ਦਾ ਜੀਵਨ ਬਸਰ ਕਰ ਰਹੇ ਹਨ। ਉਹ ਮੂੰਹੋਂ ਬੋਲਦੇ ਹਨ ਤਾਂ ਲੱਗਦਾ ਹੈ, ਜਿਵੇਂ ਕਿਸੇ ਦਰਵੇਸ਼ ਆਤਮਾ ਦੇ ਦੀਦਾਰ ਹੋ ਰਹੇ ਹੋਣ। ਉਨ੍ਹਾਂ ਦੇ ਬੋਲਾਂ ਵਿਚ ਜ਼ਮਾਨੇ ਨੂੰ ਬਦਲ ਦੇਣ ਦੇ ਸੂਖਮ ਸੰਕੇਤ ਅਤੇ ਕਾਰਗਰ ਹੱਲ ਹੁੰਦੇ ਹਨ।

ਦੂਸਰੇ ਵਿਦਵਾਨ ਨੂੰ ਦੂਸਰਾ ਕਹਿਣਾ ਭਾਸ਼ਾ ਦੀ ਮਜਬੂਰੀ ਹੈ, ਪਰ ਉਹ ਦੂਸਰੇ ਨਹੀਂ, ਪਹਿਲੇ ਹੀ ਹਨ। ਉਹ ਹਨ, ਪ੍ਰੋ. ਹਰਜੀਤ ਗਿੱਲ, ਜੋ ਫਰਾਂਸ ਵਿਚ ਪੜ੍ਹੇ ਹਨ ਅਤੇ ਜੇ. ਐਨ. ਯੂ. ਤੋਂ ਸੁਬਕਦੋਸ਼ ਹੋਏ ਹਨ। ਫਿਰ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਵਿਚ ਆਪਣੀ ਲਿਆਕਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੇਖੇ ਲਾਇਆ ਹੈ। ਉਹ ਅਸਲੋਂ ਹੀ ਬੇਨਿਆਜ਼ ਹਨ, ਕਿਸੇ ਦੀ ਪ੍ਰਵਾਹ ਨਹੀਂ ਕਰਦੇ। ਹੁਣ ਸਾਡੀ ਯੂਨੀਵਰਸਿਟੀ ਨੇ ਉਨ੍ਹਾਂ ਦੀ ਪ੍ਰਵਾਹ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ, ਕਿਉਂਕਿ ਯੂਨੀਵਰਸਿਟੀ ਕੋਲ, ਕਿਸੇ ਭੰਗੜਾ ਕਲਾਕਾਰ 'ਬਾਈ' ਦੀ ਪ੍ਰਵਾਹ ਕਰਨ ਤੋਂ ਫੁਰਸਤ ਨਹੀਂ ਹੈ। ਪ੍ਰੋ. ਹਰਜੀਤ ਗਿੱਲ ਆਪਣੇ ਵੱਡੇ ਕਿ ਛੋਟੇ ਭਾਈ ਕੋਲ ਅੰਮ੍ਰਿਤਸਰ ਚਲੇ ਗਏ ਹਨ।



ਪ੍ਰੋ. ਮਿਨਹਾਸ



ਪ੍ਰੋ. ਜੇ. ਪੀ. ਐਸ. ਓਬਰਾਏ

ਇਨ੍ਹਾਂ ਵਿਦਵਾਨਾਂ ਦਾ ਨਾਂ ਆਕਸਫੋਰਡ, ਕੈਂਬਰਿਜ ਜਾਂ ਹਾਰਵਰਡ ਦੇ ਗਲਿਆਰਿਆਂ 'ਚ ਸੁਣਿਆ ਜਾ ਸਕਦਾ ਹੈ, ਸਿਰਫ ਪੰਜਾਬ 'ਚ ਨਹੀਂ; "ਜਾਨੇ ਨ ਜਾਨੇ ਗੁਲ ਹੀ ਨ ਜਾਨੇ, ਬਾਗ ਤੋ ਸਾਰਾ ਜਾਨੇ ਹੈ।" ਉਕਤ ਵਿਦਵਾਨਾਂ ਦੇ ਚਿਹਰਿਆਂ 'ਤੇ ਉਨ੍ਹਾਂ ਦੀ ਆਪਣੀ ਜ਼ਿੰਦਗੀ ਪ੍ਰਤੀ ਕੋਈ ਸ਼ਿਕਨ ਜਾਂ ਰੰਜ ਨਹੀਂ ਹੈ; ਉਨ੍ਹਾਂ ਦੇ ਦਿਲ ਵਿਚ ਸ਼ਿਕਨ ਹੈ ਤਾਂ ਬੱਸ ਇੰਨਾ ਹੀ ਕਿ ਉਨ੍ਹਾਂ ਦੀ ਲਿਆਕਤ ਦੀ ਬਰਸਾਤ ਪੱਥਰਾਂ 'ਤੇ ਹੀ ਹੁੰਦੀ ਰਹੀ ਹੈ।

ਉਹ ਤਾਉਮਰ ਕਿਸੇ ਜ਼ਰਖੇਜ਼ਬੁੱਧ ਵਿਦਿਆਰਥੀ ਦੀ ਉਡੀਕ 'ਚ ਰਹੇ। ਉਹ ਉਪਰਾਮ ਹਨ, ਨਿਰਾਸ਼ ਨਹੀਂ। ਕਿਸੇ ਉਤਸ਼ਾਹੀ ਵਿਦਿਆਰਥੀ ਨੂੰ ਦੇਖ ਕੇ ਉਨ੍ਹਾਂ ਦੇ ਮਨ ਵਿਚ ਆਸ ਜਾਗਦੀ ਹੈ, ਨੇਤਰਾਂ 'ਚ ਲੋ ਮੱਚਦੀ ਹੈ, ਮੱਥੇ 'ਤੇ ਖੇੜਾ ਚਮਕ ਉਠਦਾ ਹੈ। ਪਰ, ਨੌਕਰੀ ਨਾਲ ਜੁੜੀ ਨੰਬਰਾਂ ਦੀ ਮਜਬੂਰੀ ਕਾਰਨ ਉਤਸ਼ਾਹੀ ਵਿਦਿਆਰਥੀ ਦੇ ਮਨ ਵਿਚ ਗਿਆਨ ਦੀ ਅਭਿਲਾਸ਼ਾ ਦੇ ਬੁਝੇ ਹੋਏ ਚਿਰਾਗ ਦੇਖ ਕੇ ਇਨ੍ਹਾਂ ਵਿਦਵਾਨਾਂ ਦੇ ਮਨ ਵਿਚ ਫੁੱਟਦੀ ਆਸ ਭਾਦੋਂ ਦੀਆਂ ਖੁੰਬਾਂ ਵਾਂਗ ਪਲ ਵਿਚ ਮੁਰਝਾਅ ਜਾਂਦੀ ਹੈ। ਜਿਸ ਸਭਿਅਤਾ ਦੇ ਵਿਦਵਾਨ ਨਿਰਾਸ਼ ਹੋ ਜਾਣ ਤੇ ਉਦਾਸ ਰਹਿਣ ਲੱਗ ਜਾਣ, ਉਸ ਸਭਿਅਤਾ ਦੇ ਲੋਕਾਂ ਨੂੰ ਅਮਰੀਕਾ-ਕੈਨੇਡਾ ਤਾਂ ਕਿਤੇ ਰਿਹਾ, ਚੰਦ 'ਤੇ ਵੀ ਢੋਈ ਨਹੀਂ ਮਿਲ ਸਕਦੀ।

ਪੰਜਾਬ ਦੇ ਕਿਸੇ ਸੰਕਟ ਦਾ ਹੱਲ ਕੈਪਟਨ ਨਾਲ ਜੱਫੀ ਪਾ ਕੇ ਜਾਂ ਉਸ ਦੇ ਅੱਗੇ ਹੱਥ ਜੋੜ ਕੇ ਫੋਟੋ ਖਿਚਵਾਉਣ 'ਚ ਨਹੀਂ ਹੈ। ਨਾ ਹੀ ਯੂ-ਟਿਊਬ 'ਤੇ ਰੋਜ ਰਗਾਂ ਫੁਲਾਉਣ 'ਚ ਕਿਸੇ ਸਮੱਸਿਆ ਦਾ ਹੱਲ ਹੈ।

ਗੁਰਬਾਣੀ 'ਚ ਆਇਆ ਹੈ: ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਇਸ ਪਵਿੱਤਰ ਹੁਕਮ ਅਨੁਸਾਰ ਜੋ ਵੀ ਕੋਈ ਪੰਜਾਬ ਦੇ ਕਿਸੇ ਸੰਕਟ ਦੇ ਹੱਲ 'ਚ ਆਪਣੀ ਹਾਜ਼ਰੀ ਲਵਾਉਣੀ ਚਾਹੁੰਦਾ ਹੈ, ਉਸ ਦਾ ਫਰਜ਼ ਬਣਦਾ ਹੈ ਕਿ ਪੰਜਾਬ ਦੇ ਇਨ੍ਹਾਂ ਵਿਦਵਾਨਾਂ ਦੇ ਦਰਸ਼ਨ ਜ਼ਰੂਰ ਕਰੇ ਅਤੇ ਉਨ੍ਹਾਂ ਦੇ ਪ੍ਰਵਚਨ ਸੁਣਨ ਦੀ ਖੇਚਲ ਕਰੇ ਤੇ ਉਨ੍ਹਾਂ ਦੀ ਰੌਸ਼ਨੀ 'ਚ ਅੱਗੇ ਵਧੇ।

ਇਹ ਦੋ ਮਹਾਨ ਹਸਤੀਆਂ ਦਰਅਸਲ ਪੰਜਾਬ ਦੇ ਦੋ ਚਿਰਾਗ ਹਨ, ਜੋ ਬੇਨਿਆਜ਼ ਹਨ, ਪਰ ਮਾਇਆਨਾਜ਼ ਹਨ; ਇਨ੍ਹਾਂ ਦਾ ਪ੍ਰਕਾਸ਼ ਪੰਜਾਬੀ ਲੋਕ ਮਾਨਸਿਕਤਾ ਦਾ ਹਨੇਰਾ ਦੂਰ ਕਰ ਸਕਦਾ ਹੈ। ਚਿਰਾਗਾਂ ਤੋਂ ਦੂਰ, ਹਨੇਰੇ 'ਚ ਟੱਕਰਾਂ ਮਾਰਿਆਂ ਝੂਠੀ ਸ਼ੁਹਰਤ ਅਤੇ ਨਾਹੱਕ ਚੰਦ ਠੀਕਰੀਆਂ ਦੇ ਬਗੈਰ ਕੁਝ ਵੀ ਹਾਸਲ ਨਹੀਂ ਹੋਣਾ। ਇਹ ਵੀ ਚੇਤੇ ਰਹੇ, ਵਿਦਵਾਨ ਟਿਊਬਵੈਲ ਨਹੀਂ ਹੁੰਦੇ, ਖੂਹ ਹੁੰਦੇ ਹਨ। ਖੂਹ ਕਦੇ ਪਿਆਸਿਆਂ ਕੋਲ ਨਹੀਂ ਜਾਂਦੇ, ਬਲਕਿ ਪਿਆਸੇ ਖੁਦ ਚੱਲ ਕੇ ਖੂਹ ਕੋਲ ਜਾਂਦੇ ਹਨ। ਖੂਹ ਸਿਰਫ ਉਡੀਕਦੇ ਹਨ, ਪਿਆਸਿਆਂ ਨੂੰ। ਸਾਡੇ ਖੂਹ ਉਦਾਸ ਹਨ, ਕਿਉਂਕਿ ਹੁਣ ਕਿਸੇ ਨੂੰ ਵਿਦਵਤਾ ਦੇ ਅੰਮ੍ਰਿਤ ਜਲ ਦੀ ਪਿਆਸ ਨਹੀਂ ਲੱਗਦੀ। ਜਾਂ ਇਉਂ ਕਹਿ ਲਉ ਕਿ ਹੁਣ ਲੋਕ ਆਪਣੀ ਪਿਆਸ ਬੁਝਾਉਣ ਲਈ ਟੈਂਕੀਆਂ ਅਤੇ ਟੂਟੀਆਂ ਦੇ ਮੁਥਾਜ ਹੋ ਗਏ ਹਨ। ਖੂਹ ਤਾਂ ਕਿਤੇ ਰਹੇ, ਹੁਣ ਸਾਡੇ ਸਰੋਵਰ ਵੀ ਨਿਰਾਸ਼ ਹਨ।

ਸ਼ਾਇਦ ਇਸੇ ਗੱਲ ਦੇ ਦੁਖਾਂਤ ਨੂੰ ਭਾਂਪ ਕੇ, ਯਮਲਾ ਜੀ ਨੇ ਗੀਤ ਗਾਇਆ ਸੀ, "ਜੰਗਲ ਦੇ ਵਿਚ ਖੂਹਾ ਲੁਆ ਦੇ, ਉੱਤੇ ਰਖਾ ਦੇ ਡੋਲ, ਸਖੀਏ ਨਾਮ ਸਾਈਂ ਦਾ ਬੋਲ।" ਚਲੋ, ਆਪਣੇ ਪੁਰਾਤਨ ਅਤੇ ਦੇਸੀ ਖੂਹਾਂ ਦੀ ਖਬਰ ਲਈਏ। ਇਨ੍ਹਾਂ ਨੂੰ ਵਿੱਦਿਆ ਦੇ ਖੂਹ ਕਹਿਣਾ, ਲਿਖਤ ਦੀ ਲੋੜ ਹੈ। ਦਰਅਸਲ ਇਹ ਵਿਦਵਾਨ ਵਿੱਦਿਆ ਦੇ ਖੂਹ ਨਹੀਂ, ਨਿਰਮਲ ਸਰੋਵਰ ਹਨ। ਇਨ੍ਹਾਂ ਦੇ ਦਰਸ਼ਨ ਵਿੱਦਿਅਕ ਇਸ਼ਨਾਨ ਹੈ।

"ਤੂੰ ਮਿਲਿ ਜਗਤੁ ਉਪਾਇਆ॥"

# ਪੰਜਾਬੀਓ! ਮਸਲੇ ਵਿਚਾਰੋ, ਕੀ ਹੋਵੇ 'ਏਜੰਡਾ ਪੰਜਾਬ'

(ਪਿਛਲੇ ਸਫੇ ਦੀ ਬਾਕੀ)

ਬਾਬੇ ਨਾਨਕ ਨੇ ਸਾਨੂੰ ਕੀ ਆਖਿਆ ਹੈ, 'ਪਾਪਾਂ ਬਾਝੋਂ ਹੋਇ ਨਾਹੀਂ ਮੋਇਆਂ ਸਾਥ ਨਾ ਜਾਈ॥' ਪੈਸੇ ਦੀ ਅੰਨ੍ਹੀ ਦੌੜ ਵਿਚ ਗੁਆਚਿਆਂ ਵਿਚੋਂ, ਹੈ ਕਿਸੇ ਨੂੰ ਚੇਤਾ ਬਾਬੇ ਦੇ ਬੋਲਾਂ ਦਾ? ਉਕਾ ਨਹੀਂ।

ਪੰਜਾਬੀਆਂ ਨੂੰ ਆਪਣੇ ਭਰਾਤਰੀ ਰਿਸ਼ਤਿਆਂ 'ਤੇ ਬਹੁਤ ਮਾਣ ਹੁੰਦਾ ਸੀ, ਪਰ ਹਰ ਕਿਸੇ ਤੋਂ ਕਿਸੇ ਤਰ੍ਹਾਂ ਵੀ ਅੱਗੇ ਲੰਘ ਜਾਣ ਦੀ ਦੌੜ ਵਿਚ ਅਸੀਂ ਆਪਣੇ ਹੀ ਦੋਸ਼ੀ ਬਣ ਗਏ ਹਾਂ। ਜਿਥੇ ਹੋਰ ਖੇਤਰਾਂ ਵਿਚ ਗੰਧਲਾਪਨ ਆਇਆ ਹੈ, ਰਿਸ਼ਤੇ ਵੀ ਗੰਧਲੇ ਗਏ ਹਨ। ਸਮਾਜਕ ਮਾਹੌਲ ਹੁਣ ਇਥੋਂ ਤੱਕ ਨਿੱਘਰ ਗਿਆ ਹੈ ਕਿ ਰਿਸ਼ਤੇਦਾਰ ਤਾਂ ਦੂਰ ਦੀ ਗੱਲ, ਭੈਣਾਂ-ਭਰਾਵਾਂ ਦੇ ਰਿਸ਼ਤੇ ਸਵਾਰਥੀ ਹੋ ਕੇ ਤਾਰ ਤਾਰ ਹੋ ਰਹੇ ਹਨ। ਇਸੇ ਸਵਾਰਥੀ ਬਿਰਤੀ ਕਰਕੇ ਹਰ ਕੋਈ ਦੂਜੇ ਤੋਂ ਕਿਸੇ ਵੀ ਤਰੀਕੇ ਭਾਵ ਕੂਹਣੀ ਮਾਰ ਕੇ ਅੱਗੇ ਲੰਘਣਾ ਚਾਹੁੰਦਾ ਹੈ।

ਅੰਨੇ ਮੁਨਾਫਿਆਂ ਦੇ ਲੋਭੀਆਂ ਵਲੋਂ ਪੰਜਾਬ ਦੀ ਨੌਜਵਾਨੀ ਨੂੰ ਹੀ ਨਹੀਂ, ਧਰਤੀ ਨੂੰ ਵੀ ਖਾਦਾਂ ਤੇ ਕੀਟਨਾਸ਼ਕ ਸਪਰੇਆਂ ਨਾਲ 'ਨਸ਼ੇ' 'ਤੇ ਲਾ ਦਿੱਤਾ ਗਿਆ ਹੈ। ਕੀ ਕਿਸਾਨਾਂ ਨੂੰ ਇਸ ਬਾਰੇ ਦੱਸਿਆ ਜਾਂਦਾ ਹੈ ਕਿ ਜੋ ਖਾਦਾਂ ਤੇ ਸਪਰੇਆਂ ਉਹ ਵਰਤ ਰਹੇ ਹਨ, ਉਹ ਧਰਤੀ ਵਿਚ ਜਜ਼ਬ ਹੋ ਕੇ ਧਰਤੀ ਵਿਚਲੇ ਪਾਣੀ ਨੂੰ ਜ਼ਹਿਰੀ ਕਰਕੇ ਮਨੁੱਖੀ ਜਾਨ ਵਾਸਤੇ ਖਤਰਾ ਪੈਦਾ ਕਰ ਰਹੀਆਂ ਹਨ। ਕਿਹੜੇ ਖਤਰਨਾਕ ਤੱਤ ਹਨ ਜੋ ਰਸਾਇਣਕ ਤੱਤਾਂ ਰਾਹੀਂ ਪਾਣੀ ਵਿਚੋਂ ਫੇਰ ਮਨੁੱਖੀ ਸਰੀਰਾਂ ਵਿਚ ਸ਼ਾਮਲ ਹੋ ਰਹੇ ਹਨ, ਬੀਮਾਰੀਆਂ ਦੇ ਰੂਪ ਵਿਚ ਬਾਹਰ ਨਿਕਲਦੇ ਹਨ? ਕੀ ਸਰਕਾਰ ਨੇ ਕਦੇ ਕੋਈ ਅਜਿਹਾ ਸਰਵੇਖਣ ਕਰਵਾ ਕੇ ਲੋਕਾਂ ਨੂੰ ਸੁਚੇਤ ਕਰਕੇ ਇਸ ਤੋਂ ਬਚਾਉਣ ਦੇ ਕੋਈ ਜਤਨ ਕੀਤੇ ਹਨ? ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵੇਲੇ ਸਾਨੂੰ ਬਾਬੇ ਨਾਨਕ ਦੇ ਬੋਲ 'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਕਿਉਂ ਚੇਤੇ ਨਹੀਂ ਰਹਿੰਦੇ?

ਹਰ ਜੁਰਮ ਬਾਰੇ ਅਵਾਗੌਣ ਸਖਤ ਕਾਨੂੰਨਾਂ ਦੀ ਲੋੜ ਨਹੀਂ ਸਗੋਂ ਸਮਾਜਕ ਮਾਹੌਲ ਸੁਧਾਰਨ ਦੀ ਲੋੜ ਹੈ। ਸਿਆਸਤਦਾਨਾਂ, ਅਫਸਰਸ਼ਾਹਾਂ ਤੇ ਹਰ ਨਾਗਰਿਕ ਦੀ ਮਾਨਸਿਕਤਾ ਬਦਲਣ ਦੀ ਲੋੜ ਹੈ। ਪੁਲਿਸ ਹਰ ਨਾਗਰਿਕ ਦੀ ਰਾਖੀ ਵਾਸਤੇ ਹੋਵੇ, ਨਾ ਕਿ ਕੁਝ ਗਿਣੇ ਚੁਣੇ 'ਪਤਵੰਤੇ' ਕਹਾਉਣ ਵਾਲਿਆਂ ਦੀ ਰਾਖੀ ਲਈ। ਹਰ ਨਾਗਰਿਕ ਪਤਵੰਤਾ ਕਿਉਂ ਨਾ ਹੋਵੇ? ਸਮਾਜ ਅੰਦਰ ਡਰ-ਭੈਅ ਮੁਕਤ ਮਾਹੌਲ ਪੈਦਾ ਕੀਤਾ ਜਾਵੇ। ਫੇਰ ਕਿਸੇ ਨੂੰ ਵੀ ਵਾਧੂ ਸੁਰੱਖਿਆ ਦੀ ਲੋੜ ਨਹੀਂ ਪਵੇਗੀ। ਖੁਦ ਨੂੰ 'ਧਾਰਮਿਕ ਸੇਵਾਦਾਰ' ਕਹਾਉਣ ਵਾਲੇ ਵੀ ਆਪਣੇ ਵਾਸਤੇ ਸੁਰੱਖਿਆ ਦੀ ਮੰਗ ਕਰਦੇ ਹਨ। ਅਜਿਹੇ ਲੋਕਾਂ ਦੀ ਸੁਰੱਖਿਆ ਲਈ ਅਜਾਈਂ ਕੀਤੇ ਜਾਂਦੇ ਖਰਚ ਦੇ ਪੈਸੇ ਬਚਾ ਕੇ ਆਮ ਲੋਕਾਂ ਲਈ ਸਹੂਲਤਾਂ ਮੁਹੱਈਆ ਕਰਨ ਵਾਸਤੇ ਖਰਚ ਕੀਤੇ ਜਾਣ।

ਪੰਜਾਬ ਚਿਰਾਂ ਤੋਂ ਚੌਤਰਫੇ ਹਮਲੇ ਦੀ ਮਾਰ ਹੇਠ ਹੈ, ਇਸ ਨੂੰ ਆਪੋ ਆਪਣੀਆਂ ਪਾਰਟੀਆਂ ਦੇ ਨਹੀਂ, ਪੰਜਾਬ ਦੇ ਹਿਤੈਸ਼ੀ ਹਮਦਰਦ ਬਣ ਕੇ ਅੱਗੇ ਆਉਣ ਵਾਲਿਆਂ ਦੀ ਲੋੜ ਹੈ। ਆਪੋ ਆਪਣੀ ਪੈਂਠ ਬਣਾਉਣ ਵਾਲੇ ਹੀਰੋਵਾਦ ਨੇ ਤਾਂ ਪੰਜਾਬ ਦਾ ਪਹਿਲਾਂ ਹੀ ਬਹੁਤ ਨੁਕਸਾਨ ਕਰ ਦਿੱਤਾ ਹੈ। ਨਾ ਇੱਥੇ ਚੱਜ ਦੀ ਵਿੱਦਿਆ ਨੀਤੀ, ਨਾ ਖੇਤੀਬਾੜੀ ਬਾਰੇ ਕੋਈ ਕਿਸਾਨ ਦੇ ਭਲੇ ਵਾਲੀ ਨੀਤੀ, ਨਾ ਹੀ ਸੱਭਿਆਚਾਰਕ ਨੀਤੀ, ਜੋ ਸਾਡੀ ਜੀਵਨ ਜਾਚ ਨੂੰ ਸਮੇਂ ਦੇ ਹਾਣ ਦੀ ਬਣਾ ਸਕੇ। ਵਿੱਦਿਅਕ ਅਦਾਰਿਆਂ ਨੂੰ ਸਰਕਾਰ ਦੀ ਕਿਰਪਾ ਨਾਲ ਜਲੇਬੀਆਂ-ਪਕੌੜੇ ਵੇਚਣ ਵਾਲੇ ਮੁਨਾਫੇਖੋਰਾਂ ਨੇ ਅਗਵਾ ਕੀਤਾ ਹੋਇਆ ਹੈ। ਨਿਰੋਲ ਮੁਨਾਫੇ ਖਾਤਰ 'ਹਲਵਾਈਆਂ' ਦੀਆਂ 'ਯੂਨੀਵਰਸਿਟੀਆਂ' ਕਿਹੜੇ ਜੀਨੀਅਸ ਪੈਦਾ ਕਰਨਗੀਆਂ? ਸਾਫ ਹੈ, ਅਜਿਹੇ ਮੁਨਾਫੇਖੋਰਾਂ ਦੀ ਪਿੱਠ 'ਤੇ ਹਕੂਮਤੀ ਧਿਰਾਂ ਦਾ ਹੱਥ ਹੈ। ਗਿਆਨ ਵਿਹੂਣੀ ਵਿੱਦਿਆ ਦੇ ਕੇ ਸਿਰਫ 'ਡਿਗਰੀਆਂ' ਵੰਡੀਆਂ ਜਾ ਰਹੀਆਂ ਹਨ। ਪ੍ਰਾਈਵੇਟ ਅਦਾਰੇ ਲੋਕਾਂ ਦੀ ਲੁੱਟ ਕਰ ਰਹੇ ਹਨ? ਕਿਉਂ ਨਹੀਂ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਦੀਆਂ ਤਨਖਾਹਾਂ ਬਰਾਬਰ, ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਮਨਮਰਜ਼ੀ ਦੀਆਂ ਸਰਕਾਰੀ ਸਕੂਲਾਂ ਨਾਲੋਂ ਕਿਤੇ ਵੱਧ ਤੇ ਅਧਿਆਪਕਾਂ ਦੀਆਂ ਤਨਖਾਹਾਂ ਘੱਟ ਕਿਉਂ ਹਨ? ਪੰਜਾਬ ਦੇ ਬਹੁਤ ਸਾਰੇ ਮਹਿਕਮਿਆਂ ਅੰਦਰ ਲੱਖਾਂ ਹੀ ਅਸਾਮੀਆਂ ਸਮੇਤ ਅਧਿਆਪਕਾਂ ਦੇ ਖਾਲੀ ਹੋਣ ਬਾਰੇ ਨਿੱਤ ਪੜ੍ਹਦੇ ਹਾਂ। ਲੱਖਾਂ ਹੀ ਸਿੱਖਿਅਤ ਨੌਜਵਾਨ ਵਿਹਲੇ ਫਿਰ ਰਹੇ ਹਨ। ਕੰਮ ਹੋਣ ਦੇ ਬਾਵਜੂਦ ਵਿਹਲੇ ਹੱਥਾਂ ਨੂੰ ਕੰਮ ਕਿਉਂ ਨਹੀਂ ਦਿੱਤਾ ਜਾ ਰਿਹਾ? ਨੌਜਵਾਨਾਂ ਅੰਦਰ ਬੇਰੁਜ਼ਗਾਰੀ ਵੱਡਾ ਕਾਰਨ ਹੈ, ਉਹ ਤਣਾਅ ਭਰੀ ਸਥਿਤੀ ਦਾ ਸਾਹਮਣਾ ਕਰਦਿਆਂ ਕਈ ਵਾਰ ਹਾਰੇ ਜਿਹੇ ਮਹਿਸੂਸ ਕਰਕੇ ਢਹਿੰਦੀ ਕਲਾ ਦੇ ਸ਼ਿਕਾਰ ਹੋ ਕੇ, ਹਾਲਤਾਂ ਹੱਥੋਂ ਮਜਬੂਰ ਨਸ਼ਿਆਂ ਵੱਲ ਵਧ ਰਹੇ ਹਨ। ਸਿੱਧੇ ਤੌਰ 'ਤੇ ਸਰਕਾਰ ਇਸ ਦੀ ਜਿੰਮੇਵਾਰ ਹੈ।

ਕੁਰਾਹੇ ਪਏ ਮਾੜੀ ਕਿਸਮ ਦੇ 'ਗੀਤਕਾਰਾਂ' ਅਤੇ 'ਗਾਇਕਾਂ', ਜੋ ਇਸੇ ਪੰਜਾਬ ਦਾ ਅੰਨ ਖਾਂਦੇ ਹਨ, ਨੂੰ ਵੀ ਸੋਚਣਾ ਪਵੇਗਾ ਤੇ ਉਨ੍ਹਾਂ ਨੂੰ ਵੀ ਬਦਬੋ ਮਾਰਦਾ ਲੱਚਰ ਗਾਇਕੀ ਵਾਲਾ ਲੂਚ ਤਲਣਾ ਬੰਦ ਕਰਨਾ ਪਵੇਗਾ। ਪਿਛਲੇ ਸਮੇਂ ਵਿਚ ਉਭਰੇ ਇਹ ਅਸਲੋਂ ਫੁਕਰੇ ਤੇ ਨਾਸ਼ੁਕਰੇ ਗਾਇਕਾਂ, ਜੋ ਆਪਣੇ ਆਪ ਨੂੰ 'ਸੈਲੀਬਰਿਟੀ' ਕਹਾਉਣਾ ਪਸੰਦ ਕਰਨ ਲੱਗ ਪਏ ਹਨ, ਦੀ ਗਾਇਕੀ ਸੁਣਨੀ ਵੀ ਲੋਕਾਂ ਨੂੰ ਬੰਦ ਕਰਨੀ ਪਵੇਗੀ। ਸੁੱਚੀਆਂ ਕਲਮਾਂ ਫੜ੍ਹੀ ਬੈਠੇ ਤੇ ਸਭਿਅਕ ਸ਼ਬਦ ਲਿਖ ਰਹੇ ਗੀਤਕਾਰਾਂ ਨੂੰ ਆਪਣੀ ਸਭਿਆਚਾਰਕ ਰੀਤ ਦੇ ਵਿਹੜੇ ਗੰਦ ਪਾਉਣ ਵਾਲੀਆਂ ਕੰਜਰ ਕਲਮਾਂ ਦੇ ਖਿਲਾਫ ਉਠਣਾ ਪਵੇਗਾ। ਜਿਹੜੇ ਆਪਣੀਆਂ ਮਾਂਵਾਂ-ਭੈਣਾਂ ਨਾਲ ਬੈਠ ਕੇ ਆਪਣੇ ਗਾਏ ਗੀਤ ਨਹੀਂ ਸੁਣ ਸਕਦੇ, ਉਹੀ ਗੰਦ ਸਮਾਜ ਨੂੰ ਪਰੋਸ ਰਹੇ ਹਨ। ਪੰਜਾਬ ਦੀ ਸੱਭਿਆਚਾਰਕ ਰੀਤ ਤੋਂ ਟੁੱਟੇ 'ਗੀਤ' ਲਿਖਣ ਤੇ ਗਾਉਣ ਵਾਲੇ ਸਭ ਤੋਂ ਵੱਡੇ ਦੋਸ਼ੀ ਹਨ। ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਨੂੰ ਨਸ਼ਿਆਂ ਤੇ ਹਥਿਆਰਾਂ ਦੇ ਪੈਰਾਂ ਹੇਠ ਰੋਲ ਕੇ ਆਪਣੇ ਘਰ ਭਰੇ ਹਨ। ਉਹ ਬਿਨਾ ਸ਼ੱਕ ਪੰਜਾਬ ਨੂੰ ਚਿੱਕੜ ਵਿਚ ਫਸਾਉਣ ਦੇ ਦੋਸ਼ੀ ਹਨ। ਇਨ੍ਹਾਂ ਦੀਆਂ 'ਚਿੱਟੀਆਂ ਕੋਠੀਆਂ' ਦੀ ਜਾਂਚ ਪੜਤਾਲ ਵੀ ਜਰੂਰ ਹੋਵੇ। ਕੀ ਇਹ ਸਿਰਫ ਗਾਇਕੀ ਦੀ ਕਮਾਈ ਹੀ ਹੈ? ਜਾਂ ਕੁਝ ਹੋਰ ਈ ਹੈ?

ਪੰਜਾਬ ਅੰਦਰ ਡੇਰਾਵਾਦ ਨੇ ਵੱਖੋ ਵੱਖ 'ਧਰਮਾਂ' ਦੇ ਨਾਂ ਹੇਠ ਲੋਕਾਂ ਨੂੰ ਵਹਿਮਾਂ ਭਰਮਾਂ ਵੱਲ ਧੱਕਿਆ ਹੈ। ਇਹੋ ਵਹਿਮ-ਭਰਮ ਦੀ ਵੱਡੀ ਜੋਕ ਪੰਜਾਬ ਨੂੰ ਚੰਬੜੀ ਹੋਈ ਹੈ। ਡੇਰਿਆਂ ਵਿਚ 'ਸੱਭਿਆਚਾਰਕ' ਮੇਲਿਆਂ ਦੇ ਨਾਂ 'ਤੇ ਨਾਮਵਰ ਗਵੱਈਆਂ 'ਤੇ ਨੋਟਾਂ ਦੀਆਂ ਬੋਰੀਆਂ, ਝੋਲੇ ਭਰ ਭਰ ਕੇ ਸੁੱਟੇ ਜਾਂਦੇ ਹਨ। ਕੀ ਕਦੇ ਕਿਸੇ ਸਰਕਾਰੀ ਜਿੰਮੇਵਾਰ ਨੇ ਕਿਸੇ ਵੀ ਡੇਰੇਦਾਰ ਨੂੰ ਜਾ ਕੇ ਪੁੱਛਿਆ ਹੈ, ਇਹ ਨੋਟਾਂ ਦੀਆਂ ਬੋਰੀਆਂ ਕਿਹੜੇ ਰਾਹੋਂ ਆਈਆਂ? ਉਨ੍ਹਾਂ ਦੀ ਆਮਦਨ ਦੇ ਕੀ ਸਾਧਨ ਹਨ? ਕੀ ਇਨ੍ਹਾਂ ਡੇਰਿਆਂ ਨੂੰ ਕਮਾਈ ਕਰਦੀਆਂ ਦੁਕਾਨਾਂ ਵਾਲੇ ਕਾਨੂੰਨ ਹੇਠ ਨਹੀਂ ਲਿਆਉਣਾ ਚਾਹੀਦਾ? ਪਤਾ ਸਰਕਾਰਾਂ ਨੂੰ ਵੀ ਹੈ ਕਿ ਇਨ੍ਹਾਂ ਡੇਰਿਆਂ ਵਿਚ ਕਿਹੜੇ ਕਿਹੜੇ 'ਧੰਦੇ' ਹੁੰਦੇ ਹਨ, ਪਰ 'ਮੂੰਹ ਖਾਵੇ ਅੱਖਾਂ ਸ਼ਰਮਾਉਣ' ਵਾਲੀ ਹਾਲਤ ਹੈ, ਇਨ੍ਹਾਂ ਸਿਆਸੀ ਲੀਡਰਾਂ ਦੀ। ਸੱਭੇ ਸਿਆਸੀ ਪਾਰਟੀਆਂ ਦੇ ਢੁੱਠਾਂ ਵਾਲੇ ਲੀਡਰ ਇਨ੍ਹਾਂ ਡੇਰੇਦਾਰਾਂ ਤੋਂ ਵੋਟਾਂ ਦੀ ਭੀਖ ਮੰਗਣ ਜਾਂਦੇ ਹਨ, ਬਲਾਤਕਾਰੀ ਰਾਮ ਰਹੀਮ ਵਰਗਿਆਂ ਤੋਂ ਵੀ। ਇਹ ਲੀਡਰ ਫੇਰ ਉਨ੍ਹਾਂ 'ਡੇਰੇਦਾਰਾਂ' ਦੇ ਕੰਮ ਵੀ ਤਾਂ ਆਉਂਦੇ ਹਨ। ਮੁਫਤ ਵਿਚ ਇਹ ਡੇਰੇਦਾਰ ਵੀ ਨਹੀਂ ਵਰਤ ਹੁੰਦੇ। ਪਰ ਇਹ ਪੰਜਾਬ ਅੰਦਰ ਸਿਹਤਮੰਦ ਭਾਈਚਾਰਕ ਸਾਂਝ ਦੇ ਜੜ੍ਹੀਂ ਤੇਲ ਦੇਣ ਵਾਲੇ ਅੱਡੇ ਹਨ।

ਪੰਜਾਬ ਅੰਦਰ ਲੋਕਪੱਖੀ ਮੀਡੀਏ ਨੂੰ ਤਕੜਾ ਕਰਨ ਦੀ ਲੋੜ ਹੈ ਤਾਂ ਕਿ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਅਤੇ ਸਮਾਜ ਦੇ ਹੋਰ ਮਿਹਨਤਕਸ਼ ਤਬਕਿਆਂ ਦੀਆਂ ਆਪਣੀਆਂ ਹੱਕੀ ਮੰਗਾਂ ਵਾਲੀਆਂ ਲਹਿਰਾਂ ਦੇ ਉਭਾਰ ਨੂੰ ਆਮ ਲੋਕਾਂ ਤੱਕ ਪਹੁੰਚਾਇਆ ਜਾ ਸਕੇ। ਇਸ ਨਾਲ ਸਮਾਜ ਅੰਦਰ ਭਾਈਚਾਰਕ ਸਾਂਝ ਹੋਰ ਤਕੜੀ ਹੋਵੇਗੀ। ਲੋਕ ਪੱਖੀ ਸਾਹਿਤ ਨੂੰ ਵੀ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਆਮ ਬੰਦੇ ਨੂੰ ਸਮਾਜਕ ਮਸਲਿਆਂ ਬਾਰੇ ਚੇਤੰਨ ਕਰਨਾ ਸਾਡੇ ਬੁੱਧੀਜੀਵੀਆਂ ਦਾ ਕਾਰਜ ਹੋਣਾ ਚਾਹੀਦਾ ਹੈ। ਲੋਕ ਸੇਵਾ ਦਾ ਇਹ ਅਸਲੀ ਰਾਹ ਹੈ।

ਪੰਜਾਬ ਦੇ ਸੂਝਵਾਨੋ! ਪੰਜਾਬ ਦੇ ਦਰਦੀ ਪੰਜਾਬੀਓ! ਪੰਜਾਬ ਦੀ ਧਰਤੀ ਨੂੰ ਪਿਆਰ ਕਰਨ ਵਾਲਿਓ! ਮੁਹੱਬਤੀ ਪੰਜਾਬ ਦੀ ਮੁੜ ਸਿਰਜਣਾ ਵਾਸਤੇ ਇਕੱਠੇ ਹੋ ਕੇ ਲੱਕ ਬੰਨ੍ਹੇ ਬਿਨਾ ਨਹੀਂ ਸਰਨਾ। ਬਾਬੇ ਨਾਨਕ ਦੇ, ਭਗਤ ਸਿੰਘ, ਸਰਾਭੇ ਵਰਗੇ ਸ਼ਹੀਦਾਂ ਤੇ ਅਣਗਿਣਤ ਹੋਰ ਸੂਰਬੀਰਾਂ ਵਾਲੇ ਪੰਜਾਬ ਦੇ ਹਰ ਖਿੱਤੇ ਨੂੰ 'ਮੁਨਾਫਿਆਂ ਦੇ ਕੈਂਸਰ' ਨੇ ਪਲੀਤ ਕਰ ਦਿੱਤਾ ਹੈ। ਪੰਜਾਬ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਬਚਾ ਲਵੋ, ਬਚਾ ਲਵੋ!

ਕਿਸ਼ਤਾਂ ਵਿਚ ਉਜੜ ਰਹੇ, ਬਰਬਾਦ ਹੋ ਰਹੇ/ਮਰ ਰਹੇ ਪੰਜਾਬ ਨੂੰ ਬਚਾਉਣ ਦਾ ਸਵਾਲ ਹੈ। ਪੰਜਾਬ ਦੇ ਸੋਹਣੇ ਭਵਿੱਖ ਵਾਸਤੇ ਕੀਤੇ ਜਾਣ ਵਾਲੇ ਚੌਤਰਫੇ ਸੰਘਰਸ਼ ਦੀ ਰੂਪ-ਰੇਖਾ ਉਲੀਕੋ, ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਫੇਰ ਰੰਗਲੇ ਪੰਜਾਬ ਦੀਆਂ ਵਾਸੀ ਹੋਣ। ਇਹ ਤਾਂ ਕੁਝ ਨੁਕਤੇ ਹਨ, ਸੂਝਵਾਨਾਂ ਨੂੰ ਰਲ ਕੇ ਪੂਰਾ 'ਏਜੰਡਾ ਪੰਜਾਬ' ਤਿਆਰ ਕਰਨਾ ਪਵੇਗਾ। ਇਹ ਇਕ ਅਰਜ਼ ਹੈ, ਤਰਲਾ ਹੈ ਪੰਜਾਬ ਦੇ ਮੋਹ ਵਿਚ ਭਿੱਜੇ ਹੋਏ ਦਾ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਵੀ ਕਹਿੰਦੀ ਹੈ,

ਉੱਠੋ ਕਿ ਉਠ ਕੇ ਦੇਸ਼ ਦਾ ਮੂੰਹ-ਮੱਥਾ ਡੌਲੀਏ
ਮੁੜ ਕੇ ਪੰਜਾਬ ਸਾਜੀਏ, ਨਾਨਕ ਦੇ ਖਾਬ ਦਾ।
ਪੱਤਝੜ ਤੋਂ ਬਚਾਈਏ ਧਰਤੀ ਪੰਜਾਬ ਦੀ
ਖੇੜੇ ਦੇ ਵਿਚ ਲਿਆਈਏ ਮੁੜ ਫੁੱਲ ਗੁਲਾਬ ਦਾ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਸਾਈਕਲ ਵਾਲੇ ਸਰਵਣ ਦੀ ਅੜੀ

ਸੰਨ ਅੱਸੀ ਦੇ ਜਨਵਰੀ-ਫਰਵਰੀ ਮਹੀਨੇ ਦੀ ਗੱਲ ਹੈ। ਉਨਾਸੀ 'ਚ ਹੋਏ ਮੇਰੇ ਵਿਆਹ ਤੋਂ ਬਾਅਦ ਸਾਡੇ ਵੱਡੇ ਬੇਟੇ ਦਾ ਜਨਮ ਹੋਇਆ। ਰਵਾਇਤ ਮੁਤਾਬਕ ਪਲੇਠਾ ਬੱਚਾ ਹੋਣ ਕਰਕੇ ਉਹਦਾ ਜਨਮ ਨਾਨਕੇ ਘਰ ਹੋਇਆ ਸੀ। ਉਨ੍ਹੀਂ ਦਿਨੀਂ ਮੇਰੇ ਸਹੁਰਾ ਸਾਹਿਬ ਨਹਿਰੀ ਵਿਭਾਗ ਵਿਚ ਸਰਵਿਸ ਕਰਦੇ ਸਨ ਤੇ ਉਨ੍ਹਾਂ ਦੀ ਰਿਹਾਇਸ਼ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਗੜ੍ਹਸ਼ੰਕਰ ਵਿਚ ਸੀ। ਨਵਜਨਮੇ ਬਾਲ ਦੇ ਚਾਅ ਚਾਅ ਵਿਚ ਮੇਰਾ ਤਾਂ ਸਹੁਰੇ ਘਰ ਕੌਡੀ-ਫੇਰਾ ਹੀ ਰਹਿੰਦਾ ਸੀ ਪਰ ਰਿਵਾਜ਼ ਮੁਤਾਬਕ ਮੇਰੀ ਪਤਨੀ ਲਈ ਮਿੱਠਾ-ਥਿੰਦਾ, ਕੱਪੜੇ-ਲੱਤੇ ਵਗੈਰਾ ਨਿਕ-ਸੁਕ ਸਾਡੇ ਘਰਦਿਆਂ ਨੇ ਲੈ ਕੇ ਜਾਣਾ ਸੀ।

ਜੇਠੇ ਭਤੀਜੇ ਲਈ ਕੱਪੜੇ ਤੇ ਖਿਡੌਣੇ ਮੇਰੀਆਂ ਭੈਣਾਂ ਖਰੀਦ ਲਿਆਈਆਂ ਤੇ ਘਿਉ-ਦੁੱਧ ਘਰ ਦਾ ਹੋਣ ਕਾਰਨ ਪੰਜੀਰੀ ਘਰੇ ਤਿਆਰ ਕਰ ਲਈ। ਵੈਸੇ ਤਾਂ ਉਨ੍ਹਾਂ ਦਿਨਾਂ ਵਿਚ ਧੁੰਦਾਂ ਪੈਂਦੀਆਂ ਹੁੰਦੀਆਂ ਹਨ, ਪਰ ਇਕ ਦਿਨ ਸੋਹਣੀ ਧੁੱਪ ਨਿਕਲੀ ਹੋਣ ਕਰਕੇ ਭਾਈਆ ਜੀ ਹੁਣੀਂ ਗੜ੍ਹਸ਼ੰਕਰ ਜਾਣ ਦਾ ਵਿਚਾਰ ਬਣਾ ਲਿਆ। ਬੱਸ ਵਿਚ ਸਫਰ ਕਰਨ ਨੂੰ ਸਾਡੇ ਬਜ਼ੁਰਗ ਬਹੁਤ ਖਜਾਲਤ ਸਮਝਦੇ ਸਨ। ਅੰਮ੍ਰਿਤਸਰ, ਅਨੰਦਪੁਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਸਰਹਿੰਦ ਦੀ ਸਭਾ ਉਤੇ ਸਾਈਕਲ 'ਤੇ ਜਾਂਦੇ ਰਹੇ ਸਾਡੇ ਪਿਤਾ ਜੀ ਭਾਵੇਂ ਉਦੋਂ ਬਜ਼ੁਰਗ ਹੋ ਚੁਕੇ ਸਨ, ਤਾਂ ਵੀ ਉਹ ਦੂਰ-ਨੇੜੇ ਜਾਣ ਲਈ ਸਾਈਕਲ ਹੀ ਵਰਤਦੇ ਸਨ।

ਸੋ ਦੁਪਾਲਪੁਰੋਂ ਗੜ੍ਹਸ਼ੰਕਰ ਜਾਣ ਲਈ ਪਹਿਲਾਂ ਡੇਢ-ਦੋ ਘੰਟੇ ਪਿੰਡਾਂ ਵਿਚ ਘੁੰਮਦੀ ਬੱਸ ਰਾਹੀਂ ਨਵਾਂਸ਼ਹਿਰ ਪਹੁੰਚੋ, ਫਿਰ ਉਥੋਂ ਹੁਸ਼ਿਆਰਪੁਰ ਜਾਣ ਵਾਲੀ ਬੱਸ ਦੀ ਉਡੀਕ ਕਰਨ ਨੂੰ ਸਿਰੇ ਦੀ ਖੱਜਲ ਖੁਆਰੀ, ਪੈਸੇ ਅਤੇ ਸਮੇਂ ਦੀ ਬਰਬਾਦੀ ਸਮਝਦਿਆਂ ਉਨ੍ਹਾਂ ਆਪਣੇ 'ਹਰਕੁਲੀਸ' ਸਾਈਕਲ ਨੂੰ ਤੇਲ-ਤੂਲ ਦੇ ਕੇ ਤਿਆਰ ਕਰ ਲਿਆ। ਇਕ ਝੋਲੇ ਵਿਚ ਪੰਜੀਰੀ ਵਾਲਾ ਗੜਵਾ ਅਤੇ ਦੂਜੇ ਝੋਲੇ ਵਿਚ ਸੂਟ-ਸਾਟ ਪਾ ਲਏ। ਦੋਵੇਂ ਝੋਲੇ ਹੈਂਡਲ ਦੇ ਸੱਜੇ-ਖੱਬੇ ਮਜ਼ਬੂਤੀ ਨਾਲ ਬੰਨ੍ਹ ਲਏ। ਖੱਦਰ ਦੇ ਪਰਨੇ ਨੂੰ ਚੌਫਲਾ ਕਰਕੇ ਸੇਬਿਆਂ ਨਾਲ ਕੈਰੀਅਰ 'ਤੇ ਬੰਨ੍ਹ ਕੇ ਬੀਬੀ ਲਈ 'ਅਰਾਮਦਾਇਕ ਸੀਟ' ਬਣਾ ਲਈ।

ਲਉ ਜੀ, ਚਾਈਂ ਚਾਈਂ ਇਹ ਦੋਵੇਂ ਪਿੰਡੋਂ ਬਾਹਰ ਨਿਕਲ ਕੇ ਉਥੇ ਜਾ ਪਹੁੰਚੇ, ਜਿਥੋਂ ਭਾਈਆ ਜੀ ਨੇ ਬੀਬੀ ਜੀ ਨੂੰ ਪਿੱਛੇ ਬਹਾ ਕੇ ਸਾਈਕਲ 'ਤੇ ਸਵਾਰ ਹੋਣਾ ਸੀ। ਸਾਡੇ ਪਿੰਡੋਂ ਚਾਰ ਕੁ ਮੀਲ ਦੂਰ ਜਾਡਲੇ ਨੂੰ ਜਾਣ ਲਈ ਬਿਸਤ ਦੁਆਬ ਨਹਿਰ ਤੱਕ ਮੀਲ ਕੁ ਦਾ ਰਾਹ ਚੜ੍ਹਾਈ ਵਾਲਾ ਹੈ। ਉਸ ਚੜ੍ਹਾਈ ਤੋਂ ਰਤਾ ਘਬਰਾਉਂਦਿਆਂ ਉਨ੍ਹਾਂ ਨੇ ਇਸ ਆਸ ਵਿਚ ਪਿੰਡੋਂ ਆਉਂਦੇ ਰਾਹ ਵੱਲ ਨਜ਼ਰ ਦੁੜਾਈ ਕਿ ਸ਼ਾਇਦ ਕੋਈ 'ਕੱਲਾ-ਦੁਕੱਲਾ ਸਾਈਕਲ ਵਾਲਾ ਆਉਂਦਾ ਹੋਵੇ ਤਾਂ ਨਹਿਰ ਤਕ ਉਹਦੇ ਪਿੱਛੇ ਆਪਣੀ ਸਵਾਰੀ ਬਹਾ ਦਿਆਂ।

ਪਿੰਡ ਵੱਲੋਂ ਸਾਈਕਲ 'ਤੇ ਸ਼ੂਟ ਵੱਟੀ ਆਉਂਦੇ ਇਕ ਗੱਭਰੂ ਨੂੰ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਵਿਚ ਚਮਕ ਆ ਗਈ। ਉਸ ਦੌਰ ਵਿਚ ਆਮ ਮੁੰਡੇ-ਖੁੰਡੇ ਆਪਣੇ ਸਾਈਕਲਾਂ ਦੇ ਪਿਛਲੇ ਕੈਰੀਅਰ ਉਤਾਰ ਕੇ ਘਰੇ ਸੁੱਟ ਛੱਡਦੇ ਸਨ ਤਾਂ ਕਿ ਰਾਹ ਵਾਟੇ ਕੋਈ ਸਵਾਰੀ ਨਾ ਬਿਠਾਉਣੀ ਪਵੇ। ਰਾਹ ਜਾਂਦੀਆਂ ਮਾਈਆਂ ਵੱਲੋਂ ਹੱਥ ਦੇਣ 'ਤੇ ਉਹ 'ਬੀਬੀ ਕੈਰੀਅਰ ਹੈ ਨੀ' ਦਾ ਬਹਾਨਾ ਲਾ ਦਿੰਦੇ ਸਨ ਪਰ ਪਿੰਡੋਂ ਆ ਰਿਹਾ ਇਹ ਮੁੰਡਾ ਸਾਡੇ ਪਿੰਡ ਦੇ ਬੀਬੇ ਸਾਊਆਂ ਵਿਚੋਂ ਸੀ। ਉਹ ਸਿੱਖ ਰਹੁ-ਰੀਤਾਂ ਨੂੰ ਪਰਪੱਕਤਾ ਨਾਲ ਨਿਭਾ ਰਹੇ ਪਰਿਵਾਰ ਦਾ ਵੱਡਾ ਫਰਜ਼ੰਦ ਸੀ। ਸਿਰ 'ਤੇ ਸਾਫਾ ਵਲ੍ਹੇਟੀ ਆਏ ਇਸ ਨੌਜਵਾਨ ਨੇ ਭਾਈਆ ਜੀ ਹੁਣਾਂ ਕੋਲ ਆ ਕੇ 'ਸਤਿ ਸ੍ਰੀ ਅਕਾਲ ਤਾਇਆ ਜੀ' ਆਖਿਆ ਤੇ ਸਾਈਕਲ ਤੋਂ ਉਤਰ ਖੜਿਆ।

"ਕਾਕਾ ਤੈਂ ਜਾਡਲੇ ਵੱਲ ਨੂੰ ਹੀ ਜਾਣਾ ਹੋਣੈ?"

ਸਤਿਬਚਨੀ ਸੁਭਾਅ ਵਾਲਾ ਲਛਮਣ ਸਿੰਘ ਖੌਰੇ ਨਹਿਰ ਕੋਲ ਆਪਣੇ ਖੇਤਾਂ ਵੱਲ ਗੇੜਾ ਮਾਰਨ ਚਲਿਆ ਸੀ ਜਾਂ ਸਚਮੁੱਚ ਉਸ ਨੇ ਜਾਡਲੇ ਹੀ ਜਾਣਾ ਸੀ, ਇਹ ਰੱਬ ਹੀ ਜਾਣੇ, ਪਰ ਬਹੁਤ ਘੱਟ ਅਤੇ ਮਿੱਠਾ ਬੋਲਣ ਵਾਲੇ ਨੇ ਝਟਪਟ 'ਹਾਂ ਜੀ ਤਾਇਆ ਜੀ' ਆਖ ਦਿੱਤਾ। ਨਾਲ ਹੀ ਸਾਡੀ ਬੀਬੀ ਨੂੰ ਆਪਣੇ ਸਾਈਕਲ ਪਿੱਛੇ ਬਿਠਾ ਲਿਆ। ਮੋਹਰੇ ਮੋਹਰੇ ਲਛਮਣ ਸਿੰਘ ਤੇ ਥੋੜ੍ਹੀ ਵਿੱਥ ਨਾਲ ਭਾਈਆ ਜੀ, ਦੋਵੇਂ ਜਾਡਲੇ ਨੂੰ ਤੁਰ ਪਏ।

ਆਪਣੇ ਖੇਤਾਂ ਕੋਲੋਂ ਉਹ ਚੁੱਪ ਕਰਕੇ ਲੰਘ ਗਿਆ। 'ਇਹਦਾ ਮਤਲਬ ਉਸ ਨੇ ਕੋਈ ਸੌਦਾ-ਪੱਤਾ ਲੈਣ ਜਾਡਲੇ ਹੀ ਜਾਣਾ ਹੋਵੇਗਾ।' ਭਾਈਆ ਜੀ ਨੇ ਸੋਚਿਆ ਪਰ ਚਾਰ ਮੀਲ ਸਾਈਕਲ ਚਲਾਉਂਦੇ ਜਦ ਇਹ ਜਾਡਲੇ ਵਾਲੀ ਨਹਿਰ 'ਤੇ ਪਹੁੰਚੇ ਤਾਂ ਬੀਬੀ ਨੂੰ ਸਾਈਕਲ ਤੋਂ ਉਤਾਰ ਕੇ ਜਾਡਲੇ ਸ਼ਹਿਰ ਵੱਲ ਜਾਣ ਦੀ ਥਾਂ ਲਛਮਣ ਸਿੰਘ ਨੇ ਸਾਈਕਲ ਨਹਿਰੇ, ਭਾਵ ਗੜ੍ਹਸ਼ੰਕਰ ਨੂੰ ਸਿੱਧਾ ਕਰ ਲਿਆ।

"ਕਾਕਾ ਹੁਣ ਤੂੰ ਜਾਹ ਜਿੱਥੇ ਜਾਣਾ ਹੈ, ਅਸੀਂ ਆਪੇ ਈ ਪਟੜੀਉ-ਪਟੜੀ ਸਿੱਧੇ ਰਾਹ ਗੜ੍ਹਸ਼ੰਕਰ ਚਲੇ ਜਾਣਾ ਹੈ... ਰਾਜ਼ੀ ਰਹਿ ਮੱਲਿਆ!"

ਉਚੀ ਆਵਾਜ਼ ਵਿਚ ਭਾਈਆ ਜੀ ਨੇ ਉਸ ਨੂੰ 'ਆਪਣੇ ਕਿਸੇ ਕੰਮ' ਚਲੇ ਜਾਣ ਲਈ ਕਿਹਾ ਪਰ 'ਕੋਈ ਨਾ ਤਾਇਆ ਜੀ... ਆ ਜੋ ਤੁਸੀਂ' ਕਹਿੰਦਿਆਂ ਉਹ ਸਾਈਕਲ ਦੱਬੀ ਗਿਆ। ਭਾਈਏ ਨੇ ਉਹਦੇ ਨੇੜੇ ਜਿਹੇ ਹੋ ਕੇ ਫਿਰ ਜ਼ੋਰ ਦੇ ਕੇ ਕਿਹਾ ਕਿ ਕਾਕਾ ਹੁਣ ਤੂੰ ਜਾਹ ਪਰ ਉਹ 'ਕੋਈ ਨੀ... ਕੋਈ ਨੀ' ਕਰਦਾ ਤੁਰਿਆ ਰਿਹਾ।

ਉਸ ਨੂੰ ਇੰਜ ਧੁੱਸ ਦਿੰਦੇ ਤੁਰੇ ਜਾਂਦਿਆਂ ਦੇਖ ਸਾਡੇ ਬਾਪ ਨੇ ਕਿਆਸ ਲਾਇਆ ਕਿ ਇਥੋਂ ਸੱਤ ਕੁ ਮੀਲ ਅੱਗੇ ਜਾ ਕੇ ਨਹਿਰ ਤੋਂ ਡੇਢ ਕੁ ਮੀਲ ਹਟਵਾਂ ਪਿੰਡ ਸਿੰਬਲੀ ਹੈ, ਉਥੇ ਇਨ੍ਹਾਂ ਦੀ ਖਾਸ ਰਿਸ਼ਤੇਦਾਰੀ ਹੈ। ਹੋਵੇ ਨਾ ਤਾਂ ਇਸ ਨੇ ਆਪਣੇ ਰਿਸ਼ਤੇਦਾਰਾਂ ਦੇ ਜਾਣਾ ਹੋਵੇ ਪਰ ਦੂਜੇ ਹੀ ਪਲ ਉਨ੍ਹਾਂ ਨੂੰ ਖਿਆਲ ਆਇਆ ਕਿ ਇਹਦੇ ਤਨ ਦੇ ਕਪੜੇ ਸਾਧਾਰਨ ਹਨ ਤੇ ਪੱਗ ਵੀ ਨਹੀਂ ਬੰਨ੍ਹੀ ਹੋਈ, ਇਸ ਹਾਲਤ ਵਿਚ ਇਹ ਰਿਸ਼ਤੇਦਾਰਾਂ ਦੇ ਘਰੇ ਵੀ ਨਹੀਂ ਜਾ ਸਕਦਾ।

ਜਦੋਂ ਉਹ ਸਾਈਕਲ ਚਲਾਉਂਦਾ ਪਿੰਡ ਸਿੰਬਲੀ ਵਾਲਾ ਪੁਲ ਵੀ ਟੱਪ ਗਿਆ ਤਾਂ ਸਾਡੇ ਬਜ਼ੁਰਗਾਂ ਨੂੰ ਬੜਾ ਅਚੰਭਾ ਹੋਇਆ ਕਿ ਆਖਰ ਇਸ ਨੇ ਜਾਣਾ ਕਿਥੇ ਹੋਵੇਗਾ ਅੱਜ? ਮਨ ਹੀ ਮਨ ਉਨ੍ਹਾਂ ਨੂੰ ਪਛਤਾਵਾ ਵੀ ਹੋ ਰਿਹਾ ਸੀ ਕਿ ਅਸੀਂ ਇਹਨੂੰ ਕਾਹਨੂੰ ਕਹਿ ਬੈਠੇ!

ਗੱਲ ਮੁੱਕੀ, ਪਿੰਡੋਂ ਵੀਹ-ਬਾਈ ਕਿਲੋਮੀਟਰ ਦੂਰ ਰਵਾਂ-ਰਵੀਂ ਸਾਈਕਲ ਚਲਾਉਂਦਾ ਉਹ ਧੁਰ ਗੜ੍ਹਸ਼ੰਕਰ ਦੇ ਪੁਲ ਉਤੇ ਜਾ ਪਹੁੰਚਿਆ। ਪਿੰਡੋਂ ਚੱਲਣ ਲੱਗਿਆਂ ਹੀ ਉਸ ਨੇ ਪੁੱਛ ਜੋ ਲਿਆ ਸੀ ਕਿ ਕਿਥੇ ਜਾ ਰਹੇ ਹੋ।

ਜਦ ਵੀ ਕਿਤੇ ਸਲੱਗ ਧੀਆਂ-ਪੁੱਤਾਂ ਦੀ ਗੱਲ ਚੱਲਣੀ ਤਾਂ ਭਾਈਆ ਜੀ ਨੇ ਆਪਣੀ ਇਸੇ ਹੱਡ-ਬੀਤੀ ਦੇ ਅੰਤਲੇ ਭਾਗ ਵਿਚ ਲਛਮਣ ਸਿੰਘ ਦੇ ਇਕ ਹੋਰ ਪਰਉਪਕਾਰ ਅਤੇ ਉਸ ਦੇ ਅਜੀਬ ਸੁਭਾਅ ਬਾਰੇ ਦੱਸਦਿਆਂ ਆਖਣਾ, "ਲਉ ਜੀ ਗੜ੍ਹਸ਼ੰਕਰ ਵਾਲੇ ਪੁਲ ਦੇ ਲਹਿੰਦੇ ਪਾਸੇ ਨਾਲ ਹੀ ਨਹਿਰ ਕਾਲੋਨੀ ਹੈ, ਜਿਥੇ ਸਾਡੇ ਕੁੜਮ ਰਹਿੰਦੇ ਸਨ ਤੇ ਚੜ੍ਹਦੇ ਪਾਸੇ ਅੱਧੇ ਕੁ ਮੀਲ 'ਤੇ ਸ਼ਹਿਰ ਦਾ ਬਾਜ਼ਾਰ ਹੈ। ਮੈਂ ਉਹਨੂੰ ਕਿਹਾ ਕਿ ਕਾਕਾ ਤੂੰ ਇਥੇ ਰਤਾ ਕੁ ਰੁਕ, ਮੈਂ ਸ਼ਹਿਰੋਂ ਜਾ ਕੇ ਕੋਈ ਫਲ-ਫਰੂਟ ਲੈ ਆਵਾਂ, ਅਸੀਂ ਅੱਜ ਸ਼ਗਨਾਂ ਨਾਲ ਨਵੇਂ-ਸਵੇਂ ਕੁੜਮਾਂ ਦੇ ਜਾ ਰਹੇ ਹਾਂ। ਇਹ ਗੱਲ ਸੁਣਦਿਆਂ ਹੀ ਉਸ ਨੇ ਸਾਈਕਲ ਚੁਕਿਆ ਤੇ ਮੇਰੇ ਮਨ੍ਹਾਂ ਕਰਦੇ ਕਰਦੇ ਸ਼ਹਿਰ ਵੱਲ ਭੱਜ ਗਿਆ। ਮਿੰਟਾਂ ਵਿਚ ਹੀ ਕੇਲਿਆਂ ਅਤੇ ਸੇਬਾਂ ਦੇ ਦੋ ਲਿਫਾਫੇ ਸਾਡੇ ਹੱਥ ਲਿਆ ਫੜਾਏ।

ਆਪਣੇ ਬੁੱਢੇ ਮਾਂ-ਬਾਪ ਨੂੰ ਵਹਿੰਗੀ ਵਿਚ ਬਿਠਾ ਕੇ ਤੀਰਥ ਯਾਤਰਾ ਕਰਵਾਉਣ ਵਾਲੇ ਸਰਵਣ ਪੁੱਤ ਵਰਗੇ ਆਗਿਆਕਾਰੀ ਨੇ ਅੱਧੇ ਪੌਣੇ ਮੀਲ ਤਕ ਸਵਾਰੀ ਲਿਜਾਣ ਲਈ ਕਹਿਣ 'ਤੇ ਵੀਹ-ਬਾਈ ਕਿਲੋਮੀਟਰ ਦਾ ਸਫਰ ਤਾਂ ਕਰ ਲਿਆ ਪਰ ਉਥੇ ਜਾ ਕੇ ਐਸੀ ਅੜੀ ਫੜੀ ਕਿ ਮੈਂ ਫਰੂਟ ਦੇ ਪੈਸੇ ਫੜਾਏ, ਉਸ ਨੇ ਨਾ ਫੜੇ। ਫਿਰ ਮੈਂ ਬਾਹੋਂ ਫੜ ਕੇ ਨਾਲ ਖਿੱਚਿਆ ਕਿ ਕੁੜਮਾਂ ਦੇ ਘਰੋਂ ਚਾਹ ਦਾ ਕੱਪ ਪੀ ਕੇ ਮੁੜ ਆਈਂ। ਇਹ ਵੀ ਨਹੀਂ ਮੰਨਿਆ। ਅਸੀਂ ਦੋਹਾਂ ਨੇ ਉਹਨੂੰ ਬੱਚਿਆਂ ਵਾਂਗ ਕਲਾਵੇ ਵਿਚ ਲੈਂਦਿਆਂ ਪੁੱਛਿਆ, ਕਾਕਾ ਪੁੱਤ ਸੱਚ ਸੱਚ ਦੱਸ, ਤੂੰ ਅੱਜ ਪਿੰਡੋਂ ਕਿਥੇ ਜਾਣ ਲਈ ਨਿਕਲਿਆ ਸੈਂ?

ਸਾਈਕਲ ਵਾਲੇ ਸਰਵਣ ਨੇ ਸਾਡੇ ਸਵਾਲ ਦੇ ਜਵਾਬ ਵਿਚ ਬਸ ਮੁਸਕਰਾਉਂਦਿਆਂ ਸਾਨੂੰ ਝੁਕ ਕੇ ਪ੍ਰਣਾਮ ਕੀਤਾ ਤੇ ਅਹੁ ਗਿਆ... ਅਹੁ ਗਿਆ।"

# ਗਜ਼ਲਾਂ

ਬਦਲ ਦਿਓ ਹੁਣ ਹੱਥਾਂ ਦੀਆਂ ਲਕੀਰਾਂ ਨੂੰ
ਬਦਲ ਦਿਓ ਖੁੰਡੀਆਂ ਹੋਈਆਂ ਸ਼ਮਸ਼ੀਰਾਂ ਨੂੰ।

ਕਲਮਾਂ ਦੇ ਰੁਖ ਬਦਲੋ ਕਲਮਾਂ ਵਾਲੜਿਓ
ਬਦਲ ਦਿਓ ਮਾਂ ਬੋਲੀ ਦੀਆਂ ਤਕਦੀਰਾਂ ਨੂੰ।

ਗੀਤ ਲਿਖੋ ਹੁਣ ਊਧਮ, ਭਗਤ, ਸਰਾਭੇ ਦੇ
ਭੁਲ ਜਾਵੋ ਹੁਣ ਸੱਸੀਆਂ, ਸੋਹਣੀਆਂ, ਹੀਰਾਂ ਨੂੰ।

ਨਿੰਮ, ਧਰੇਕਾਂ, ਟਾਹਲੀਆਂ, ਛਾਂਵਾਂ ਦਿੰਦੀਆਂ ਨੇ
ਵਿਹੜਿਆਂ ਵਿਚ ਨਾ ਲਾਵੋ ਜੰਡ, ਕਰੀਰਾਂ ਨੂੰ।

ਲੂਣ ਨਾ ਪਾਵੋ ਮਾਂ ਬੋਲੀ ਦੇ ਜ਼ਖਮਾਂ 'ਤੇ
ਦਿਓ ਹਲੂਣੇ ਮਰੀਆਂ ਹੋਈਆਂ ਜਮੀਰਾਂ ਨੂੰ।

ਵੱਸਦਾ ਏ ਪੰਜਾਬ ਗੁਰਾਂ ਦੇ ਨਾਂ ਉਤੇ
ਭੁਲ ਨਾ ਜਾਇਓ ਆਪਣੇ ਗੁਰੂਆਂ ਪੀਰਾਂ ਨੂੰ।

ਆਵਣ ਵਾਲੀ ਪੀੜ੍ਹੀ ਘਰੋਂ ਨਿਕਲ ਗਈ ਜੇ
ਕੀਹ ਕਰਨੇ ਨੇ ਮਹਿਲਾਂ ਅਤੇ ਜਗੀਰਾਂ ਨੂੰ।

ਨਾ ਘਬਰਾ 'ਸੁਰਜੀਤ' ਸਮਾਂ ਫਿਰ ਬਦਲੇਗਾ
ਰਸਤੇ ਮਿਲਣਗੇ ਫਿਰ ਨਵੀਆਂ ਤਦਬੀਰਾਂ ਨੂੰ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਹੱਸਦੇ ਤੇ ਖੇਡਦੇ ਉਤੇ ਕਿਉਂ ਉਦਾਸੀ ਛਾ ਗਈ।
ਦੱਸ ਓਏ ਪੰਜਾਬ ਸਿੰਘਾ! ਨਜ਼ਰ ਕਿਹੜੀ ਖਾ ਗਈ।

ਤੇਰਿਆਂ ਪੁੱਤਾਂ ਨੂੰ ਕਾਹਤੋਂ ਜ਼ਹਿਰ ਪੀਣਾ ਪੈ ਰਿਹੈ,
ਦਾਤਿਆਂ 'ਤੇ ਦਾਤਿਆ ਕਿਉਂ ਇਹ ਸਥਿਤੀ ਆ ਗਈ।

ਸ਼ਾਨ ਸੀ ਪਹਿਚਾਣ ਸੀ, ਤੇ ਮਾਣ ਸੀ ਜੋ ਕੌਮ ਦਾ,
ਪੱਗ ਲੱਥੀ ਓਸ ਦੀ ਥਾਂ, ਕੈਪ ਤੇ ਟੋਪੀ ਆ ਗਈ।

ਛੱਡ ਕੇ ਘਿਓ-ਦੁੱਧ ਚੋਬਰ ਪੀਣ ਲੱਗੇ ਨੇ ਨਸ਼ਾ,
ਕੁਸ਼ਤੀਆਂ ਤੇ ਘੋਲ ਭੁੱਲੇ ਪਰ ਕਬੱਡੀ ਲਾ ਗਈ।

ਕੁਰਸੀਆਂ ਦੀ ਦੌੜ ਅੰਦਰ ਵੇਚੀਆਂ ਸਰਦਾਰੀਆਂ,
ਟੰਗਿਆ ਕਿਰਦਾਰ ਛਿੱਕੇ ਅਣਖ ਠਿੱਬੀ ਖਾ ਗਈ।

ਲਾਲਸਾ ਵਸ ਜਾ ਪਏ ਹਾਂ ਸ਼ਾਤਰਾਂ ਦੀ ਝੋਲ ਵਿਚ,
ਸ਼ਰਮ ਲੱਥੀ ਪੱਗ ਲੱਥੀ, ਮੁੱਛ ਹੇਠਾਂ ਆ ਗਈ।

ਹੱਸਦੇ ਤੇ ਖੇਡਦੇ ਉਤੇ ਕਿਉਂ ਉਦਾਸੀ ਛਾ ਗਈ।
ਦੱਸ ਓਏ ਪੰਜਾਬ ਸਿੰਘਾ! ਨਜ਼ਰ ਕਿਹੜੀ ਖਾ ਗਈ।

***-ਠਾਕਰ ਪ੍ਰੀਤ ਰਾਊਕੇ***
***ਫੋਨ: 519-913-0873***

---

ਸੱਚਾਈ ਫਿਰ ਸੱਚਾਈ ਹੈ, ਕਭੀ ਫਾਨੀ ਨਹੀਂ ਜਾਤੀ।
ਹਕੀਕਤ ਖੁਦ ਕੋ ਮਨਵਾ ਲੇਤੀ ਹੈ, ਮਾਨੀ ਨਹੀਂ ਜਾਤੀ।

ਨਯਾ ਮੌਸਮ ਹੈ ਸਾਰਾ ਗੁਲਿਸਤਾਂ ਮਹਿਕਾ ਹੈ ਖੁਸ਼ਬੂ ਸੇ
ਨਾ ਜਾਨੇ ਕਿਉਂ ਮਗਰ ਅਪਨੀ, ਪਰੇਸ਼ਾਨੀ ਨਹੀਂ ਜਾਤੀ।

ਇਧਰ ਹਮ ਹੈਂ ਕਿ ਸਾਰੀ ਖਵਾਹਿਸ਼ੇਂ ਦਿਲ ਸੇ ਖੁਰਚ ਡਾਲੀ
ਉਧਰ ਵੋਹ ਹੈਂ ਕਿ ਉਨ ਕੇ ਦਿਲ ਸੇ ਮਨਮਾਨੀ ਨਹੀਂ ਜਾਤੀ।

ਜਿਨਹੋਂ ਨੇ ਬਸਤੀਉਂ ਮੇਂ ਜ਼ਿੰਦਾ ਇਨਸਾਂ ਜਲਤੇ ਦੇਖੇ ਹੋਂ
ਕਭੀ ਦਹਿਸ਼ਤ ਕੀ ਉਨ ਆਖੋਂ ਸੇ, ਵੀਰਾਨੀ ਨਹੀਂ ਜਾਤੀ।

ਬਦਲ ਡਾਲੇ ਹੈਂ ਸਾਰੇ ਨਕਸ਼ ਹੀ ਚਿਹਰੇ ਕੇ ਗਮ ਨੇ ਯੂੰ
ਕਿ ਮੁਝ ਸੇ ਅਪਨੀ ਸੂਰਤ ਖੁਦ ਹੀ ਪਹਿਚਾਨੀ ਨਹੀਂ ਜਾਤੀ।

ਵਫਾ ਕੇ ਨਾਮ ਪਰ 'ਅੱਬਾਸ' ਮੈਨੇ ਤਜ ਦੀਆ ਸਭ ਕੁਛ
ਤਾਅਲੁਕ ਉਸ ਨੇ ਕਿਉਂ ਤੋੜਾ, ਯੇ ਹੈਰਾਨੀ ਨਹੀਂ ਜਾਤੀ।

***-ਮੁਹੰਮਦ ਅੱਬਾਸ ਧਾਲੀਵਾਲ***
***ਫੋਨ: 91-98552-59650***

---

ਕਿਧਰੇ ਬੁੱਤ ਗਿਰਾਏ, ਕਿਧਰੇ ਲਾਏ ਜਾਂਦੇ ਨੇ।
ਇੰਜ ਹੀ ਲੋਕ ਮੁੱਦਿਆਂ ਤੋਂ ਭਟਕਾਏ ਜਾਂਦੇ ਨੇ।

ਨਾਮ ਲੈ ਕੇ ਭਗਵਾਨ ਦਾ, ਕਦੇ ਸ਼ੈਤਾਨ ਦਾ ਯਾਰੋ
ਆਪਣਿਆਂ ਤੋਂ ਆਪਣੇ ਹੀ ਮਰਵਾਏ ਜਾਂਦੇ ਨੇ।

ਕੌਣ ਜਗਾਊ ਦੇਸ਼ ਮੇਰੇ ਦੀ ਸੁੱਤੀ ਜਨਤਾ ਨੂੰ
ਇਥੇ ਤਾਂ ਫਰਿਸ਼ਤੇ ਵੀ ਸੂਲੀ ਚੜ੍ਹਾਏ ਜਾਂਦੇ ਨੇ।

ਲੋਕਾਂ ਨੂੰ ਸੁਪਨੇ ਦਿਖਾ ਕੇ ਬਹਿਸਤ 'ਚੋਂ ਹੂਰਾਂ ਦੇ
ਫਿਰ ਧਰਮ ਦੇ ਨਾਂ 'ਤੇ ਦੰਗੇ ਭੜਕਾਏ ਜਾਂਦੇ ਨੇ।

ਮੇਰੇ ਦੇਸ਼ ਨੂੰ ਲੁੱਟਿਆ ਹੈ ਭੈੜੇ ਸਿਆਸਤਦਾਨਾਂ
ਜੁਮਲੇ ਸੁਣਾ ਯਾਰੋ, ਵੋਟਰ ਭਰਮਾਏ ਜਾਂਦੇ ਨੇ।

ਕਦਰ ਨਾ ਇਥੇ 'ਗਿੱਲ' ਕਰੇ ਕੋਈ ਇਨਸਾਨਾਂ ਦੀ
ਐਪਰ ਪੱਥਰਾਂ ਨੂੰ ਭੋਜਨ ਕਰਵਾਏ ਜਾਂਦੇ ਨੇ।

***-ਮਨਦੀਪ ਗਿੱਲ***
***ਫੋਨ: 91-99881-11134***

---

ਮੈਂ ਹੱਕ ਵਿਚ ਜਦੋਂ ਸੱਚ ਦੇ ਦੁਹਾਈ ਦੇਵਾਂਗਾ।
ਕਿਸੇ ਵੀ ਸੂਲੀ 'ਤੇ ਟੰਗਿਆ ਦਿਖਾਈ ਦੇਵਾਂਗਾ।

ਕਿਨਾਰਿਆਂ 'ਤੇ ਖੜ੍ਹੇ ਲੋਕ ਹਨ ਤਮਾਸ਼ਾਈ
ਮੈਂ ਡੁੱਬਿਆ ਵੀ ਤਾਂ ਕਿਸ ਨੂੰ ਵਿਖਾਈ ਦੇਵਾਂਗਾ।

ਮੇਰੇ ਲਹੂ ਦੀ ਗਵਾਹੀ ਕਰੇਗੀ ਮੈਨੂੰ ਨਿਡਰ
ਖਿਲਾਫ ਜ਼ੁਲਮ ਦੇ ਮੈਂ ਵੀ ਦੁਹਾਈ ਦੇਵਾਂਗਾ।

ਭੜਕ ਰਿਹਾ ਹੈ ਜੋ ਸ਼ੋਅਲਾ ਮੇਰੇ ਲਹੂ ਅੰਦਰ
ਜੇ ਬੁਝ ਗਿਆ ਤਾਂ ਮੈਂ ਖੁਦ ਨੂੰ ਬੁਝਾ ਈ ਦੇਵਾਂਗਾ।

ਉਜਾਲਿਆਂ 'ਚ ਨਹੀਂ ਵੇਖਿਆ ਕਿਸੇ ਮੈਨੂੰ
ਹਨੇਰਿਆਂ 'ਚ ਮੈਂ ਕਿਸ ਨੂੰ ਦਿਖਾਈ ਦੇਵਾਂਗਾ!

***-ਡਾ. ਸ਼ਸ਼ੀ ਕਾਂਤ ਉਪਲ***

---

ਬੰਬੀ 'ਤੇ ਨਹਾਉਣ ਦਾ, ਨਜ਼ਾਰਾ ਕੁਝ ਹੋਰ ਸੀ,
ਤੂਤਾਂ ਥੱਲੇ ਸੌਣ ਦਾ, ਨਜ਼ਾਰਾ ਕੁਝ ਹੋਰ ਸੀ।

ਪੀਪੀ ਵਿਚ ਡੰਡਾ ਪਾ ਕੇ, ਥੱਲੇ ਅੱਗ ਬਾਲ ਕੇ
ਚਾਹ ਖੇਤਾਂ 'ਚ ਬਣਾਉਣ ਦਾ, ਨਜ਼ਾਰਾ ਕੁਝ ਹੋਰ ਸੀ।

ਘਰ ਵਾਲੀ ਦੇਈ ਜਾਂਦੀ ਪੋਣੇ ਵਿਚੋਂ ਕੱਢ ਕੇ
ਖੇਤ ਰੋਟੀ ਮੰਗਵਾਉਣ ਦਾ, ਨਜ਼ਾਰਾ ਕੁਝ ਹੋਰ ਸੀ।

ਭਾਲ ਭਾਲ ਸੋਟੀ ਨਾਲ, ਪੋਹਲੀ ਦੇ ਬੂਟਿਆਂ 'ਚੋਂ,
ਤਿੱਤਰ ਉਡਾਉਣ ਦਾ, ਨਜ਼ਾਰਾ ਕੁਝ ਹੋਰ ਸੀ।

ਬਲਦਾਂ ਦੇ ਪਿੱਛੇ ਪਿੱਛੇ ਹੇਕਾਂ ਲਾ ਕੇ ਗਾਈ ਜਾਣਾ,
ਹੀਰ-ਰਾਂਝੇ ਗਾਉਣ ਦਾ, ਨਜ਼ਾਰਾ ਕੁਝ ਹੋਰ ਸੀ।

ਪਾਥੀਆਂ ਦੀ ਅੱਗ ਨਾਲ, ਬੇਬੇ ਨੇ ਗਰਮ ਕੀਤਾ,
ਪਾਣੀ ਨਾਲ ਨਹਾਉਣ ਦਾ, ਨਜ਼ਾਰਾ ਕੁਝ ਹੋਰ ਸੀ।

ਗੁਲਾਮੀ ਵਾਲਾ ਆਖੇ, ਕਿਤੋਂ ਵੇਲਾ ਮੁੜ ਆਵੇ,
ਉਹ ਜ਼ਿੰਦਗੀ ਜਿਊਣ ਦਾ, ਨਜ਼ਾਰਾ ਕੁਝ ਹੋਰ ਸੀ।

***-ਬੂਟਾ ਗੁਲਾਮੀ ਵਾਲਾ***
***ਫੋਨ: 91-94171-97395***

---

## ਪਿੰਡ

ਆਉਂਦੀਆਂ ਨੇ ਯਾਦ ਸਾਨੂੰ ਪਿੰਡ ਦੀਆਂ ਯਾਦਾਂ
ਬੋਹੜਾਂ ਦੀਆਂ ਸੰਘਣੀਆਂ ਛਾਂਵਾਂ, ਚਾਨਣੀਆਂ ਰਾਤਾਂ।

ਖੂਹ 'ਤੇ ਸਵੇਰੇ ਜਦ ਅਸੀਂ ਨਿਕਲ ਜਾਈਦਾ ਸੀ
ਗੱਡਿਆਂ ਨੂੰ ਹੱਕ ਕੇ ਕੱਚੇ ਰਾਹਾਂ 'ਤੇ ਚਲਾਈਦਾ ਸੀ
ਲੱਸੀ, ਸਾਗ, ਘਿਓ, ਦੁੱਧ ਦੀਆਂ ਖਾਂਦੇ ਸੀ ਖੁਰਾਕਾਂ...।

ਟਿਊਬਵੈਲ ਦੇ ਠੰਡੇ ਪਾਣੀ ਵਿਚ ਜਦ ਨਹਾਈਦਾ ਸੀ
ਚਲ੍ਹੇ ਦੀ ਚਿਕਨੀ ਕਾਹੀਂ 'ਚ ਤਿਲਕ ਜਾਈਦਾ ਸੀ
ਖੇਤਾਂ 'ਚ ਨੱਕੇ ਮੋੜਨੇ ਤੇ ਜਾਗ ਕੇ ਕੱਟਦੇ ਸੀ ਰਾਤਾਂ...।

ਦੂਰ ਪੈਦਲ ਪੜ੍ਹਨ ਲਈ ਜਦ ਸਕੂਲ ਜਾਈਦਾ ਸੀ
ਤੁਰੇ ਜਾਂਦਿਆਂ ਕਾਗਜ਼ ਦਾ ਜਹਾਜ਼ ਬਣਾ ਉਡਾਈਦਾ ਸੀ
ਰਾਤੀਂ ਫਿਰ ਕੋਠੇ ਉਤੇ ਪਾਈਦੀਆਂ ਸੀ ਬਾਤਾਂ...।

ਅਖਾੜਿਆਂ 'ਤੇ ਜਾ ਕੇ ਕਦੇ ਘੋਲ ਕਰਨਾ ਸਿੱਖਦੇ ਸੀ।
ਪਿੰਡਾਂ ਦੀਆਂ ਛਿੰਜਾਂ 'ਚ ਕਦੇ ਹਾਰਦੇ, ਕਦੇ ਜਿੱਤਦੇ ਸੀ।
ਮੈਦਾਨ ਵਿਚ ਨਾਲੇ ਕਦੀ ਕਬੱਡੀ ਖੇਡ ਜਾਣਾ।
ਆਉਂਦੀਆਂ ਨੇ ਯਾਦ ਸਾਨੂੰ ਪਿੰਡ ਦੀਆਂ ਯਾਦਾਂ।

***-ਦਿਲਪ੍ਰੀਤ ਮਾਨ, ਕਲੋਵਿਸ***
***ਫੋਨ: 559-578-2061***

---

## ਕੁੱਖ

ਮਾਂ-ਬਾਪ ਨੂੰ ਛੱਡ ਜਾਵੇ ਤਾਂ ਦੁੱਖ ਤਾਂ ਹੁੰਦਾ ਹੈ।
ਧੁੱਪਾਂ ਦੇ ਵਿਚ ਛਾਂਵਾਂ ਦੇ ਲਈ ਰੁੱਖ ਤਾਂ ਹੁੰਦਾ ਹੈ।

ਜੇ ਮੰਗਦੀਆਂ ਧੀਆਂ ਹਿੱਸਾ ਦੇ ਦੇਵੋ,
ਧੀਆਂ ਵਸਦੀਆਂ ਰਹਿਣ ਸੁਖੀ ਤਾਂ ਸੁੱਖ ਵੀ ਹੁੰਦਾ ਹੈ।

ਆ ਜਾਵਣ ਜੇ ਤੇੜਾਂ ਘਰ ਦੇ ਸ਼ੀਸ਼ੇ ਵਿਚ,
ਧੁੰਦਲਾ ਸਭ ਦਾ ਸ਼ੀਸ਼ੇ ਦੇ ਵਿਚ ਮੁੱਖ ਵੀ ਹੁੰਦਾ ਹੈ।

ਲੰਗਰ ਖਾ ਕੇ ਰੂਹ ਦੀ ਭੁੱਖ ਤਾਂ ਮਿਟਦੀ ਨਹੀਂ,
ਐਪਰ ਜੁਰਮ ਹਮੇਸ਼ਾ ਯਾਰੋ ਭੁੱਖ ਦਾ ਹੁੰਦਾ ਹੈ।

ਸੱਸਾਂ ਨੂੰਹਾਂ, ਧੀਆਂ ਇੱਕ ਬਹਾਨਾ ਨੇ,
ਐਪਰ ਸਾਰਾ ਰਿਸ਼ਤਾ ਮਾਂ ਦੀ ਕੁੱਖ ਦਾ ਹੁੰਦਾ ਹੈ।

***-ਹਰਜਿੰਦਰ ਗੁਲਪੁਰ***
***ਫੋਨ: 91-98722-38981***

**ਕਹਾਣੀ**

# ਸਭ ਦੇਸ਼ ਬੇਗਾਨਾ

***ਸਰਘੀ ਦੀ ਕਹਾਣੀ 'ਸਭ ਦੇਸ਼ ਬੇਗਾਨਾ' ਵਿਚ ਪਰਦੇਸੀ ਪੁੱਤ ਦੇ ਮਾਪਿਆਂ ਦੇ ਦਿਲ ਦੇ ਦਰਦ ਦਾ ਬਿਆਨ ਹੈ। ਇਸ ਵਿਚ ਰਿਸ਼ਤਿਆਂ ਵਿਚ ਪੈ ਰਹੇ ਪਾੜੇ ਦੀ ਪੀੜ ਵੀ ਪਰੋਈ ਹੋਈ ਹੈ। ਜਾਪਦਾ ਇਹ ਵੀ ਹੈ ਕਿ ਮਾਪੇ ਵੀ ਆਪਣੇ ਖੋਲ ਵਿਚੋਂ ਨਿਕਲਣ ਲਈ ਤਿਆਰ ਨਹੀਂ ਹੁੰਦੇ। ਮਾਪਿਆਂ ਦੀ ਇਕੱਲਤਾ ਸਫਲਤਾ ਦੀਆਂ ਪੌੜੀਆਂ ਚੜ੍ਹ ਰਹੇ ਪੁੱਤ ਅੱਗੇ ਕੁਝ ਵੀ ਨਹੀਂ। ਦਰਅਸਲ, ਉਹ ਰਿਸ਼ਤਿਆਂ ਦੇ ਇਸ ਸੇਕ ਤੋਂ ਵਾਂਝਾ ਰਹਿ ਗਿਆ ਹੋਇਆ ਹੈ। -ਸੰਪਾਦਕ***

**ਸਰਘੀ**

ਅੱਜ ਬਖਤਾਵਰ ਸਿੰਘ ਬਾਜਵਾ ਬਹੁਤ ਉਦਾਸ ਸੀ। ਬਖਤਾਵਰ ਸਿੰਘ ਬਾਜਵਾ ਜਿਸ ਨੇ ਹਮੇਸ਼ਾ ਆਪਣੇ ਹੱਥਾਂ ਨਾਲ ਦੇਣਾ ਹੀ ਸਿੱਖਿਆ ਸੀ, ਲੈਣਾ ਕੁਝ ਨਹੀਂ...। ਜਿਸ ਮੋਹ ਵੰਡਦਿਆਂ ਕਦੇ ਕੋਈ ਆਪਣਾ ਬੇਗਾਨਾ ਨਹੀਂ ਸੀ ਵੇਖਿਆ, ਤੇ ਅੱਜ ਉਸ ਨੂੰ ਸਭ ਕੁਝ ਹੀ ਬੇਗਾਨਾ ਲੱਗ ਰਿਹਾ ਸੀ। ਆਪਣਾ ਹੀ ਘਰ ਸੀ, ਆਪਣਾ ਹੀ ਪਿੰਡ, ਆਪਣਾ ਹੀ ਦੇਸ਼ ਸੀ। ਫੇਰ ਵੀ ਲੱਗਦਾ, ਜਿਵੇਂ ਕੁਝ ਵੀ ਆਪਣਾ ਨਾ ਹੋਵੇ। ਦਿਲ ਤਕੜਾ ਕਰਕੇ ਉਸ ਆਪਣੇ ਮੋਬਾਈਲ ਦੀ ਫੋਨ ਬੁੱਕ ਖੋਲ੍ਹੀ, ਨਾਂਵਾਂ ਦੀ ਲਿਸਟ ਬੜੀ ਲੰਮੀ-ਚੌੜੀ ਸੀ। ਕਾਫਲੇ ਹੀ ਕਾਫਲੇ ਸਨ, ਭੀੜਾਂ ਹੀ ਭੀੜਾਂ ਸਨ, ਪਰ ਉਹ ਤਾਂ ਫਿਰ ਵੀ ਇਕੱਲਾ ਸੀ...। ਧੁਰ ਅੰਦਰ ਪਸਰੀ ਖਿੱਚ ਜਿਹੀ 'ਚ ਉਸ ਸਾਰੇ ਨੰਬਰਾਂ ਨੂੰ ਡਿਲੀਟ ਕਰਨਾ ਚਾਹਿਆ ਪਰ ਇਕ ਨੰਬਰ ਸਕਰੀਨ 'ਤੇ ਆਉਂਦਿਆਂ ਹੀ ਉਸ ਨੂੰ ਤਸੱਲੀ ਜਿਹੀ ਹੋਈ। ਇਹ ਉਹਦੇ ਯਾਰ ਪਰਮ ਦਾ ਨੰਬਰ ਸੀ। ਪਰਮ ਨੂੰ ਫੋਨ ਕਰਨ ਲਈ ਉਹ ਜੱਕੋਤੱਕੀ ਵਿਚ ਹੀ ਸੀ ਕਿ ਪਰਮ ਦਾ ਫੋਨ ਆ ਗਿਆ। ਇਹ ਪਹਿਲੀ ਵਾਰ ਨਹੀਂ ਸੀ, ਅੱਗੇ ਵੀ ਕਈ ਵਾਰ ਇੰਜ ਹੀ ਹੋਇਆ ਸੀ। ਬਖਤਾਵਰ ਜਦੋਂ ਵੀ ਕਦੇ ਉਦਾਸ ਹੁੰਦਾ, ਪਰਮ ਸਾਲਮ ਸਬੂਤਾ ਉਹਦੇ ਸਾਹਵੇਂ ਆ ਖਲੋਂਦਾ।

"ਹਾਂ ਪਰਮ।" ਬਖਤਾਵਰ ਨੇ ਕਾਲ ਰਿਸੀਵ ਕਰਦਿਆਂ ਕਿਹਾ।

"ਯਾਰ! ਮੈਂ ਤੈਨੂੰ ਮਿਲਣ ਆਇਆਂ, ਤੂੰ ਕਿੱਥੇ?"

"ਪਰਮ! ਇਹ ਤਾਂ ਮੈਨੂੰ ਵੀ ਨਹੀਂ ਪਤਾ ਮੈਂ ਕਿੱਥੇ ਆਂ।" ਏਨਾ ਕਹਿ ਕੇ ਬਖਤਾਵਰ ਨੇ ਫੋਨ ਕੱਟ ਦਿੱਤਾ, ਤੇ ਕੁਝ ਪਲਾਂ ਵਿਚ ਹੀ ਪਰਮ ਬਖਤਾਵਰ ਕੋਲ ਪਹੁੰਚ ਗਿਆ। ਬਖਤਾਵਰ ਦੀਆਂ ਸਵਾਲ ਕਰਦੀਆਂ ਅੱਖਾਂ ਨੂੰ ਤੱਕ ਪਰਮ ਨੇ ਜਵਾਬ ਦਿੱਤਾ, "ਬਖਤਾਵਰ! ਮੈਨੂੰ ਪਤਾ ਤੂੰ ਆਪਣੀ ਇਕੱਲ ਤੋੜਨ ਹਮੇਸ਼ਾ ਆਪਣੀ ਜਮੀਨ ਵਿਚ ਆਉਂਦਾ ਹੈਂ।"

ਮਨ 'ਚ ਥੋੜ੍ਹੀ ਜਿਹੀ ਤਸੱਲੀ ਮਹਿਸੂਸ ਕਰਦਿਆਂ ਬਖਤਾਵਰ ਬੋਲਿਆ, "ਹਾਂ ਯਾਰ, ਪੁਰਖਿਆਂ ਦੀ ਇਹ ਜਮੀਨ ਇਕੱਲ ਤੋਂ ਮੁਕਤ ਕਰ ਦਿੰਦੀ ਹੈ, ਧਰਤ 'ਚੋਂ ਪੁੰਗਰਦੇ ਬੀਅ ਤੇ ਫਿਰ ਹੌਲੀ-ਹੌਲੀ ਜਦ ਫਸਲ ਆਪਣੇ ਪੂਰੇ ਜੋਬਨ 'ਤੇ ਆਉਂਦੀ ਹੈ ਤਾਂ ਕਿੰਨਾ ਸਕੂਨ ਮਿਲਦਾ...।"

"ਬਖਤਾਵਰ, ਜਿੰਨਾ ਮਨੁੱਖ ਕੁਦਰਤ ਦੇ ਨੇੜੇ ਹੋਵੇਗਾ, ਓਨਾ ਹੀ ਸੁਖੀ ਹੋਵੇਗਾ।" ਪਰਮ ਦੇ ਜਵਾਬ ਨੇ ਬਖਤਾਵਰ ਦੀ ਦੁਖਦੀ ਰਗ ਨੱਪ ਦਿੱਤੀ।

ਬਖਤਾਵਰ ਦੇ ਮੱਥੇ ਦੀ ਨਾੜ ਉਭਰੀ ਤੇ ਥੋੜ੍ਹਾ ਤਲਖ ਹੁੰਦਿਆਂ ਕਹਿਣ ਲੱਗਾ, "ਪਰ ਯਾਰ, ਆਹ ਔਲਾਦ ਬਾਹਰ ਜਾ ਕੇ ਮਸ਼ੀਨਾਂ ਵੱਸ ਪੈ, ਮਸ਼ੀਨ ਹੋ ਗਈ।" ਬਖਤਾਵਰ ਦੇ ਕੌੜੇ ਬੋਲ ਤਸਦੀਕ ਕਰ ਗਏ ਕਿ ਉਹਦੀ ਸਾਰੀ ਖਿਝ ਆਪਣੇ ਬਾਹਰੋਂ ਆਏ ਨੂੰਹ-ਪੁੱਤ ਲਈ ਰਾਖਵੀਂ ਸੀ।

"ਪਰਮ! ਮੈਂ ਉਸ ਸਮੇਂ ਕੱਖੋਂ ਹੌਲਾ ਹੋ ਗਿਆ ਜਦ ਮੇਰਾ ਵੱਡਾ ਪੁੱਤ ਰੱਬ ਨੇ ਖੋਹ ਲਿਆ ਸੀ, ਬੰਦਾ ਰੱਬ ਦੇ ਭਾਣੇ ਨੂੰ ਜਰ ਲੈਂਦਾ, ਪਰ ਜੋ ਘਾਟਾ ਮੈਨੂੰ ਜੀਂਦਾ ਪੁੱਤ ਪਾ ਰਿਹਾ, ਉਹ ਨਹੀਂ ਜਰ ਹੁੰਦਾ।"

"ਐਵੇਂ ਛੋਟੀਆਂ-ਛੋਟੀਆਂ ਗੱਲਾਂ ਦਿਲ 'ਤੇ ਨਹੀਂ ਲਾਈਦੀਆਂ।" ਪਰਮ ਨੇ ਸਿਆਣਾ ਜਿਹਾ ਬਣਦਿਆਂ ਕਿਹਾ। ਆਪਣੀ ਗੱਲ ਮੁਕਾਉਣ ਪਿਛੋਂ ਪਰਮ ਉਸ ਦਿਨ ਵੱਲ ਪਰਤ ਗਿਆ, ਜਦ ਉਹਦੇ ਛੋਟੇ ਪੁੱਤ ਨੇ ਆਪਣੇ ਹਾਣ ਦੇ ਅੰਬਰ ਦੀ ਪਰਵਾਜ਼ ਭਰ ਲਈ ਸੀ, "ਸਾਨੂੰ ਕੀਹਦੇ ਆਸਰੇ ਛੱਡ ਕੇ ਚੱਲਿਆਂ ਪੁੱਤਰਾ" ਮਾਂ ਸਵਾਲ ਕਰਨਾ ਚਾਹੁੰਦੀ ਸੀ, ਪਰ ਉਸ ਨੂੰ ਪਤਾ ਸੀ, ਅਜਿਹੇ ਸਵਾਲਾਂ ਦਾ ਜਾਣ ਵਾਲੇ ਲਈ ਕੋਈ ਮਾਅਨਾ ਨਹੀਂ ਸੀ।

ਏਅਰਪੋਰਟ 'ਤੇ ਬਖਤਾਵਰ ਸਿੰਘ ਬਾਜਵਾ ਨੇ ਅਣਮੰਨੇ ਮਨ ਨਾਲ ਪੁੱਤ ਦੀ ਪਿੱਠ ਥਾਪੜੀ ਸੀ ਤੇ ਘਰ ਆ ਕੇ ਆਪਣੇ ਮਰੇ ਪੁੱਤ ਦੀ ਫੋਟੋ ਸਾਹਮਣੇ ਕਈ ਸਵਾਲ-ਜਵਾਬ ਕੀਤੇ ਸਨ ਤੇ ਭੁੱਬ ਮਾਰਦਿਆਂ ਉਸ ਕਿਹਾ ਸੀ, "ਭਲਾ ਮੋਏ ਤੇ ਵਿਛੜੇ ਕੌਣ ਮੇਲੇ...।" ਤੇ ਉਸ ਪਿਛੋਂ ਪਰਮ ਦੇ ਗਲ ਲੱਗ ਰੋ ਪਿਆ ਸੀ।


ਬਖਤਾਵਰ ਦੀ ਆਵਾਜ਼ ਨਾਲ ਪਰਮ ਉਹਦੀ ਗੱਲ ਵੱਲ ਬਹੁੜਿਆ, "ਵੇਖ ਬਖਤਾਵਰ! ਇਹ ਜ਼ਿੰਦਗੀ ਹੈ, ਇਹਦੇ ਵਿਚ ਉਹੀ ਕੁਝ ਤਾਂ ਨਹੀਂ ਹੁੰਦਾ, ਜੋ ਆਪਾਂ ਸੋਚੀਏ।"

"ਹਾਂ, ਇਹ ਤਾਂ ਮੈਂ ਵੀ ਸਮਝਦਾਂ, ਫੇਰ ਵੀ ਔਲਾਦ ਦੀ ਬੇਰੁਖੀ ਝੱਲ ਨਹੀਂ ਹੁੰਦੀ।"

"ਬਖਤੌਰੇ! ਰਿਸ਼ਤੇ ਖੂਹ ਦੀ ਨਹੀਂ, ਮਨ ਦੀ ਆਵਾਜ਼ ਹੁੰਦੇ ਹਨ, ਜਦ ਰਿਸ਼ਤਿਆਂ ਕੋਲ ਅਸੀਂ ਸ਼ੰਕਿਆਂ ਦੀ ਚੁੱਪ ਲਈ ਜਾਂਦੇ ਹਾਂ ਤਾਂ ਬਹੁਤ ਕੁਝ ਗਲਤ-ਮਲਤ ਹੋ ਜਾਂਦਾ।"

"ਹਾਂ ਪਰਮ, ਸ਼ਾਇਦ ਤੂੰ ਠੀਕ ਕਹਿ ਰਿਹਾ ਹੋਵੇਂ।" ਮਨ 'ਚ ਕਈ ਸ਼ੰਕੇ ਲਈ ਬਖਤਾਵਰ ਨੇ ਹੁੰਗਾਰਾ ਦਿੱਤਾ। ਇਸ ਪਿਛੋਂ ਪਰਮ ਆਪਣੇ ਘਰ ਵੱਲ ਨੂੰ ਹੋ ਤੁਰਿਆ, ਬਖਤਾਵਰ ਆਪਣੇ ਘਰ ਦੇ ਪੈਂਡੇ ਪੈ ਕੇ, ਕੁਝ ਸੋਚ ਰਿਹਾ ਸੀ, "ਹੋ ਸਕਦਾ ਮੈਂ ਹੀ ਗਲਤ ਹੋਵਾਂ। ਹਮੇਸ਼ਾ ਆਪਣੀ ਹੀ ਨਜ਼ਰ ਤੋਂ ਸਭ ਕਾਸੇ ਨੂੰ ਵੇਖਣਾ, ਇਹ ਵੀ ਤਾਂ ਠੀਕ ਨਹੀਂ।" ਅਜਿਹੇ ਵੇਲੇ ਉਹਨੂੰ ਆਪਣੇ ਪੁੱਤ ਨਾਲ ਪਿਆਰ ਆ ਜਾਂਦਾ ਪਰ ਜਦੋਂ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਉਹਦੀਆਂ ਅੱਖਾਂ ਅੱਗੇ ਆਉਂਦੀ ਤਾਂ ਉਸ ਨੂੰ ਆਪਣਾ ਪੁੱਤ ਸਾਰੀ ਬਰਾਦਰੀ ਦਾ ਗੁਨਾਹਗਾਰ ਲੱਗਣ ਲੱਗ ਪੈਂਦਾ।

ਮਨ 'ਚ ਕਈ ਸਵਾਲ-ਜਵਾਬ ਕਰਦਿਆਂ ਉਹ ਆਪਣੇ ਘਰ ਪਹੁੰਚ ਗਿਆ। ਉਹ ਆਪਣੇ ਮਨ 'ਚ ਪਏ ਸ਼ੰਕਿਆਂ ਨੂੰ ਹੂੰਝ ਦੇਣਾ ਚਾਹੁੰਦਾ ਸੀ ਪਰ ਘਰ ਵੜਦਿਆਂ ਹੀ ਨੂੰਹ ਦੇ ਕੱਪੜਿਆਂ ਨੇ ਉਹਨੂੰ ਸ਼ਰਮਸਾਰ ਕਰ ਦਿੱਤਾ। ਫਿਰ ਵੀ ਵਿਹੜੇ ਵਿਚ ਖੇਡਦੇ ਪੋਤੇ ਵੱਲ ਵੇਖ ਉਹਨੂੰ ਤਸੱਲੀ ਜਿਹੀ ਹੋਈ।



ਆਪਣੇ ਘਰ ਦੇ ਧੁਰ ਕੋਠੇ ਜਾ ਉਸ ਨੇ ਪਿੰਡ ਵੱਲ ਵੇਖਿਆ, ਬੜੀ ਤਰੱਕੀ ਹੋ ਗਈ ਸੀ, ਵੱਡੇ ਵੱਡੇ ਘਰ ਪੈ ਗਏ ਸਨ, ਕਦੇ ਵੇਲਾ ਸੀ, ਘਰ ਛੋਟੇ ਸੀ, ਤੇ ਰਹਿਣ ਵਾਲੇ ਜ਼ਿਆਦਾ, ਪਰ ਹੁਣ ਘਰਾਂ ਦੇ ਜੰਗਲ ਉਗ ਖਲੋਤੇ ਸਨ। ਇਨ੍ਹਾਂ ਘਰਾਂ 'ਚ ਰਹਿਣ ਵਾਲੇ ਡਾਲਰਾਂ-ਪੌਂਡਾਂ ਦੇ ਵੱਸ ਪੈ ਗਏ ਸਨ, ਤੇ ਪਿੱਛੇ ਰਹਿ ਗਏ ਹਰ ਮਾਂ-ਪਿਉ ਦੀ ਕਹਾਣੀ ਬਖਤਾਵਰ ਸਿੰਘ ਬਾਜਵਾ ਵਰਗੀ ਸੀ। ਉਸ ਮਨ ਹੀ ਮਨ ਸੋਚਿਆ, ਇਹ ਕਿਹੋ ਜਿਹੀ ਤਰੱਕੀ ਸੀ, ਜੀਹਨੇ ਦਿੱਤਾ ਤਾਂ ਬਹੁਤ ਕੁਝ ਸੀ ਪਰ ਫੇਰ ਵੀ ਲਗਦਾ ਸੀ ਜਿਵੇਂ ਕੁਝ ਵੀ ਕੋਲ ਨਾ ਹੋਵੇ, ਅਸਮਾਨੀਂ ਉਡਦੇ ਹਵਾਈ ਜਹਾਜ ਦੀ ਆਵਾਜ਼ ਨਾਲ ਉਹਦੇ ਖਿਆਲਾਂ ਦੀ ਤੰਦ ਟੁੱਟੀ ਤੇ ਉਹ ਹੇਠਾਂ ਉਤਰ ਆਇਆ।

ਥੱਲੇ ਆਉਂਦਿਆਂ ਹੀ ਉਸ ਨੂੰ ਆਪਣੇ ਨੂੰਹ-ਪੁੱਤ ਅੰਗਰੇਜ਼ੀ ਅੰਦਾਜ਼ ਵਿਚ ਗੁੱਥਮ-ਗੁੱਥਾ ਹੋਏ ਨਜ਼ਰ ਆਏ। ਉਹ ਖੰਘੂਰਾ ਮਾਰਨਾ ਚਾਹੁੰਦਾ ਸੀ ਪਰ ਅਗਲੇ ਹੀ ਪਲ ਉਸ ਸੋਚਿਆ ਜਦ ਸਾਲਮ ਸਬੂਤਾ ਬਖਤਾਵਰ ਸਿੰਘ ਬਾਜਵਾ ਉਨ੍ਹਾਂ ਲਈ ਕੋਈ ਮਾਅਨੇ ਨਹੀਂ ਰੱਖਦਾ ਤਾਂ ਫਿਰ ਇਸ ਖੰਘੂਰੇ ਦੇ ਕੀ ਅਰਥ? ਉਹ ਸਿੱਧਾ ਆਪਣੇ ਕਮਰੇ ਵਿਚ ਚਲਾ ਗਿਆ। ਬਾਹਰ ਵੱਜ ਰਿਹਾ ਵਲੈਤੀ ਮਿਊਜ਼ਿਕ ਉਹਦਾ ਮੂੰਹ ਚਿੜਾਉਣ ਲੱਗਾ। ਥੋੜ੍ਹਾ ਤਲਖ ਹੋ ਉਸ ਤ੍ਰੀਮਤ ਨੂੰ ਕਿਹਾ, "ਆਪਣੇ ਪੁੱਤ ਨੂੰ ਕਹਿ, ਇਹ ਕੰਜਰਖਾਨਾ ਮੇਰੇ ਘਰ ਨਾ ਲਾਇਆ ਕਰੇ।"

ਅੱਗੋਂ ਉਸ ਕੋਈ ਜਵਾਬ ਨਾ ਦਿੱਤਾ। ਬਖਤਾਵਰ ਸਿੰਘ ਬਾਜਵਾ ਦੀ ਬੀਵੀ ਪਤਾ ਨਹੀਂ ਕਿਸ ਮਿੱਟੀ ਦੀ ਬਣੀ ਸੀ, ਉਸ ਨੂੰ ਕਿਸੇ 'ਤੇ ਵੀ ਕੋਈ ਗਿਲਾ-ਸ਼ਿਕਵਾ ਨਹੀਂ ਸੀ। ਉਹਨੇ ਨੂੰਹ-ਪੁੱਤ ਦੀ ਬੇਰੁਖੀ ਵੀ ਸਿਰ-ਮੱਥੇ ਕਰ ਲਈ ਸੀ ਤੇ ਆਪਣੇ ਖਾਵੰਦ ਦੇ ਨਿਹੋਰੇ ਵੀ ਜਰ ਲਏ ਸਨ। ਪੋਤੇ ਦੀ ਕਿਲਕਾਰੀ 'ਚ ਉਹ ਹੱਸ ਛੱਡਦੀ ਤੇ ਨੂੰਹ ਦੀਆਂ ਨਸੀਹਤਾਂ ਮੁਤਾਬਕ ਪੋਤੇ ਦੇ ਨਿੱਕੇ-ਨਿੱਕੇ ਕੰਮ ਕਰਦੀ ਰਹਿੰਦੀ।

---

ਇਕ ਚੁੱਪ ਸੀ ਜੋ ਇਸ ਘਰ 'ਚ ਰਹਿਣ ਵਾਲਿਆਂ ਦੇ ਦਿਲਾਂ ਵਿਚ ਪਸਰ ਗਈ ਸੀ। ਹਰ ਰਿਸ਼ਤਾ ਬਾਹਰੋਂ ਸਹਿਜ ਤੇ ਅੰਦਰੋਂ ਵਿੱਥ 'ਤੇ ਖਲੋਤਾ ਸੀ ਤੇ ਇਕ ਦਿਨ ਇਸ ਚੁੱਪ ਨੂੰ ਬਖਤਾਵਰ ਸਿੰਘ ਬਾਜਵਾ ਨੇ ਆਵਾਜ਼ ਦੇ ਦਿੱਤੀ ਸੀ, ਜਿਸ ਨੇ ਉਸ ਦੇ ਰਹਿੰਦੇ-ਖੂੰਹਦੇ ਭਰਮ ਵੀ ਤੋੜ ਦਿੱਤੇ।

ਡਾਢੇ ਦੁੱਖ ਨਾਲ ਉਸ ਆਪਣੇ ਪੁੱਤ ਨੂੰ ਕਿਹਾ, "ਅੰਮ੍ਰਿਤ, ਤੂੰ ਆਪਣਾ ਰਾਹ ਖੁਦ ਚੁਣਿਆ, ਠੀਕ ਹੈ, ਪਰ ਮੈਨੂੰ ਲੱਗਦਾ ਇਸ ਰਾਹ ਨੇ ਜਿਵੇਂ ਰਾਹੀ ਨੂੰ ਹੀ ਨਿਗਲ ਲਿਆ ਹੋਵੇ।"

"ਡੌਂਟ ਬੀ ਸੋ ਇਮੋਸ਼ਨਲ ਡੈਡ।" ਟਿੱਚਰ ਜਿਹੀ 'ਚ ਬੋਲਿਆ, "ਜੇ ਰਾਹ ਨੇ ਰਾਹੀ ਨਿਗਲ ਲਿਆ ਹੁੰਦਾ ਤਾਂ ਮੈਂ ਤੁਹਾਡੇ ਸਾਹਮਣੇ ਨਾ ਹੁੰਦਾ।"

"ਤੂੰ ਮੇਰੀ ਗੱਲ ਨਹੀਂ ਸਮਝਿਆ।" ਰੋਣਹਾਕੇ ਬਾਜਵੇ ਨੇ ਕਿਹਾ।

"ਦੇਖੋ! ਮੈਂ ਇਹ ਫਲਸਫਾ ਸਮਝਣਾ ਵੀ ਨਹੀਂ ਚਾਹੁੰਦਾ, ਇਟ'ਜ਼ ਮਾਈ ਲਾਈਫ ਐਂਡ ਆਈ ਹੈਂਡਲ ਮਾਈ ਲਾਈਫ ਵਿਦ ਮਾਈ ਓਨ ਸਟਾਈਲ।"

ਉਹਦੀ ਗੱਲ ਬੋਚਦਿਆਂ ਬਖਤਾਵਰ ਨੇ ਕਿਹਾ, "ਗੱਲ ਸੁਣ, ਪੰਝੀ ਸਾਲ ਤੈਨੂੰ ਪਾਲਿਆ, ਪੜ੍ਹਾਇਆ, ਲਿਖਾਇਆ, ਅੱਜ ਤੇਰੇ ਕੋਲ ਚਾਰ ਪੈਸੇ ਕੀ ਆ ਗਏ, ਹਰ ਗੱਲ 'ਤੇ ਮੋਢੇ ਚੜ੍ਹਾ ਕੇ ਦੱਸਣ ਬਹਿ ਜਾਨਾਂ, ਇਟ'ਜ਼ ਮਾਈ ਲਾਈਫ।"

"ਯੈਸ ਮਿਸਟਰ ਸਿੰਘ, ਇਟ'ਜ਼ ਮਾਈ ਲਾਈਫ, ਤੇ ਮੈਂ ਇਹ ਮੰਨਦਾਂ ਕਿ ਜ਼ਿੰਦਗੀ ਜੀਣ ਲਈ ਸੁਰੱਖਿਆ ਚਾਹੀਦੀ ਹੈ ਤੇ ਪੈਸਾ ਸਾਨੂੰ ਸੁਰੱਖਿਆ ਦਿੰਦਾ ਹੈ।"

"ਪਰ ਪੁੱਤਰਾ, ਜ਼ਿੰਦਗੀ ਜਮ੍ਹਾਂ ਜ਼ਰਬ ਦੇ ਫਾਰਮੂਲੇ ਨਾਲ ਨਹੀਂ ਸਮਝੀ ਜਾ ਸਕਦੀ, ਇਹਦੇ 'ਚ ਬਹੁਤ ਬੇਤਰਤੀਬੀ ਹੈ, ਬੰਦਾ ਜ਼ਿੰਦਗੀ ਕੋਲੋਂ ਜਿੰਨੀ ਸੁਰੱਖਿਆ ਚਾਹੁੰਦਾ ਹੈ, ਇਹ ਓਨੀ ਹੀ ਡਰਾਉਣੀ ਲੱਗਦੀ ਹੈ।"

"ਸਿੰਘ ਸਾਹਿਬ! ਇਹ ਤੁਹਾਡਾ ਫਲਸਫਾ ਹੋ ਸਕਦਾ, ਮੇਰਾ ਨਹੀਂ, ਜੇ ਮੈਂ ਇਹੋ ਜਿਹੇ ਫਲਸਫੇ ਨਾਲ ਜੁੜਿਆ ਰਹਿੰਦਾ ਤਾਂ ਤਰੱਕੀ ਨਾ ਕਰ ਪਾਉਂਦਾ, ਇਹ ਮੇਰੀ ਹੁਸ਼ਿਆਰੀ ਹੈ ਕਿ ਦੋ ਸਾਲਾਂ 'ਚ ਵਧੀਆ ਘਰ ਤੇ ਸਟੋਰ ਦਾ ਮਾਲਕ ਹਾਂ।"

"ਏਥੇ ਤੂੰ ਗਲਤ ਹੈਂ, ਤੂੰ ਆਪਣੀ ਚਲਾਕੀ ਨੂੰ ਆਪਣੀ ਹੁਸ਼ਿਆਰੀ ਸਮਝ ਰਿਹਾਂ ਹੈ ਤੇ ਨਾਲੇ ਦੱਸ ਉਹ ਘਰ, ਤੇਰਾ ਕਿਵੇਂ ਹੋਇਆ ਜਿਸ ਘਰ ਦੀ ਨੇਮ ਪਲੇਟ 'ਤੇ 'ਬਾਜਵਾ ਵਿਲਾ' ਨਹੀਂ 'ਮਿਗਲਾਨੀ ਵਿਲਾ' ਲਿਖਿਆ ਹੋਇਆ?"

ਅੰਮ੍ਰਿਤ ਨੂੰ ਲੱਗਾ ਜਿਵੇਂ ਦਿਨ ਦਿਹਾੜੇ ਉਹਦੀ ਚੋਰੀ ਫੜ ਲਈ ਹੋਵੇ, ਫੇਰ ਵੀ ਥੋੜ੍ਹਾ ਜਿਹਾ ਛਿੱਥਾ ਪੈ ਕੇ ਕਹਿਣ ਲੱਗਾ, "ਪੂਰੇ 4 ਲੱਖ ਪੌਂਡ ਦਿੱਤੇ ਮੇਰੇ ਸਹੁਰਿਆਂ, ਜੇ 'ਮਿਗਲਾਨੀ ਵਿਲਾ' ਲਿਖ ਦਿੱਤਾ ਤਾਂ ਕੀ ਆਖਰ ਆ ਗਈ?"

"ਉਇ ਤਾਂ ਫਿਰ ਇੰਜ ਕਹਿ ਨਾ ਚਾਰ ਲੱਖ ਪੌਂਡ ਦਾ ਪਟਾ ਪਾਇਆ, ਤੇਰੇ ਗਲ ਸਹੁਰਿਆਂ, ਤੇ ਤੂੰ ਉਨ੍ਹਾਂ ਦਾ ਪਾਲਤੂ ਜਵਾਈ ਬਣ ਗਿਆਂ।" ਥੋੜ੍ਹਾ ਤਲਖ ਹੁੰਦਿਆਂ ਬਖਤਾਵਰ ਨੇ ਕਿਹਾ।

"ਤੁਸੀਂ ਜੋ ਸਮਝਣਾ ਸਮਝੋ, ਆਈ. ਐਮ. ਹੈਪੀ ਵਿਦ ਮਾਈ ਫੈਮਿਲੀ।" ਪੁੱਤ ਨੇ ਵਲੈਤੋਂ ਸਿੱਖੇ ਅੰਗਰੇਜ਼ੀ ਦੇ ਸ਼ਬਦ ਪਿਉ ਸਾਹਮਣੇ ਗਲੱਛ ਦਿੱਤੇ।

"ਮੈਨੂੰ ਦੱਸ ਪੁੱਤਰ, ਤੇਰੀ ਫੈਮਿਲੀ 'ਚ ਅਸੀਂ ਹੈਗੇ ਆਂ ਜਾਂ ਨਹੀਂ।" ਥੋੜ੍ਹੀ ਸ਼ੰਕਾ ਜਿਹੀ 'ਚ ਬਖਤਾਵਰ ਬੋਲਿਆ। ਪੁੱਤ ਨੇ ਕੋਈ ਜਵਾਬ ਨਹੀਂ ਸੀ ਦਿੱਤਾ ਪਰ ਉਹਦੀਆਂ ਝੁਕੀਆਂ ਅੱਖਾਂ ਸਭ ਕੁਝ ਕਹਿ ਗਈਆਂ।

"ਨਿਰਮੋਹੀ ਧਰਤ ਦੇ ਵੱਸ ਪੈ, ਤੂੰ ਨਿਰਮੋਹਾ ਹੋ ਗਿਆਂ ਪੁੱਤਰਾ।" ਪਿਉ ਨੇ ਵਲੈਤੀ ਪੁੱਤ ਨੂੰ ਨਿਹੋਰਾ ਮਾਰਿਆ।

"ਤੇ ਤੁਹਾਡੀ ਇਹ ਧਰਤੀ ਬੜੀ ਮੋਹਵੰਤੀ ਹੈ, ਇਥੇ ਲੋਕ ਗਰਜਾਂ ਕਰਕੇ ਇਕ ਦੂਸਰੇ ਦਾ ਆਸਰਾ ਬਣਦੇ ਹਨ ਤੇ ਤੁਸੀਂ ਇਸ ਨੂੰ ਮੋਹ ਸਮਝਣ ਲੱਗ ਪੈਂਦੇ ਹੋ।" ਵਲੈਤੀ ਕਲਚਰ ਪੁੱਤ ਦੇ ਸਿਰ ਚੜ੍ਹ ਬੋਲਿਆ।

"ਪਰ ਅੰਮ੍ਰਿਤ 'ਕੱਲਾ ਤਾਂ ਕੋਈ ਵੀ ਵੱਡਾ ਨਹੀਂ ਹੁੰਦਾ, ਬੰਦੇ ਨੂੰ ਕੋਈ ਤਾਂ ਅਜਿਹਾ ਮੋਢਾ ਚਾਹੀਦਾ ਜਿਹਦੇ 'ਤੇ ਸਿਰ ਰੱਖ ਉਹ ਰੋ ਸਕੇ, ਹੱਸ ਸਕੇ।"

"ਮਿਸਟਰ ਸਿੰਘ, ਜੀਹਦੇ ਕੋਲ ਪੈਸਾ ਹੋਵੇ, ਉਹਨੂੰ ਝੂਠੇ ਮੋਢਿਆਂ ਦੀ ਲੋੜ ਨਹੀਂ ਹੁੰਦੀ।" ਲੈਪਟਾਪ 'ਤੇ ਸੈਲਰੀ ਸਟੇਟਮੈਂਟ ਚੈਕ ਕਰਦਿਆਂ ਪੁੱਤ ਬੋਲਿਆ।

"ਫਿਰ ਤਾਂ ਪੁੱਤਰਾ ਤੈਨੂੰ ਸਾਡੀ ਵੀ ਲੋੜ ਨਹੀਂ ਹੋਣੀ, ਕਦੇ ਮਾਂ-ਬਾਪ ਬਾਰੇ ਸੋਚਿਆ, ਉਹ 'ਕੱਲੇ ਏਡੇ ਵੱਡੇ ਘਰ 'ਚ ਕਿਵੇਂ ਦਿਨ ਕਟੀ ਕਰਦੇ ਆ।" ਨਿਆਸਰਾ ਜਿਹਾ ਬਣ ਉਸ ਨੇ ਸਵਾਲ ਕੀਤਾ।

"ਤੁਸੀਂ ਅਜੇ ਚੰਗੇ ਭਲੇ ਹੋ, ਜਦ ਲੋੜ ਹੋਈ, ਤੁਹਾਨੂੰ ਏਥੇ ਸਰਵੈਂਟ ਅਰੇਂਜ ਕਰਕੇ ਦੇਣਾ, ਵਧੇਰੇ ਇਕਨਾਮਕ ਹੈ।"

ਇਕਨਾਮਿਕਸ ਪੜ੍ਹਿਆ ਪੁੱਤ, ਹਰ ਰਿਸ਼ਤੇ ਵਿਚੋਂ ਆਪਣੇ ਮਤਲਬ ਦੀ ਇਕਾਨਮੀ ਲੱਭਣ ਲੱਗ ਪਿਆ ਸੀ।

ਬਖਤਾਵਰ ਦੇ ਅੰਦਰੋਂ ਕੜੱਕ ਕਰਕੇ ਕੁਝ ਟੁੱਟਿਆ, ਫਿਰ ਵੀ ਉਹ ਹਿਸਾਬੀ-ਕਿਤਾਬੀ ਹੋਏ ਪੁੱਤ ਦੀ ਹੱਦ ਵੇਖਣਾ ਚਾਹੁੰਦਾ ਸੀ, ਢੀਠ ਜਿਹਾ ਬਣ ਉਸ ਕਿਹਾ, "ਨਾ ਮੈਨੂੰ ਦੱਸ, ਤੇਰਾ 'ਮਿਗਲਾਨੀ ਵਿਲਾ' ਸਾਨੂੰ ਬੁੱਢੇ-ਬੁੱਢੀ ਨੂੰ ਇਕ ਕਮਰਾ ਨਹੀਂ ਦੇ ਸਕਦਾ?"

"ਇਟ'ਜ਼ ਇਮਪੌਸੀਬਲ, ਤੁਹਾਡੀ ਵਲੈਤਣ ਨੂੰਹ ਨੂੰ ਇਹ ਗੱਲ ਪਸੰਦ ਨਹੀਂ ਕਿ ਕੋਈ ਤੀਜਾ ਬੰਦਾ ਉਨ੍ਹਾਂ ਦੀ ਫੈਮਿਲੀ ਲਾਈਫ 'ਚ ਦਖਲਅੰਦਾਜ਼ੀ ਕਰੇ।" ਗੱਲ ਕਹਿਣ ਤੋਂ ਬਾਅਦ ਅੰਮ੍ਰਿਤ ਚੁੱਪ ਹੋ ਗਿਆ ਸੀ।

ਤੇ ਸ਼ਾਇਦ ਬਖਤਾਵਰ ਲਈ ਕਹਿਣ-ਸੁਣਨ ਨੂੰ ਹੁਣ ਕੁਝ ਨਹੀਂ ਰਹਿ ਗਿਆ ਸੀ। ਪੁੱਤ ਦੀਆਂ ਕਹੀਆਂ ਸੁਣੀਆਂ ਨੇ ਉਹਨੂੰ ਹਰ ਭਰਮ ਤੋਂ ਮੁਕਤ ਕਰ ਦਿੱਤਾ ਸੀ। ਉਹ ਸਿੱਧਾ ਆਪਣੇ ਕਮਰੇ ਵਿਚ ਗਿਆ, ਆਪਣੀ ਤ੍ਰੀਮਤ ਲਾਗੇ ਬੈਠ ਉਹ ਆਪਣਾ ਮਨ ਹੌਲਾ ਕਰਨਾ ਚਾਹੁੰਦਾ ਸੀ। ਡੂੰਘਾ ਸਾਹ ਲੈ ਉਸ ਕਿਹਾ, "ਭਾਗਵਾਨੇ! ਮੇਰੀ ਬੇਬੇ ਇਕ ਗੀਤ ਗਾਉਂਦੀ ਹੁੰਦੀ ਸੀ, ਅੱਜ ਤੂੰ ਮੈਨੂੰ ਉਹ ਗੀਤ ਗਾ ਕੇ ਸੁਣਾ। ਉਸ ਦੀ ਬੀਵੀ ਨੂੰ ਪਤਾ ਸੀ ਹੁਣ ਇਹ ਗੀਤ ਬੇਮਾਅਨੇ ਸੀ, ਫੇਰ ਵੀ ਮਨ ਦੀ ਤਸੱਲੀ ਲਈ ਉਸ ਗੀਤ ਛੋਹ ਲਿਆ ਸੀ।

"ਵੇ ਵਧਾਇਆ ਸੱਜਣਾ,  
ਵੇ ਸੁਹਾਇਆ ਸੱਜਣਾ  
ਇਹ ਘਰ ਕਿੰਨੀ ਗੁਣੀ ਬਣਦੇ,  
ਜੰਮਣ ਪੁੱਤ ਸਪੁੱਤਰੇ  
ਆਵਣ ਨੂੰਹਾਂ ਸੁਲੱਖਣੀਆਂ,  
ਇਹ ਘ...ਰ ਏ...ਨੀ ਗੁ...ਣੀ ਬ...ਣ...ਦੇ।"

ਆਖਰੀ ਸਤਰ ਬੋਲਦਿਆਂ ਉਹਦਾ ਗੱਚ ਭਰ ਆਇਆ ਸੀ। ਰੋਣਹਾਕੀ ਕਹਿਣ ਲੱਗੀ, "ਇਸ ਗੀਤ ਨੂੰ ਤਾਂ ਕਦੀ ਦੀ ਕਾਂਗਿਆਰੀ ਪੈ ਗਈ ਸਰਦਾਰਾ। ਤੂੰ ਜੀਅ ਛੋਟਾ ਨਾ ਕਰ, ਆਪਾਂ ਕੋਲ ਪੋਤਾ ਹੈਗਾ, ਬਾਜਵਾ ਖਾਨਦਾਨ ਦਾ ਅਗਲਾ ਵਾਰਸ।" ਪਰ ਇਹ ਧਰਵਾਸਾ ਵੀ ਥੋੜ੍ਹਾ ਚਿਰ ਸੀ, ਪਲੰਘ 'ਤੇ ਪਿਆ ਪਾਸਪੋਰਟ ਇਕ ਦਿਨ ਇਹ ਚੁਗਲੀ ਕਰ ਗਿਆ ਕਿ ਪੋਤਰੇ ਦੇ ਨਾਂ ਪਿੱਛੇ 'ਬਾਜਵਾ' ਨਹੀਂ 'ਮਿਗਲਾਨੀ' ਲਗਦਾ ਸੀ।

ਫਿਰ ਉਹ ਗੁੰਮ-ਸੁੰਮ ਰਹਿਣ ਲੱਗਾ, ਜਿਵੇਂ ਉਹਦਾ ਆਪਣੇ ਭੋਇੰ ਭਾਂਡੇ ਤੋਂ ਵੀ ਨਾਂ ਖਤਮ ਹੋਣ ਲੱਗਾ ਹੋਵੇ। ਬੇਵਸੀ ਦੇ ਇਸ ਆਲਮ ਵਿਚ ਉਹ ਪਰਮ ਕੋਲ ਜਾਣਾ ਚਾਹੁੰਦਾ ਸੀ। ਫਿਰ ਸੋਚਦਾ ਉਹਨੂੰ ਜਾ ਕੇ ਕੀ ਦੱਸਾਂ? ਆਪਣੇ ਚਿੱਤ ਨੂੰ ਰਾਜ਼ੀ ਕਰਨ ਲਈ ਉਹ 'ਵਿਹੜੇ' ਚਲਾ ਜਾਂਦਾ। ਜਦ ਕੋਈ ਵਿਹੜੇ ਵਾਲਿਆਂ ਦੀ ਨੂੰਹ-ਧੀ ਉਸ ਦੇ ਪੈਰੀਂ ਹੱਥ ਲਾਉਂਦੀ ਤਾਂ ਉਹ ਗਦਗਦ ਹੋ ਉੱਠਦਾ, ਤੇ ਇਕ ਦਿਨ ਉਹ ਸੁਰਖਰੂ ਹੋਣ ਲਈ 'ਕੇਹਰੂ ਸਾਂਸੀ' ਕੋਲ ਬੰਸਾਵਲੀ ਸੁਣਨ ਬਹਿ ਗਿਆ ਸੀ।

ਅਰਮਾਨ ਬਾਜਵਾ ਪੁੱਤਰ ਅੰਮ੍ਰਿਤ ਸਿੰਘ ਬਾਜਵਾ ਸਿੰਘਾਣੀਆਂ, ਅੰਮ੍ਰਿਤ ਬਾਜਵਾ ਪੁੱਤਰ ਬਖਤਾਵਰ ਸਿੰਘ ਬਾਜਵਾ ਸਿੰਘਾਣੀਆਂ, ਬਖਤਾਵਰ ਬਾਜਵਾ ਪੁੱਤਰ ਗੁਰਦਿੱਤ ਸਿੰਘ ਬਾਜਵਾ ਸਿੰਘਾਣੀਆਂ।

ਆਪਣੇ ਪੁੱਤ ਤੇ ਪੋਤਰੇ ਦੇ ਨਾਂ ਪਿੱਛੇ ਬਾਜਵਾ ਲੱਗਾ ਵੇਖ ਉਹਨੂੰ ਤਸੱਲੀ ਹੁੰਦੀ ਤੇ ਫਿਰ ਕੇਹਰੂ ਕੋਲ ਜਾਣਾ ਉਹਦਾ ਨਿਤਨੇਮ ਬਣ ਗਿਆ। ਵਾਰ-ਵਾਰ ਬੰਸਾਵਲੀ ਸੁਣ ਉਹਨੂੰ ਸੁਆਦ ਆਉਂਦਾ। ਲਗਦਾ ਪਿੰਡ ਦੇ ਵਹੀਖਾਤੇ 'ਚ ਉਹਦਾ ਅਜੇ ਵੀ ਅੱਗਾ-ਪਿੱਛਾ ਕਾਇਮ ਸੀ। ਅਜਿਹੇ ਵੇਲੇ ਉਹ ਮੁੱਛ ਨੂੰ ਮਰੋੜਾ ਦੇ ਕੇ ਕਹਿੰਦਾ, "ਨਹੀਂ ਪਰਵਾਹ ਕਿਸੇ ਦੀ।" ਪਰ ਕੁਝ ਦਿਨਾਂ ਬਾਅਦ ਹੀ ਉਹ ਇਸ ਸਭ ਕਾਸੇ ਤੋਂ ਉਕਤਾ ਗਿਆ ਜਦ ਉਸ ਦੀਆਂ ਅੱਖਾਂ ਸਾਹਮਣੇ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਤੇ ਪੋਤੇ ਦਾ ਪਾਸਪੋਰਟ ਘੁੰਮਣ ਲਗਦਾ ਤਾਂ ਉਹ ਬੌਂਦਲ ਜਾਂਦਾ। ਅਜਿਹੇ ਵੇਲੇ ਉਸ ਦੀ ਉਦਾਸੀ ਝੱਲੀ ਨਾ ਜਾਂਦੀ। ਫਿਰ ਉਹਨੂੰ ਕੇਹਰੂ ਦੀ ਰਲਦ-ਗਲਦ ਹੋਈ 'ਬੰਸਾਵਲੀ' 'ਵਲੈਤੀ ਪਾਸਪੋਰਟ' ਦੇ ਮੁਕਾਬਲੇ ਹੀਣੀ ਜਾਪਦੀ।

ਉਹ ਕਈ ਦਿਨ ਆਪਣੇ ਆਪ ਨਾਲ ਘੁਲਦਾ ਰਿਹਾ। ਆਪਣੇ ਆਪ ਨਾਲ ਆਢਾ-ਸਾਢਾ ਲੈਂਦਿਆਂ। ਉਹ ਆਪੇ ਤੋਂ ਹੀ ਹਾਰ ਗਿਆ ਸੀ। ਤੇ ਫਿਰ ਇਕ ਦਿਨ ਆਪਣੇ ਮਨ ਦੀ ਟੁੱਟ-ਭੱਜ ਸਮੇਤ ਪਰਮ ਕੋਲ ਜਾ ਪਹੁੰਚਿਆ। ਘਰ ਦੇ ਬਰਾਂਡੇ 'ਚ ਬੈਠੇ ਪਰਮ ਨੇ ਸਰਸਰੀ ਪੁੱਛਿਆ, "ਕੀ ਹਾਲ ਆ ਮਿੱਤਰਾ।"

"ਬਸ ਦਿਲ ਹੀ ਉਦਾਸ ਆ।" ਹਿਰਖੇ ਮਨ ਨਾਲ ਬਖਤਾਵਰ ਨੇ ਜਵਾਬ ਦਿੱਤਾ।

ਪਰਮ ਨੇ ਆਪਣੇ ਯਾਰ ਦੇ ਚਿਹਰੇ 'ਤੇ ਪਏ ਉਦਾਸੀ ਦੇ ਨਕਸ਼ ਪਛਾਣ ਲਏ। "ਦਿਲ ਉਦਾਸ ਹੈ ਤਾਂ ਖੁਸ਼ ਕਰ ਦੇਂਦੇ ਆਂ।" ਥੋੜ੍ਹਾ ਛੇੜਨ ਦੇ ਲਹਿਜੇ 'ਚ ਪਰਮ ਬੋਲਿਆ। ਉਹ ਬਖਤਾਵਰ ਨੂੰ ਪਿਛਲੇ ਕਮਰੇ ਵਿਚ ਲੈ ਗਿਆ। ਪੈਗ ਬਣਾਉਂਦਿਆਂ ਪਰਮ ਨੇ ਕਿਹਾ, "ਖੱਬੀ ਖਾਨ ਜੱਟ ਬਖਤਾਵਰ ਸਿੰਘ ਬਾਜਵਾ ਤਾਂ ਕਿਸੇ ਦੀ ਪਰਵਾਹ ਨਹੀਂ ਸੀ ਕਰਦਾ, ਹੁਣ ਕੀ ਹੋ ਗਿਆ!"

ਪਰਮ ਕੋਲੋਂ ਪੈਗ ਫੜਦਿਆਂ ਥੋੜ੍ਹਾ ਸਹਿਜ ਹੁੰਦਾ ਬਖਤਾਵਰ ਬੋਲਿਆ, "ਘਰਾਂ ਦੀ ਬਰਕਤ ਤਾਂ ਘਰਾਂ ਦੇ ਵਾਰਸਾਂ ਨਾਲ ਹੁੰਦੀ ਆ ਪਰ ਇਨ੍ਹਾਂ ਦੇ ਆਉਣ ਨਾਲ ਘਰ ਦੀ ਹਵਾ ਏਨੀ ਕੁਰੱਖਤ ਹੋ ਜਾਂਦੀ ਆ ਕਿ ਸਾਹ ਲੈਣਾ ਮੁਸ਼ਕਲ ਹੋ ਜਾਂਦਾ।"

ਥੋੜ੍ਹੀ ਉਤਸੁਕਤਾ ਜਿਹੀ 'ਚ ਪਰਮ ਨੇ ਬਖਤਾਵਰ ਨੂੰ ਪੁੱਛਿਆ, "ਫੇਰ ਕੋਈ ਗੱਲ ਹੋਈ ਆ ਅੰਮ੍ਰਿਤ ਨਾਲ?"

"ਬਸ ਯਾਰ! ਸਮਝ ਲਾ ਜਿਹੜੇ ਥੋੜ੍ਹੇ ਬਹੁਤ ਭਰਮ ਲੈ ਕੇ ਜੀਅ ਰਿਹਾ ਸੀ, ਉਹ ਵੀ ਮੁੱਕ ਗਏ, ਸਭ ਖਤਮ ਹੋ ਗਿਆ।"

ਬਖਤਾਵਰ ਦਾ ਹੱਥ ਪਲੋਸਦਿਆਂ ਪਰਮ ਕਹਿਣ ਲੱਗਾ, "ਹਰ ਭਰਮ ਤੋਂ ਮੁਕਤ ਹੋਇਆ ਬੰਦਾ ਸੁਰਖਰੂ ਹੋ ਜਾਂਦਾ।"

"ਨਹੀਂ ਪਰਮ, ਰਿਸ਼ਤਿਆਂ ਦੇ ਨਾਲ ਨਿਭਣ ਲਈ ਥੋੜ੍ਹੇ ਬਹੁਤ ਭਰਮ ਬਣੇ ਰਹਿਣੇ ਚਾਹੀਦੇ ਆ।"


"ਵੇਖ, ਐਵੇਂ ਉਦਾਸ ਨਾ ਹੋਇਆ ਕਰ, ਜੋ ਹੈ ਉਸੇ ਵਿਚੋਂ ਖੁਸ਼ੀ ਲੱਭ।"

"ਓ ਨਹੀਂ ਭਾਊ, ਇਹ ਚੰਦਰਾ ਦਿਲ ਨਹੀਂ ਮੰਨਦਾ, ਅਜੇ ਵੀ ਦਿਲ ਕਰਦਾ, ਜਦੋਂ ਘਰ ਜਾਵਾਂ ਨੂੰਹ ਸਿਰ 'ਤੇ ਲੀੜਾ ਲਵੇ, ਪੋਤਾ ਲੱਤਾਂ ਨੂੰ ਚੰਬੜੇ, ਪੁੱਤ ਹੰਮੇ ਦਾਅਵੇ ਨਾਲ ਕੁਝ ਮੈਨੂੰ ਪੁੱਛੇ ਤੇ ਕੁਝ ਆਪਣੀ ਦੱਸੇ।" ਆਪਣੀ ਗੱਲ ਮੁਕਾਉਣ ਤੋਂ ਬਾਅਦ ਬਖਤਾਵਰ ਨੇ ਮੇਜ਼ 'ਤੇ ਪਏ ਪੈਗ ਨੂੰ ਇਕੋ


*(ਬਾਕੀ ਅਗਲੇ ਸਫੇ 'ਤੇ)*


# ਆਲੀਵਾਲ ਦੀਆਂ 'ਧੁੰਮਾਂ'

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353





*(ਖੱਬੇ) ਪੰਜਾਬ ਦੇ ਪਿੰਡ ਆਲੀਵਾਲ ਅਤੇ (ਸੱਜੇ) ਔਰੈਂਜ ਦਰਿਆ ਦੇ ਕਿਨਾਰੇ ਵਸੇ ਸ਼ਹਿਰ 'ਆਲੀਵਾਲ ਨਾਰਥ' ਦੀ ਝਲਕ*

ਪਿਛਲੇ ਦਿਨੀਂ ਖਬਰ ਆਈ ਕਿ ਸਿੰਗਾਪੁਰ ਦੇ ਐਮ. ਆਰ. ਟੀ. ਰੇਲਵੇ ਦੇ ਇੱਕ ਜੰਕਸ਼ਨ ਦਾ ਨਾਂ ਧੋਬੀ ਘਾਟ ਰੱਖ ਦਿੱਤਾ ਗਿਆ ਹੈ। ਧੋਬੀ ਘਾਟ ਦਰਿਆ ਆਦਿ ਦੇ ਕਿਨਾਰੇ ਕੱਪੜੇ ਧੋਣ ਲਈ ਬਣੇ ਪੌੜੀਦਾਰ ਢਾਂਚੇ ਦਾ ਸੂਚਕ ਅਤੇ ਭਾਰਤ ਦੀ ਧਰਤੀ ਵਿਚ ਜਨਮਿਆ ਹਿੰਦ-ਆਰਿਆਈ ਸ਼ਬਦ ਹੈ। ਭਾਰਤ ਦੇ ਕਰੀਬ ਹਰ ਪਿੰਡ ਸ਼ਹਿਰ ਵਿਚ ਧੋਬੀ ਘਾਟ ਹੋਇਆ ਕਰਦੇ ਸਨ। ਮੁੰਬਈ ਦਾ ਧੋਬੀ ਘਾਟ ਸਭ ਤੋਂ ਵੱਡਾ ਤੇ ਮਸ਼ਹੂਰ ਮੰਨਿਆ ਗਿਆ ਹੈ। ਇਸ ਦਾ ਨਾਂ ਗਿਨੀ ਦੀ ਰਿਕਾਰਡਾਂ ਵਾਲੀ ਕਿਤਾਬ ਵਿਚ ਵੀ ਦਰਜ ਹੈ। ਇਹ 1970 ਵਿਚ ਬਣਿਆ ਸੀ। ਇਸ ਵਿਚ ਰੋਜ਼ ਅੰਦਾਜ਼ਨ ਇਕ ਲੱਖ ਕੱਪੜੇ ਧੋਤੇ ਜਾਂਦੇ ਹਨ ਤੇ ਦੱਸਦੇ ਹਨ ਕਿ ਅਜੇ ਤੱਕ ਕੋਈ ਕੱਪੜਾ ਵੀ ਵਟਿਆ ਨਹੀਂ। ਅੱਜ ਇਹ ਦੁਨੀਆਂ ਭਰ ਦੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ। ਉਂਜ ਹੁਣ ਭਾਰਤ ਵਿਚ ਕਈ ਥਾਂਈਂ ਧੋਬੀ ਘਾਟ ਦੀ ਥਾਂ ਲਾਂਡਰੀਆਂ ਨੇ ਲੈ ਲਈ ਹੈ। ਧੋਣ ਵਾਲੀਆਂ ਮਸ਼ੀਨਾਂ ਵੀ ਆ ਗਈਆਂ ਹਨ।

ਪਰ ਭਾਰਤ ਤੋਂ ਹਜ਼ਾਰਾਂ ਮੀਲ ਦੂਰ ਸਿੰਗਾਪੁਰ ਦਾ ਧੋਬੀ ਘਾਟ ਤੇ ਉਹ ਵੀ ਰੇਲਵੇ ਸਟੇਸ਼ਨ ਦਾ ਨਾਂ? ਜੀ ਹਾਂ, ਫਿਰ ਕੀ ਹੋਇਆ, ਸਿੰਗਾਪੁਰ ਟਾਪੂ ਦਾ ਨਾਂ ਵੀ ਭਾਰਤੀਆਂ ਨੇ ਰੱਖਿਆ ਸੀ, ਧੋਬੀ ਘਾਟ ਤਾਂ ਗੱਲ ਹੀ ਕੀ ਹੈ। ਇਸ ਵੇਲੇ ਸਿੰਗਾਪੁਰ ਰਾਜਨਗਰ ਦੀ ਆਬਾਦੀ ਦਾ ਅੱਧੇ ਤੋਂ ਕੁਝ ਘੱਟ ਹਿੱਸਾ ਭਾਰਤੀ ਮੂਲ ਦੇ ਲੋਕਾਂ ਦਾ ਹੈ। ਸਿੰਗਾਪੁਰ ਕਿਸੇ ਵੇਲੇ ਭਾਰਤੀ ਪ੍ਰਭਾਵ-ਖੇਤਰ ਹੇਠ ਆਉਂਦਾ ਸੀ।

ਬਹੁਤ ਸਾਰੇ ਵਿਦਵਾਨ ਮੰਨਦੇ ਹਨ ਕਿ ਸਿੰਗਾਪੁਰ ਸ਼ਬਦ ਸਿੰਘ+ਪੁਰ ਤੋਂ ਬਣਿਆ ਜਿਸ ਦਾ ਮਤਲਬ ਹੋਇਆ, ਸ਼ੇਰਾਂ ਦੇ ਰਹਿਣ ਵਾਲਾ ਨਗਰ, ਭਾਵੇਂ ਸ਼ੇਰ ਇਸ ਟਾਪੂ ਵਿਚ ਕਦੇ ਕੋਈ ਨਹੀਂ ਗਰਜਿਆ। ਵਿਚਾਰ ਹੈ ਕਿ ਇਹ ਨਾਂ ਨਾਲ ਲਗਦੇ ਮਲੇਸ਼ੀਆ 'ਤੇ ਲਾਗੂ ਹੁੰਦਾ ਹੈ ਪਰ ਕਿਸੇ ਤਰ੍ਹਾਂ ਇਸ ਟਾਪੂ ਲਈ ਰੂੜ ਹੋ ਗਿਆ। ਸਿੰਗਾਪੁਰ ਈਸਟ ਇੰਡੀਆ ਕੰਪਨੀ ਦੇ ਕਬਜ਼ੇ ਵਿਚ ਰਿਹਾ ਹੈ ਜੋ ਪੂਰਬ ਵਿਚ ਇਸ ਦੀ ਇੱਕ ਵਪਾਰਕ ਚੌਕੀ ਸੀ। ਜਾਤੀਆਂ ਵਿਚ ਵੰਡੇ ਭਾਰਤ ਵਿਚ ਧੋਬੀ ਇਕ ਜਾਤੀਗਤ ਪੇਸ਼ਾ ਹੈ। ਧੋਬੀਆਂ ਦਾ ਪੁਸ਼ਤੈਨੀ ਕੰਮ ਜਜਮਾਨਾਂ ਦੇ ਕੱਪੜੇ ਧੋਣਾ ਹੁੰਦਾ ਸੀ। 19ਵੀਂ ਸਦੀ ਵਿਚ ਗੋਰੇ ਸਾਹਿਬ ਲੋਕਾਂ ਦੇ ਕੱਪੜੇ ਧੋਣ ਲਈ ਭਾਰਤ ਤੋਂ ਸਿੰਗਾਪੁਰ ਧੋਬੀ ਮੰਗਵਾਏ ਗਏ। ਇਨ੍ਹਾਂ ਵਿਚੋਂ ਬਹੁਤੀਆਂ ਔਰਤਾਂ ਸਨ। ਇਨ੍ਹਾਂ ਨੇ ਆਪਣਾ ਡੇਰਾ ਸੰਘਈ ਬਰਾਸ ਬਾਸਾ ਨਾਂ ਦੇ ਦਰਿਆ ਕਿਨਾਰੇ ਲਾਇਆ। ਇਹ ਕੱਪੜੇ ਨਾਲ ਲਗਦੇ ਖੇਤਾਂ ਵਿਚ ਸੁੱਕਣੇ ਪਾਉਂਦੇ ਸਨ।

ਐਪਰ ਸਮਾਂ ਬੀਤਣ ਨਾਲ ਧੋਬੀ ਘਾਟ ਵਜੋਂ ਜਾਣਿਆ ਜਾਂਦਾ ਇਹ ਇਲਾਕਾ ਇਕ ਆਲੀਸ਼ਾਨ ਆਧੁਨਿਕ ਦਿੱਖ ਵਾਲਾ ਮਹੱਲਾ ਬਣ ਗਿਆ ਜਿਸ ਵਿਚ ਧੋਬੀ ਘਾਟ ਵਾਲੀ ਕੋਈ ਗੱਲ ਨਹੀਂ ਰਹੀ। ਕੋਈ ਪੱਚੀ ਕੁ ਸਾਲ ਪਹਿਲਾਂ ਮੈਂ ਸਿੰਗਾਪੁਰ ਗਿਆ। ਉਦੋਂ ਮੈਂ ਧੋਬੀਘਾਟ ਨਾਂ ਸੁਣਿਆ ਪਰ ਇਸ ਨੂੰ ਗੰਦ ਧੋਣ ਵਾਲੇ ਇਲਾਕੇ ਵਜੋਂ ਸਮਝਦਿਆਂ ਇਸ ਵੱਲ ਦੂਰੋਂ ਵੀ ਸਲਾਮ ਨਾ ਸੁੱਟਿਆ, ਮੈਂ ਤਾਂ ਹੋਰ ਹੀ ਗੰਦ-ਮੰਦ ਦੇਖਣ ਵਿਚ ਰੁੱਝਾ ਰਿਹਾ। ਧੋਬੀ ਘਾਟ ਵਿਚ ਕੈਥਾਈ ਸਿਨਮਾ ਹੈ, ਆਧੁਨਿਕ ਮਾਲਾਮਾਲ ਮਾਲ ਹੈ ਤੇ ਆਸ-ਪਾਸ ਲਹਿਲਹਾਉਂਦੇ ਬਾਗ ਬਗੀਚੇ ਹਨ।

ਅੱਜ ਦੇ ਸਿੰਗਾਪੁਰੀਏ ਵੀ ਹੈਰਾਨ-ਪ੍ਰੇਸ਼ਾਨ ਹਨ ਕਿ ਇਸ ਦਾ ਧੋਬੀ ਘਾਟ ਜਿਹਾ ਅਜੀਬੋ-ਗਰੀਬ ਨਾਂ ਕਿਉਂ ਰੱਖਿਆ ਗਿਆ ਹੋਵੇਗਾ! ਰੇਲਵੇ ਸਟੇਸ਼ਨ ਦਾ ਨਾਂ ਧੋਬੀ ਘਾਟ ਰੱਖ ਕੇ ਤਾਂ ਆਮ ਆਦਮੀ ਹੋਰ ਵੀ ਸ਼ਸ਼ੋਪੰਜ ਵਿਚ ਪੈ ਗਿਆ ਹੈ। ਸਿੰਗਾਪੁਰ ਦੇ ਕੁਝ ਹੋਰ ਇਲਾਕਿਆਂ ਦੇ ਨਾਂਵਾਂ ਦਾ ਵੀ ਭਾਰਤ ਨਾਲ ਗੂੜ੍ਹਾ ਸਬੰਧ ਹੈ। ਇਕ ਇਲਾਕੇ ਦਾ ਨਾਂ ਹੈ, ਸਿਪਾਈ-ਪੋ। ਈਸਟ ਇੰਡੀਆ ਕੰਪਨੀ ਨੇ ਆਪਣੀ ਹਿਫਾਜ਼ਤ ਲਈ ਭਾਰਤ ਤੋਂ ਫੌਜੀ ਮੰਗਵਾਏ ਸਨ। ਭਾਰਤ ਵਿਚ ਫੌਜੀ ਨੂੰ ਸਿਪਾਹੀ ਵੀ ਕਿਹਾ ਜਾਂਦਾ ਹੈ ਤੇ ਇਸ ਸ਼ਬਦ ਦਾ ਅੰਗਰੇਜ਼ੀਕ੍ਰਿਤ ਰੂਪ ਹੈ, ਸਿਪਾਈ। 'ਪੋ' ਚੀਨੀ ਦੀ ਇਕ ਉਪ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, ਮੈਦਾਨ। ਭਾਰਤ ਤੋਂ ਲਿਆਂਦੇ ਗਏ ਇਨ੍ਹਾਂ ਸਿਪਾਹੀਆਂ ਦੀ ਇਕ ਛਾਉਣੀ ਇਸ ਇਲਾਕੇ ਵਿਚ ਸੀ। ਸੋ, ਇਸ ਇਲਾਕੇ ਦਾ ਨਾਂ ਪ੍ਰਚਲਿਤ ਹੋਇਆ, ਸਿਪਾਈ-ਪੋ, ਜੋ ਅੱਜ ਵੀ ਚਲਦਾ ਹੈ। ਇਕ ਹੋਰ ਗਲੀ ਹੈ, 'ਬਾਬੂ ਲੇਨ' ਜੋ ਸਮਝੋ ਸਿੰਗਾਪੁਰ ਦਾ ਛੋਟਾ ਭਾਰਤ ਹੈ। ਭਾਰਤ, ਖਾਸ ਤੌਰ 'ਤੇ ਇਸ ਦੇ ਬੰਗਾਲੀ ਪ੍ਰਦੇਸ਼ ਵਿਚ ਪੜ੍ਹੇ-ਲਿਖੇ ਲੋਕਾਂ ਨੂੰ ਬਾਬੂ ਕਿਹਾ ਜਾਂਦਾ ਸੀ। ਇਸੇ ਇਲਾਕੇ ਵਿਚ ਇਕ ਚੰਦਰ ਰੋਡ ਹੈ, ਜਿਸ ਦਾ ਨਾਂ ਇਕ ਭਾਰਤੀ ਸਭਾ ਦੇ ਪ੍ਰਧਾਨ ਤੇ ਮਿਉਂਸੀਪਲ ਦੇ ਸਲਾਹਕਾਰ ਅੰਕੁਲ ਚੰਦਰ ਦੇ ਨਾਂ 'ਤੇ ਰੱਖਿਆ ਗਿਆ ਸੀ। ਇੱਕ ਚਿੱਟੀ ਰੋਡ ਹੈ। ਤਾਮਿਲ ਵਿਚ ਚਿੱਟੀ ਅਮੀਰ ਕਾਰੋਬਾਰੀਏ ਨੂੰ ਕਹਿੰਦੇ ਹਨ।

ਐਪਰ ਸਾਡੇ ਲਈ ਸਭ ਤੋਂ ਦਿਲਚਸਪ ਤੇ ਅਹਿਮ ਸਥਾਨ-ਨਾਂ ਹੈ, ਆਲੀਵਾਲ ਸਟਰੀਟ, ਜੋ ਸਿੰਗਾਪੁਰ ਦੇ ਕਾਂਪੋਂਗ ਗਲਾਮ ਇਲਾਕੇ ਦੀ ਇਕ ਗਲੀ ਨੂੰ ਕਹਿੰਦੇ ਹਨ। ਇਸ ਪਾਸੇ ਹੋਰ ਜਾਣਕਾਰੀ ਲੈਣ ਤੋਂ ਪਹਿਲਾਂ ਪੰਜਾਬ ਦੇ ਪਿੰਡ ਆਲੀਵਾਲ ਬਾਰੇ ਜਾਣਨਾ ਬੜਾ ਜ਼ਰੂਰੀ ਹੈ। ਉਂਜ ਤਾਂ ਪੰਜਾਬ ਵਿਚ ਆਲੀਵਾਲ/ਅਲੀਵਾਲ ਨਾਂ ਨਾਲ ਜਾਣੇ ਜਾਂਦੇ ਦਰਜਨਾਂ ਪਿੰਡ ਹਨ ਪਰ ਅੱਜ ਸਾਡਾ ਸਰੋਕਾਰ ਲੁਧਿਆਣੇ ਜ਼ਿਲੇ ਵਿਚ ਸਤਲੁਜ ਦੇ ਕਿਨਾਰੇ ਸਿਧਵਾਂ ਬੇਟ ਦੇ ਨਾਲ ਸਥਿਤ ਪਿੰਡ ਆਲੀਵਾਲ ਨਾਲ ਹੈ। ਇਹ ਜਗਰਾਵਾਂ ਤੋਂ 16 ਕਿਲੋਮੀਟਰ ਦੂਰ ਹੈ। ਇਹ ਪਿੰਡ ਪੰਜਾਬ ਦੇ ਇਤਿਹਾਸ ਦੇ ਇੱਕ ਦੁਖਦ ਕਾਂਡ ਨਾਲ ਜੁੜਿਆ ਹੋਇਆ ਹੈ। ਇਥੇ 28 ਜਨਵਰੀ 1846 ਵਿਚ ਸਿੱਖਾਂ ਅਤੇ ਅੰਗਰੇਜ਼ਾਂ ਵਿਚਾਲੇ ਪਹਿਲੀ ਘਮਸਾਨ ਦੀ ਲੜਾਈ ਹੋਈ ਸੀ ਜਿਸ ਨੇ ਪੰਜਾਬ ਦਾ ਇਤਿਹਾਸ, ਸਮਝੋ ਪੰਜਾਬ ਦੀ ਤਕਦੀਰ ਬਦਲ ਕੇ ਰੱਖ ਦਿੱਤੀ। ਸਿੱਖ ਫੌਜਾਂ ਦੀ ਕਮਾਨ ਰਣਜੋਧ ਸਿੰਘ ਮਜੀਠੀਆ ਅਤੇ ਈਸਟ ਇੰਡੀਆ ਕੰਪਨੀ ਦੇ ਫੌਜੀਆਂ ਦੀ ਕਮਾਨ ਹੈਰੀ ਸਮਿੱਥ ਹੇਠ ਸੀ। ਸਮਿੱਥ ਨੈਪੋਲੀਅਨ ਨਾਲ ਲੜੀਆਂ ਲੜਾਈਆਂ ਅਤੇ ਦੱਖਣੀ ਅਮਰੀਕਾ ਸਮੇਤ ਹੋਰ ਕਈ ਲੜਾਈਆਂ ਦਾ ਯੋਧਾ ਸੀ। ਅੰਗਰੇਜ਼ ਸਾਰੀ ਧਰਤੀ ਉਤੇ ਆਪਣੇ ਘੋੜੇ ਦੌੜਾ ਰਹੇ ਸਨ ਤੇ ਆਪਣਾ ਸੂਰਜ ਨਾ ਛੁਪਦਾ ਕਰਨ ਦੇ ਮਿਸ਼ਨ ਵਿਚ ਸਨ।

ਫਿਰੋਜ਼ਸ਼ਾਹ, ਮੁਦਕੀ, ਬੱਦੋਵਾਲ ਤੇ ਪ੍ਰਤੈਣ ਆਦਿ ਅਨੇਕਾਂ ਝੜਪਾਂ ਵਿਚ ਕਦੀ ਅੰਗਰੇਜ਼ ਅਤੇ ਕਦੀ ਸਿੱਖ ਫੌਜੀਆਂ ਦਾ ਪਲੜਾ ਭਾਰੂ ਹੁੰਦਾ ਰਿਹਾ। ਸਿੱਖਾਂ ਨੇ ਸਤਲੁਜ ਦੇ ਨਾਲ ਨਾਲ ਪਿੰਡ ਆਲੀਵਾਲ ਅਤੇ ਪਿੰਡ ਭੂੰਦਰੀ ਦੇ ਵਿਚਕਾਰ ਮੋਰਚੇ ਲਾ ਲਏ। ਗਹਿਗੱਚ ਲੜਾਈ ਪਿਛੋਂ ਅੰਗਰੇਜ਼ਾਂ ਨੇ ਪਿੰਡ ਆਲੀਵਾਲ 'ਤੇ ਕਬਜ਼ਾ ਕਰ ਲਿਆ। ਸਤਲੁਜ ਦੇ ਨਾਲ ਨਾਲ ਫੌਜਾਂ ਤਾਇਨਾਤ ਕਰਨ ਵਾਲੀ ਸਿੱਖਾਂ ਦੀ ਰਣਨੀਤੀ ਘਾਤਕ ਸਾਬਤ ਹੋਈ ਕਿਉਂਕਿ ਪਿੱਛੇ ਦਰਿਆ ਹੋਣ ਕਰਕੇ ਲੋੜ ਪੈਣ 'ਤੇ ਪਿਛੇ ਨਹੀਂ ਸੀ ਹਟਿਆ ਜਾ ਸਕਦਾ। ਜਦ ਭੱਜਣ ਦੀ ਲੋੜ ਪਈ ਤਾਂ ਸਾਰੀ ਫੌਜ ਏਧਰ ਉਧਰ ਖਿੰਡ ਗਈ। ਬਹੁਤ ਸਾਰਾ ਅਸਲਾ, ਤੰਬੂ ਤੇ ਰਸਦ ਪਿੱਛੇ ਹੀ ਰਹਿ ਗਏ। ਕਿਹਾ ਜਾਂਦਾ ਹੈ ਕਿ ਇਸ ਲੜਾਈ ਵਿਚ ਕੋਈ ਦੋ ਹਜ਼ਾਰ ਫੌਜੀ ਮਾਰੇ ਗਏ। ਕਈ ਫੌਜੀ ਤਾਂ ਸਤਲੁਜ ਦਰਿਆ ਵਿਚ ਹੀ ਰੁੜ੍ਹ ਗਏ।

ਬਹੁਤ ਸਾਰੇ ਇਤਿਹਸਕਾਰਾਂ ਨੇ ਸਮਿੱਥ ਦੀ ਇਸ ਜਿੱਤ ਨੂੰ 'ਬਿਨਾ ਕਿਸੇ ਗਲਤੀ ਵਾਲੀ ਲੜਾਈ' ਬਿਆਨਿਆ। ਸਮਿੱਥ ਨੇ ਆਪ ਇਸ ਬਾਰੇ ਲਿਖਿਆ, "ਮੈਂ ਭਾਰਤ ਵਿਚ ਲੜੀਆਂ ਬਹੁਤ ਸਾਰੀਆਂ ਗੌਰਵਮਈ ਲੜਾਈਆਂ ਵਿਚੋਂ ਇੱਕ ਇਹ ਲੜਾਈ ਜਿੱਤੀ ਹੈ। ਕਦੇ ਕੋਈ ਜਿੱਤ ਏਨੀ ਮੁਕੰਮਲ ਅਤੇ ਏਨੇ ਖੁਸ਼ਗਵਾਰ ਹਾਲਾਤ ਵਿਚ ਹਾਸਿਲ ਨਹੀਂ ਹੋਈ ਹੋਣੀ।"

ਇਸ ਜੰਗ ਪਿਛੋਂ ਅੰਗਰੇਜ਼ਾਂ ਲਈ ਪੰਜਾਬ ਜਿੱਤਣਾ ਆਸਾਨ ਹੋ ਗਿਆ, ਸਮਿੱਥ ਦੀ ਬੱਲੇ ਬੱਲੇ ਹੋ ਗਈ। ਪਾਰਲੀਮੈਂਟ ਵਿਚ ਇਸ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਨੂੰ ਬੈਰੋਨੈਟ ਦਾ ਖਿਤਾਬ ਦੇ ਕੇ 'ਆਲੀਵਾਲ ਵਾਲਾ' ਵਜੋਂ ਪੁਕਾਰਿਆ ਜਾਣ ਲੱਗਾ। ਸਿੱਖਾਂ ਵਲੋਂ ਇਸ ਜੰਗ ਦਾ ਇਕ ਮਹਾਨ ਨਾਇਕ ਰਾਜਾ ਰਣਮਹੇਸ਼ ਸਿੰਘ ਵਾਰਨਹਾੜਾ ਵੀ ਹੈ, ਜਿਸ ਬਾਰੇ ਪਤਾ ਲੱਗਾ ਕਿ ਉਸ ਨੇ ਟੁੰਡੀ ਲਾਟ ਦੇ ਨਾਂ ਨਾਲ ਜਾਣੇ ਜਾਂਦੇ ਅੰਗਰੇਜ਼ ਅਫਸਰ ਦੀ ਅੱਖ 'ਚ ਆਲੀਵਾਲ ਦੀ ਜੰਗ ਦੌਰਾਨ ਗੋਲੀ ਮਾਰੀ ਸੀ ਤੇ ਬਾਅਦ 'ਚ ਅੰਗਰੇਜ਼ਾਂ ਨੇ ਰਾਜਾ ਰਣਮਹੇਸ਼ ਨੂੰ ਫੜ੍ਹ ਕੇ ਕਾਲੇ ਪਾਣੀ ਭੇਜ ਦਿੱਤਾ ਸੀ।

ਆਲੀਵਾਲ ਦੇ ਨੇੜੇ ਹੀ ਗੋਰਾਹੂਰ ਦੇ ਸਥਾਨ 'ਤੇ ਅੰਗਰੇਜ਼ਾਂ ਨੇ ਜਿੱਤ ਦੀ ਖੁਸ਼ੀ ਵਿਚ ਇਕ ਸਮਾਰਕ ਵੀ ਉਸਾਰਿਆ। ਇੱਕ ਇਤਲਾਹ ਅਨੁਸਾਰ ਪਹਿਲਾਂ ਪਹਿਲ ਕਈ ਅੰਗਰੇਜ਼ ਇਸ ਸਥਾਨ ਨੂੰ ਦੇਖਣ ਆਉਂਦੇ ਸਨ ਅਤੇ ਪਿੰਡ ਗੋਰਾਹੂਰ ਦਾ ਨਾਂ ਵੀ ਗੋਰਾ ਸ਼ਬਦ ਤੋਂ ਬਣਿਆ ਦੱਸਿਆ ਗਿਆ ਹੈ। ਤਨਜ਼ ਵਾਲੀ ਗੱਲ ਹੈ ਕਿ ਅਜੋਕੀ ਪੰਜਾਬ ਸਰਕਾਰ ਵਲੋਂ ਇਸ ਲੜਾਈ ਵਿਚ ਸਿੱਖਾਂ ਵਲੋਂ ਦਿਖਾਈ ਬਹਾਦਰੀ ਨੂੰ ਸਮਰਪਣ ਇੱਕ ਅਲੱਗ ਯਾਦਗਾਰ ਬਣਾਈ ਗਈ ਹੈ। ਵਿਦੇਸ਼ਾਂ ਵਿਚ ਵਸਦੇ ਬਹੁਤ ਸਾਰੇ ਪੰਜਾਬੀਆਂ ਨੇ ਇਸ ਦੀ ਉਸਾਰੀ ਵਿਚ ਬੇਅੰਤ ਮਾਇਆ ਖਰਚੀ ਹੈ। ਇਹ ਪਿੰਡ ਇੱਕ ਤਰ੍ਹਾਂ ਦਾ ਮਾਡਲ ਗ੍ਰਾਮ ਬਣਿਆ ਹੋਇਆ ਹੈ। ਅਸਲੀ ਗੱਲ 'ਤੇ ਆਈਏ। ਸਿੰਗਾਪੁਰ ਦੀ ਆਲੀਵਾਲ ਸਟਰੀਟ ਦਾ ਨਾਂ ਇਸੇ ਜਿੱਤ ਦੀ ਖੁਸ਼ੀ ਵਿਚ ਰੱਖਿਆ ਗਿਆ ਕਿਉਂਕਿ ਉਦੋਂ ਸਿੰਗਾਪੁਰ ਵੀ ਈਸਟ ਇੰਡੀਆ ਦੇ ਅਧੀਨ ਸੀ।

ਸਰ ਹੈਰੀ ਸਮਿੱਥ ਦੱਖਣੀ ਅਫਰੀਕਾ ਦੇ ਕੇਪ ਕਾਲੋਨੀ ਸੂਬੇ ਦਾ ਗਵਰਨਰ ਬਣਿਆ। ਉਸ ਨੇ ਸਿੱਖਾਂ ਉਤੇ ਆਪਣੀ ਜ਼ਬਰਦਸਤ ਜਿੱਤ ਦੀ ਮਨੌਤ ਵਜੋਂ 1850 ਵਿਚ ਔਰੈਂਜ ਦਰਿਆ ਦੇ ਕਿਨਾਰੇ ਇਕ ਸ਼ਹਿਰ ਵਸਾਇਆ ਜਿਸ ਦਾ ਨਾਂ ਆਲੀਵਾਲ ਰੱਖਿਆ ਗਿਆ ਜੋ ਬਾਅਦ ਵਿਚ 'ਆਲੀਵਾਲ ਨਾਰਥ' ਵਜੋਂ ਜਾਣਿਆ ਜਾਣ ਲੱਗਾ। ਅਸਲ ਵਿਚ ਇਸ ਦੇ ਲਾਗੇ ਹੀ ਪਹਿਲਾਂ ਡੱਚਾਂ ਦੇ ਕਬਜ਼ੇ ਹੇਠਲੇ ਇੱਕ ਹੋਰ ਸ਼ਹਿਰ ਮੋਸਲ ਦਾ ਨਾਂ ਸਾਊਥ ਆਲੀਵਾਲ ਰੱਖਿਆ ਗਿਆ ਸੀ ਪਰ ਇਹ ਨਾਂ ਕਈ ਕਾਰਨਾਂ ਕਰਕੇ ਮੂੰਹ ਨਾ ਚੜ੍ਹ ਸਕਿਆ। ਇਸ ਚਰਚਾ ਤੋਂ ਇਸ ਗੱਲ ਦੀ ਕੁਝ ਹੱਦ ਤੱਕ ਸਮਝ ਪੈ ਜਾਵੇਗੀ ਕਿ ਸਥਾਨ ਨਾਂਵਾਂ ਤੋਂ ਹੀ ਕਿਵੇਂ ਇਤਿਹਾਸਕ ਦਵੰਦ ਉਜਾਗਰ ਹੁੰਦੇ ਹਨ।...ਆਲੀਵਾਲ ਦੀ ਲੜਾਈ ਜਿਥੇ ਪੰਜਾਬੀਆਂ ਲਈ ਨਮੋਸ਼ੀ ਦਾ ਕਾਰਨ ਹੈ, ਉਥੇ ਗੋਰਿਆਂ ਲਈ ਵੱਡੇ ਗੌਰਵ ਵਾਲਾ ਕਾਂਡ ਹੈ।

###

# ਸਭ ਦੇਸ਼ ਬੇਗਾਨਾ

*(ਪਿਛਲੇ ਸਫੇ ਦੀ ਬਾਕੀ)*

ਡੀਕ ਨਾਲ ਆਪਣੇ ਅੰਦਰ ਉਲੱਦ ਲਿਆ।

ਪਰਮ ਚੁੱਪ ਰਿਹਾ ਤੇ ਮਨ ਹੀ ਮਨ ਸੋਚ ਰਿਹਾ ਸੀ, ਬੰਦੇ ਨੂੰ ਸਾਹ ਲੈਣ ਲਈ ਆਕਸੀਜਨ ਦੀ ਹੀ ਨਹੀਂ ਹੋਰ ਵੀ ਬਹੁਤ ਕਾਸੇ ਦੀ ਲੋੜ ਹੁੰਦੀ ਆ।

"ਪਰਮ! ਬੰਦਾ ਆਪਣੀ ਜ਼ਿੰਦਗੀ ਰਾਹੀਂ ਆਪਣੇ ਪੁਰਖੇ ਵੀ ਜਿਉਂਦਾ ਹੈ ਪਰ ਮੇਰੇ ਪੁੱਤ ਨੇ ਮੈਨੂੰ ਜਿਉਂਦਿਆਂ ਜੀਅ ਮਰਿਆਂ ਬਰਾਬਰ ਕਰਤਾ।"

"ਓ ਯਾਰ! ਕੁਝ ਦੱਸ ਵੀ ਸਹੀ, ਸਿਆਣੇ ਕਹਿੰਦੇ ਆ, ਪੁੱਤ ਕਪੁੱਤ ਹੋ ਜਾਂਦੇ ਆ, ਪਰ ਮਾਪੇ ਕੁਮਾਪੇ ਨਹੀਂ ਹੁੰਦੇ।"

"ਪਰਮ! ਪੁੱਤ ਕਪੁੱਤ ਹੋਈ ਵੀ ਸਹਿ ਲਈਦੈ, ਪਰ ਪੁੱਤ ਜਾਤੋਂ ਕੁਜਾਤ ਹੋ ਜੇ, ਇਹ ਝੱਲ ਨਹੀਂ ਹੁੰਦਾ...।"

"ਇਹ ਤੂੰ ਕੀ ਕਹਿ ਰਿਹਾਂ ਬਖਤੌਰੇ।"

"ਵੇਖ ਯਾਰ! ਪੁੱਤ ਨੇ ਜਦ ਜਾਤੋਂ ਬਾਹਰਾ ਵਿਆਹ ਕਰਵਾਇਆ ਸੀ ਤਾਂ ਸੋਚਿਆ ਸੀ, ਕੋਈ ਨਾ, ਜੱਟ ਦੇ ਘਰ ਜਿਹੜੀ ਆਊ, ਉਹਨੇ ਜੱਟੀ ਬਣ ਜਾਣਾ, ਪਰ ਐਹ ਤਾਂ ਕਹਾਣੀ ਹੋਰ ਦੀ ਹੋਰ ਹੋ ਗਈ, ਬੰਦਾ ਬੁੱਢੀ ਬਣ ਗਿਆ।" ਮਨ ਦੀ ਭੜਾਸ ਕੱਢਦਿਆਂ ਬਖਤਾਵਰ ਬੋਲਿਆ।

ਥੋੜੀ ਜਿਹੀ ਖਿਝ 'ਚ ਪਰਮ ਨੇ ਕਿਹਾ, "ਕੋਈ ਗੱਲ ਤਾਂ ਦੱਸ, ਐਵੇਂ ਜਨਾਨੀਆਂ ਵਾਂਗੂੰ ਨਿੱਕੀ-ਨਿੱਕੀ ਗੱਲ 'ਤੇ ਰੋਣ ਬਹਿ ਜਾਂਦਾ।"

"ਓਇ ਮੇਰੇ ਯਾਰ ਕੀ ਦੱਸਾਂ ਤੇ ਕੀ ਨਾ ਦੱਸਾਂ?"

"ਜੋ ਤੇਰੇ ਦਿਲ 'ਚ ਹੈ, ਸਭ ਦੱਸ।" ਪਰਮ ਨੇ ਜਵਾਬ ਦਿੱਤਾ।

"ਪਰਮ! ਤੂੰ ਕੁਝ ਨਹੀਂ ਜਾਣਦਾ, ਤੂੰ ਕੁਝ ਨਹੀਂ ਸਮਝਦਾ।" ਮੇਜ਼ 'ਤੇ ਪਈ ਬੋਤਲ ਥੱਲੇ ਰੱਖਦਿਆਂ ਬਖਤਾਵਰ ਨੇ ਕਿਹਾ।

"ਚੱਲ ਨਹੀਂ ਕੁਝ ਦੱਸਣਾ, ਨਾ ਦੱਸ।" ਥੋੜ੍ਹੀ ਬੇਰੁਖੀ 'ਚ ਪਰਮ ਬੋਲਿਆ।

"ਓ ਮੇਰੇ ਯਾਰਾ! ਐਵੇਂ ਮੇਰੇ ਨਾਲ ਤੱਤਾ ਠੰਢਾ ਨਾ ਹੋ। ਤੇਰੇ ਬਾਝੋਂ ਮੇਰਾ ਏਥੇ ਕੌਣ ਆ?" ਉਦਾਸੀ 'ਚ ਗੋਤੇ ਲਾਉਂਦਿਆਂ ਬਖਤਾਵਰ ਨੇ ਕਿਹਾ।

ਪਰਮ ਨੇ ਕੋਈ ਜਵਾਬ ਨਹੀਂ ਸੀ ਦਿੱਤਾ ਪਰ ਉਹ ਧੁਰ ਤਕ ਤਿੜ ਕੇ ਯਾਰ ਨੂੰ ਸੰਭਾਲ ਲੈਣਾ ਚਾਹੁੰਦਾ ਸੀ। ਬਖਤਾਵਰ ਦੇ ਮਨ 'ਚ ਨੱਪੀ ਪੀੜ ਨੂੰ ਜੀਰ ਲੈਣਾ ਚਾਹੁੰਦਾ ਸੀ ਤੇ ਇਸ ਲਈ ਉਹ ਬੜੇ ਠਰ੍ਹੰਮੇ ਨਾਲ ਬਖਤਾਵਰ ਦੇ ਲਾਗੇ ਹੋ ਕੇ ਬੈਠ ਗਿਆ।

ਬਖਤਾਵਰ ਆਪਣਾ ਸਿਰ ਪਰਮ ਦੇ ਮੋਢਿਆਂ 'ਤੇ ਰੱਖਦਿਆਂ ਬੋਲਿਆ, "ਚੰਗਾ ਸੁਣ, ਮੇਰੇ ਪੋਤੇ ਦੇ ਨਾਂ ਪਿੱਛੇ 'ਬਾਜਵਾ' ਨਹੀਂ ਮਿਗਲਾਨੀ ਲਗਦਾ ਹੈ।"

ਬਖਤਾਵਰ ਦੀ ਗੱਲ ਸੁਣ ਪਰਮ ਹੱਕਾ ਬੱਕਾ ਰਹਿ ਗਿਆ। ਹੁਣ ਉਹਦੇ ਕੋਲ ਸ਼ਬਦ ਨਹੀਂ ਸਨ ਜੋ ਬਖਤਾਵਰ ਨੂੰ ਧਰਵਾਸਾ ਦੇ ਸਕਣ।

ਫੇਰ ਵੀ ਬਖਤਾਵਰ ਨੂੰ ਤਸੱਲੀ ਦੇਣ ਲਈ ਕਹਿਣ ਲੱਗਾ, "ਚੱਲ ਕੋਈ ਨਾ ਬਖਤੌਰੇ, ਸਭ ਮਿੱਟੀ ਹੋ ਜਾਣਾ।"

"ਪਰ ਪਰਮ! ਮਿੱਟੀ ਵੀ ਆਪਣੀ ਜਾਤ ਤੋਂ ਮੁਨਕਰ ਨਹੀਂ ਹੁੰਦੀ।"

ਪਰਮ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ। ਆਖਰੀ ਹਾੜਾ ਚੁੱਕਦਿਆਂ ਬਖਤਾਵਰ ਆਪਾ ਖੋ ਬੈਠਾ ਸੀ, "ਓ ਲੋਕੋ, ਮੈਂ ਬਖਤਾਵਰ ਸਿੰਘ ਬਾਜਵਾ, ਮੇਰਾ ਕੋਈ ਨਹੀਂ, ਅਖੇ 'ਪੁੱਤੀ ਗੰਢੁ ਪਵੈ ਸੰਸਾਰ', ਪਰ ਇਹ ਕੇਹੀ ਗੰਢ ਸੀ, ਜੀਹਨੇ ਸਾਲਮ ਸਬੂਤੇ ਬਖਤਾਵਰ ਸਿੰਘ ਬਾਜਵਾ ਨੂੰ ਗੰਢ ਬਣਾ ਕੇ ਰੱਖ ਦਿੱਤਾ ਸੀ।"

"ਚੱਲ ਯਾਰ ਸਬਰ ਕਰ, ਸਭ ਠੀਕ ਹੋ ਜਾਣਾ।" ਪਰਮ ਨੇ ਝੂਠਾ ਜਿਹਾ ਧਰਵਾਸਾ ਦੇਂਦਿਆਂ ਕਿਹਾ।

"ਨਹੀਂ ਪਰਮ! ਅੱਜ ਮੈਂ ਜਈ ਦੀ ਤਈ ਕਰ ਦੇਣੀ, ਉਸ ਵਲੈਤੀ ਪੁੱਤ ਨਾਲ ਜਿਉਂਦਿਆਂ ਜੀਅ ਤੋੜ ਵਿਛੋੜਿਆਂ ਕਰਕੇ ਦਿਖਾਊਂ।"

ਸਿਰ ਤੋਂ ਪੈਰਾਂ ਤੀਕ ਗੁੱਸੇ 'ਚ ਗੜੁੱਚ ਉਹ ਆਪਣੇ ਘਰ ਪਹੁੰਚ ਗਿਆ। ਬਾਹਰ ਬੈਠੀ ਉਸ ਦੀ ਤੀਵੀਂ ਉਹਨੂੰ ਗੁੱਸੇ 'ਚ ਵੇਖ ਕੇ ਡਰ ਗਈ। ਉਹਨੂੰ ਪਤਾ ਸੀ, ਉਹ ਜੋ ਪਿਉ-ਪੁੱਤ ਵਿਚਾਲੇ ਪੁਲ ਬਣ ਕੇ ਖਲੋਤੀ ਸੀ, ਅੱਜ ਉਹਦੇ ਹੱਥੋਂ ਕਹਾਣੀ ਖਿਸਕ ਜਾਣੀ ਸੀ, ਫੇਰ ਵੀ ਉਹ ਹੌਸਲੇ ਨਾਲ ਅੱਗੇ ਵਧੀ ਤੇ ਹੱਥ ਜੋੜ ਕੇ ਕਹਿਣ ਲੱਗੀ, "ਸਰਦਾਰਾ! ਆਂਦਰਾਂ ਨਾ ਕਲਪਾਈਂ ਮੇਰੀਆਂ, ਕੱਲ੍ਹ ਦੀ ਛੁੱਟੀ ਰਹਿ ਗਈ ਪਰਦੇਸੀ ਪੁੱਤ ਦੀ, ਇਹ ਜੱਗ ਜਿਉਂਦਿਆਂ ਦੇ ਮੇਲੇ, ਫੇਰ ਕੀ ਪਤਾ ਉਸ ਕਦ ਆਉਣਾ!"

ਬਖਤਾਵਰ ਨੂੰ ਅੱਜ ਆਪਣੀ ਔਰਤ 'ਤੇ ਪਿਆਰ ਜਿਹਾ ਆਇਆ। ਹਮੇਸ਼ਾ ਡਰੂੰ-ਡਰੂੰ ਕਰਦੇ ਰਹਿਣ ਵਾਲੀ ਘਰੇਲੂ ਜਿਹੀ ਉਸ ਦੀ ਤੀਵੀਂ ਅੱਜ ਬਖਤਾਵਰ ਨੂੰ ਆਪਣੇ ਤੋਂ ਵਧੇਰੇ ਬਲਵਾਨ ਲੱਗੀ।

ਕੁਝ ਰੁਕ ਕੇ ਬਖਤਾਵਰ ਨੂੰ ਧਰਵਾਸਾ ਦਿੰਦਿਆਂ ਕਹਿਣ ਲੱਗੀ, "ਐਵੇਂ ਦਿਲ ਹੌਲਾ ਨਹੀਂ ਕਰੀਦਾ, ਰਹੀ ਗੱਲ ਨੂੰਹ-ਪੁੱਤ ਦੀ, ਉਨ੍ਹਾਂ 'ਤੇ ਕਾਹਦੇ ਦਾਅਵੇ, ਜਿਹੜੇ ਹੋ ਈ ਪਰਦੇਸੀ ਗਏ।" ਤੇ ਇਸ ਤੋਂ ਬਾਅਦ ਪਤਾ ਨਹੀਂ ਉਸ ਕਿਹੜੀ ਤੱਕਣੀ ਨਾਲ ਬਖਤਾਵਰ ਸਿੰਘ ਬਾਜਵਾ ਵੱਲ ਵੇਖਿਆ ਕਿ ਦੋਵਾਂ ਦੀ ਖੜ੍ਹਿਆਂ ਖਲੋਤਿਆਂ ਭੁੱਬ ਨਿਕਲ ਗਈ ਸੀ। ਬਖਤਾਵਰ ਪਰਮ ਦਾ ਹੱਥ ਫੜ ਡਰਾਇੰਗ ਰੂਮ 'ਚ ਚਲਾ ਗਿਆ।

ਯਾਰਾਂ ਦੋਸਤਾਂ ਦੀ ਢਾਣੀ 'ਚ ਬੈਠਾ ਅੰਮ੍ਰਿਤ ਆਪਣੀ ਤਰੱਕੀ ਬਾਰੇ ਦੱਸ ਰਿਹਾ ਸੀ। ਉਨ੍ਹਾਂ ਤੋਂ ਵਿਹਲਾ ਹੋ ਅੰਮ੍ਰਿਤ ਆਪਣੇ ਪਿਉ ਲਾਗੇ ਬੈਠ ਗਿਆ। ਬੜੀ ਹਲੀਮੀ ਨਾਲ ਕਹਿਣ ਲੱਗਾ, "ਡੈਡ! ਰੀਲੈਕਸ ਹੋਵੋ।" ਬਖਤਾਵਰ ਨੂੰ ਲੱਗਾ ਜਿਵੇਂ ਉਹਦੀ ਤੀਵੀਂ ਨੇ ਲੀਰੋ ਲੀਰ ਹੋਏ ਰਿਸ਼ਤੇ ਦੀ ਤਰਪਾਈ ਕਰ ਦਿੱਤੀ ਹੋਵੇ।

"ਛੱਡ ਅੰਮ੍ਰਿਤ ਮੈਨੂੰ ਕੁਝ ਨਾ ਕਹਿ, ਹਾਂ, ਇਕ ਗੱਲ ਯਾਦ ਰੱਖੀਂ, ਤੂੰ ਜੁਗਾੜ ਜਿੰਨੇ ਮਰਜ਼ੀ ਕਰ, ਪਰ ਝੋਲੇ 'ਚ ਨੰਬਰ ਸੱਠ ਹੀ ਰਹਿੰਦੇ ਆ।"

"ਡੈਡ! ਮੈਂ ਵੀ ਸਮਝਦਾਂ, ਜ਼ਿੰਦਗੀ 'ਚ ਸੌ ਬਟਾ ਸੌ ਕਿਸੇ ਨੂੰ ਨਹੀਂ ਮਿਲਦੇ। ਫਿਰ ਵੀ ਮੈਂ ਬੇਗਾਨੀ ਧਰਤ 'ਤੇ ਜਾ ਕੇ ਸਭ ਕੁਝ ਅਚੀਵ ਕੀਤਾ ਪਰ ਤੁਹਾਡੇ 'ਭਾਰਤ ਮਹਾਨ' 'ਚ ਨਾ ਜਿੱਤ ਆਪਣੀ, ਨਾ ਹਾਰ ਆਪਣੀ।"

ਅੱਜ ਪਹਿਲੀ ਵਾਰ ਬਖਤਾਵਰ ਨੂੰ ਲੱਗਾ, 'ਅੰਮ੍ਰਿਤ ਸੱਚ ਕਹਿ ਰਿਹਾ ਸੀ' ਪਰ ਅਗਲੇ ਹੀ ਪਲ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਤੇ 'ਪੋਤੇ ਦਾ ਪਾਸਪੋਰਟ' ਉਹਦਾ ਮੂੰਹ ਚਿੜਾਉਣ ਲੱਗੇ। ਉਹ ਕਹਿਣਾ ਚਾਹੁੰਦਾ ਸੀ: "ਘਰ ਤੇ ਸਟੋਰ ਦੀ ਮਾਲਕੀ ਹਾਸਲ ਕਰਨ ਲਈ ਉਸ ਬਹੁਤ ਵੱਡੀ ਰਕਮ ਤਾਰੀ ਸੀ" ਪਰ ਉਸ ਦੜ ਵੱਟ ਲਈ।

ਅੰਮ੍ਰਿਤ ਦੀ ਆਵਾਜ਼ ਨੇ ਉਹਨੂੰ ਹਲੂਣਿਆ, "ਡੈਡ! ਰੀਲੈਕਸ ਹੋਵੋ, ਇਹ ਜ਼ਿੰਦਗੀ ਹੈ, ਇਕ ਥਾਂ ਖਲੋਤੇ ਪਾਣੀ ਗੰਧਲਾ ਜਾਂਦੇ ਨੇ, ਇਹ ਵਗਦੇ ਪਾਣੀ ਵਾਂਗ ਨਿੱਤ ਨਵੀਂ ਹੋਣੀ ਚਾਹੀਦੀ ਹੈ।"

"ਪਰ ਪੁੱਤਰਾ! ਤਬਦੀਲੀ ਵੀ ਜੇ ਸ਼ਾਂਤ ਵਗਦੇ ਪਾਣੀਆਂ ਵਾਂਗ ਆਵੇ ਤਾਂ ਸਹਿ ਲਈਦੀ ਹੈ, ਪਰ ਜੇ ਤਬਦੀਲੀ ਸੁਨਾਮੀ ਦੀ ਛੱਲ ਵਰਗੀ ਹੋਵੇ ਤਾਂ ਬੜਾ ਕੁਝ ਤਹਿਸ-ਨਹਿਸ ਕਰਦੀ ਆ।" ਪੁੱਤ ਚੁੱਪ ਰਿਹਾ ਤੇ ਬਖਤਾਵਰ ਸਿੰਘ ਬਾਜਵਾ ਆਪਣੇ ਘਰ ਦੀ ਸੁਨਾਮੀ ਤੋਂ ਬਚਣ ਲਈ ਪਰਮ ਨਾਲ ਬਾਹਰ ਨੂੰ ਹੋ ਤੁਰਿਆ।

ਮਾਈਕਲ ਜੈਕਸਨ ਦੇ ਗਾਣੇ ਦੀ ਧੁਨ ਪੂਰੇ ਘਰ 'ਤੇ ਕਾਬਜ਼ ਹੋ ਗਈ ਸੀ, ਦਿਲ ਤਕੜਾ ਕਰ ਉਸ ਆਪਣੇ ਘਰ ਨੂੰ ਵੇਖਿਆ। ਆਪਣਾ ਹੀ ਘਰ ਉਸ ਨੂੰ ਓਪਰਾ ਜਿਹਾ ਲੱਗਾ। ਇਕ ਪਲ ਉਸ ਨੂੰ ਲੱਗਾ ਉਹਦੇ ਪੁੱਤ ਨੇ ਬੇਗਾਨੇ ਦੇਸ਼ ਵਿਚ ਆਪਣੀ ਜੜ੍ਹ ਮਜ਼ਬੂਤ ਕਰ ਲਈ ਹੋਵੇ ਤੇ ਉਹ ਆਪਣੇ ਹੀ ਅੰਦਰ ਜੜ੍ਹਹੀਣ ਹੋ ਗਿਆ ਹੋਵੇ।

ਬਖਤਾਵਰ ਪਰਮ ਦਾ ਮੋਢਾ ਫੜ ਨਿਆਸਰਾ ਜਿਹਾ ਬਣ ਕਹਿਣ ਲੱਗਾ, "ਪਰਮ ਮੈਨੂੰ ਆਪਣੇ ਘਰ ਲੈ ਚੱਲ।" ਫਿਰ ਦੋਵੇਂ ਪਰਮ ਦੇ ਘਰ ਵੱਲ ਨੂੰ ਹੋ ਤੁਰੇ ਸਨ ਪਰ ਪਰਮ ਦੇ ਘਰ ਦੀਆਂ ਬਰੂਹਾਂ ਟੱਪਦੇ ਬਖਤਾਵਰ ਦੇ ਪੈਰ ਮੁੜ ਪਿਛਾਂਹ ਹੋ ਗਏ। ਪਰਮ ਵੱਲ ਤਰਲੇ ਜਿਹੇ ਨਾਲ ਵੇਖ ਬਖਤਾਵਰ ਬੋਲਿਆ, "ਤੇਰੇ ਘਰ ਜਾ ਕੇ ਵੀ ਕੀ ਕਰਨਾ!"

ਉਸ ਪਲ ਬਖਤਾਵਰ ਦੀਆਂ ਅੱਖਾਂ ਵਿਚ ਨਮੀ ਤੈਰ ਆਈ ਤੇ ਪਰਮ ਨੇ ਉਸ ਨਮੀ ਨੂੰ ਆਪਣੀਆਂ ਅੱਖਾਂ ਰਾਹੀਂ ਪੂੰਝ ਲਿਆ।

ਦੂਰ ਕਿਤਿਓਂ ਆਵਾਜ਼ ਆ ਰਹੀ ਸੀ, "ਮਨੁ ਪ੍ਰਦੇਸੀ ਜੇ ਥੀਐ ਸਭੁ ਦੇਸ ਪਰਾਇਆ" ਤੇ ਬਖਤਾਵਰ ਭਰੇ ਮਨ ਨਾਲ ਹੀ ਉਸ ਆਵਾਜ਼ ਵੱਲ ਨੂੰ ਹੋ ਤੁਰਿਆ।

# ਭਾਰਤੀ ਸਿਨਮਾ ਦਾ ਬਦਲਦਾ ਦੌਰ

ਭਾਰਤ ਵਿਚ ਸਾਲ 1913 ਦੌਰਾਨ ਫਿਲਮਾਂ ਬਣਨੀਆਂ ਸ਼ੁਰੂ ਹੋਈਆਂ। 'ਰਾਜਾ ਹਰੀਸ਼ ਚੰਦਰ' ਫਿਲਮ ਦਾ ਨਿਰਮਾਣ ਦਾਦਾ ਸਾਹਿਬ ਫਾਲਕੇ ਵੱਲੋਂ ਕੀਤਾ ਗਿਆ। ਸ਼ੁਰੂ-ਸ਼ੁਰੂ ਵਿਚ ਬਿਨਾਂ ਆਵਾਜ਼ ਦੇ ਫਿਲਮਾਂ ਬਣਦੀਆਂ ਸਨ, ਭਾਵ ਪਰਦੇ 'ਤੇ ਕੇਵਲ ਚੱਲਦੀਆਂ-ਫਿਰਦੀਆਂ ਤਸਵੀਰਾਂ ਹੀ ਨਜ਼ਰ ਆਉਂਦੀਆਂ ਸਨ, ਆਵਾਜ਼ ਨਹੀਂ ਸੀ ਆਉਂਦੀ। ਫਿਰ 1931 ਵਿਚ ਆਵਾਜ਼ ਵਾਲੀਆਂ ਫਿਲਮਾਂ ਬਣਨ ਲੱਗੀਆਂ। ਪਹਿਲੀ ਬੋਲਣ ਵਾਲੀ ਫਿਲਮ 'ਆਲਮ ਆਰਾ' ਸੀ ਜੋ ਅਰਦਸ਼ੀਰ ਇਰਾਨੀ ਵੱਲੋਂ ਤਿਆਰ ਕੀਤੀ ਗਈ। ਇਨ੍ਹਾਂ ਫਿਲਮਾਂ ਦੇ ਨਿਰਮਾਣ ਦੀ ਦੇਰ ਸੀ ਕਿ ਪੰਜਾਬ ਸਮੇਤ ਦੇਸ਼ ਦੇ ਵੱਡੇ-ਵੱਡੇ ਸ਼ਹਿਰਾਂ ਵਿਚ ਸਿਨਮੇ ਉਸਰਨੇ ਸ਼ੁਰੂ ਹੋ ਗਏ। ਕਈ ਸਾਲਾਂ ਤਕ ਇਨ੍ਹਾਂ ਸਿਨਮਿਆਂ ਨੂੰ ਟਾਕੀਜ਼ ਕਿਹਾ ਜਾਂਦਾ ਸੀ। ਬਹੁਤੇ ਸਿਨਮਿਆਂ ਦੇ ਨਾਂ ਵੀ ਅੰਗਰੇਜ਼ੀ ਵਿਚ ਹੀ ਹੁੰਦੇ ਸਨ, ਜਿਵੇਂ ਰੀਗਲ, ਰਿਟਜ਼, ਓਡੀਅਨ, ਰਿਵੋਲੀ, ਕਰਾਊਨ ਆਦਿ।



ਚੰਡੀਗੜ੍ਹ ਵਿਚ ਇਲਾਂਟੇ ਮਾਲ ਦੀ ਝਲਕ।

ਫਿਰ ਇਨ੍ਹਾਂ ਦਾ ਨਾਂ ਸਿਨਮਾ ਪੈ ਗਿਆ। ਆਜ਼ਾਦੀ ਮਗਰੋਂ ਇਨ੍ਹਾਂ ਨੂੰ ਥੀਏਟਰ ਪੁਕਾਰਿਆ ਜਾਣ ਲੱਗਿਆ। ਨੰਦਨ ਥੀਏਟਰ, ਲਕਸ਼ਮੀ ਥੀਏਟਰ ਆਦਿ ਤੇ ਸੱਤਰਵਿਆਂ ਦੌਰਾਨ ਉਸਾਰੇ ਸਿਨਮਿਆਂ ਨੂੰ ਪੈਲੇਸ ਕਿਹਾ ਜਾਣ ਲੱਗਿਆ ਜਿਵੇਂ ਚਾਂਦ ਪੈਲੇਸ, ਸੰਗਮ ਪੈਲੇਸ ਆਦਿ।

ਸ਼ੁਰੂ-ਸ਼ੁਰੂ ਵਿਚ ਸਿਨਮਿਆਂ ਦੀ ਸਮਰੱਥਾ 4-5 ਸੌ ਦਰਸ਼ਕਾਂ ਤਕ ਸੀਮਤ ਸੀ। ਸੰਨ 1960 ਤੋਂ ਮਗਰੋਂ ਵੱਡੀ ਸਮਰੱਥਾ ਵਾਲੇ ਸਿਨਮੇ ਉੱਸਰਨ ਲੱਗੇ। ਸ਼ੁਰੂ ਵਿਚ ਇਨ੍ਹਾਂ ਸਿਨਮਿਆਂ ਦੇ ਕੇਵਲ ਦੋ ਹੀ ਸ਼ੋਅ ਹੋਇਆ ਕਰਦੇ ਸਨ। ਸ਼ਾਮ 6 ਵਜੇ ਤੋਂ 9 ਵਜੇ ਤੇ ਰਾਤੀਂ ਨੌਂ ਤੋਂ ਬਾਰਾਂ ਵਜੇ ਤਕ। ਕੇਵਲ ਐਤਵਾਰ ਨੂੰ ਹੀ ਤਿੰਨ ਸ਼ੋਅ ਹੋਇਆ ਕਰਦੇ ਸਨ। ਛੋਟੇ ਸ਼ਹਿਰਾਂ ਦੇ ਸਿਨਮਿਆਂ ਵਿਚ ਔਰਤਾਂ ਦੇ ਬੈਠਣ ਲਈ ਵੱਖਰੀ ਜਗ੍ਹਾ ਬਣਾਈ ਹੁੰਦੀ ਸੀ ਜਿਸ ਦੇ ਮੂਹਰੇ ਪਰਦਾ ਕੀਤਾ ਹੁੰਦਾ ਸੀ ਜੋ ਐਨ ਫਿਲਮ ਦੇ ਸ਼ੁਰੂ ਹੋਣ ਮੌਕੇ ਹੀ ਹਟਾਇਆ ਜਾਂਦਾ ਸੀ। ਮੱਧਅੰਤਰ (ਇੰਟਰਵਲ) ਸਮੇਂ ਫਿਰ ਪਰਦਾ ਕਰ ਦਿੱਤਾ ਜਾਂਦਾ ਸੀ। ਕਈ ਵਾਰੀ ਫਿਲਮ ਦਾ (ਖਾਸ ਕਰਕੇ ਧਾਰਮਿਕ ਫਿਲਮਾਂ ਦਾ) ਵਿਸ਼ੇਸ਼ ਸ਼ੋਅ ਕੇਵਲ ਔਰਤਾਂ ਲਈ ਦਿਖਾਇਆ ਜਾਂਦਾ ਸੀ। ਜਿਉਂ-ਜਿਉਂ ਲੋਕਾਂ ਵਿਚ ਸਿਨਮਾ ਜਾਣ ਦਾ ਰੁਝਾਨ ਵਧਦਾ ਗਿਆ, ਰੋਜ਼ਾਨਾ ਤਿੰਨ ਸ਼ੋਅ ਦਿਖਾਏ ਜਾਣ ਲੱਗੇ। ਸ਼ਾਮੀਂ ਤਿੰਨ ਵਜੇ ਸ਼ੁਰੂ ਹੋਣ ਵਾਲੇ ਸ਼ੋਅ ਦਾ ਨਾਂ ਆਫਟਰ-ਨੂਨ ਸ਼ੋਅ, 6 ਵਜੇ ਵਾਲੇ ਦਾ ਫਸਟ ਸ਼ੋਅ ਤੇ 9 ਵਜੇ ਵਾਲੇ ਦਾ ਨਾਂ ਸੈਕਿੰਡ ਸ਼ੋਅ ਰੱਖਿਆ ਗਿਆ ਸੀ। ਕੁਝ ਸਾਲਾਂ ਬਾਅਦ ਰੋਜ਼ਾਨਾ ਚਾਰ ਸ਼ੋਅ ਵਿਖਾਏ ਜਾਣ ਲੱਗੇ। ਸੰਨ 1970 ਤੋਂ 1980 ਦੇ ਦਹਾਕੇ ਦੌਰਾਨ ਸਿਨਮਾ ਮਾਲਕਾਂ ਨੇ ਖੂਬ ਕਮਾਈ ਕੀਤੀ। ਲੋਕਾਂ ਅੰਦਰ ਸਿਨਮੇ ਦਾ ਰੁਝਾਨ ਕਾਫੀ ਵਧ ਗਿਆ ਸੀ। ਵੱਡੇ ਸ਼ਹਿਰਾਂ ਦੇ ਕਈ ਸਿਨਮੇ ਤਾਂ ਰੋਜ਼ ਪੰਜ-ਪੰਜ ਸ਼ੋਅ ਵਿਖਾਉਣ ਲੱਗੇ ਸਨ।

ਸਵੇਰੇ ਦਸ ਵਜੇ ਤੋਂ ਬਾਰਾਂ ਵਜੇ ਤਕ ਕੋਈ ਅੰਗਰੇਜ਼ੀ ਫਿਲਮ ਜਾਂ ਕਿਸੇ ਪੁਰਾਣੀ ਮਸ਼ਹੂਰ ਫਿਲਮ ਦਾ ਸ਼ੋਅ ਦਿਖਾਉਣ ਲੱਗ ਪਏ ਸਨ। ਕਈ ਵਾਰ ਫਿਲਮ ਜ਼ਿਆਦਾ ਲੰਮੀ ਹੁੰਦੀ ਤਾਂ ਹਰ ਅਗਲਾ ਸ਼ੋਅ ਪਛੜ ਕੇ ਸ਼ੁਰੂ ਹੁੰਦਾ ਸੀ ਅਤੇ ਅਗਲਾ ਸ਼ੋਅ ਖ਼ਤਮ ਹੋਣ ਤਕ ਰਾਤ ਦੇ ਇੱਕ-ਡੇਢ ਵੱਜ ਜਾਂਦੇ ਸਨ। ਅਕਸਰ ਸਿਨਮੇ ਵਾਲੇ ਫਿਲਮ ਦੀ ਮੁਨਿਆਦੀ ਰਿਕਸ਼ੇ ਜਾਂ ਟਾਂਗੇ ਉਪਰ ਲਾਊਡ ਸਪੀਕਰ ਲਾ ਕੇ ਕਰਦੇ ਸਨ। ਸ਼ਹਿਰ ਦੀਆਂ ਅਨੇਕਾਂ ਦੁਕਾਨਾਂ ਮੂਹਰੇ ਵੱਖ-ਵੱਖ ਸਿਨਮਿਆਂ ਵਿਚ ਦਿਖਾਈ ਜਾਂਦੀ ਫਿਲਮ ਦੇ ਪੋਸਟਰ ਰੱਖੇ ਜਾਂਦੇ ਸਨ ਤੇ ਦੁਕਾਨਦਾਰਾਂ ਨੂੰ ਪੋਸਟਰ ਰੱਖਣ ਬਦਲੇ ਫਿਲਮ ਵੇਖਣ ਲਈ ਮੁਫਤ ਪਾਸ ਦਿੱਤਾ ਜਾਂਦਾ ਸੀ। ਵੱਡੇ ਸ਼ਹਿਰਾਂ ਵਿਚ ਮਕਬੂਲ ਫਿਲਮ ਦੇ ਰਿਲੀਜ਼ ਹੋਣ ਦੇ ਕਈ-ਕਈ ਹਫਤਿਆਂ ਤਕ ਖ਼ਾਸ ਕਰਕੇ ਐਤਵਾਰ ਵਾਲੇ ਦਿਨ ਟਿਕਟਾਂ ਦਾ ਬਲੈਕ 'ਚ ਵਿਕਣਾ ਆਮ ਗੱਲ ਸੀ। ਅਕਸਰ ਬਲੈਕੀਏ ਹਾਊਸਫੁੱਲ ਦਾ ਬੋਰਡ ਲੱਗਣ ਦੇ ਨਾਲ ਹੀ ਨਿਰਾਸ਼ ਖੜ੍ਹੇ ਸ਼ੌਕੀਨਾਂ ਕੋਲ ਇਹ ਕਹਿੰਦੇ ਗੇੜੇ ਕੱਢਦੇ ਸਨ 'ਦੋ ਕਾ ਚਾਰ' ਯਾਨੀ ਦੋ ਰੁਪਏ ਵਾਲੀ ਟਿਕਟ ਚਾਰ ਰੁਪਏ ਵਿਚ, 'ਪਾਂਚ ਕਾ ਦਸ' ਯਾਨਿ ਪੰਜ ਰੁਪਏ ਵਾਲੀ ਟਿਕਟ ਦਸ ਰੁਪਏ ਵਿਚ ਆਦਿ।

ਜਿੱਥੇ ਅੱਜ ਕੱਲ੍ਹ ਹਰ ਛੋਟੇ-ਵੱਡੇ ਸ਼ਹਿਰ ਵਿਚਲੇ ਮਲਟੀਪਲੈਕਸ ਸਿਨਮਿਆਂ ਵਿਚ ਫਿਲਮ ਰਿਲੀਜ਼ ਹੁੰਦਿਆਂ ਹੀ ਦਿਖਾਈ ਜਾਂਦੀ ਹੈ, ਪਹਿਲਾਂ ਛੋਟੇ ਸ਼ਹਿਰਾਂ ਦੇ ਸਿਨਮਿਆਂ ਵਿਚ ਓਹੀ ਫਿਲਮ ਦੇ ਆਉਣ 'ਤੇ ਦੋ-ਦੋ ਸਾਲ ਲੱਗ ਜਾਂਦੇ ਸਨ। ਉਦੋਂ ਫਿਲਮਾਂ ਰਿਲੀਜ਼ ਕਰਨ ਲਈ ਸਾਰੇ ਦੇਸ਼ ਨੂੰ ਕਈ ਸਰਕਟਾਂ ਵਿਚ ਵੰਡਿਆ ਹੁੰਦਾ ਸੀ। ਮਿਸਾਲ ਵਜੋਂ ਪੰਜਾਬ ਸਰਕਟ ਵਿਚ ਮੌਜੂਦਾ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਤੇ ਚੰਡੀਗੜ੍ਹ ਦੇ ਸਿਨਮੇ ਆਉਂਦੇ ਸਨ। ਇਨ੍ਹਾਂ ਸਿਨਮਿਆਂ ਵਿਚ ਫਿਲਮ ਡਿਸਟ੍ਰੀਬਿਊਟਰ ਰਾਹੀਂ ਪਹੁੰਚਦੀ ਸੀ।

ਪੰਜਾਬ ਸਰਕਟ ਦੇ ਡਿਸਟ੍ਰੀਬਿਊਟਰ ਜਲੰਧਰ ਵਿਖੇ ਸਨ। ਆਮ ਤੌਰ 'ਤੇ ਫਿਲਮ ਨਿਰਮਾਤਾ ਨਵੀਂ ਬਣੀ ਫਿਲਮ ਦੇ ਅੱਠ ਪ੍ਰਿੰਟ (ਭਾਵ ਕਾਪੀਆਂ) ਪੰਜਾਬ ਦੇ ਕਿਸੇ ਡਿਸਟ੍ਰੀਬਿਊਟਰ ਕੋਲ ਨਿਯਤ ਸਮੇਂ ਲਈ ਵੇਚ ਦਿੰਦਾ ਸੀ। ਸਰਕਟ ਵਿਚਲੇ ਸਿਨਮਿਆਂ ਦੀ ਸ਼ਹਿਰਾਂ ਦੀ ਆਬਾਦੀ ਦੇ ਹਿਸਾਬ ਨਾਲ ਦਰਜਾਬੰਦੀ ਕੀਤੀ ਹੁੰਦੀ ਸੀ। ਅੰਮ੍ਰਿਤਸਰ-ਜਲੰਧਰ, ਲੁਧਿਆਣਾ, ਚੰਡੀਗੜ੍ਹ, ਸ਼ਿਮਲਾ-ਜੰਮੂ-ਸ੍ਰੀਨਗਰ, ਪਟਿਆਲਾ ਅਤੇ ਅੰਬਾਲਾ ਸ਼ਹਿਰਾਂ ਦੇ ਸਿਨਮੇ ਏ-ਕੈਟੇਗਰੀ ਵਿਚ ਆਉਂਦੇ ਸਨ। ਇਸ ਤੋਂ ਭਾਵ ਪੰਜਾਬ ਸਰਕਟ ਦੇ ਡਿਸਟ੍ਰੀਬਿਊਟਰ ਨੂੰ ਮਿਲੇ ਅੱਠ ਪ੍ਰਿੰਟ ਇਨ੍ਹਾਂ ਸ਼ਹਿਰਾਂ ਦੇ ਸਿਨਮਿਆਂ ਲਈ ਭੇਜੇ ਜਾਂਦੇ ਸਨ। ਇਸ ਤੋਂ ਬਾਅਦ ਬੀ-ਕੈਟੇਗਰੀ ਸ਼ਹਿਰਾਂ ਦੇ ਸਿਨਮੇ ਆਉਂਦੇ ਸਨ, ਜਿਵੇਂ ਫਿਰੋਜ਼ਪੁਰ, ਹੁਸ਼ਿਆਰਪੁਰ ਤੇ ਬਠਿੰਡਾ ਆਦਿ। ਉਸ ਤੋਂ ਬਾਅਦ ਸੀ-ਕੈਟੇਗਰੀ ਅਤੇ ਇਵੇਂ ਫਿਰ ਡੀ-ਕੈਟੇਗਰੀ ਦੇ ਸਿਨਮੇ ਆਉਂਦੇ ਸਨ। ਜਦੋਂ ਕੋਈ ਫਿਲਮ ਏ-ਕਲਾਸ ਸ਼ਹਿਰ ਦੇ ਸਿਨਮੇ ਵਿਚੋਂ ਹਟ ਜਾਂਦੀ ਸੀ ਤਾਂ ਵੀਰਵਾਰ ਦੇ ਦਿਨ ਫਿਲਮ ਦਾ ਪ੍ਰਿੰਟ ਫਿਲਮ ਦੇ ਆਖਰੀ ਸ਼ੋਅ ਉਪਰੰਤ ਅਗਲੇ ਦਿਨ ਸ਼ੁੱਕਰਵਾਰ ਨੂੰ ਪਹਿਲਾ ਸ਼ੋਅ ਸ਼ੁਰੂ ਹੋਣ ਤੋਂ ਪਹਿਲਾਂ ਅਗਲੇ ਸ਼ਹਿਰ ਪੁੱਜਦਾ ਕੀਤਾ ਜਾਂਦਾ ਸੀ। ਕਈ ਵਾਰ ਡੀ-ਕੈਟੇਗਰੀ ਦੇ ਸਿਨਮਾ ਘਰਾਂ ਵਿਚ ਹਾਲੇ ਫਿਲਮ ਪਹਿਲੀ ਵਾਰ ਵੀ ਰਿਲੀਜ਼ ਨਹੀਂ ਸੀ ਹੋਈ ਹੁੰਦੀ ਜਦ ਕਿ ਏ-ਕੈਟੇਗਰੀ ਸ਼ਹਿਰ ਵਿਚ ਫਿਲਮ ਸਾਲ ਛੇ ਮਹੀਨੇ ਬਾਅਦ ਦੁਬਾਰਾ ਸ਼ੋਅ ਲਈ ਆ ਜਾਂਦੀ ਸੀ, ਜਿਸ ਨੂੰ ਫਿਲਮ ਦਾ ਦੂਜਾ ਰਾਊਂਡ ਕਿਹਾ ਜਾਂਦਾ ਸੀ। 'ਗਾਈਡ' ਅਤੇ 'ਦੋ ਬਦਨ' ਅਜਿਹੀਆਂ ਫਿਲਮਾਂ ਸਨ ਜਿਨ੍ਹਾਂ ਨੇ ਦੂਜੇ ਦੌਰ ਵਿਚ ਵੀ ਲਗਪਗ ਪਹਿਲੇ ਦੌਰ ਜਿੰਨੀ ਹੀ ਕਮਾਈ ਕੀਤੀ ਸੀ।

ਅਕਸਰ ਪ੍ਰਿੰਟ ਡਿਸਟ੍ਰੀਬਿਊਟਰ ਜਾਂ ਸਿਨਮਾ ਮਾਲਕ ਜੀਪ-ਕਾਰ 'ਤੇ ਲੈ ਕੇ ਜਾਂਦੇ ਸਨ ਜੋ ਟਰੰਕ ਵਿਚ ਬੰਦ ਹੁੰਦਾ ਸੀ ਪਰ ਕਈ ਵਾਰ ਰੇਲਗੱਡੀ ਰਾਹੀਂ ਵੀ ਪ੍ਰਿੰਟ ਭੇਜੇ ਜਾਂਦੇ ਸਨ। ਉਸ ਵਕਤ ਰੇਲਵੇ ਸਟੇਸ਼ਨ 'ਤੇ ਪ੍ਰਿੰਟ ਵਾਲੇ ਟਰੰਕ ਆਮ ਦੇਖੇ ਜਾ ਸਕਦੇ ਸਨ ਜਿਨ੍ਹਾਂ ਉਪਰ ਸਿਨਮੇ ਦਾ ਨਾਂ ਅਤੇ ਡਿਸਟ੍ਰੀਬਿਊਟਰ ਦਾ ਪਤਾ ਚਿਪਕਾਇਆ ਹੁੰਦਾ ਸੀ। ਪ੍ਰਿੰਟ ਨੂੰ ਸਿਨਮਾ ਘਰ ਤਕ ਲਿਆਉਣ ਦਾ ਖਰਚਾ ਸਿਨਮਾ ਮਾਲਕ ਨੂੰ ਉਠਾਉਣਾ ਪੈਂਦਾ ਸੀ। ਕਈ ਵਾਰ ਵੱਖ-ਵੱਖ ਸ਼ਹਿਰਾਂ ਦੇ ਮੇਲਿਆਂ ਦੌਰਾਨ ਆਰਜ਼ੀ ਪਰਦਾ ਜਿਹਾ ਕਰ ਕੇ ਕੇਵਲ ਕੁਝ ਕੁ ਦਿਨਾਂ ਲਈ ਹੀ ਫਿਲਮ ਵਿਖਾਈ ਜਾਂਦੀ ਸੀ ਤੇ ਇਸ ਆਰਜ਼ੀ ਸਿਨਮੇ ਨੂੰ ਟੂਰਿੰਗ ਟਾਕੀਜ਼ ਦਾ ਨਾਂ ਦਿੱਤਾ ਗਿਆ ਸੀ।

ਦੇਸ਼ ਦੇ ਆਜ਼ਾਦ ਹੋਣ ਮਗਰੋਂ ਕਈ ਸਾਲਾਂ ਤਕ ਸਿਨਮਿਆਂ ਵਿਚ ਸੀਟਾਂ ਦੀ ਦਰਜਾਬੰਦੀ ਤਿੰਨ ਪੜਾਵੀ ਚੱਲਦੀ ਰਹੀ। ਸਕਰੀਨ ਦੇ ਸਭ ਤੋਂ ਨੇੜੇ ਵਾਲੀਆਂ ਸੀਟਾਂ ਦੀ ਟਿਕਟ ਪੰਜ ਆਨੇ (ਜਿਸ ਵਿਚ ਇੱਕ ਆਨਾ ਮਨੋਰੰਜਨ ਟੈਕਸ ਤੇ ਚਾਰ ਆਨੇ ਮਾਲਕ ਦੀ ਕਮਾਈ), ਵਿਚਕਾਰਲੀਆਂ ਸੀਟਾਂ ਦਾ ਰੇਟ ਬਾਰਾਂ ਆਨੇ ਤੇ ਸਭ ਤੋਂ ਪਿਛਲੀਆਂ ਸੀਟਾਂ ਦਾ ਰੇਟ ਸਵਾ ਜਾਂ ਡੇਢ ਰੁਪਿਆ ਹੁੰਦਾ ਸੀ। ਹੌਲੀ-ਹੌਲੀ ਸਰਕਾਰ ਵੱਲੋਂ ਮਨੋਰੰਜਨ ਟੈਕਸ ਵਧਾਇਆ ਜਾਣ ਲੱਗਾ ਅਤੇ ਇਸ ਨਾਲ ਟਿਕਟ ਦੀ ਕੀਮਤ ਵਿਚ ਵੀ ਵਾਧਾ ਹੁੰਦਾ ਗਿਆ। ਸੱਤਰਵਿਆਂ ਦੇ ਸ਼ੁਰੂ ਵਿਚ ਮਨੋਰੰਜਨ ਟੈਕਸ ਦੀ ਦਰ ਇੱਕ ਸੌ ਪੱਚੀ ਫੀਸਦੀ ਤਕ ਪੁੱਜ ਗਈ ਸੀ।


ਮਨੋਰੰਜਨ ਦੇ ਨਾਲ-ਨਾਲ ਸਿਨਮੇ ਜਾਣਕਾਰੀ ਤੇ ਇਸ਼ਤਿਹਾਰਬਾਜ਼ੀ ਦੇ ਵੀ ਸਾਧਨ ਸਨ। ਅਕਸਰ ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਫਿਲਮ ਡਿਵੀਜ਼ਨ ਵੱਲੋਂ ਤਿਆਰ ਕੀਤੀ ਕੋਈ ਦਸ-ਬਾਰਾਂ ਮਿੰਟ ਦੀ ਰੀਲ ਦਿਖਾਈ ਜਾਂਦੀ ਸੀ। ਇਸ ਤੋਂ ਇਲਾਵਾ ਕਈ ਵਪਾਰਕ ਅਦਾਰਿਆਂ ਵੱਲੋਂ ਵੀ ਪਬਲੀਸਿਟੀ ਲਈ ਛੋਟੀਆਂ-ਛੋਟੀਆਂ ਰੀਲਾਂ ਦਿਖਾਈਆਂ ਜਾਂਦੀਆਂ ਸਨ ਤੇ ਕਈ ਅਦਾਰਿਆਂ ਵੱਲੋਂ ਪਰਦੇ ਉਪਰ ਸਲਾਈਡਾਂ ਰਾਹੀਂ ਇਸ਼ਤਿਹਾਰ ਦਿਖਾਏ ਜਾਂਦੇ ਸਨ, ਜਿਸ ਤੋਂ ਸਿਨਮਾ ਵਾਲਿਆਂ ਨੂੰ ਮੋਟੀ ਕਮਾਈ ਹੁੰਦੀ ਸੀ। ਲੋਕ ਸਿਨਮਿਆਂ ਵਿਚ ਜਾ ਕੇ ਜਲ-ਪਾਨ ਵੀ ਕਰਦੇ ਸਨ। ਇਸ ਦੇ ਨਤੀਜੇ ਵਜੋਂ ਕੰਟੀਨ ਦੇ ਠੇਕੇ ਦੀ ਵੀ ਆਮਦਨ ਹੁੰਦੀ ਸੀ। ਉਦੋਂ ਆਮ ਤੌਰ 'ਤੇ ਲੋਕ ਸਾਈਕਲਾਂ 'ਤੇ ਫਿਲਮ ਦੇਖਣ ਆਉਂਦੇ ਸਨ, ਇਸ ਲਈ ਸਿਨਮਿਆਂ ਵਿਚ ਇੱਕ ਸਾਈਕਲ ਸਟੈਂਡ ਜ਼ਰੂਰ ਹੁੰਦਾ ਸੀ ਜੋ ਠੇਕੇ 'ਤੇ ਚੜ੍ਹਦਾ ਸੀ।

ਅੱਸੀਵਿਆਂ ਦੇ ਸ਼ੁਰੂ ਵਿਚ ਪੰਜਾਬ ਅੰਦਰ ਅਤਿਵਾਦ ਦਾ ਦੌਰ ਆਇਆ ਜੋ ਲਗਪਗ ਇੱਕ ਦਹਾਕਾ ਜਾਰੀ ਰਿਹਾ। ਇਸ ਦੌਰ ਦੌਰਾਨ ਲੋਕਾਂ ਦਾ ਸਿਨਮੇ ਜਾਣਾ ਬਹੁਤ ਘਟ ਗਿਆ। ਰਾਤੀਂ ਨੌਂ ਵਜੇ ਹੋਣ ਵਾਲਾ ਸ਼ੋਅ ਬਹੁਤੇ ਸਿਨਮਿਆਂ ਨੇ ਬੰਦ ਹੀ ਕਰ ਦਿੱਤਾ। ਨਤੀਜਾ ਸਿਨਮਾ ਘਰਾਂ ਦੀ ਕਮਾਈ ਘਟਣ ਲੱਗੀ। ਇਸ ਦੌਰ ਵਿਚ ਵੀਡੀਓ ਪਲੇਅਰ ਬਾਜ਼ਾਰ ਵਿਚ ਆ ਗਿਆ। ਲੋਕਾਂ ਨੇ ਵੀਡੀਓ ਖਰੀਦ ਕੇ ਕਿਰਾਏ ਉਪਰ ਫਿਲਮਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਕੁਝ ਪਰਿਵਾਰ ਇਕੱਠੇ ਹੋ ਕੇ ਕਿਰਾਏ 'ਤੇ ਟੈਲੀਵਿਜ਼ਨ ਰਾਹੀਂ ਫਿਲਮਾਂ ਦੇਖਣ ਲੱਗੇ। ਸਿਨਮੇ ਜਾਣ ਦਾ ਰੁਝਾਨ ਹੋਰ ਘਟ ਗਿਆ। ਫਿਰ ਸੀ.ਡੀ. ਤੇ ਡੀ.ਵੀ.ਡੀ. ਪਲੇਅਰ ਆ ਗਏ, ਸਿਨਮਿਆਂ ਦੇ ਵਪਾਰ ਨੂੰ ਹੋਰ ਸੱਟ ਲੱਗੀ। ਹੌਲੀ-ਹੌਲੀ ਸਿਨਮੇ ਬੰਦ ਹੋਣ ਲੱਗੇ। ਕਈ ਤਾਂ ਢਹਿ-ਢੇਰੀ ਹੋ ਗਏ ਅਤੇ ਉਨ੍ਹਾਂ ਦੀ ਥਾਂ ਸ਼ਾਪਿੰਗ ਮਾਲ ਆਦਿ ਬਣ ਗਏ ਹਨ। ਭਾਵੇਂ ਸਰਕਾਰ ਵੱਲੋਂ ਸਿਨਮਾ ਸਨਅਤ ਨੂੰ ਚਾਲੂ ਰੱਖਣ ਦੇ ਮਕਸਦ ਨਾਲ ਮਨੋਰੰਜਨ ਟੈਕਸ ਉੱਕਾ ਹੀ ਖ਼ਤਮ ਕਰ ਦਿੱਤਾ ਗਿਆ ਹੈ ਪਰ ਸਿਨਮਾ ਸਨਅਤ ਅੰਦਰ ਰੂਹ ਨਹੀਂ ਫੂਕੀ ਜਾ ਸਕੀ।

*-ਜੰਗਪਾਲ ਸਿੰਘ*

## ਮਲਾਲਾ ਬਾਰੇ ਫਿਲਮ ਦਾ ਪੋਸਟਰ ਰਿਲੀਜ਼

ਮਲਾਲਾ ਯੂਸਫਜ਼ਈ ਦੇ ਜੀਵਨ ਬਾਰੇ ਬਣ ਰਹੀ ਫਿਲਮ 'ਗੁਲ ਮਕਈ' ਦਾ ਪੋਸਟਰ ਜਾਰੀ ਹੋ ਗਿਆ ਹੈ। ਇਸ ਫਿਲਮ ਵਿਚ ਮਲਾਲਾ ਦੀ ਭੂਮਿਕਾ ਉਘੀ ਅਦਾਕਾਰਾ ਰੀਮ ਸ਼ੇਖ ਨਿਭਾ ਰਹੀ ਹੈ। ਇਹ ਭਾਰਤ ਪਾਕਿ ਤੇ ਬ੍ਰਿਟੇਨ ਦੀ ਸਾਂਝੀ ਪ੍ਰੋਡਕਸ਼ਨ ਹੈ। ਪੋਸਟਰ ਵਿਚ ਮਲਾਲਾ ਨੇ ਹੱਥ ਵਿਚ ਕਿਤਾਬ ਫੜੀ ਹੋਈ ਹੈ। ਇਸਲਾਮਾਬਾਦ ਵਿਚ ਇਸ ਪੋਸਟਰ ਨੂੰ ਜਾਰੀ ਕਰਨ ਸਮੇਂ ਜਿਹੜਾ 16 ਸਕਿੰਟਾਂ ਦਾ ਟੀਜ਼ਰ ਵੀਡੀਓ ਦਿਖਾਇਆ ਗਿਆ ਹੈ, ਉਸ ਵਿਚ ਆਵਾਜ਼




ਭਾਰਤੀ ਅਦਾਕਾਰ ਕਬੀਰ ਬੇਦੀ ਦੀ ਹੈ। ਫਿਲਮ ਦਾ ਨਿਰਦੇਸ਼ਨ ਭਾਰਤੀ ਫਿਲਮਸਾਜ਼ ਅਮਜਦ ਖ਼ਾਨ ਕਰ ਰਿਹਾ ਹੈ। ਇਸ ਦੀ ਸ਼ੂਟਿੰਗ ਕਸ਼ਮੀਰ, ਅਫਗਾਨਿਸਤਾਨ ਤੇ ਤੁਰਕਮੇਨਿਸਤਾਨ ਵਿਚ ਹੋਈ ਹੈ। ਪਾਕਿਸਤਾਨੀ ਅਖ਼ਬਾਰ 'ਫਰੰਟੀਅਰ ਪੋਸਟ' ਅਨੁਸਾਰ ਗੁਲ ਮਕਈ, ਮਲਾਲਾ ਦਾ ਫਰਜ਼ੀ ਨਾਮ ਹੈ। ਇਸ ਨਾਮ ਹੇਠ ਉਹ ਬੀ.ਬੀ.ਸੀ. ਉਰਦੂ ਲਈ ਬਲੌਗ ਲਿਖਦੀ ਰਹੀ ਸੀ। ਫਿਲਮ ਵਿਚ ਰੀਮ ਸ਼ੇਖ ਤੋਂ ਇਲਾਵਾ ਦਿਵਿਆ ਦੱਤਾ, ਮੁਕੇਸ਼ ਰਿਸ਼ੀ, ਅਭਿਮਨਿਊ ਸਿੰਘ ਤੇ ਆਜਾਜ਼ ਖ਼ਾਨ ਪ੍ਰਮੁੱਖ ਭੂਮਿਕਾਵਾਂ ਨਿਭਾ ਰਹੇ ਹਨ।


# 'ਸੂਰਮਾ' ਦੀ ਅਸਲ ਨਾਇਕਾ ਚਿਤਰਾਂਗਦਾ ਸਿੰਘ

ਹਾਕੀ ਦੇ ਸਟਾਰ ਖਿਡਾਰੀ ਸੰਦੀਪ ਸਿੰਘ ਦੀ ਜ਼ਿੰਦਗੀ 'ਤੇ ਫਿਲਮ 'ਸੂਰਮਾ' ਦਾ ਨਿਰਮਾਣ ਕੀਤਾ ਗਿਆ ਹੈ ਅਤੇ ਅਭਿਨੇਤਰੀ ਚਿਤਰਾਂਗਦਾ ਸਿੰਘ ਵੀ ਫਿਲਮ ਦੀ ਨਿਰਮਾਤਾ ਹੈ। ਨਿਰਮਾਤਾ ਦੇ ਤੌਰ 'ਤੇ ਇਹ ਉਸ ਦੀ ਪਹਿਲੀ ਫਿਲਮ ਹੈ। ਪ੍ਰਿਅੰਕਾ ਚੋਪੜਾ ਅਤੇ ਅਨੁਸ਼ਕਾ ਸ਼ਰਮਾ ਦੀ ਤਰਜ਼ 'ਤੇ ਹੁਣ ਉਸ ਨੇ ਵੀ ਫਿਲਮ ਨਿਰਮਾਣ ਨੂੰ ਕਾਫੀ ਗੰਭੀਰਤਾ ਨਾਲ ਲਿਆ ਹੈ। ਇਹ ਗੱਲ 2013-14 ਦੀ ਹੈ। ਉਨ੍ਹੀਂ ਦਿਨੀਂ ਉਸ ਕੋਲ ਜ਼ਿਆਦਾ ਕੰਮ ਨਹੀਂ ਸੀ ਅਤੇ ਫੁਰਸਤ ਬਹੁਤ ਸੀ। ਉਦੋਂ ਉਸ ਨੇ ਸ਼ੌਕੀਆ ਤੌਰ 'ਤੇ ਲਿਖਣਾ ਸ਼ੁਰੂ ਕੀਤਾ ਅਤੇ ਦੋ ਕਹਾਣੀਆਂ ਸਫਿਆਂ 'ਤੇ ਉਤਾਰਨ ਲੱਗੀ। 2014 ਦੇ ਅਖੀਰ 'ਚ ਉਸ ਦੀ ਮੁਲਾਕਾਤ ਹਾਕੀ ਖਿਡਾਰੀ ਸੰਦੀਪ ਸਿੰਘ ਨਾਲ ਹੋਈ। ਉਹ ਖੁਦ ਖਿਡਾਰਨ ਹੈ। ਸੋ, ਖੇਡ ਅਤੇ ਖਿਡਾਰੀਆਂ ਬਾਰੇ ਉਹਨੂੰ ਖੂਬ ਜਾਣਕਾਰੀ ਸੀ। ਉਹਨੇ ਸੰਦੀਪ ਨੂੰ ਉਸ ਦੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਬਾਰੇ ਪੁੱਛਿਆ। ਉਸ ਦੀ ਜ਼ਿੰਦਗੀ ਬਾਰੇ ਸੁਣ ਕੇ ਚਿਤਰਾਂਗਦਾ ਸਿੰਘ ਨੂੰ ਲੱਗਿਆ ਕਿ ਇਸ ਬਾਰੇ ਤਾਂ ਰੋਚਕ ਅਤੇ ਪ੍ਰੇਰਨਾਦਾਇਕ ਫਿਲਮ ਬਣ ਸਕਦੀ ਹੈ, ਕਿਉਂਕਿ ਇਸ ਵਿਚ ਕਹਾਣੀ ਸੀ, ਡਰਾਮਾ ਸੀ, ਭਾਵਨਾ ਸੀ ਅਤੇ ਜੇਤੂ ਖਿਡਾਰੀ ਦੀ ਦਾਸਤਾਨ ਸੀ। ਉਹਨੇ ਆਪਣੀਆਂ ਦੋਵੇਂ ਕਹਾਣੀਆਂ ਪਰ੍ਹੇ ਰੱਖੀਆਂ ਅਤੇ ਸੰਦੀਪ ਸਿੰਘ ਦੀ ਜ਼ਿੰਦਗੀ ਦੀ ਕਹਾਣੀ 'ਤੇ ਕੰਮ ਸ਼ੁਰੂ ਕਰ ਦਿੱਤਾ। ਜਦੋਂ ਉਹਨੇ ਲਿਖਣ ਦਾ ਕੰਮ ਖ਼ਤਮ ਹੋਇਆ ਤਾਂ ਉਸ ਨੂੰ ਲੱਗਿਆ ਕਿ ਇਸ ਵਿਚ ਹਿੱਟ ਫਿਲਮ ਦੇ ਸਾਰੇ ਗੁਣ ਮੌਜੂਦ ਹਨ।


ਫਿਲਮ 'ਸੂਰਮਾ' ਦੀ ਨਿਰਮਾਤਾ ਚਿਤਰਾਂਗਦਾ ਸਿੰਘ।

ਉਸ ਵਕਤ ਚਿਤਰਾਂਗਦਾ ਸਿੰਘ ਦੀ ਫਿਲਮਸਾਜ਼ ਸ਼ਾਦ ਅਲੀ ਨਾਲ ਇਕ ਫਿਲਮ ਦੇ ਪ੍ਰੋਜੈਕਟ ਲਈ ਗੱਲਬਾਤ ਚੱਲ ਰਹੀ ਸੀ। ਇਸੇ ਦੌਰਾਨ ਸੰਦੀਪ ਸਿੰਘ ਵਾਲੀ ਫਿਲਮ ਬਾਰੇ ਉਹਦੇ ਨਾਲ ਗੱਲ ਹੋਈ ਤਾਂ ਉਹਨੇ ਝੱਟ ਹਾਂ ਕਰ ਦਿੱਤੀ।

ਫਿਲਮ 'ਸੂਰਮਾ' ਦੀ ਨਾਇਕਾ ਤਾਪਸੀ ਪੰਨੂੰ ਹੈ। ਅਸਲ ਵਿਚ ਜਦੋਂ ਚਿਤਰਾਂਗਦਾ ਸਿੰਘ ਫਿਲਮ ਦੀ ਕਹਾਣੀ 'ਤੇ ਕੰਮ ਕਰ ਰਹੀ ਸੀ, ਉਦੋਂ ਹੀ ਉਹਦੇ ਦਿਮਾਗ ਵਿਚ ਇਹ ਗੱਲ ਆ ਗਈ ਸੀ ਕਿ ਉਹ ਖੁਦ ਇਸ ਫਿਲਮ ਵਿਚ ਕੰਮ ਨਹੀਂ ਕਰੇਗੀ। ਨਾਲੇ ਫਿਲਮ ਵਿਚ ਤਾਪਸੀ ਪੰਨੂੰ ਨੂੰ ਵੀਹ ਸਾਲ ਦੀ ਕੁੜੀ ਦੀ ਭੂਮਿਕਾ ਵਿਚ ਦਿਖਾਇਆ ਹੈ। ਇਸ ਭੂਮਿਕਾ ਲਈ ਚਿਤਰਾਂਗਦਾ ਸਿੰਘ ਸਹੀ ਵੀ ਨਹੀਂ ਸੀ। ਫਿਲਮ ਦੇ ਨਾਇਕ ਵਜੋਂ ਦਿਲਜੀਤ ਦੁਸਾਂਝ ਦੀ ਚੋਣ ਬਾਰੇ ਚਿਤਰਾਂਗਦਾ ਸਿੰਘ ਦੱਸਦੀ ਹੈ ਕਿ ਪਹਿਲਾਂ




ਇਸ ਕਿਰਦਾਰ ਬਾਰੇ ਕਾਫੀ ਸੋਚ-ਵਿਚਾਰ ਚੱਲਿਆ। ਕਈ ਵੱਡੇ ਨਾਵਾਂ 'ਤੇ ਗੌਰ ਕੀਤਾ ਗਿਆ ਪਰ ਕੁਝ ਫਾਈਨਲ ਨਹੀਂ ਹੋਇਆ। ਫਿਰ ਇਕ ਦਿਨ ਕਿਸੇ ਨੇ ਦਿਲਜੀਤ ਦੁਸਾਂਝ ਦਾ ਨਾਂ ਦੱਸਿਆ ਅਤੇ ਪੂਰੀ ਟੀਮ ਨੇ ਉਸ ਦੇ ਨਾਂ ਦਾ ਸਮਰਥਨ ਕਰ ਦਿੱਤਾ।

# ਚਾਰ ਰੋਜ਼ਾ ਦੁਖ ਨਿਵਾਰਨ ਕੈਂਪ

## 19, 20, 21, 22 ਜੁਲਾਈ 2018

*ਦੁਪਹਿਰ 2 ਵਜੇ ਤੋਂ ਸ਼ਾਮ 7 ਵਜੇ ਤੱਕ*

ਗੁਰਬਾਣੀ ਸ਼ਬਦਾਂ ਦੇ ਜਾਪ ਰਾਹੀਂ ਰੋਗ ਅਤੇ ਦੁੱਖ ਦੂਰ ਲਈ ਕੈਂਪ ਲੱਗੇਗਾ। ਸਮੂਹ ਸੰਗਤ ਨੂੰ ਖੁੱਲ੍ਹਾ ਸੱਦਾ ਹੈ ਕਿ ਆਓ ਅਤੇ ਗੁਰਬਾਣੀ ਸ਼ਬਦਾਂ ਦਾ ਜਾਪ ਕਰਕੇ ਆਪਣੇ ਦੁੱਖਾਂ-ਰੋਗਾਂ ਤੋਂ ਛੁਟਕਾਰਾ ਪਾਓ।

*ਇਸ ਕੈਂਪ ਵਿਚ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਹਾਜ਼ਰ ਹੋਣਗੇ।*



ਭਾਈ ਹਰਦਿਆਲ ਸਿੰਘ
ਸੇਵਾ ਮੁਕਤ ਆਈ.ਏ.ਐਸ.

ਸ਼ਬਦ ਜਾਪ ਅਤੇ ਵਿਚਾਰ
2 ਤੋਂ 4:15 ਵਜੇ ਤੱਕ
ਚਾਹ-ਪਾਣੀ ਤੇ ਲੰਗਰ
4:15 ਤੋਂ 4:45 ਵਜੇ ਤੱਕ
ਸ਼ਬਦ ਜਾਪ, ਵਿਚਾਰ ਤੇ ਸਵਾਲ-ਜਵਾਬ
4:45 ਤੋਂ 7 ਵਜੇ ਤੱਕ



ਪ੍ਰੋ. ਸਰਬਜੀਤ ਸਿੰਘ
ਗੋਬਿੰਦਪੁਰੀ

*ਹੋਰ ਜਾਣਕਾਰੀ ਲਈ ਸੰਪਰਕ ਕਰੋ*

ਸੁਖਜਿੰਦਰ ਸਿੰਘ ਗਿੱਲ, ਫੋਨ: 510-224-6630
ਰਾਮ ਸਿੰਘ ਮਠਾੜੂ, ਫੋਨ: 707-365-1368
ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ, ਫੋਨ: 646-464-1818

## Guru Nanak Sikh Temple, Fairfield

**2948 Rockville Road, Fairfield, CA 94534**

***Camp organized by Servants of Humanity Inc.***



**Downsizing my Business**
**Gas Stations**
**Convenience Stores**
**For Sale/Lease**

**Indianapolis, Indiana**

***Gurinder Singh Khalsa***
**(317) 308-1050**
**adhoyee@gmail.com**

28-31



# ਕੰਪਨੀ ਡਰਾਈਵਰਾਂ ਤੇ ਓਨਰ ਆਪਰੇਟਰਾਂ ਦੀ ਲੋੜ ਹੈ

## ਮਿਸ਼ੀਗਨ ਤੋਂ ਪੱਕੇ ਆਟੋਮੈਟਿਵ ਰਾਊਂਡ ਟ੍ਰਿਪ

### ਸਿੰਗਲ ਡਰਾਈਵਰ ਲਈ 3000 ਮੀਲ ਅਤੇ ਟੀਮਾਂ ਲਈ 6000 ਮੀਲ



**ਉਪਲਬਧ ਰੂਟ:** ਲਾਰੀਡੋ, ਟੈਕਸਸ; ਡੈਲਸ, ਟੈਕਸਸ; ਬਰਾਊਨਜ਼ਵਿਲ, ਟੈਕਸਸ; ਮਿਜ਼ੌਰੀ, ਕੈਨਸਸ ਅਤੇ ਇੰਡੀਆਨਾ।

*ਵਧੀਆ ਤਨਖਾਹ ਦਾ ਪੈਕੇਜ ਅਤੇ ਹੈਲਥ ਇੰਸ਼ੋਰੈਂਸ
*ਸੇਫਟੀ ਬੋਨਸ *ਹਰ ਹਫਤੇ ਘਰ
*2018 ਮਾਡਲ ਦੇ ਨਵੇਂ ਆਟੋਮੈਟਿਕ ਫਰੇਟਲਾਈਨਰ ਟਰੱਕ
*24 ਘੰਟੇ ਡਿਸਪੈਚ

*ਟੀ ਏ, ਫਲਾਇੰਗ ਜੇ ਅਤੇ ਲਵਸ ਟਰੱਕ ਸਟਾਪ ਲਈ ਫਿਊਲ ਕਾਰਡ

AUTOBAHN
FREIGHT LINES LTD.

*ਸੰਪਰਕ ਕਰੋ, ਜਗਮੋਹਨ ਗਿੱਲ*

## ਫੋਨ: 313-600-0273

Gill@autobahnfreight.com